Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Regal Jewels
[illegible] W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
24KT GOLD
TALK TO OUR GOLD SPECIALIST
Rajveer Singh Gill
847-907-1525
www.RegalJewels.com

ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

Twenty-Third Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 41, October 8, 2022 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਲੋਕਾਂ ਦੇ ਮੁੱਦੇ ਪਿੱਛੇ ਸੁੱਟੇ, ਸਿਆਸਤ ਭਾਰੂ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦਾ ਚਾਰ ਰੋਜ਼ਾ ਇਜਲਾਸ ਕਈ ਸਵਾਲ ਛੱਡ ਗਿਆ ਹੈ। ਦੂਜੀਆਂ ਧਿਰਾਂ ਤੋਂ ਕੁਝ ਵੱਖਰਾ ਕਰਨ ਦੀ ਉਮੀਦ ਨਾਲ ਸੱਤਾ ਵਿਚ ਲਿਆਂਦੀ ਆਮ ਆਦਮੀ ਪਾਰਟੀ ਇਜਲਾਸ ਵਿਚ ਲੋਕ ਮਸਲਿਆਂ ਦੀ ਥਾਂ ਆਪਣੀ ਸਿਆਸੀ ਤਾਕਤ ਦਿਖਾਉਣ ਤੱਕ ਹੀ ਸੀਮਤ ਰਹੀ।

ਦੱਸ ਦਈਏ ਕਿ ਭਰੋਸੇ ਦਾ ਵੋਟ ਹਾਸਲ ਕਰਨ ਲਈ ਬੁਲਾਇਆ ਇਜਲਾਸ ਰਾਜਪਾਲ ਵੱਲੋਂ ਦਿੱਤੀ ਮਨਜ਼ੂਰੀ ਵਾਪਸ ਲੈਣ ਕਾਰਨ ਰੱਦ ਹੋ ਗਿਆ ਸੀ। ਉਸ ਪਿੱਛੋਂ ਇਕ ਦਿਨ ਦੇ ਵਿਸ਼ੇਸ਼ ਸੈਸ਼ਨ ਦੀ ਬਜਾਇ ਆਮ ਸੈਸ਼ਨ ਸੱਦਣ ਦਾ ਫੈਸਲਾ ਕੀਤਾ ਜਿਸ ਵਿਚ ਜੀ.ਐਸ.ਟੀ, ਪਰਾਲੀ ਤੇ ਬਿਜਲੀ ਨਾਲ ਸਬੰਧਿਤ ਮੁੱਦਿਆਂ ਉਤੇ ਚਰਚਾ ਕਰਨ ਦਾ ਐਲਾਨ ਕੀਤਾ ਗਿਆ ਪਰ ਆਪ ਸਰਕਾਰ ਦੇ ਰਵੱਈਏ ਤੋਂ ਸਪਸ਼ਟ ਹੈ ਕਿ ਉਸ ਨੇ ਇਹ ਮਸਲੇ ਸਿਰਫ ਰਾਜਪਾਲ ਤੋਂ ਮਨਜ਼ੂਰੀ ਲੈਣ ਲਈ ਹੀ ਜੋੜੇ ਸਨ।

ਸੱਤਾਧਾਰੀ ਆਮ ਆਦਮੀ ਪਾਰਟੀ ਦਾ ਮੁੱਖ ਨਿਸ਼ਾਨਾ ਭਰੋਸੇ ਦਾ ਵੋਟ ਹਾਸਲ ਕਰਨਾ ਸੀ ਜਿਸ ਲਈ ਇਜਲਾਸ ਵਧਾ ਕੇ ਚਾਰ ਦਿਨ ਦਾ ਕਰ ਦਿੱਤਾ ਗਿਆ। ਇਸ ਵਿਚ ਪ੍ਰਸ਼ਨ ਕਾਲ (ਸਵਾਲ ਪੁੱਛਣ ਲਈ) ਲਈ ਕੋਈ ਸਮਾਂ ਹੀ ਨਹੀਂ ਰੱਖਿਆ ਗਿਆ। ਕਾਂਗਰਸ, ਅਕਾਲੀ ਤੇ ਭਾਰਤੀ ਜਨਤਾ ਪਾਰਟੀ ਸਮੇਤ ਸਮੁੱਚੀ ਵਿਰੋਧੀ ਧਿਰ ਸਵਾਲ ਉਠਾ ਰਹੀ ਹੈ ਕਿ ਜਦੋਂ ਬੇਭਰੋਸਗੀ ਦਾ ਦਾਅਵਾ ਹੀ ਨਹੀਂ ਕੀਤਾ ਗਿਆ ਸੀ ਤਾਂ ਭਰੋਸਾ ਦਿਖਾਉਣ ਲਈ ਸੈਸ਼ਨ ਦਾ ਕੀਮਤੀ ਸਮਾਂ ਬਰਬਾਦ ਕਰਨ ਦੀ ਕੀ ਲੋੜ ਸੀ। 'ਆਪ' ਦੇ ਅਸੈਂਬਲੀ ਵਿਚ ਸਪੀਕਰ ਸਣੇ ਕੁੱਲ 92 ਵਿਧਾਇਕ ਹਨ। ਭਾਜਪਾ ਵਿਧਾਇਕ ਇਜਲਾਸ ਦੇ ਬਾਈਕਾਟ ਕਰਕੇ ਪਹਿਲਾਂ ਹੀ ਸਦਨ 'ਚੋਂ ਗੈਰ-ਹਾਜ਼ਰ ਸਨ। ਇਸ ਲਈ ਆਪ ਦਾ ਭਰੋਸਾ ਵਾਲਾ ਮਤਾ ਜਿਥੇ ਪੂਰੀ ਤਰ੍ਹਾਂ ਨਾਟਕ ਹੀ ਜਾਪਿਆ, ਉਥੇ ਸਦਨ ਵਿਚ ਲੋਕ ਮਸਲਿਆਂ ਨੂੰ ਰੋਲ ਕੇ ਰੱਖ ਗਿਆ। ਵਿਰੋਧੀ ਧਿਰਾਂ ਦੇ ਵਿਧਾਇਕਾਂ ਦੀ ਗਿਣਤੀ ਘੱਟ ਹੋਣ ਕਾਰਨ ਇਜਲਾਸ ਵਿਚ ਕੋਈ ਪੇਸ਼ ਨਾ ਚੱਲੀ।



## 'ਆਪ' ਦੇ ਹੱਕ ਵਿਚ 93 ਵੋਟਾਂ ਪਈਆਂ

**ਚੰਡੀਗੜ੍ਹ:** ਹਾਕਮ ਪਾਰਟੀ 'ਆਪ' ਦੇ 91 ਵਿਧਾਇਕਾਂ (ਸਪੀਕਰ ਨੂੰ ਛੱਡ ਕੇ) ਨੇ ਭਰੋਸਗੀ ਮਤੇ ਦੇ ਹੱਕ ਵਿਚ ਵੋਟਾਂ ਪਾਈਆਂ ਪਰ ਗਿਣਤੀ ਵੇਲੇ ਪਤਾ ਲੱਗਾ ਕਿ ਕੁੱਲ 93 ਵੋਟਾਂ ਮਤੇ ਦੇ ਹੱਕ ਵਿਚ ਭੁਗਤੀਆਂ ਜਿਸ ਪਿੱਛੋਂ ਚਰਚਾ ਛਿੜ ਗਈ ਕਿ ਵਿਰੋਧੀ ਵੀ ਹਾਕਮ ਧਿਰ ਦੇ ਹੱਕ ਵਿਚ ਆ ਨਿੱਤਰੇ। ਆਪ ਦਾ ਦਾਅਵਾ ਹੈ ਕਿ ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਯਾਲੀ ਅਤੇ ਬਸਪਾ ਦੇ ਡਾ. ਨਛੱਤਰਪਾਲ ਨੇ ਵੀ ਸਰਕਾਰ ਦੇ ਹੱਕ ਵਿਚ ਆਪਣੀ ਵੋਟ ਪਾਈ ਤੇ ਪਾਰਟੀ ਉਨ੍ਹਾਂ ਦਾ ਧੰਨਵਾਦ ਕਰਦੀ ਹੈ। ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਵੱਲੋਂ ਉਨ੍ਹਾਂ ਦੀ ਵੋਟ ਨੂੰ ਲੈ ਕੇ ਖੜ੍ਹੇ ਕੀਤੇ ਸਵਾਲ ਮਗਰੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਵਿਧਾਨ ਸਭਾ ਦੀ ਸਾਰੀ ਕਾਰਵਾਈ ਲਾਈਵ ਹੈ, ਦੁਬਾਰਾ ਦੇਖਿਆ ਜਾ ਸਕਦਾ ਹੈ, ਕਿਸੇ ਕਿਸਮ ਦੇ ਕਿੰਤੂ-ਪ੍ਰੰਤੂ ਦੀ ਕੋਈ ਗੱਲ ਹੀ ਨਹੀਂ।

ਭਾਜਪਾ ਨੇ ਆਪਣੇ 2 ਵਿਧਾਇਕਾਂ ਨਾਲ ਆਪਣੇ ਦਫਤਰ ਕੋਲ ਜਨਤਕ ਵਿਧਾਨ ਸਭਾ ਲਗਾ ਕੇ ਹਾਜ਼ਰੀ ਲਗਾਉਣ ਦੀ ਕੋਸ਼ਿਸ਼ ਕੀਤੀ। ਅਕਾਲੀ ਦਲ ਆਪਣੇ 3 ਅਤੇ ਕਾਂਗਰਸੀ 18 ਵਿਧਾਇਕਾਂ ਨਾਲ ਵਿਰੋਧੀ ਧਿਰ ਵਜੋਂ ਬੇਵੱਸ ਨਜ਼ਰ ਆਈ।

ਸੱਤਾਧਾਰੀ ਧਿਰ ਲਾਕਾਨੂੰਨੀ, ਬੇਰੁਜ਼ਗਾਰੀ, ਨਸ਼ੇ ਤੇ ਮਾਫੀਆ ਰਾਜ ਬਾਰੇ ਕੋਈ ਜਵਾਬ ਦੇਣ ਦੀ ਥਾਂ ਭਾਜਪਾ ਦੇ 'ਅਪਰੇਸ਼ਨ ਲੋਟਸ' ਦਾ ਰੌਲਾ ਪਾਉਣ ਉਤੇ ਜ਼ੋਰ ਪਾਈ ਰੱਖਿਆ। ਕੁੱਲ ਮਿਲਾ ਕੇ ਵਿਧਾਨ ਸਭਾ ਇਜਲਾਸ 'ਆਪ' ਦੁਆਰਾ ਭਾਜਪਾ 'ਤੇ ਵਿਧਾਇਕਾਂ ਨੂੰ ਖਰੀਦਣ ਬਾਰੇ ਲਗਾਏ ਗਏ ਦੋਸ਼ਾਂ ਦੇ ਇਰਦ-ਗਿਰਦ ਹੀ ਘੁੰਮਦਾ ਰਿਹਾ।

ਪੰਜਾਬ ਅਸੈਂਬਲੀ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੇਸ਼ ਭਰੋਸਗੀ ਮਤੇ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਮਤੇ 'ਤੇ ਹੋਈ ਵੋਟਿੰਗ ਦੌਰਾਨ ਕਾਂਗਰਸੀ ਵਿਧਾਇਕਾਂ ਨੇ ਵਾਕਆਊਟ ਕੀਤਾ। ਹਾਕਮ ਪਾਰਟੀ 'ਆਪ' ਦੇ 91 ਵਿਧਾਇਕਾਂ ਨੇ ਮਤੇ ਦੇ ਹੱਕ ਵਿਚ ਹੱਥ ਖੜ੍ਹੇ ਕੀਤੇ ਜਦੋਂਕਿ ਸਦਨ ਵਿਚ ਉਸ ਵੇਲੇ ਮੌਜੂਦ ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਇਕ ਇਕ ਵਿਧਾਇਕ ਨੇ ਮਤੇ ਦਾ ਵਿਰੋਧ ਨਹੀਂ ਕੀਤਾ। ਭਾਜਪਾ ਵਿਧਾਇਕ ਇਜਲਾਸ ਦੇ ਬਾਈਕਾਟ ਕਰਕੇ ਪਹਿਲਾਂ ਹੀ ਸਦਨ 'ਚੋਂ ਗੈਰਹਾਜ਼ਰ ਸਨ।

ਭਰੋਸਗੀ ਮਤੇ 'ਤੇ ਬਹਿਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਆਖਦੇ ਨਜ਼ਰ ਆਏ ਕਿ ਪੰਜਾਬ ਵਿਚ ਲੋਕਾਂ ਦੇ ਵਿਸ਼ਵਾਸ ਦੀ ਜਿੱਤ ਹੋਈ ਹੈ ਤੇ ਲੋਕਾਂ ਵੱਲੋਂ ਦਿੱਤੇ ਗਏ ਫਤਵੇ ਨੂੰ ਖਰੀਦਣ ਦੀਆਂ ਕੋਝੀਆਂ ਚਾਲਾਂ ਚੱਲਣ ਵਾਲੀਆਂ ਤਾਕਤਾਂ ਨੂੰ ਮੂੰਹ ਤੋੜਵਾਂ ਜਵਾਬ ਮਿਲਿਆ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਵਿਚ ਭਰੋਸਗੀ ਮਤਾ ਇਹ ਦੱਸਣ ਲਈ ਲਿਆਂਦਾ ਗਿਆ ਸੀ ਕਿ ਸਰਕਾਰ ਵਿਚ ਲੋਕਾਂ ਦਾ ਪੂਰਨ ਵਿਸ਼ਵਾਸ ਹੈ।

ਉਧਰ, ਪੰਜਾਬ ਵਿਧਾਨ ਸਭਾ ਵਿਚ ਕਾਂਗਰਸ ਵੱਲੋਂ ਕਾਨੂੰਨ ਵਿਵਸਥਾ ਦੇ ਮੁੱਦੇ 'ਤੇ ਹੰਗਾਮਾ ਕੀਤਾ ਗਿਆ ਤੇ ਸਪੀਕਰ ਵੱਲੋਂ ਸਿਫਰ ਕਾਲ ਨੂੰ ਇਕੋ ਮੁੱਦੇ 'ਤੇ ਕੇਂਦਰਤ ਕੀਤੇ ਜਾਣ ਦੇ ਰੋਸ ਵਜੋਂ ਕਾਂਗਰਸੀ ਵਿਧਾਇਕਾਂ ਨੇ ਸਦਨ ਦੀ ਕਾਰਵਾਈ ਦਾ ਬਾਈਕਾਟ ਕੀਤਾ। ਵਿਧਾਇਕਾਂ ਨੇ ਗੈਂਗਸਟਰ ਦੀਪਕ ਟੀਨੂ ਦੇ ਪੁਲਿਸ ਹਿਰਾਸਤ ਵਿਚੋਂ ਫਰਾਰ ਹੋਣ ਦੇ ਮੁੱਦੇ 'ਤੇ ਸਰਕਾਰ ਨੂੰ ਘੇਰਦਿਆਂ ਮੁੱਖ ਮੰਤਰੀ ਨੂੰ ਤੁਰੰਤ ਬਿਆਨ ਦੇਣ ਦੀ ਮੰਗ ਕੀਤੀ। ਭਾਰੀ ਜੱਦੋਜਹਿਦ ਤੋਂ ਬਾਅਦ ਸਪੀਕਰ ਵੱਲੋਂ ਕਾਂਗਰਸ ਨੂੰ ਜਦੋਂ ਸਿਫਰ ਕਾਲ ਦੌਰਾਨ ਬੋਲਣ ਦਾ ਮੌਕਾ ਦਿੱਤਾ ਗਿਆ ਤਾਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਵਿਚ ਪਿਛਲੇ ਕਈ ਮਹੀਨਿਆਂ ਤੋਂ ਕਾਨੂੰਨ ਵਿਵਸਥਾ ਦੀ ਹਾਲਤ ਇੰਜ ਬਣੀ ਹੋਈ ਹੈ ਜਿਵੇਂ ਗੈਂਗਸਟਰਾਂ ਦਾ ਹੀ ਬੋਲਬਾਲਾ ਹੋਵੇ। ਗਾਇਕ ਸਿੱਧੂ

(ਬਾਕੀ ਸਫਾ 6 'ਤੇ)

# ਮੁਫਤ ਸੌਗਾਤਾਂ ਬਾਰੇ ਜਵਾਬਦੇਹੀ ਦੀ ਤਿਆਰੀ



**ਨਵੀਂ ਦਿੱਲੀ:** ਮੁਫਤ ਚੋਣ ਵਾਅਦਿਆਂ 'ਤੇ ਚੱਲ ਰਹੀ ਬਹਿਸ ਵਿਚਾਲੇ ਚੋਣ ਕਮਿਸ਼ਨ ਨੇ ਆਦਰਸ਼ ਜ਼ਾਬਤੇ ਵਿਚ ਸੋਧ ਦੀ ਤਜਵੀਜ਼ ਰੱਖ ਦਿੱਤੀ ਹੈ। ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਉਹ ਆਪਣੇ ਚੋਣ ਵਾਅਦਿਆਂ ਦੀ ਵਿੱਤੀ ਵਿਹਾਰਕਤਾ ਦਾ ਮੁਲਾਂਕਣ ਕਰ ਕੇ ਵੋਟਰਾਂ ਨੂੰ ਇਸ ਬਾਰੇ ਸਹੀ ਜਾਣਕਾਰੀ ਮੁਹੱਈਆ ਕਰਾਉਣ ਤੇ ਨਾਲ ਹੀ ਉਨ੍ਹਾਂ ਦੇ ਇਸ ਬਾਰੇ ਵਿਚਾਰ ਵੀ ਜਾਣਨ। ਚੋਣ ਕਮਿਸ਼ਨ ਨੇ ਰਾਜਨੀਤਕ ਦਲਾਂ ਦੇ ਮੈਨੀਫੈਸਟੋ ਨੂੰ ਵੱਧ ਵਿਹਾਰਕ ਤੇ ਜਵਾਬਦੇਹ ਬਣਾਉਣ ਲਈ ਇਹ ਕਦਮ ਚੁੱਕਣ ਦੀ ਤਜਵੀਜ਼ ਰੱਖੀ ਹੈ। ਸਾਰੀਆਂ ਮਾਨਤਾ ਪ੍ਰਾਪਤ ਸਿਆਸੀ ਤੇ ਸੂਬਾਈ ਪਾਰਟੀਆਂ ਨੂੰ ਪੱਤਰ ਲਿਖ ਕੇ ਚੋਣ ਕਮਿਸ਼ਨ ਨੇ 19 ਅਕਤੂਬਰ ਤੱਕ ਉਨ੍ਹਾਂ ਨੂੰ ਇਸ ਤਜਵੀਜ਼ ਬਾਰੇ ਆਪਣੇ ਵਿਚਾਰ ਦੱਸਣ ਲਈ ਕਿਹਾ ਹੈ। ਪੱਤਰ ਵਿਚ ਚੋਣ ਕਮਿਸ਼ਨ ਨੇ ਕਿਹਾ ਹੈ ਕਿ ਸਿਆਸੀ ਧਿਰਾਂ ਵੱਲੋਂ ਪੂਰਾ ਖੁਲਾਸਾ ਨਾ ਕੀਤੇ ਜਾਣ ਦਾ ਮਾੜਾ ਅਸਰ ਪੈਂਦਾ ਹੈ ਕਿਉਂਕਿ ਚੋਣਾਂ ਕਈ ਗੇੜਾਂ ਵਿਚ ਤੇ ਲਗਾਤਾਰ ਹੁੰਦੀਆਂ ਹਨ। ਇਸ ਤਰ੍ਹਾਂ ਸਿਆਸੀ ਧਿਰਾਂ ਵਿਚਾਲੇ ਮੁਫਤ ਚੋਣ ਸੌਗਾਤਾਂ ਲਈ ਮੁਕਾਬਲੇਬਾਜ਼ੀ ਹੁੰਦੀ ਹੈ ਜਦਕਿ ਇਨ੍ਹਾਂ ਦੇ ਵਿੱਤੀ ਅਸਰਾਂ ਤੇ ਖਰਚ ਦੇ ਸਰੋਤਾਂ ਬਾਰੇ ਕੋਈ

(ਬਾਕੀ ਸਫਾ 6 'ਤੇ)


M Vivek Malik
Law Office of
M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ
ਉਰਦੂ ਵਿੱਚ ਗੱਲ ਕਰੋ
ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

**Tel.: 317-426-5410**
**Ext. 2001 & 2403**

# XPressCargo

100% ਓਨਰ ਆਪਰੇਟਰ ਕੰਪਨੀ

**Pay Every Week**

Pay Single 60 Cent + Team 70 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ



**ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ**

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

**ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ**

**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

**Online Application @ www.xpresscargoinc.com**

# ਰੌਲਾ-ਰੱਪਾ ਪਾ ਕੇ ਹੀ ਲੰਘਾਇਆ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਰੌਲੇ ਰੱਪੇ ਵਿਚ ਹੀ ਲੰਘ ਗਿਆ। ਵਿਰੋਧੀ ਧਿਰਾਂ ਨੇ ਜਿਥੇ ਆਪ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ, ਉਤੇ ਹਾਕਮ ਧਿਰ ਨੇ ਪਿਛਲੀਆਂ ਸਰਕਾਰਾਂ ਸਮੇਂ ਹੋਏ ਘਪਲਿਆਂ ਤੇ ਨਕਾਮੀਆਂ ਦਾ ਚਿੱਠਾ ਖੋਲ੍ਹ ਕੇ ਆਪਣਾ ਬਚਾਅ ਕੀਤਾ।

ਵਿਰੋਧੀ ਧਿਰਾਂ ਦਾ ਮੁੱਖ ਨਿਸ਼ਾਨਾ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਦੀ ਇਕ 'ਵਾਇਰਲ ਆਡੀਓ' ਰਹੀ। ਸਦਨ ਦੀ ਕਾਰਵਾਈ ਸ਼ੁਰੂ ਹੋਣ 'ਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਿਫਰ ਕਾਲ ਦਾ ਐਲਾਨ ਕਰਦਿਆਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਬੋਲਣ ਦਾ ਮੌਕਾ ਦਿੱਤਾ ਤਾਂ ਉਨ੍ਹਾਂ ਫੌਜਾ ਸਿੰਘ ਸਰਾਰੀ ਦੀ ਵਾਇਰਲ ਆਡੀਓ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਮੰਤਰੀ ਮੰਡਲ 'ਚੋਂ ਬਰਖਾਸਤ ਕਰਕੇ ਕੇਸ ਦਰਜ ਕਰਨ ਦੀ ਮੰਗ ਕੀਤੀ। ਵਿਰੋਧੀ ਧਿਰ ਨੇ ਇਸ ਮੁੱਦੇ 'ਤੇ ਸਰਕਾਰ ਤੇ ਖਾਸ ਕਰ ਮੁੱਖ ਮੰਤਰੀ ਭਗਵੰਤ ਮਾਨ ਦੇ ਬਿਆਨ ਦੀ ਮੰਗ ਕੀਤੀ ਤਾਂ ਸਪੀਕਰ ਨੇ ਸਪੱਸ਼ਟ ਕੀਤਾ ਕਿ ਸਿਫਰ ਕਾਲ ਦੌਰਾਨ ਉਠੇ ਕਿਸੇ ਵੀ ਮੁੱਦੇ 'ਤੇ ਸਪੀਕਰ ਸਰਕਾਰ ਨੂੰ ਜਵਾਬ ਦੇਣ ਲਈ ਪਾਬੰਦ ਨਹੀਂ ਕਰ ਸਕਦਾ।

ਮੁੱਖ ਮੰਤਰੀ ਦੇ ਬਿਆਨ 'ਤੇ ਅੜੀ ਵਿਰੋਧੀ ਧਿਰ ਨੇ ਜਦੋਂ ਸਦਨ ਦੇ ਵਿਚਕਾਰ ਆ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਤਾਂ ਸਪੀਕਰ ਵੱਲੋਂ ਸਦਨ ਦੀ ਕਾਰਵਾਈ ਅੱਧੇ ਘੰਟੇ ਲਈ ਮੁਲਤਵੀ ਕਰਨੀ ਪਈ। ਇਸ ਤੋਂ ਬਾਅਦ ਵੀ ਵਿਰੋਧੀ ਧਿਰ ਨੇ ਸਦਨ ਦੀ ਕਾਰਵਾਈ ਖ਼ਤਮ ਹੋਣ ਤੱਕ ਹੰਗਾਮਾ ਜਾਰੀ ਰੱਖਿਆ। ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਫੌਜਾ ਸਿੰਘ ਸਰਾਰੀ ਦੀ ਵਾਇਰਲ ਹੋਈ ਆਡੀਓ ਵਿਚ ਪੈਸੇ ਦੀ ਵਸੂਲੀ ਦੀ ਗੱਲਬਾਤ ਸਪੱਸ਼ਟ ਸੁਣਾਈ ਦਿੰਦੀ ਹੈ ਤੇ ਮੰਤਰੀ ਨੇ ਵੀ ਆਡੀਓ ਸਹੀ ਹੋਣ ਦੀ ਪੁਸ਼ਟੀ ਕਰ ਦਿੱਤੀ ਹੈ। ਇਸ ਲਈ ਜੇਕਰ ਵਿਜੈ ਸਿੰਗਲਾ ਖਿਲਾਫ਼ ਕਾਰਵਾਈ ਕੀਤੀ ਜਾ ਸਕਦੀ ਹੈ ਤਾਂ ਇਕ ਇਮਾਨਦਾਰ ਸਰਕਾਰ ਇਸ ਮੰਤਰੀ ਦੇ ਮਾਮਲੇ 'ਚ ਪੱਲਾ ਕਿਉਂ ਝਾੜ ਰਹੀ ਹੈ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ 'ਆਮ ਆਦਮੀ ਪਾਰਟੀ' ਬਦਲਾਅ ਦਾ ਨਾਅਰਾ ਦੇ ਕੇ ਸੱਤਾ ਵਿਚ ਆਈ ਸੀ ਤੇ ਇਹ ਬਦਲਾਅ ਹਕੀਕੀ ਰੂਪ ਵਿਚ ਦਿਖਾਈ ਦੇਣਾ ਚਾਹੀਦਾ ਹੈ। ਇਸ ਮੁੱਦੇ 'ਤੇ ਸੁਖਪਾਲ ਸਿੰਘ ਖਹਿਰਾ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਬੋਲਣ ਦਾ ਯਤਨ ਕੀਤਾ ਪਰ ਸਪੀਕਰ ਨੇ ਦੋਵਾਂ ਨੂੰ ਇਜਾਜ਼ਤ ਨਹੀਂ ਦਿੱਤੀ।

ਮੁੱਖ ਮੰਤਰੀ ਭਗਵੰਤ ਮਾਨ ਦੀ ਗੈਰ-ਮੌਜੂਦਗੀ ਵਿੱਚ ਹੋਏ ਇਸ ਘਟਨਾਕ੍ਰਮ ਦੌਰਾਨ ਫੌਜਾ ਸਿੰਘ ਸਰਾਰੀ ਵੀ ਸਦਨ ਵਿਚ ਬੈਠੇ ਸਨ। ਕਾਂਗਰਸ ਦੇ ਵਿਧਾਇਕ ਜਦੋਂ ਇਸ ਮੰਤਰੀ ਖਿਲਾਫ ਕਾਰਵਾਈ ਦੀ ਮੰਗ ਕਰਦੇ ਸਨ ਤਾਂ ਹਾਕਮ ਧਿਰ ਦੇ ਜ਼ਿਆਦਾਤਰ ਮੈਂਬਰ ਕਾਂਗਰਸੀਆਂ 'ਤੇ ਭ੍ਰਿਸ਼ਟ ਅਤੇ ਭਾਜਪਾ ਦੀ 'ਬੀ' ਟੀਮ ਹੋਣ ਦੇ ਦੋਸ਼ ਲਾ ਰਹੇ ਸਨ।

ਉਧਰ, ਪੰਜਾਬ ਵਿਧਾਨ ਸਭਾ ਵਿਚ ਗੈਰ-ਸਰਕਾਰੀ ਮਤੇ 'ਤੇ ਹੋਈ ਚਰਚਾ ਦੌਰਾਨ 'ਆਪ' ਦੇ ਵਿਧਾਇਕਾਂ ਨੇ ਕਾਂਗਰਸ 'ਤੇ ਤਿੱਖੇ ਨਿਸ਼ਾਨੇ ਸੇਧੇ ਹਨ। ਹਾਕਮ ਧਿਰ ਦੇ ਵਿਧਾਇਕਾਂ ਨੇ ਦਲਿਤਾਂ ਦਾ ਵਜ਼ੀਫਾ ਹੜੱਪਣ ਅਤੇ ਗਰੀਬ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਦੇ ਦੋਸ਼ ਲਾਏ ਹਨ। ਇਸ ਮਤੇ 'ਤੇ ਹੋਈ ਚਰਚਾ ਦੌਰਾਨ ਕਾਂਗਰਸ ਦੇ ਵਿਧਾਇਕ ਪ੍ਰਦਰਸ਼ਨ ਕਰ ਰਹੇ ਸਨ।

'ਆਪ' ਵਿਧਾਇਕਾਂ ਵੱਲੋਂ ਕਾਂਗਰਸੀ ਮੈਂਬਰਾਂ ਨੂੰ ਚਰਚਾ ਵਿਚ ਹਿੱਸਾ ਲੈਣ ਲਈ ਕਿਹਾ ਗਿਆ। ਹਾਕਮ ਧਿਰ ਦੇ ਮੈਂਬਰਾਂ ਨੇ ਰੌਲਾ ਰੱਪਾ ਪਾ ਰਹੇ ਵਿਰੋਧੀ ਧਿਰ ਦੇ ਮੈਂਬਰਾਂ 'ਤੇ ਦਲਿਤ ਵਿਰੋਧੀ ਹੋਣ ਦੇ ਦੋਸ਼ ਵੀ ਲਾਏ। ਵਿਧਾਇਕਾ ਸਰਵਜੀਤ ਕੌਰ ਮਾਣੂਕੇ ਨੇ ਮਤਾ ਪੇਸ਼ ਕਰਦਿਆਂ ਕਿਹਾ, "ਇਹ ਸਦਨ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਿਸ਼ ਕਰਦਾ ਹੈ ਕਿ ਦਲਿਤ ਬੱਚਿਆਂ ਨੂੰ ਸਮੇਂ ਸਿਰ ਵਜ਼ੀਫਾ ਨਾ ਮਿਲਣ ਕਾਰਨ ਬੱਚਿਆਂ ਦੇ ਸਰਟੀਫਿਕੇਟ ਵਿੱਦਿਅਕ ਅਦਾਰਿਆਂ ਵੱਲੋਂ ਨਹੀਂ ਦਿੱਤੇ ਜਾਂਦੇ, ਇਸ ਲਈ ਦਲਿਤ ਬੱਚਿਆਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾਣ।"

ਮਤੇ 'ਤੇ ਹੋਈ ਚਰਚਾ ਦੌਰਾਨ ਵਿਧਾਇਕਾ ਨੇ ਕਿਹਾ ਕਿ ਕਾਂਗਰਸ ਦੇ ਸਾਬਕਾ ਮੰਤਰੀ ਤੇ ਹੋਰਨਾਂ ਨੇ ਦਲਿਤਾਂ ਨੂੰ ਦਿੱਤੇ ਜਾਣ ਵਾਲੇ ਵਜ਼ੀਫੇ ਡਕਾਰੇ ਅਤੇ ਵੱਡੇ ਘਪਲੇ ਕੀਤੇ ਹਨ। ਇਹੀ ਕਾਰਨ ਹੈ ਕਿ ਦਲਿਤ ਬੱਚੇ ਡਿਗਰੀਆਂ ਲੈ ਲਈ ਠੋਕਰਾਂ ਖਾ ਰਹੇ ਹਨ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਇਹ ਹੈ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਘਪਲੇਬਾਜ਼ਾਂ ਖਿਲਾਫ ਕਾਰਵਾਈ ਕਰਨ ਦੀ ਥਾਂ ਉਨ੍ਹਾਂ ਨੂੰ ਕਲੀਨ ਚਿੱਟਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਅੱਜ ਜਦੋਂ ਗਰੀਬਾਂ ਦੇ ਵਜ਼ੀਫਿਆਂ ਦੀ ਗੱਲ ਹੋ ਰਹੀ ਹੈ ਤਾਂ ਕਾਂਗਰਸ ਦੇ ਵਿਧਾਇਕ ਚਰਚਾ 'ਚ ਹਿੱਸਾ ਲੈਣ ਦੀ ਥਾਂ ਭੱਜਣ ਦੇ ਮੌਕੇ ਲੱਭ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਅੱਜ ਜਿਹੜੇ ਕਾਂਗਰਸੀ ਰੌਲਾ ਪਾ ਰਹੇ ਹਨ, ਉਨ੍ਹਾਂ ਦੇ ਹਲਕਿਆਂ ਦੇ ਦਲਿਤਾਂ ਦੇ ਹੱਕ ਵੀ ਕਾਂਗਰਸ ਨੇ ਹੀ ਮਾਰੇ ਸਨ।



## ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਰਹੇ ਚੁੱਪ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਤਿੰਨੋਂ ਵਿਧਾਇਕਾਂ ਨੇ ਕਾਂਗਰਸ ਵੱਲੋਂ ਫੌਜਾ ਸਿੰਘ ਸਰਾਰੀ ਦੇ ਮੁੱਦੇ 'ਤੇ ਕਾਂਗਰਸ ਦੇ ਪ੍ਰਦਰਸ਼ਨ ਦਾ ਕੋਈ ਸਾਥ ਨਾ ਦਿੱਤਾ। ਮਨਪ੍ਰੀਤ ਸਿੰਘ ਇਯਾਲੀ, ਗਨੀਵ ਮਜੀਠੀਆ ਅਤੇ ਡਾ. ਸੁਖਵਿੰਦਰ ਸਿੰਘ ਸੁੱਖੀ ਚੁੱਪ-ਚਾਪ ਬੈਠੇ ਰਹੇ। 'ਆਪ' ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਜਦੋਂ ਬਰਗਾੜੀ ਮਾਮਲੇ 'ਤੇ ਸੁਖਬੀਰ ਸਿੰਘ ਬਾਦਲ 'ਤੇ ਬਰਗਾੜੀ ਮੁੱਦੇ ਨੂੰ ਲੈ ਕੇ ਨਿਸ਼ਾਨਾ ਸੇਧਿਆ ਤਾਂ ਅਕਾਲੀ ਦਲ ਦੇ ਦੋ ਵਿਧਾਇਕ ਡਾ. ਸੁੱਖੀ ਤੇ ਸ੍ਰੀਮਤੀ ਮਜੀਠੀਆ ਬੋਲਣ ਲਈ ਖੜ੍ਹੇ ਹੋਏ। ਹੰਗਾਮੇ ਦੌਰਾਨ ਆਪਣੀ ਗੱਲ ਨਾ ਆਖ ਸਕੇ ਤਾਂ ਤਿੰਨੋਂ ਵਿਧਾਇਕਾਂ ਨੇ ਵਾਕਆਊਟ ਕਰ ਦਿੱਤਾ। ਮਨਪ੍ਰੀਤ ਸਿੰਘ ਇਯਾਲੀ ਤਾਂ ਸੁਖਬੀਰ ਸਿੰਘ ਬਾਦਲ ਦੇ ਹੱਕ 'ਚ ਖੜ੍ਹੇ ਵੀ ਨਾ ਹੋਏ।

## ਬਠਿੰਡਾ ਵਿਚ ਸ਼ਰਾਰਤੀ ਅਨਸਰਾਂ ਨੇ ਖਾਲਿਸਤਾਨ ਪੱਖੀ ਨਾਅਰੇ ਲਿਖੇ

**ਬਠਿੰਡਾ:** ਇਥੇ ਜੰਗਲਾਤ ਦਫਤਰ ਨਜ਼ਦੀਕ ਸ਼ਰਾਰਤੀ ਅਨਸਰਾਂ ਵੱਲੋਂ ਖਾਲਿਸਤਾਨ ਪੱਖੀ ਨਾਅਰੇ ਲਿਖੇ ਗਏ ਹਨ। ਥਾਣਾ ਥਰਮਲ ਦੀ ਮੁਖੀ ਸੁਖਵੀਰ ਕੌਰ ਨੇ ਦੱਸਿਆ ਕਿ ਉਹ ਮਾਮਲੇ ਦੀ ਜਾਂਚ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਸ਼ਰਾਰਤੀ ਅਨਸਰਾਂ ਨੇ ਪੰਜਾਬੀ ਵਿਚ ਲਿਖੇ ਨਾਅਰਿਆਂ ਹੇਠਾਂ 'ਸਿੱਖਸ ਫਾਰ ਜਸਟਿਸ' ਅੰਗਰੇਜ਼ੀ ਵਿਚ ਲਿਖਿਆ ਹੈ। ਘਟਨਾ ਦਾ ਪਤਾ ਲਗਦਿਆਂ ਹੀ ਸਥਾਨਕ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਖਾਲਿਸਤਾਨੀ ਨਾਅਰਿਆਂ ਨੂੰ ਮਿਟਾ ਦਿੱਤਾ। ਪਤਾ ਲੱਗਾ ਕਿ ਸਰਹਿੰਦ ਨਹਿਰ ਨਜ਼ਦੀਕ ਵੀ ਪਾਣੀ ਵਾਲੀਆਂ ਟੈਂਕੀਆਂ ਦੀਆਂ ਕੰਧਾਂ ਉਪਰ ਖਾਲਿਸਤਾਨੀ ਨਾਅਰੇ ਲਿਖੇ ਗਏ ਹਨ। ਇਥੋਂ ਵੱਡੀ ਗਿਣਤੀ ਸ਼ਹਿਰ ਦੇ ਲੋਕ ਪਾਣੀ ਭਰ ਕੇ ਲਿਜਾਂਦੇ ਹਨ। ਜਦੋਂ ਲੋਕ ਪਾਣੀ ਭਰਨ ਲਈ ਉਥੇ ਪੁੱਜੇ ਤਾਂ ਉਨ੍ਹਾਂ ਖਾਲਿਸਤਾਨੀ ਪੱਖੀ ਨਾਅਰੇ ਲਿਖੇ ਹੋਏ ਦੇਖੇ, ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ। ਇਸ ਤੋਂ ਇਲਾਵਾ ਸਿੱਖਸ ਫਾਰ ਜਸਟਿਸ ਦੇ ਆਗੂ ਨੇ ਇਕ ਵੀਡੀਓ ਜਾਰੀ ਕਰ ਕੇ ਦਾਅਵਾ ਕੀਤਾ ਹੈ ਕਿ ਬਠਿੰਡਾ ਦੇ ਜੰਗਲਾਤ ਵਿਭਾਗ ਦਫਤਰ ਦੇ ਬਾਹਰ ਖਾਲਿਸਤਾਨ ਪੱਖੀ ਨਾਅਰੇ ਸਿੱਖਸ ਫਾਰ ਜਸਟਿਸ ਵੱਲੋਂ ਲਿਖੇ ਗਏ ਹਨ। ਉਸ ਨੇ ਦਾਅਵਾ ਕੀਤਾ ਕਿ ਇਸ ਤੋਂ ਇਲਾਵਾ ਸਿੱਖ-ਮੁਸਲਮਾਨ ਭਾਈ-ਭਾਈ ਦੇ ਨਾਅਰੇ ਵੀ ਲਿਖੇ ਗਏ ਹਨ।

# ਖਾਲਿਸਤਾਨ ਪੱਖੀ ਜਥੇਬੰਦੀ ਦੇ ਦੋ ਕਾਰਕੁਨ ਗ੍ਰਿਫਤਾਰ

**ਰੂਪਨਗਰ:** ਪੁਲਿਸ ਨੇ ਆਈ.ਐਸ.ਆਈ. ਦੀ ਹਮਾਇਤ ਪ੍ਰਾਪਤ ਖਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐਫ.) ਨਾਲ ਸਬੰਧਤ ਅਤਿਵਾਦੀ ਕਾਰਵਾਈਆਂ ਵਿਚ ਸ਼ਾਮਲ ਦੋ ਕਾਰਕੁਨਾਂ ਨੂੰ ਚਮਕੌਰ ਸਾਹਿਬ ਖੇਤਰ ਤੋਂ ਗ੍ਰਿਫਤਾਰ ਕੀਤਾ ਹੈ। ਕਾਰਕੁਨਾਂ ਦੀ ਪਛਾਣ ਵੀਜ਼ਾ ਸਿੰਘ ਉਰਫ ਗਗਨ ਉਰਫ ਗੱਗੂ ਵਾਸੀ ਪਿੰਡ ਚੰਦ ਨਵਾਂ ਮੋਗਾ ਅਤੇ ਰਣਜੋਧ ਸਿੰਘ ਉਰਫ ਜੋਤੀ ਵਾਸੀ ਪਿੰਡ ਗੰਜੀ ਗੁਲਾਬ ਸਿੰਘ ਵਾਲਾ ਮੋਗਾ ਵਜੋਂ ਹੋਈ ਹੈ।

ਪੁਲਿਸ ਨੇ ਇਨ੍ਹਾਂ ਕੋਲੋਂ ਨਾਜਾਇਜ਼ ਪਿਸਤੌਲਾਂ ਸਮੇਤ 21 ਕਾਰਤੂਸ ਵੀ ਬਰਾਮਦ ਕੀਤੇ ਹਨ। ਇਹ ਕਾਰਵਾਈ ਫਿਰੋਜ਼ਪੁਰ ਪੁਲਿਸ ਵੱਲੋਂ ਪਿੰਡ ਆਰਿਫਕੇ ਦੇ ਝੋਨੇ ਦੇ ਖੇਤਾਂ ਤੋਂ ਏਕੇ-47 ਅਸਾਲਟ ਰਾਈਫਲ ਸਮੇਤ ਦੋ ਮੈਗਜ਼ੀਨ ਅਤੇ 60 ਕਾਰਤੂਸ ਬਰਾਮਦ ਕੀਤੇ ਜਾਣ ਤੋਂ ਬਾਅਦ ਅਮਲ ਵਿਚ ਲਿਆਂਦੀ ਗਈ ਹੈ। ਪੁਲਿਸ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਖੇਪ ਗੈਂਗਸਟਰ ਅਰਸ਼ ਡਾਲਾ ਦੇ ਕਹਿਣ 'ਤੇ ਡਰੋਨ ਦੀ ਵਰਤੋਂ ਕਰਕੇ ਸੁੱਟੀ ਗਈ ਸੀ ਅਤੇ ਇਸ ਨੂੰ ਪਿੰਡ ਆਰਿਫਕੇ ਤੋਂ ਵੀਜ਼ਾ ਸਿੰਘ ਅਤੇ ਰਣਜੋਧ ਸਿੰਘ ਨੇ ਪ੍ਰਾਪਤ ਕਰਨਾ ਸੀ।



ਦੱਸਿਆ ਜਾ ਰਿਹਾ ਹੈ ਕਿ ਸੂਬੇ ਭਰ ਵਿਚ ਖੁਫੀਆ ਏਜੰਸੀ ਦੀ ਅਗਵਾਈ ਵਿਚ ਚਲਾਈ ਜਾ ਰਹੀ ਮੁਹਿੰਮ ਅਧੀਨ ਪੁਖਤਾ ਸੂਚਨਾ ਦੇ ਅਧਾਰ 'ਤੇ ਰੂਪਨਗਰ ਪੁਲਿਸ ਵੱਲੋਂ ਚਮਕੌਰ ਸਾਹਿਬ ਖੇਤਰ ਤੋਂ ਦੋਵਾਂ ਮੁਲਜ਼ਮਾਂ ਨੂੰ ਕਾਬੂ ਕੀਤਾ ਗਿਆ ਹੈ। ਪੁਲਿਸ ਅਨੁਸਾਰ ਮੁਢਲੀ ਪੁੱਛਗਿੱਛ ਦੌਰਾਨ ਉਨ੍ਹਾਂ ਜੁਰਮ ਕਬੂਲ ਕਰ ਲਿਆ ਹੈ।

## ਦਵਿੰਦਰ ਬੰਬੀਹਾ ਗਰੁੱਪ ਦੀ ਕਬੱਡੀ ਖਿਡਾਰੀਆਂ ਨੂੰ ਸਿੱਧੀ ਧਮਕੀ

**ਬਠਿੰਡਾ:** ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਮਾਮਲੇ ਦੀ ਅਜੇ ਗੁੱਥੀ ਸੁਲਝੀ ਨਹੀਂ ਅਤੇ ਦੂਜੇ ਪਾਸੇ ਪੰਜਾਬ ਕਬੱਡੀ ਸੀਜ਼ਨ2022-23 ਦੇ ਵੱਡੇ ਖੇਡ ਮੇਲਿਆਂ ਦੀ ਸ਼ੁਰੂਆਤ ਤੋਂ ਪਹਿਲਾਂ ਹੀ ਦਵਿੰਦਰ ਬੰਬੀਹਾ ਗਰੁੱਪ ਨੇ ਕਬੱਡੀ ਖਿਡਾਰੀਆਂ ਨੂੰ ਸਿੱਧੀ ਧਮਕੀ ਦੇ ਦਿੱਤੀ ਹੈ ਕਿ ਗੈਂਗਸਟਰ ਜੱਗੂ ਭਗਵਾਨਪੁਰ ਵੱਲੋਂ ਖੇਡਣ ਵਾਲਾ ਖਿਡਾਰੀ ਆਪਣੀ ਮੌਤ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੋਸ਼ਲ ਮੀਡੀਆ ਉਤੇ ਪਾਈ ਅਜਿਹੀ ਪੋਸਟ ਮਗਰੋਂ ਜਿੱਥੇ ਆਉਣ ਵਾਲੇ ਕਬੱਡੀ ਸੀਜ਼ਨ ਉਤੇ ਦਹਿਸ਼ਤ ਦੇ ਬੱਦਲ ਮੰਡਰਾਉਣ ਲੱਗੇ ਹਨ, ਉਥੇ ਖਿਡਾਰੀਆਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਉਕਤ ਪੋਸਟ ਨੂੰ ਦਵਿੰਦਰ ਬੰਬੀਹਾ ਗਰੁੱਪ ਤੋਂ ਇਲਾਵਾ ਸ਼ਾਰਪ ਸ਼ੂਟਰ ਬੰਬੀਹਾ, ਕੁਸਾਲ ਚੌਧਰੀ ਗਰੁੱਪ, ਟਿਲੂ ਤਾਜਪੁਰੀਆਂ ਗਰੁੱਪ, ਅਮਿਤ ਡਾਗਰ ਗੈਂਗਸਟਰ, ਨੌਰਥ ਇੰਡੀਆ ਕਿੰਗ, ਭੂਪੀ ਰਾਣਾ ਗਰੁੱਪ ਆਦਿ ਨਾਲ ਹੈਸ਼ਟੈਗ ਕੀਤਾ ਗਿਆ।

# ਅਮਰੀਕਾ ਰਹਿੰਦੇ ਗੈਂਗਸਟਰ ਕਾਹਲੋਂ ਦਾ ਸਾਥੀ ਕਾਬੂ

**ਤਰਨ ਤਾਰਨ:** ਤਰਨ ਤਾਰਨ ਜ਼ਿਲ੍ਹਾ ਪੁਲਿਸ ਦੀ ਸੂਚਨਾ ਦੇ ਆਧਾਰ 'ਤੇ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਅੰਬਾਲਾ ਵੱਲੋਂ ਅਮਰੀਕਾ ਰਹਿੰਦੇ ਨਾਮੀ ਗੈਂਗਸਟਰ ਦਰਮਨਜੋਤ ਸਿੰਘ ਕਾਹਲੋਂ ਦੇ ਇਕ ਹੋਰ ਸਾਥੀ ਮੁਕੇਸ਼ ਕੁਮਾਰ ਵਾਸੀ ਜੰਬਾ ਥਾਣਾ ਨੀਲੋਖੇੜੀ (ਕਰਨਾਲ) ਨੂੰ ਚਾਰ ਵਿਦੇਸ਼ੀ ਪਿਸਤੌਲਾਂ ਅਤੇ ਕਾਰਤੂਸਾਂ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਦਰਮਨਜੋਤ ਸਿੰਘ ਦੇ ਇਕ ਸਾਥੀ ਪਰਮਿੰਦਰ ਸਿੰਘ ਪਿੰਦੀ ਵਾਸੀ ਹਰਸੀਆਂ (ਬਟਾਲਾ) ਨੂੰ ਦਸ ਦਿਨ ਪਹਿਲਾਂ ਹੀ ਗ੍ਰਿਫਤਾਰ ਕੀਤਾ ਗਿਆ ਸੀ। ਜ਼ਿਲ੍ਹਾ ਪੁਲਿਸ ਮੁਖੀ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਹਰਿਆਣਾ ਐਸ.ਟੀ.ਐਫ਼. ਵੱਲੋਂ ਗ੍ਰਿਫਤਾਰ ਕੀਤੇ ਮੁਕੇਸ਼ ਕੁਮਾਰ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆਏ ਜਾਣ ਲਈ ਕਾਰਵਾਈ ਸ਼ੁਰੂ ਕੀਤੀ ਗਈ ਹੈ।

# ਗੈਂਗਸਟਰ ਦੀਪਕ ਟੀਨੂ ਦੇ ਫਰਾਰ ਹੋਣ ਉਤੇ ਸਿਆਸਤ ਭਖੀ

**ਚੰਡੀਗੜ੍ਹ:** ਮਾਨਸਾ ਪੁਲਿਸ ਦੀ ਹਿਰਾਸਤ ਵਿਚੋਂ ਏ-ਕੈਟਾਗਿਰੀ ਗੈਂਗਸਟਰ ਦੀਪਕ ਟੀਨੂ ਦੇ ਫ਼ਰਾਰ ਹੋਣ ਮਗਰੋਂ ਸੂਬੇ ਦੀ ਸਿਆਸਤ ਭਖ ਗਈ ਹੈ। ਅਮਨ ਕਾਨੂੰਨ ਦੀ ਵਿਵਸਥਾ ਦਾ ਮਾਮਲਾ ਕੁਝ ਸਮਾਂ ਪਹਿਲਾਂ ਹੀ ਠੰਢਾ ਪਿਆ ਸੀ ਤੇ ਹੁਣ ਦੀਪਕ ਟੀਨੂ ਦੀ ਉਡਾਰੀ ਨੇ ਮੁੜ ਪੰਜਾਬ ਸਰਕਾਰ ਉਤੇ ਸੁਆਲ ਖੜ੍ਹੇ ਕਰ ਦਿੱਤੇ ਹਨ। ਵਿਰੋਧੀ ਧਿਰਾਂ ਨੇ ਇਸ ਨੂੰ ਸਰਕਾਰ ਦੀ ਨਾਕਾਮੀ ਦੱਸਦਿਆਂ ਕੇਂਦਰੀ ਜਾਂਚ ਦੀ ਮੰਗ ਕੀਤੀ ਹੈ।

ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਕਿਹਾ ਕਿ ਇਹ ਘਟਨਾ ਸੂਬੇ ਵਿਚ ਅਮਨ ਕਾਨੂੰਨ ਵਿਵਸਥਾ ਦੀ ਸਹੀ ਤਸਵੀਰ ਦਿਖਾਉਂਦੀ ਹੈ। ਉਨ੍ਹਾਂ ਸੁਆਲ ਉਠਾਏ ਕਿ ਮੁਲਜ਼ਮ ਹਿਰਾਸਤ ਵਿਚੋਂ ਕਿਵੇਂ ਭੱਜ ਗਿਆ। ਉਨ੍ਹਾਂ ਇਸ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਭਾਜਪਾ ਦੇ ਜਨਰਲ ਸਕੱਤਰ ਦਿਆਲ ਸੋਢੀ ਨੇ ਕਿਹਾ ਕਿ ਮੁੱਖ ਮੰਤਰੀ ਸਿਆਸੀ ਦੌਰਿਆਂ ਵਿਚ ਉਲਝੇ ਹੋਏ ਹਨ ਅਤੇ ਗੈਂਗਸਟਰ ਫਰਾਰ ਹੋ ਰਹੇ ਹਨ। ਦੱਸਣਯੋਗ ਹੈ ਕਿ ਡੀ.ਜੀ.ਪੀ. ਗੌਰਵ ਯਾਦਵ ਨੇ ਕਮਾਨ ਸੰਭਾਲਣ ਮਗਰੋਂ ਸੂਬੇ ਵਿਚ ਲਗਾਤਾਰ ਦੌਰੇ ਕਰਕੇ ਮਾਹੌਲ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ ਸੀ। ਹੁਣ ਇਸ ਘਟਨਾ ਨੇ ਸਰਕਾਰ ਨੂੰ ਮੁੜ ਪੁਰਾਣੀ ਥਾਂ ਲਿਆ ਕੇ ਖੜ੍ਹਾ ਕਰ ਦਿੱਤਾ ਹੈ।



ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਟਵੀਟ ਕੀਤਾ ਹੈ ਕਿ ਪੰਜਾਬ ਪੁਲਿਸ ਦੀ ਹਿਰਾਸਤ ਵਿਚੋਂ ਗੈਂਗਸਟਰ ਦਾ ਫਰਾਰ ਹੋਣਾ ਅਮਨ ਕਾਨੂੰਨ ਦੀ ਸਥਿਤੀ 'ਤੇ ਸੁਆਲ ਖੜ੍ਹੇ ਕਰਦਾ ਹੈ। ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਬਿਆਨਬਾਜ਼ੀ ਨੂੰ ਵੀ ਬਾਜਵਾ ਨੇ ਬੇਤੁਕੀ ਅਤੇ ਗੈਰ-ਜ਼ਿੰਮੇਵਾਰਾਨਾ ਦੱਸਿਆ ਹੈ। ਚੇਤੇ ਰਹੇ ਕਿ ਕੈਬਨਿਟ ਮੰਤਰੀ ਧਾਲੀਵਾਲ ਨੇ ਇਸ ਘਟਨਾ ਬਾਰੇ ਕਿਹਾ ਸੀ ਕਿ ਅਜਿਹੀਆਂ ਘਟਨਾਵਾਂ ਹੁੰਦੀਆਂ ਹੀ ਰਹਿੰਦੀਆਂ ਹਨ।

ਸਾਬਕਾ ਮੰਤਰੀ ਪਰਗਟ ਸਿੰਘ ਨੇ ਵੀ ਟਵੀਟ ਕੀਤਾ ਹੈ ਕਿ ਗੈਂਗਸਟਰ ਦਾ ਹਿਰਾਸਤ ਵਿਚੋਂ ਭੱਜ ਜਾਣਾ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਦੀ ਨਾਕਾਮੀ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਇਸ ਵੇਲੇ ਗੁਜਰਾਤ ਵਿਚ ਗਰਬਾ ਖੇਡਣ ਵਿਚ ਰੁੱਝੇ ਹੋਏ ਹਨ। ਇਵੇਂ ਹੀ ਭਾਜਪਾ ਆਗੂ ਹਰਜੀਤ ਗਰੇਵਾਲ ਨੇ ਕਿਹਾ ਕਿ ਪਹਿਲਾਂ ਚਰਨਜੀਤ ਚੰਨੀ ਬਤੌਰ ਮੁੱਖ ਮੰਤਰੀ ਭੰਗੜੇ ਪਾਉਂਦਾ ਸੀ ਅਤੇ ਹੁਣ ਭਗਵੰਤ ਮਾਨ ਵੀ ਉਸੇ ਰਾਹ 'ਤੇ ਤੁਰ ਪਏ ਹਨ।

## ਲਾਰੈਂਸ ਗੈਂਗ ਵੱਲੋਂ ਪੁਲਿਸ ਨੂੰ ਚਿਤਾਵਨੀ

**ਮਾਨਸਾ:** ਗੈਂਗਸਟਰ ਦੀਪਕ ਟੀਨੂੰ ਦੇ ਪੁਲਿਸ ਹਿਰਾਸਤ ਚੋਂ ਫਰਾਰ ਹੋਣ ਤੋਂ ਬਾਅਦ ਹੁਣ ਲਾਰੈਂਸ ਗੈਂਗ ਨੇ ਪੰਜਾਬ ਪੁਲਿਸ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਦੀਪਕ ਨੂੰ ਕੁਝ ਹੋਇਆ ਤਾਂ ਇਸ ਦੇ ਭਿਆਨਕ ਨਤੀਜੇ ਨਿਕਲਣਗੇ। ਇਸੇ ਦੌਰਾਨ ਦੀਪਕ ਟੀਨੂ ਦੇ ਵਕੀਲ ਵਿਸ਼ਾਲ ਚੋਪੜਾ ਨੇ ਉਸ ਦੇ ਫਰਾਰ ਹੋਣ ਨੂੰ ਇਕ ਸਾਜ਼ਿਸ਼ ਦੱਸਿਆ ਹੈ। ਉਸ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਜਗਰੂਪ ਰੂਪਾ ਤੇ ਮਨਪ੍ਰੀਤ ਮੰਨੂ ਕੁੱਸਾ ਦਾ ਪੁਲਿਸ ਨੇ ਮੁਕਾਬਲਾ ਕੀਤਾ ਹੈ, ਉਸੇ ਤਰ੍ਹਾਂ ਪੰਜਾਬ ਪੁਲਿਸ ਵੱਲੋਂ ਦੀਪਕ ਟੀਨੂ ਸਾਜ਼ਿਸ਼ ਤਹਿਤ ਭਜਾਇਆ ਗਿਆ ਹੈ।

## ਮੂਸੇਵਾਲਾ ਦੀ ਮਾਤਾ ਨੇ ਸਰਕਾਰ ਦੀ ਨੀਅਤ ਉਤੇ ਚੁੱਕੇ ਸਵਾਲ

**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਆਖਿਆ ਹੈ ਕਿ ਉਨ੍ਹਾਂ ਨੂੰ ਪੰਜਾਬ ਸਰਕਾਰ ਤੋਂ ਇਨਸਾਫ ਦੀ ਆਸ ਨਹੀਂ ਹੈ ਅਤੇ ਪੰਜਾਬ ਵਿਚ ਸੁਰੱਖਿਆ ਨਾਮ ਦੀ ਵੀ ਕੋਈ ਚੀਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਜੇ ਤੱਕ ਸਿੱਧੂ ਮੂਸੇਵਾਲਾ ਦੇ ਅਸਲ ਕਾਤਲਾਂ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ ਤੇ ਉਨ੍ਹਾਂ ਵੱਲੋਂ ਕਈ ਨਾਮਵਰ ਲੋਕਾਂ ਦੇ ਪੁਲਿਸ ਨੂੰ ਨਾਮ ਵੀ ਦਰਜ ਕਰਵਾਏ ਹਨ, ਪਰ ਪੁਲਿਸ ਨੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸੂਬੇ 'ਚ ਸੁਰੱਖਿਆ ਨਾਮ ਦੀ ਕੋਈ ਚੀਜ਼ ਨਹੀਂ ਅਤੇ ਗੈਂਗਸਟਰ ਸ਼ਰ੍ਹੇਆਮ ਜੇਲ੍ਹਾਂ ਦੇ 'ਚੋਂ ਫਰਾਰ ਹੋ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਆਪਣੇ ਬੇਟੇ ਨੂੰ ਇਨਸਾਫ ਦਿਵਾਉਣ ਲਈ ਹਰ ਹੀਲਾ ਵਰਤਣਗੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਪੰਜਾਬ ਦੇ ਹਰੇਕ ਜ਼ਿਲ੍ਹੇ ਵਿਚ ਕੈਂਡਲ ਮਾਰਚ ਕੀਤਾ ਜਾਵੇਗਾ।

## ਅਣਗਹਿਲੀ ਵਰਤਣ ਵਾਲਿਆਂ ਖਿਲਾਫ ਕਾਰਵਾਈ ਕਰਾਂਗੇ: ਚੀਮਾ

**ਚੰਡੀਗੜ੍ਹ:** ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਫੜੇ ਹੋਏ ਗੈਂਗਸਟਰ ਦੀਪਕ ਟੀਨੂ ਦੇ ਫਰਾਰ ਹੋਣ ਸਬੰਧੀ ਇਥੇ ਵਿਧਾਇਕ ਉਗੋਕੇ ਦੇ ਪਿਤਾ ਦੇ ਸ਼ਰਧਾਂਜਲੀ ਸਮਾਗਮ ਵਿਚ ਪੁੱਜੇ ਕੈਬਨਿਟ ਮੰਤਰੀਆਂ ਤੇ ਵਿਧਾਇਕਾਂ ਨੇ ਸਖ਼ਤ ਪ੍ਰਤੀਕਰਮ ਦਿੱਤਾ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਮਾਮਲੇ ਵਿਚ ਲਾਪਰਵਾਹੀ ਵਰਤਣ ਵਾਲੇ ਸਾਰੇ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇਗੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਇਸ ਮਾਮਲੇ 'ਤੇ ਅਣਗਹਿਲੀ ਵਰਤਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਤੇ ਗੈਂਗਸਟਰ ਨੂੰ ਦੁਬਾਰਾ ਕਾਬੂ ਕਰਨ ਲਈ ਯਤਨ ਕੀਤੇ ਜਾਣਗੇ।

# Matrimonials

## ਲੜਕੇ ਦੀ ਲੋੜ ਹੈ

Jat Sikh parents invite matrimonial alliance for their US born daughter 36, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

Jatt Sikh family looking for a well-settled Jatt Sikh boy for their 29/5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456

37-40

A Sikh Hundal family seeking a suitable, well educated, well settled boy from USA or Canada for their 32 years old, daughter, height 5-3", smart, well educated knowing both cultures very well. She did Bachelor of Dental Surgery, Master degree Epidemiology from UNSW Sydney, Australia), Currently working as a Research Fellow with Bill and Malinda Gates Foundation, in collaboration World Health Organization, Public Health Foundation. Previously in Australia worked as Health Officer .Father B.Tech. (GNE, Ludh. retired from Government job). Family currently residing in Chandigarh and owns rural and urban agriculture land. Contact us at: ranjitsingh56@yahoo.com or 1+905-866-6091 Canada 91+896-869-7166.

29-32

## ਲੜਕੀ ਦੀ ਲੋੜ ਹੈ

ਜੱਟ ਸਿੱਖ, ਯੂ ਐਸ ਏ ਸਿਟੀਜ਼ਨ 31 ਸਾਲ, ਕੱਦ 6', ਨਸ਼ਿਆਂ ਤੋਂ ਰਹਿਤ, ਨਾਨ ਡਰਿੰਕਰ, ਹਸਪਤਾਲ 'ਚ ਵਧੀਆ ਨੌਕਰੀ ਕੰਮ ਕਰਦੇ, ਬੈਚਲਰ ਆਫ ਸਾਇੰਸ, ਫਾਰਮੇਸੀਟੈਕ ਲੈਬਟੈਕ, ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। H1B ਵੀਜ਼ਾ ਹੋਲਡਰ ਵੀ ਵਿਚਾਰਨਯੋਗ (ਜਾਤ-ਪਾਤ ਦਾ ਕੋਈ ਬੰਧਨ ਨਹੀਂ)। ਲੜਕੇ ਦਾ ਪਰਿਵਾਰ, ਬੇਅ ਏਰੀਆ ਕੈਲੀਫੋਰਨੀਆ ਵਿਚ ਵਧੀਆ ਸਥਾਪਿਤ ਹੈ। ਚਾਹਵਾਨ ਸੰਪਰਕ ਕਰਨ: 510-871-0324, 510-200-1715

41-48

ਜੱਟ ਸਿੱਖ ਯੂ.ਐੱਸ.ਏ. ਸਿਟੀਜ਼ਨ ਉਮਰ 47 ਸਾਲ, ਕੱਦ 6'1" ਤਲਾਕਸ਼ੁਦਾ, ਸਥਾਪਿਤ ਕੰਪਨੀ ਵਿਚ ਕੰਮ ਕਰਦੇ ਸ਼ਰਾਬ ਜਾਂ ਹੋਰ ਨਸ਼ਿਆਂ ਤੋਂ ਰਹਿਤ ਖਾਨਦਾਨੀ ਲੜਕੇ ਲਈ ਭਾਰਤੀ ਕਦਰਾਂ-ਕੀਮਤਾਂ ਨੂੰ ਸਮਝਣ ਵਾਲੀ ਯੂ.ਐੱਸ.ਏ. ਜਾਂ ਭਾਰਤ ਵਿਚ ਰਹਿੰਦੀ ਖਾਨਦਾਨੀ ਲੜਕੀ (ਉਮਰ 39-42 ਸਾਲ) ਦੀ ਲੋੜ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਨੇੜੇ ਕਰੋੜਾਂ ਦੀ ਜਾਇਦਾਦ। ਚਾਹਵਾਨ ਸੰਪਰਕ ਕਰਨ: 484-219-4922) or E-mail at baljitrandhawa0001@gmail.com

41-44

Looking for a suitable match for an Arora sikh boy. 6'1", 1992 born. Masters in SCM from UTD and working in Dallas, TX in IT with Deloitte on H1-B. He holds Canadian PR and we prefer a Punjabi girl (caste no bar) settled in the USA or Canada. Please contact us at 516-532-3023 or email at 10.guneet@gmail.com

41-44

ਜੱਟ ਸਿੱਖ ਪਰਿਵਾਰ ਨਾਲ ਸੰਬੰਧਤ 40 ਸਾਲਾ, 5'8" ਗ੍ਰੀਨ ਕਾਰਡ ਹੋਲਡਰ, ਤਲਾਕਸ਼ੁਦਾ, ਆਪਣਾ ਰੈਸਟੋਰੈਂਟ ਚਲਾਉਂਦੇ ਲੜਕੇ ਲਈ ਚੰਗੇ ਪਰਿਵਾਰ ਨਾਲ ਸੰਬੰਧਤ ਲੜਕੀ ਦੀ ਲੋੜ ਹੈ। (ਜਾਤੀ ਬੰਧਨ ਨਹੀਂ) ਬੱਚਿਆਂ ਤੋਂ ਰਹਿਤ ਤਲਾਕਸ਼ੁਦਾ ਲੜਕੀ ਵੀ ਵਿਚਾਰਨਯੋਗ। ਲੜਕਾ ਆਪਣੇ ਪਰਿਵਾਰ ਨਾਲ ਕੋਲੰਬਸ ਜਾਰਜੀਆ (ਅਮਰੀਕਾ) ਰਹਿੰਦਾ ਹੈ ਤੇ ਉਸ ਲੜਕੇ ਦਾ ਆਪਣੀ ਪਹਿਲੀ ਪਤਨੀ ਅਤੇ ਬੱਚਿਆਂ ਨਾਲ ਹੁਣ ਕੋਈ ਸਬੰਧ ਨਹੀਂ ਹੈ।
ਚਾਹਵਾਨ ਸੰਪਰਕ ਕਰਨ: 205-799-2350 ਜਾਂ 762-332-2936

37-40

Ravidasia Sikh family looking for a well educated, USA citizen or permanent resident girl for their turbaned son, 1993 born, 5'10", Canadian permanent resident. Younger sister is in Canada and older sister is US citizen and living in Wisconsin. Please send biodata at: knavm1993@gmail.com

37-40

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060

35----

# ਗਲੋਬਲ ਸਿੱਖ ਕੌਂਸਲ ਅਤੇ ਨੌਰਥ ਕੈਰੋਲੀਨਾ ਯੂਨੀਵਰਸਿਟੀ, ਸ਼ਾਰਲੋਟ ਦੀ ਕਿਰਪਾਨ ਦੇ ਮੁੱਦੇ 'ਤੇ ਮੀਟਿੰਗ

ਯੂ ਐਨ ਸੀ ਸ਼ਾਰਲੋਟ ਦੇ ਕੈਂਪਸ ਵਿਚ 22 ਸਤੰਬਰ, 2022 ਨੂੰ ਇਕ ਸਿੱਖ ਵਿਦਿਆਰਥੀ ਨੂੰ ਕਿਰਪਾਨ ਪਹਿਨਣ ਕਰਕੇ ਹੱਥਕੜੀ ਲਗਾਉਣ ਦੇ ਮਾਮਲੇ ਵਿਚ ਗਲੋਬਲ ਸਿੱਖ ਕੌਂਸਲ ਨੇ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਬਾਰੇ ਗੱਲਬਾਤ ਕਰਨ ਲਈ ਯੂਨੀਵਰਸਿਟੀ ਪ੍ਰਸ਼ਾਸਨ ਤੱਕ ਪਹੁੰਚ ਕੀਤੀ ਸੀ। ਇਸ 'ਤੇ ਯੂਨੀਵਰਸਿਟੀ ਪ੍ਰਸ਼ਾਸਨ ਨੇ ਲੰਘੀ 30 ਸਤੰਬਰ, 2022 ਨੂੰ ਗਲੋਬਲ ਸਿੱਖ ਕੌਂਸਲ ਨਾਲ ਇਕ ਆਨਲਾਈਨ ਮੀਟਿੰਗ ਕੀਤੀ।



ਗੁਲਬਰਗ ਸਿੰਘ ਬਸੀ



ਗੁਰਪ੍ਰੀਤ ਸਿੰਘ ਜੀ.ਪੀ.

ਇਸ ਮੌਕੇ ਗਲੋਬਲ ਸਿੱਖ ਕੌਂਸਲ (ਜੀ.ਐੱਸ.ਸੀ.) ਦੀ ਤਰਫੋਂ ਮੌਜੂਦ ਬੁਲਾਰਿਆਂ ਵਿਚ ਗੁਲਬਰਗ ਸਿੰਘ ਬਸੀ (ਯੂ.ਐੱਸ.), ਗੁਰਪ੍ਰੀਤ ਸਿੰਘ ਜੀ.ਪੀ. (ਬਹਿਰੀਨ), ਡਾ. ਕਾਲਾ ਸਿੰਘ (ਕੈਨੇਡਾ), ਮਨਦੀਪ ਕੌਰ (ਦੁਬਈ), ਡਾ. ਜਸਵੰਤ ਸਿੰਘ (ਯੂ.ਐਸ.) ਅਤੇ ਡਾ. ਗੁਰਨਾਮ ਸਿੰਘ (ਯੂ.ਕੇ.) ਸ਼ਾਮਲ ਹੋਏ। ਯੂ ਐਨ ਸੀ ਸ਼ਾਰਲੋਟ ਵਲੋਂ ਮੀਟਿੰਗ ਵਿਚ ਡਾ. ਸ਼ੈਰਨ ਗੈਬਰ (ਚਾਂਸਲਰ), ਡਾ. ਬਰੈਂਡਨਵੁਲਫ਼, (ਮੁੱਖ ਵਿਭਿੰਨਤਾ/ ਚੀਫ ਡਾਇਵਰਸਿਟੀ ਅਧਿਕਾਰੀ), ਡਾ. ਰਿਚਅਮੋਨ (ਪੁਲਿਸ ਅਤੇ ਜਨਤਕ ਸੁਰੱਖਿਆ ਵਿਭਾਗ ਸਮੇਤ ਵਪਾਰਕ ਮਾਮਲਿਆਂ ਲਈ ਵਾਈਸ ਚਾਂਸਲਰ), ਸ੍ਰੀਮਤੀ ਕਿਮ ਬ੍ਰੈਡਲੀ (ਚੀਫ਼ ਆਫ ਸਟਾਫ), ਅਤੇ ਮਿਸ ਕ੍ਰਿਸਟੀ ਜੈਕਸਨ (ਸੀਨੀਅਰ ਡਾਇਰੈਕਟਰ ਫਾਰ ਰੈਪਿਊਟੇਸ਼ਨ ਮੈਨੇਜਮੈਂਟ ਐਂਡ ਕਮਿਊਨੀਕੇਸ਼ਨਜ਼) ਸ਼ਾਮਿਲ ਹੋਏ।

ਮੀਟਿੰਗ ਦੀ ਸ਼ੁਰੂਆਤ ਡਾ: ਸ਼ੈਰਨ ਗੈਬਰ ਦੇ ਸੰਦੇਸ਼ ਨਾਲ ਹੋਈ, ਜਿਸ 'ਚ ਉਨ੍ਹਾਂ ਨੇ ਇਸ ਘਟਨਾ 'ਤੇ ਅਫਸੋਸ ਪ੍ਰਗਟ ਕੀਤਾ ਅਤੇ ਯਕੀਨ ਦਿਵਾਇਆ ਕਿ ਅਜਿਹੀਆਂ ਘਟਨਾਵਾਂ ਦੁਬਾਰਾ ਨਾ ਹੋਣ। ਗੁਲਬਰਗ ਸਿੰਘ ਬੱਸੀ ਨੇ ਸਿੱਖ ਧਰਮ ਬਾਰੇ ਇਕ ਸਲਾਈਡ ਸ਼ੋਅ ਦੁਆਰਾ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਅਤੇ ਸਮਝਾਇਆ ਕਿ ਸਿੱਖੀ ਸਿਧਾਂਤ ਹੁਕਮ ਭਾਵ ਰਜ਼ਾ ਜਾਂ ਰੱਬੀ ਕਾਨੂੰਨ 'ਤੇ ਆਧਾਰਤ ਹਨ ਅਤੇ ਸਿੱਖ ਲਈ ਕਿਰਪਾਨ, ਤਲਵਾਰ ਜਾਂ ਛੁਰੇ ਬਰਾਬਰ ਨਹੀਂ ਹੈ। ਇਹ ਸਿੱਖ ਧਾਰਮਿਕ ਵਿਸ਼ਵਾਸ ਦਾ ਹਿੱਸਾ ਹੈ ਜੋ ਕਿਰਪਾ (ਦਇਆ) ਅਤੇ ਆਨ (ਸਵੈਮਾਨ) ਲਈ ਹੈ। ਇਸ ਸੰਦੇਸ਼ ਨੂੰ ਯੂਨੀਵਰਸਿਟੀ ਦੀ ਟੀਮ ਨੇ ਬਹੁਤ ਚੰਗੀ ਤਰ੍ਹਾਂ ਸਮਝਿਆ ਅਤੇ ਸਵੀਕਾਰ ਕੀਤਾ। ਸੰਖੇਪ ਜਾਣਕਾਰੀ ਤੋਂ ਬਾਅਦ, ਯੂਨੀਵਰਸਿਟੀ ਦੇ ਨੁਮਾਇੰਦਿਆਂ ਨੇ ਕੁਝ ਸਵਾਲ ਪੁੱਛੇ ਜਿਨ੍ਹਾਂ ਦੇ ਜਵਾਬ ਜੀ.ਐਸ.ਸੀ. ਪੈਨਲ ਨੇ ਬੜੀ ਸਪੱਸ਼ਟਤਾ ਨਾਲ ਦਿੱਤੇ। ਜੀ ਐਸ ਸੀ ਨੇ ਯੂਨੀਵਰਸਿਟੀ ਦੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਵਿਚ ਆਪਣੀ ਹਰ ਸੰਭਵ ਮਦਦ ਦੀ ਪੇਸ਼ਕਸ਼ ਵੀ ਕੀਤੀ। ਆਪਣੇ ਧੰਨਵਾਦ ਦੇ ਨੋਟ ਵਿਚ, ਡਾ. ਸ਼ੈਰਨ ਗੈਬਰ ਨੇ ਕਿਹਾ, "ਤੁਸੀਂ ਅਤੇ ਤੁਹਾਡੇ ਸਹਿਯੋਗੀਆਂ ਵਲੋਂ ਦਿੱਤੀ ਅਹਿਮ ਜਾਣਕਾਰੀ ਅਤੇ ਵਿਚਾਰਾਂ ਲਈ ਬਹੁਤ ਧੰਨਵਾਦ ਅਤੇ ਅਸੀਂ ਆਪਣੇ ਸਿੱਖ ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਹਰ ਸਮਰਥਨ ਦੇਣ ਦੀ ਕੋਸ਼ਿਸ਼ ਕਰਦੇ ਹੋਏ ਅਤੇ ਢੁਕਵੀਂ ਧਾਰਮਿਕ ਖੁੱਲ੍ਹ ਨੂੰ ਯਕੀਨੀ ਬਣਾਉਣ ਲਈ ਨੀਤੀ ਵਿਚ ਸੋਧਾਂ 'ਤੇ ਵਿਚਾਰ ਕਰਾਂਗੇ।"

ਸਿੱਖਾਂ ਨੂੰ ਆਪਣੀ ਦਿੱਖ ਲਈ ਪ੍ਰੇਸ਼ਾਨ ਕਰਨ ਦੀਆਂ ਮੰਦਭਾਗੀਆਂ ਘਟਨਾਵਾਂ ਕੋਈ ਨਵੀਂ ਗੱਲ ਨਹੀਂ ਹੈ, ਸਿੱਖ ਇਸ ਮੁੱਦੇ 'ਤੇ ਬਹੁਤ ਸੁਚੇਤ ਹਨ। ਇਹ ਪਹਿਲੀ ਵਾਰ ਨਹੀਂ ਹੈ, ਅਤੇ ਇਹ ਆਖਰੀ ਵਾਰ ਵੀ ਨਹੀਂ ਹੋਵੇਗਾ। ਇਹ ਸੁਨਿਸ਼ਚਿਤ ਕਰਨਾ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ ਕਿ ਕਿਸੇ ਨੂੰ ਵੀ ਆਪਣੇ ਧਰਮ, ਰੰਗ, ਲਿੰਗ, ਕੱਪੜਿਆਂ ਜਾਂ ਵਿਸ਼ਵਾਸ ਦੀਆਂ ਵਸਤਾਂ ਲਈ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਜਿਸ ਤਰੀਕੇ ਨਾਲ, ਯੂ ਐਨ ਸੀ ਸ਼ਾਰਲੋਟ ਦੇ ਪ੍ਰਸ਼ਾਸਨ ਨੇ ਸਥਿਤੀ ਦਾ ਜਵਾਬ ਦਿੱਤਾ ਹੈ, ਉਹ ਸ਼ਲਾਘਾਯੋਗ ਹੈ। ਗਲੋਬਲ ਸਿੱਖ ਕੌਂਸਲ ਅਤੇ ਯੂਨੀਵਰਸਿਟੀ ਆਫ ਨਾਰਥ ਕੈਰੋਲੀਨਾ ਵਿਚਕਾਰ ਹੋਈ ਮੀਟਿੰਗ ਨੇ ਉਸਾਰੂ ਗੱਲਬਾਤ ਰਾਹੀਂ ਭਾਈਚਾਰਕ ਮੁੱਦਿਆਂ ਨੂੰ ਹੱਲ ਕਰਨ ਦੀ ਸਹੀ ਮਿਸਾਲ ਕਾਇਮ ਕੀਤੀ ਹੈ।

# ਸਾਹਿਤਕ ਪ੍ਰੇਮੀਆਂ ਦੀ ਬੈਠਕ ਵਿਚ ਚੱਲਿਆ ਰਚਨਾਵਾਂ ਦਾ ਦੌਰ

**ਨਿਊਯਾਰਕ:** ਇੱਥੇ ਵਸਦੇ ਸਾਹਿਤਕ ਪ੍ਰੇਮੀਆਂ ਦੀ ਬੈਠਕ ਲੰਘੇ ਸ਼ਨਿਚਰਵਾਰ ਰਜਿੰਦਰ ਜਿੰਦ ਦੇ ਘਰ ਹੋਈ, ਜਿਸ ਵਿਚ ਗ਼ਜ਼ਲ, ਗੀਤ, ਕਵਿਤਾ, ਲੇਖ, ਕਹਾਣੀ ਦੀਆਂ ਸਾਹਿਤਕ ਵੰਨਗੀਆਂ ਸ਼ਾਮਲ ਕੀਤੀਆਂ ਗਈਆਂ। ਇਸ ਬੈਠਕ ਦਾ ਸੰਚਾਲਨ ਡਾਕਟਰ ਰਾਮ ਜੀ ਦਾਸ ਸੇਠੀ ਨੇ ਕੀਤਾ। ਇਹ ਬੈਠਕ ਤਿੰਨ ਪੜਾਵਾਂ ਵਿਚ ਸੰਪੰਨ ਕੀਤੀ ਗਈ। ਪਹਿਲੇ ਪੜਾਅ ਵਿਚ ਕਵਿਤਾ ਦਾ ਦੌਰ ਚੱਲਿਆ। ਸ੍ਰੀ ਸੇਠੀ ਨੇ ਆਪਣੇ ਲਿਖੇ ਕੁਝ ਸ਼ੇਅਰ ਸੁਣਾ ਕੇ ਮੋਹਣ ਸਿੰਘ ਭੰਮਰਾ ਨੂੰ ਕਵਿਤਾ ਸੁਣਾਉਣ ਲਈ ਆਵਾਜ਼ ਦਿੱਤੀ। ਉਨ੍ਹਾਂ ਦੀ ਕਵਿਤਾ ਦਾ ਕੇਂਦਰੀ ਭਾਵ ਅਰਥ ਕਲਮ ਦੀ ਤਾਕਤ ਨਾਲ ਸੰਬੰਧਤ ਸੀ ਕਿ ਕਲਮ ਦੀ ਤਾਕਤ ਹਥਲੇ ਹਥਿਆਰ ਨਾਲੋਂ ਕਈ ਗੁਣਾ ਤਾਕਤਵਰ ਹੁੰਦੀ ਜੇ ਸਹੀ ਢੰਗ ਨਾਲ ਵਰਤੀ ਜਾਵੇ। ਫਿਰ ਉਨ੍ਹਾਂ ਨੇ ਬਲਵੀਰ ਸਿੰਘ ਡੁਮੇਲੀ ਨੂੰ ਆਪਣੀ ਕਵਿਤਾ ਪੇਸ਼ ਕਰਨ ਲਈ ਕਿਹਾ, ਉਨ੍ਹਾਂ ਨੇ ਆਪਣੇ ਲਿਖੇ ਕੁਝ ਦੋਹੇ ਤੇ ਆਪਣੇ ਪਿੰਡ ਆਉਂਦੇ ਇਕ ਫੱਕਰਾਂ ਜਿਹੇ ਸਾਦ-ਮੁਰਾਦੇ ਜੱਲੇ ਬਾਬੇ ਦਾ ਚਿੱਤਰ ਕਵਿਤਾ ਦੇ ਰੂਪ ਵਿਚ ਕੇ ਸੁਣਾਇਆ ਜਿਹੜਾ ਬੈਠਕ ਵਿਚ ਸ਼ਾਮਲ ਮੈਂਬਰਾ ਨੂੰ ਬਹੁਤ ਪਸੰਦ ਆਇਆ। ਮਗਰੋਂ ਰਾਣੀ ਨਗਿੰਦਰ ਨੇ ਕਵਿਤਾ "ਮੈਂ ਨਹੀਂ ਗੌਤਮ' ਸੁਣਾਈ ਜਿਸ ਦਾ ਭਾਵ ਆਤਮਿਕ ਉਡਾਰੀ ਮਾਰ ਕੇ ਆਪਾ ਲੱਭਣ ਦੀ ਕੋਸ਼ਿਸ਼ ਕਰਨਾ ਸੀ। ਦੂਸਰੀ ਕਵਿਤਾ ਦਾ ਰਾਣੀ ਨੇ ਤਰੰਨਮ ਵਿਚ ਗਾਇਨ ਕੀਤਾ "ਅੱਗ ਦਾ ਦਰਿਆ ਵਗਦਾ ਏ ਤਾਂ ਤਰਨਾ ਏ।'


ਜਸਵਿੰਦਰ ਸਿੰਘ ਡੁਮੇਲੀ ਨੇ 'ਦੋਸਤਾਂ ਦੀ ਕਵਿਤਾ ਸੁਣ ਕੇ ਆਪਣਾ ਮਨ ਪਰਚਾ ਲੈਂਦਾ ਹਾਂ' ਸੁਣਾ ਕੇ ਵਾਹ-ਵਾਹ ਝੋਲੀ ਪਵਾਈ। ਰੇਸ਼ਮ ਸਿੰਘ ਡੁਮੇਲੀ ਨੇ ਕੰਕਰੀਟ ਵਿਚ ਆਈ ਤਰੇੜ ਵਿਚ ਉੱਗੇ ਫੁੱਲ ਦੀ ਦਾਸਤਾਂ ਬਹੁਤ ਖੂਬਸੂਰਤ ਕਵਿਤਾ ਦੇ ਰੂਪ ਵਿਚ ਸੁਣਾਈ। ਮਨਮੋਹਨ ਪੂਨੀ ਨੇ ਪੰਜਾਬੀ ਬੋਲੀ ਨੂੰ ਪ੍ਰਫੁਲਿਤ ਕਰਨ ਬਾਰੇ ਕਵਿਤਾ ਸੁਣਾ ਕੇ ਜਸਵਿੰਦਰ ਗਾਫ਼ਲ ਦੀ ਲਿਖੀ ਗ਼ਜ਼ਲ ਸੁਣਾਈ। ਉਂਕਾਰ ਸਿੰਘ ਡੁਮੇਲੀ ਨੇ ਕੁਝ ਛੋਟੀਆਂ ਛੋਟੀਆਂ ਕਵਿਤਾਵਾਂ ਸੁਣਾ ਕੇ ਹਾਜ਼ਰੀ ਲੁਆਈ। ਜੱਸੀ ਢਿੱਲੋਂ ਨੇ ਆਪਣੀ ਕਿਤਾਬ "ਸੋਚਾਂ ਦਾ ਸਮੁੰਦਰ" ਵਿਚੋਂ ਇਕ ਕਵਿਤਾ ਸੁਣਾ ਕੇ ਤੇ 'ਆ ਵੇ ਸੱਜਣਾ ਕੁਝ ਗੱਲਾਂ ਕਰੀਏ' ਤਰੰਨਮ ਵਿਚ ਗਾ ਕੇ ਵਾਹ-ਵਾਹ ਖੱਟੀ। ਬਲਵਿੰਦਰ ਸਿੰਘ ਜੰਡਿਆਲਵੀ ਨੇ ਆਜ਼ਾਦੀ ਦੀ ਹੋ ਰਹੀ ਦੁਰਦਸ਼ਾ ਦੇ ਸਬੰਧ ਵਿਚ ਆਜ਼ਾਦੀ ਦੇ ਮੂੰਹੋਂ ਹੀ ਬੋਲਦੀ ਕਵਿਤਾ ਸੁਣਾਈ। ਇਕ ਗ਼ਜ਼ਲ 'ਹਮ ਤੁਮ ਹੋਗੇਂ ਬਾਦਲ ਹੋਂਗੇ' ਮਿੱਠੀ ਆਵਾਜ਼ ਵਿਚ ਸੁਣਾਈ। ਰੀਟਾ ਕੋਹਲੀ ਨੇ ਇਕ ਪੰਜਾਬੀ ਗੀਤ ਤੇ ਇਕ ਗਜ਼ਲ ਕਲਾਸੀਕਲ ਰਾਗ ਵਿਚ ਸੁਣਾਈ।

ਬੈਠਕ ਦੇ ਦੂਸਰੇ ਦੌਰ ਵਿਚ ਕਹਾਣੀ ਤੇ ਲੇਖ ਪੜ੍ਹੇ ਗਏ। ਪਹਿਲਾਂ ਜਸਵੀਰ ਸਿੰਘ ਪ੍ਰੋਫੈਸਰ ਅਜਨੋਹੇ ਵਾਲਿਆਂ ਨੇ ਆਪਣੀ ਕਹਾਣੀ "ਅਲਵਿਦਾ ਆਵਦ" ਸੁਣਾਈ। ਇਹ ਕਹਾਣੀ ਪ੍ਰਦੇਸ ਵਿਚ ਆਉਣ ਵੇਲੇ ਆਉਣ ਵਾਲੀਆਂ ਮੁਸੀਬਤਾਂ ਦੇ ਆਲੇ-ਦੁਆਲੇ ਘੁੰਮਦੀ ਹੈ। ਉਂਕਾਰ ਸਿੰਘ ਡੁਮੇਲੀ ਨੇ ਇਕ ਲੇਖ "ਪੂੰਜੀਵਾਦ ਤੇ ਅਪਰਾਧ" ਪੜ੍ਹਿਆ। ਦੂਸਰੇ ਦੌਰ ਦੇ ਅਖੀਰ ਵਿਚ ਰਜਿੰਦਰ ਜਿੰਦ ਨੇ ਆਪਣੀਆਂ ਖੂਬਸੂਰਤ ਗਜ਼ਲਾਂ ਸੁਣਾ ਕੇ ਵਾਹ ਵਾਹ ਖੱਟੀ। ਤੀਸਰੇ ਪੜਾਅ ਵਿਚ ਨਿਊਯਾਰਕ ਵਿਚ ਵਸਦੇ ਸਾਹਿਤਕਾਰ ਜਿਹੜੇ ਕੁਝ ਹੀ ਸਮੇਂ ਵਿਚ ਵਿਛੋੜਾ ਦੇ ਗਏ ਹਨ, ਨੂੰ ਸਾਰੇ ਮੈਂਬਰਾਂ ਨੇ ਯਾਦ ਕੀਤਾ। ਰਾਣੀ ਨਗਿੰਦਰ ਨੇ ਦੱਸਿਆ ਕਿ ਨਿਊਯਾਰਕ ਵਿਚ ਸਾਹਿਤਕ ਸਰਗਰਮੀਆਂ ਵਿਚ ਆਮਦ ਇਨ੍ਹਾਂ ਸਾਹਿਤਕਾਰਾਂ ਕਰਕੇ ਹੀ ਹੋਈ ਹੈ। ਉਨ੍ਹਾਂ ਨੇ ਮਨੋਹਰ ਸਿੰਘ ਮਾਰਕੋ, ਰਣਧੀਰ ਸਿੰਘ, ਪ੍ਰਗਟ ਸਿੰਘ ਡਾ. ਗੁਰਚਰਨ ਸਿੰਘ, ਪ੍ਰੋਫੈਸਰ ਕੁਲਦੀਪ ਸਿੰਘ ਤੇ ਹੋਰ ਬਹੁਤ ਸਾਰੇ ਵਿਛੜ ਚੁੱਕੇ ਸਾਹਿਤਕਾਰਾਂ ਬਾਰੇ ਗੱਲ ਕੀਤੀ। ਬਲਵੀਰ ਸਿੰਘ ਡੁਮੇਲੀ, ਰੇਸ਼ਮ ਸਿੰਘ ਡੁਮੇਲੀ, ਮਨਮੋਹਨ ਪੂਨੀ, ਉਂਕਾਰ ਸਿੰਘ ਡੁਮੇਲੀ, ਬਲਵਿੰਦਰ ਸਿੰਘ ਜੰਡਿਆਲਵੀ, ਰਜਿੰਦਰ ਜਿੰਦ, ਰੀਟਾ ਕੋਹਲੀ, ਮੋਹਣ ਸਿੰਘ ਭੰਮਰਾ, ਡਾ. ਰਾਮ ਜੀ ਦਾਸ ਸੇਠੀ ਨੇ ਵਿਛੜ ਗਏ ਸਾਹਿਤਕਾਰਾਂ ਨੂੰ ਯਾਦ ਕੀਤਾ ਕਿ ਉਹ ਪੰਜਾਬੀ ਮਾਂ ਬੋਲੀ ਨੂੰ ਕਿਵੇਂ ਰੁਝੇਵਿਆਂ ਦੇ ਬਾਵਜੂਦ ਵੀ ਅਗਾਂਹ ਲੈ ਜਾਣ ਲਈ ਤਤਪਰ ਰਹੇ। ਇਸ ਸਾਰੇ ਸਾਹਿਤਕ ਪ੍ਰੋਗਰਾਮ ਨੂੰ ਪੀ ਟੀ ਸੀ ਨਿਊਜ਼ ਅਤੇ ਗਲੋਬਲ ਪੰਜਾਬ ਨਿਊਜ਼ ਨੇ ਆਪਣੇ ਕੈਮਰੇ ਵਿਚ ਕੈਦ ਕੀਤਾ।


ਇਸ ਦੌਰਾਨ ਮੋਹਣ ਸਿੰਘ ਭੰਮਰਾ ਦੀ ਪਲੇਠੀ ਪੁਸਤਕ 'ਰੰਗਾਂ ਦੇ ਆਰ ਪਾਰ' ਦੀ ਘੁੰਡ ਚੁਕਾਈ ਕੀਤੀ ਗਈ। ਇਸ ਬੈਠਕ ਦੇ ਮੇਜ਼ਬਾਨ ਰਜਿੰਦਰ ਜਿੰਦ ਤੇ ਉਨ੍ਹਾਂ ਦਾ ਪੂਰਾ ਪਰਿਵਾਰ ਸੀ। ਸਾਰੇ ਸਾਹਿਤਕਾਰਾਂ ਨੇ ਉਨ੍ਹਾਂ ਦੇ ਸਾਰੇ ਪਰਿਵਾਰ ਦਾ ਧੰਨਵਾਦ ਕੀਤਾ। ਸਾਰਿਆਂ ਨੇ ਬੈਠਕ ਦਾ ਭਰਪੂਰ ਲੁਤਫ ਲਿਆ।

LAW OFFICES OF
VIVEK MALIK

Follow us on :



ACCOMPLISHED
IMMIGRATION Attorneys
help FAMILIES
REUNITE in the



UNITED STATES

Our Global & Nationwide Services
in the field of
U.S. Immigration & Nationality Law

Come talk to an experienced immigration attorney
Toll Free No.
866-424-4000

Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵੇਰਸ

OUR OFFICES
- 432 S Emerson Ave, Suite 220, Greenwood, IN 46143
Phone: 317.560.4777
- 1067 N Mason Rd., Suite 4, St Louis, Missouri 63141
Phone: 314.416.8000
- 2440 W Shaw Ave., Suite 205, Fresno, California 93711
Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English



AVEER TRAVEL SOLUTIONS LLC

ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services

Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com

ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।

*For Airport Drop-Off and Pickup Indy to Chicago Please Contact AVI at: 847-226-2323*

*We provide the service all over AMERICA.*
*Located in INDIANAPOLIS (IN)*



*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:www.punjabtimesusa.com*



ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਲੀਫੋਰਨੀਆ 'ਚ ਪੰਜਾਬੀ ਪਰਿਵਾਰ ਦੇ ਚਾਰ ਜੀਅ ਅਗਵਾ

**ਕੈਲੀਫੋਰਨੀਆ:** ਇੱਥੋਂ ਦੀ ਮਰਸਡ ਕਾਊਂਟੀ ਸ਼ੈਰਿਫ ਦੇ ਦਫਤਰ ਅਨੁਸਾਰ ਪੰਜਾਬੀ ਮੂਲ ਦੇ ਪਰਿਵਾਰ ਦੇ ਮੈਂਬਰਾਂ ਨੂੰ ਇਕ 'ਹਥਿਆਰਬੰਦ ਤੇ ਖਤਰਨਾਕ' ਵਿਅਕਤੀ ਨੇ ਅਗਵਾ ਕਰ ਲਿਆ। ਪੀੜਤਾਂ ਵਿਚ ਜਸਲੀਨ ਕੌਰ (27), ਜਸਦੀਪ ਸਿੰਘ (36), ਆਰੋਹੀ ਢੇਰੀ (8 ਮਹੀਨੇ) ਅਤੇ ਅਮਨਦੀਪ ਸਿੰਘ (39 ਸਾਲ) ਸ਼ਾਮਲ ਹਨ। ਪੁਲਿਸ ਨੇ ਘਟਨਾ ਦੇ ਕਥਿਤ ਦੋਸ਼ੀ 48 ਸਾਲਾ ਵਿਅਕਤੀ ਨੂੰ ਹਿਰਾਸਤ ਵਿਚ ਲੈ ਲਿਆ ਹੈ। ਪੁਲੀਸ ਅਨੁਸਾਰ ਉਸ ਨੇ ਆਪਣੇ ਆਪ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਤੇ ਇਸ ਵੇਲੇ ਉਸ ਦੀ ਹਾਲਤ ਗੰਭੀਰ ਹੈ। ਉਸ ਨੂੰ ਹਿਰਾਸਤ ਵਿਚ ਲੈ ਕੇ ਇਲਾਜ ਕਰਵਾਇਆ ਜਾ ਰਿਹਾ ਹੈ ਤਾਂ ਕਿ ਪਰਿਵਾਰ ਦਾ ਕੁਝ ਪਤਾ ਲੱਗ ਸਕੇ।

ਮਰਸਡ ਕਾਊਂਟੀ (ਕੈਲੀਫੋਰਨੀਆ) ਵਿਚ ਇਹ ਘਟਨਾ ਸੋਮਵਾਰ ਨੂੰ ਵਾਪਰੀ ਜਿਸ ਵਿਚ ਇਕ ਬੱਚੇ ਅਤੇ ਉਸ ਦੇ ਮਾਪਿਆਂ ਨੂੰ ਅਗਵਾ ਕੀਤਾ ਗਿਆ ਸੀ। ਅਗਵਾਕਾਰ ਇਕ ਵਿਅਕਤੀ ਸੀ ਜਿਸ ਨੇ ਹਥਿਆਰ ਦੀ ਨੋਕ 'ਤੇ ਇਸ ਘਟਨਾ ਨੂੰ ਅੰਜਾਮ ਦਿੱਤਾ। ਉਨ੍ਹਾਂ ਦੇ ਇਕ ਹੋਰ ਰਿਸ਼ਤੇਦਾਰ ਨੂੰ ਸੈਂਟਰਲ ਵੈਲੀ ਕਮਿਊਨਿਟੀ ਵਿਚੋਂ ਇਕ ਕਾਰੋਬਾਰ ਤੋਂ ਅਗਵਾ ਕੀਤਾ ਗਿਆ।ਮਰਸਡ



ਕਾਊਂਟੀ ਸ਼ੈਰਿਫ ਵਰਨ ਵਾਰਨਕੇ ਨੇ ਦੱਸਿਆ ਕਿ ਅਗਵਾ ਕੀਤੇ ਲੋਕਾਂ ਵਿਚ ਇਕ 8 ਮਹੀਨੇ ਦਾ ਬੱਚਾ, ਉਸ ਦੇ ਮਾਤਾ-ਪਿਤਾ ਅਤੇ ਤਾਇਆ ਸ਼ਾਮਲ ਹਨ। ਇਸ ਪਿਛਲੇ ਕਾਰਨਾਂ ਦੀ ਸਾਨੂੰ ਕੋਈ ਜਾਣਕਾਰੀ ਨਹੀਂ ਹੈ। ਇਹ ਪਰਿਵਾਰ ਦੱਖਣੀ ਹਾਈਵੇਅ 59 'ਤੇ, ਰਿਟੇਲਰਾਂ ਅਤੇ ਰੈਸਟੋਰੈਂਟਾਂ ਨਾਲ ਸਬੰਧਿਤ ਕਾਰੋਬਾਰੀ ਹੈ। ਸ਼ੈਰਿਫ ਦੇ ਦਫਤਰ ਨੇ ਸੋਮਵਾਰ ਦੇਰ ਰਾਤ ਇਕ ਕਾਲੇ ਤੇ ਸਲੇਟੀ ਹੁਡੀ ਅਤੇ ਸਰਜੀਕਲ ਮਾਸਕ ਪਹਿਨੇ ਵਿਅਕਤੀ ਦੀਆਂ ਤਸਵੀਰਾਂ ਜਾਰੀ ਕੀਤੀਆਂ ਸਨ ਜਿਸ ਨੂੰ ਮਗਰੋਂ ਗ੍ਰਿਫਤਾਰ ਕਰ ਲਿਆ ਗਿਆ। ਵਾਰਨਕੇ ਨੇ ਕਿਹਾ ਕਿ ਜਿਸ ਕਿਸੇ ਨੂੰ ਵੀ ਪੀੜਤਾਂ ਬਾਰੇ ਕੋਈ ਜਾਣਕਾਰੀ ਮਿਲੇ, ਉਹ ਅੱਗੇ ਆਵੇ ਅਤੇ ਮਦਦ ਕਰੇ। ਇਹ ਪਰਿਵਾਰ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਟਾਂਡਾ ਨਾਲ ਸਬੰਧਿਤ ਹੈ।

# ਸਵੱਛ ਭਾਰਤ ਮਿਸ਼ਨ ਤਹਿਤ ਪੰਜਾਬ ਨੂੰ ਚਾਰ ਪੁਰਸਕਾਰ

**ਨਵੀਂ ਦਿੱਲੀ:** ਪੰਜਾਬ ਨੇ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਤਹਿਤ ਵੱਖ-ਵੱਖ ਵਰਗਾਂ ਵਿਚ ਚਾਰ ਪ੍ਰਮੁੱਖ ਪੁਰਸਕਾਰ ਹਾਸਲ ਕੀਤੇ ਹਨ। ਪ੍ਰਾਪਤ ਜਾਣਕਾਰੀ ਮੁਤਾਬਿਕ ਪੰਜਾਬ ਨੇ ਬਾਇਓਡਿਗਰੇਡੇਬਲ ਰਹਿੰਦ-ਖੂੰਹਦ ਪ੍ਰਬੰਧਨ ਬਾਰੇ ਚਲਾਈ ਕੰਧ ਚਿੱਤਰਕਾਰੀ ਜਾਗਰੂਕਤਾ ਮੁਹਿੰਮ ਵਿਚ ਉੱਤਰੀ ਜ਼ੋਨ ਦੇ ਭਾਰਤੀ ਰਾਜਾਂ 'ਚੋਂ ਪਹਿਲਾ ਸਥਾਨ ਜਦਕਿ ਸਵੱਛ ਸਰਵੇਖਣ ਗ੍ਰਾਮੀਣ-2021-22 ਦੇ ਆਧਾਰ 'ਤੇ ਖੁੱਲ੍ਹੇ ਵਿਚ ਸ਼ੌਚ ਮੁਕਤ ਲਈ ਕੀਤੇ ਉਪਾਵਾਂ ਤੇ ਓ.ਡੀ.ਐਫ. ਪਲੱਸ ਕੰਪੋਨੈਂਟਸ ਲਈ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਪਲਾਸਟਿਕ ਦੀ ਰਹਿੰਦ-ਖੂੰਹਦ ਤੇ ਗਰੇਅ ਵਾਟਰ ਪ੍ਰਬੰਧਨ ਦੇ ਵਰਗਾਂ 'ਚ ਪੰਜਾਬ ਨੇ ਤੀਜਾ ਸਥਾਨ (ਦੋ ਪੁਰਸਕਾਰ) ਹਾਸਲ ਕੀਤਾ ਹੈ।

ਇਥੇ ਵਿਗਿਆਨ ਭਵਨ ਵਿਚ ਸਮਾਗਮ ਦੌਰਾਨ ਕੇਂਦਰੀ ਜਲ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਕੋਲੋਂ ਇਹ ਪੁਰਸਕਾਰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੇ ਮੁਖੀ ਵਿਪੁਲ ਉਜਵਲ ਅਤੇ ਚੀਫ ਇੰਜੀਨੀਅਰ ਰਾਜੇਸ਼ ਖੋਸਲਾ ਨੇ ਪ੍ਰਾਪਤ ਕੀਤੇ। ਇਸ ਦੌਰਾਨ ਪੰਜਾਬ ਦੇ ਜਲ ਸਪਲਾਈ ਅਤੇ ਸੈਨੀਟੇਸ਼ਨ ਬਾਰੇ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਸਵੱਛ ਭਾਰਤ ਮਿਸ਼ਨ ਗ੍ਰਾਮੀਣ ਅਤੇ ਜਲ ਜੀਵਨ ਮਿਸ਼ਨ ਤਹਿਤ ਸੂਬੇ ਨੂੰ ਮਿਲੇ ਪੁਰਸਕਾਰਾਂ ਸਬੰਧੀ ਕਿਹਾ ਕਿ ਇਨ੍ਹਾਂ ਖੇਤਰਾਂ 'ਚ ਸਰਕਾਰ ਵੱਡੀ ਪੱਧਰ 'ਤੇ ਵਿਕਾਸ ਕਾਰਜ ਜਾਰੀ ਰੱਖੇਗੀ।

# ਗੁਰਦੁਆਰਾ ਪੰਜਾ ਸਾਹਿਬ ਵਿਚ ਫਿਲਮ ਟੀਮ ਜੁੱਤੀਆਂ ਸਣੇ ਦਾਖਲ ਹੋਈ

**ਅੰਮ੍ਰਿਤਸਰ:** ਪਾਕਿਸਤਾਨ ਦੇ ਹਸਨ ਅਬਦਾਲ ਸਥਿਤ ਗੁਰਦੁਆਰਾ ਪੰਜਾ ਸਾਹਿਬ 'ਚ ਫਿਲਮ ਦੀ ਸ਼ੂਟਿੰਗ ਲਈ ਆਈ ਟੀਮ ਵੱਲੋਂ ਜੁੱਤੀਆਂ ਪਾ ਕੇ ਗੁਰਦੁਆਰਾ ਕੰਪਲੈਕਸ ਵਿਚ ਦਾਖਲ ਹੋਣ ਤੇ ਗੁਰੂ ਘਰ ਦੀ ਮਰਿਆਦਾ ਭੰਗ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ। ਇਹ ਮਾਮਲਾ 29 ਸਤੰਬਰ ਦਾ ਹੈ ਪਰ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਚਰਚਾ ਵਿਚ ਆਇਆ ਹੈ। ਇਸ ਵੀਡੀਓ ਵਿਚ ਸ਼ੂਟਿੰਗ ਟੀਮ ਦਾ ਕੈਮਰਾਮੈਨ ਅਤੇ ਹੋਰ ਅਮਲਾ ਜੁੱਤੀਆਂ ਸਮੇਤ ਗੁਰਦੁਆਰੇ ਦੇ ਅੰਦਰ ਘੁੰਮਦੇ ਨਜ਼ਰ ਆ ਰਹੇ ਹਨ। ਇਸ ਦਾ ਉਥੋਂ ਦੇ ਸਿੱਖ ਭਾਈਚਾਰੇ ਨੇ ਸਖਤ ਵਿਰੋਧ ਕੀਤਾ ਹੈ। ਵਿਰੋਧ ਕਾਰਨ ਸ਼ੂਟਿੰਗ ਕਰ ਰਹੀ ਟੀਮ ਨੂੰ ਬਾਹਰ ਜਾਣਾ ਪਿਆ ਅਤੇ ਸ਼ੂਟ ਕੀਤੇ ਗਏ ਸੀਨ ਹਟਾਉਣੇ ਪਏ। ਸ਼ੂਟਿੰਗ ਕਰਨ ਵਾਲਾ ਅਮਲਾ ਸਿੱਖ ਭਾਈਚਾਰੇ ਨਾਲ ਬਹਿਸ ਕਰਦਾ ਵੀ ਦਿਖਾਈ ਦੇ ਰਿਹਾ ਹੈ। ਭਾਜਪਾ ਦੇ ਸਿੱਖ ਆਗੂ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਵੀ ਇਤਿਹਾਸਕ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਹਦੂਦ ਅੰਦਰ ਵਾਪਰੀ ਘਟਨਾ ਦਾ ਸਖਤ ਨੋਟਿਸ ਲਿਆ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਘੱਟ ਗਿਣਤੀ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖ ਧਰਮ ਤੋਂ ਅਣਜਾਣ ਕਲਾਕਾਰਾਂ ਵੱਲੋਂ ਕੀਤੀ ਹਰਕਤ ਸਿੱਖ ਫ਼ਲਸਫ਼ੇ ਤੇ ਮਰਿਆਦਾ ਦਾ ਘਾਣ ਹਨ। ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਕਿਸੇ ਵੀ ਫਿਲਮ ਟੀਮ ਨੂੰ ਗੁਰਦੁਆਰੇ ਦੇ ਕੈਂਪਸ ਵਿਚ ਫਿਲਮ ਦੀ ਸ਼ੂਟਿੰਗ ਕਰਨ ਦੀ ਆਗਿਆ ਦੇਣਾ ਜਾਇਜ਼ ਨਹੀਂ ਹੈ। ਇਸ ਤੋਂ ਪਹਿਲਾਂ ਵੀ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਚ ਅਜਿਹੀ ਕੁਤਾਹੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਵਿਚ ਪਾਕਿਸਤਾਨ ਸਰਕਾਰ ਨਾਲ ਗੱਲ ਕਰਨ ਤੇ ਜ਼ਿੰਮੇਵਾਰਾਂ ਖਿਲਾਫ ਕਾਰਵਾਈ ਲਈ ਕਹਿਣ।

# ਲਖੀਮਪੁਰ ਖੀਰੀ ਹਿੰਸਾ ਦੀ ਪਹਿਲੀ ਬਰਸੀ 'ਤੇ ਕੇਂਦਰ ਸਰਕਾਰ ਨੂੰ ਸਖਤ ਸੁਨੇਹਾ

**ਨਵੀਂ ਦਿੱਲੀ:** ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਲਖੀਮਪੁਰ ਖੀਰੀ ਹਿੰਸਾ ਦੀ ਪਹਿਲੀ ਬਰਸੀ ਮੌਕੇ ਕਿਹਾ ਕਿ ਪੀੜਤ ਪਰਿਵਾਰਾਂ ਨੂੰ ਸਾਲ ਬਾਅਦ ਵੀ ਇਨਸਾਫ ਦੀ ਉਡੀਕ ਹੈ। ਪੂਰਾ ਦੇਸ਼ ਅਜੇ ਤੱਕ ਤਿਕੁਨੀਆ ਪਿੰਡ ਵਿਚ ਵਾਪਰੀ ਹਿੰਸਾ ਨੂੰ ਨਹੀਂ ਭੁੱਲਿਆ, ਜਿਸ ਵਿਚ ਚਾਰ ਕਿਸਾਨਾਂ ਤੇ ਇਕ ਪੱਤਰਕਾਰ ਸਣੇ ਅੱਠ ਜਣਿਆਂ ਦੀ ਜਾਨ ਜਾਂਦੀ ਰਹੀ ਸੀ। ਉਨ੍ਹਾਂ ਇਨਸਾਫ ਵਿਚ ਦੇਰੀ ਲਈ ਸੂਬਾ ਸਰਕਾਰ ਨੂੰ ਭੰਡਿਆ। ਉਨ੍ਹਾਂ ਕਿਹਾ ਕਿ ਹਾਕਮ ਕਾਨੂੰਨ ਪ੍ਰਬੰਧ ਤੇ ਸੰਵਿਧਾਨ ਵਿਚ ਯਕੀਨ ਨਹੀਂ ਰੱਖਦੇ ਤੇ ਸੱਤਾ ਦੀ ਦੁਰਵਰਤੋਂ ਕਰ ਰਹੇ ਹਨ। ਟਿਕੈਤ ਸਮੇਤ ਹੋਰਨਾਂ ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਨੂੰ ਬਕਾਇਆ ਮੰਗਾਂ ਮਨਵਾਉਣ ਤੱਕ ਚੁੱਪ ਨਾ ਰਹਿਣ ਦੀ ਚੇਤਾਵਨੀ ਦਿੱਤੀ। ਗੁਰਦੁਆਰਾ ਕੌੜੀਵਾਲਾ ਘਾਟ ਵਿਖੇ ਕਰਵਾਏ ਬਰਸੀ ਸਮਾਗਮ ।ਵਿਚ ਇਲਾਕੇ ਦੀ ਸੰਗਤ ਨੇ ਵੀ ਸ਼ਿਰਕਤ ਕੀਤੀ। ਉਧਰ, ਸੰਯੁਕਤ ਕਿਸਾਨ ਮੋਰਚੇ ਵੱਲੋਂ ਪਹਿਲੇ ਬਰਸੀ ਸਮਾਗਮ ਨੂੰ ਲੈ ਕੇ ਦੇਸ਼ ਭਰ ਵਿਚ ਜ਼ਿਲ੍ਹਾ ਤੇ ਤਹਿਸੀਲ ਪੱਧਰੀ ਰੋਸ ਪ੍ਰਦਰਸ਼ਨ ਵੀ ਕੀਤੇ ਗਏ। ਅਧਿਕਾਰੀਆਂ ਦੀ ਮਾਰਫਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਮੰਗ ਪੱਤਰ ਵੀ ਭੇਜੇ ਗਏ। ਲਖੀਮਪੁਰ ਖੀਰੀ ਹਿੰਸਾ ਵਿਚ ਮਾਰੇ ਗਏ ਚਾਰ ਕਿਸਾਨਾਂ ਤੇ ਇਕ ਪੱਤਰਕਾਰ ਦੀ ਪਹਿਲੀ ਬਰਸੀ ਉੱਤਰ ਪ੍ਰਦੇਸ਼ ਦੇ ਤਿਕੁਨੀਆ ਕਸਬੇ ਵਿਚ ਵਾਰਦਾਤ ਵਾਲੀ ਥਾਂ ਨੇੜੇ ਸਥਿਤ ਗੁਰਦੁਆਰਾ ਕੌੜੀਵਾਲਾ ਘਾਟ ਵਿਖੇ ਮਨਾਈ ਗਈ।

## ਮੁਫਤ ਸੌਗਾਤਾਂ ਬਾਰੇ ਜਵਾਬਦੇਹੀ ਦੀ ਤਿਆਰੀ

*(ਪਹਿਲੇ ਸਫੇ ਦੀ ਬਾਕੀ)*

ਜਾਣਕਾਰੀ ਨਹੀਂ ਦਿੱਤੀ ਜਾਂਦੀ।

ਜ਼ਿਕਰਯੋਗ ਹੈ ਕਿ ਕੁਝ ਹਫਤੇ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁਫਤ ਚੋਣ ਸੌਗਾਤਾਂ ਨੂੰ 'ਰਿਉੜੀ ਸਭਿਆਚਾਰ' ਕਰਾਰ ਦਿੱਤਾ ਸੀ। ਇਸ ਤੋਂ ਬਾਅਦ ਭਾਜਪਾ ਤੇ ਸਿਆਸੀ ਪਾਰਟੀਆਂ ਵਿਚਾਲੇ ਸ਼ਬਦੀ ਤਕਰਾਰ ਸ਼ੁਰੂ ਹੋ ਗਿਆ ਸੀ। ਮੁਫਤ ਚੋਣ ਸੌਗਾਤਾਂ ਦਾ ਮੁੱਦਾ ਸੁਪਰੀਮ ਕੋਰਟ ਵਿਚ ਵੀ ਸੁਣਵਾਈ ਅਧੀਨ ਹੈ। ਚੋਣ ਕਮਿਸ਼ਨ ਨੇ ਆਦਰਸ਼ ਚੋਣ ਜ਼ਾਬਤੇ ਵਿਚ ਸੋਧ ਦੀ ਤਜਵੀਜ਼ ਰੱਖ ਕੇ 'ਮਾਡਲ ਕੋਡ ਆਫ ਕੰਡਕਟ' ਦੇ ਅੱਠਵੇਂ ਹਿੱਸੇ ਵਿਚ ਇਕ ਪ੍ਰੋਫਾਰਮਾ ਜੋੜਨ ਦੀ ਗੱਲ ਕੀਤੀ ਹੈ। ਇਸ ਤਹਿਤ ਪਾਰਟੀਆਂ ਲਈ ਲਾਜ਼ਮੀ ਹੋਵੇਗਾ ਕਿ ਉਹ ਵਾਅਦਿਆਂ ਦੀ ਪੂਰਤੀ ਲਈ ਵਿੱਤੀ ਸੰਭਾਵਨਾਵਾਂ ਬਾਰੇ ਵੋਟਰਾਂ ਨੂੰ ਦੱਸਣ।

# ਗੰਨੇ ਦਾ ਭਾਅ 20 ਰੁਪਏ ਵਧਾ ਕੇ 380 ਰੁਪਏ ਕੁਇੰਟਲ ਕਰਨ ਦਾ ਐਲਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਗੰਨੇ ਦਾ ਭਾਅ ਵਧਾ ਕੇ 380 ਰੁਪਏ ਪ੍ਰਤੀ ਕੁਇੰਟਲ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਵਿਧਾਨ ਸਭਾ ਦੇ ਇਜਲਾਸ ਦੌਰਾਨ ਸਦਨ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਆਉਂਦੇ ਪਿੜਾਈ ਸੀਜ਼ਨ ਤੋਂ ਕਿਸਾਨਾਂ ਨੂੰ ਗੰਨੇ ਦਾ ਸਟੇਟ ਐਗਰੀਡ ਪ੍ਰਾਈਸ (ਐਸ.ਏ.ਪੀ.) ਪ੍ਰਤੀ ਕੁਇੰਟਲ 20 ਰੁਪਏ ਵੱਧ ਮਿਲੇਗਾ, ਜਿਸ ਨਾਲ ਗੰਨੇ ਦਾ ਭਾਅ 360 ਰੁਪਏ ਪ੍ਰਤੀ ਕੁਇੰਟਲ ਤੋਂ ਵਧ ਕੇ 380 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਇਸ ਫੈਸਲੇ ਨਾਲ ਸਰਕਾਰੀ ਖ਼ਜ਼ਾਨੇ 'ਤੇ ਸਾਲਾਨਾ 200 ਕਰੋੜ ਰੁਪਏ ਦਾ ਵਾਧੂ ਬੋਝ ਪਏਗਾ।

ਮੁੱਖ ਮੰਤਰੀ ਨੇ ਕਿਹਾ, "ਸੂਬੇ ਵਿਚ ਕਿਸਾਨ ਗੰਨੇ ਦੀ ਖੇਤੀ ਤਾਂ ਕਰਨੀ ਚਾਹੁੰਦੇ ਹਨ, ਪਰ ਪਿਛਲੇ ਸਮੇਂ ਵਿਚ ਢੁਕਵਾਂ ਮੁੱਲ ਨਾ ਮਿਲਣ ਅਤੇ ਫਸਲ ਦੀ ਸਮੇਂ ਸਿਰ ਅਦਾਇਗੀ ਨਾ ਹੋਣ ਕਰਕੇ ਕਿਸਾਨਾਂ ਨੇ ਗੰਨੇ ਦੀ ਕਾਸ਼ਤ ਤੋਂ ਮੂੰਹ ਮੋੜ ਲਿਆ ਸੀ। ਇਸ ਵੇਲੇ ਪੰਜਾਬ ਵਿਚ 1.25 ਲੱਖ ਹੈਕਟੇਅਰ ਰਕਬੇ ਵਿਚ ਹੀ ਗੰਨੇ ਦੀ ਕਾਸ਼ਤ ਹੁੰਦੀ ਹੈ ਜਦਕਿ ਸੂਬੇ ਦੀਆਂ ਖੰਡ ਮਿੱਲਾਂ ਦੀ ਕੁੱਲ ਸਮਰੱਥਾ 2.50 ਲੱਖ ਹੈਕਟੇਅਰ ਰਕਬੇ ਦੇ ਗੰਨੇ ਦੀ ਪਿੜਾਈ ਕਰਨ ਦੀ ਹੈ। ਲਿਹਾਜ਼ਾ ਗੰਨਾ ਉਤਪਾਦਕਾਂ ਦੀ ਆਮਦਨ ਵਿਚ ਵਾਧਾ ਕਰਨ ਲਈ ਗੰਨੇ ਦਾ ਭਾਅ ਵਧਾਉਣ ਦਾ ਐਲਾਨ ਕਰਦਾ ਹਾਂ।"

## ਲੋਕਾਂ ਦੇ ਮੁੱਦੇ ਪਿੱਛੇ ਸੁੱਟੇ, ਸਿਆਸਤ ਭਾਰੂ

*(ਪਹਿਲੇ ਸਫੇ ਦੀ ਬਾਕੀ)*

ਮੂਸੇਵਾਲਾ ਦਾ ਕਤਲ ਕਾਂਡ ਦੀ ਅਹਿਮ ਕੜੀ ਵਜੋਂ ਜਾਣਿਆ ਜਾਂਦਾ ਗੈਂਗਸਟਰ ਜਦੋਂ ਪੁਲਿਸ ਦੀ ਹਿਰਾਸਤ ਵਿਚੋਂ ਦੌੜ ਜਾਂਦਾ ਹੈ ਤਾਂ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ।

ਉਧਰ, ਭਾਜਪਾ ਦਾ ਦੋਸ਼ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਸੈਸ਼ਨ ਸਬੰਧੀ ਨਾ ਸਿਰਫ ਰਾਜਪਾਲ ਨੂੰ ਝੂਠ ਬੋਲਿਆ ਹੈ, ਬਲਕਿ ਉਹ ਪੰਜਾਬ ਵਿਚ ਸਰਕਾਰ ਚਲਾਉਣ 'ਚ ਬੁਰੀ ਤਰ੍ਹਾਂ ਅਸਫਲ ਸਾਬਤ ਹੋਏ ਹਨ। ਭਾਜਪਾ ਆਗੂ ਨੇ ਭਗਵੰਤ ਮਾਨ 'ਤੇ ਦੋਸ਼ ਲਾਇਆ ਕਿ ਬਿਜਲੀ, ਜੀ.ਐਸ.ਟੀ. ਤੇ ਪਰਾਲੀ ਸਾੜਨ ਵਰਗੇ ਮੁੱਦਿਆਂ ਨੂੰ ਸੂਚੀਬੱਧ ਕਰ ਕੇ ਸੱਦੇ ਵਿਸ਼ੇਸ਼ ਇਜਲਾਸ 'ਚ ਪਿਛਲੇ ਦਰਵਾਜੇ ਰਾਹੀਂ ਲਿਆਂਦੇ ਭਰੋਸਗੀ ਮਤੇ ਨਾਲ ਜਿੱਥੇ ਸੰਵਿਧਾਨ ਦੀ ਉਲੰਘਣਾ ਕੀਤੀ ਗਈ ਹੈ, ਉਥੇ ਹੀ ਪੰਜਾਬ ਦੇ ਲੋਕਾਂ ਨਾਲ ਵੀ ਧੋਖਾ ਕੀਤਾ ਹੈ। 92 ਵਿਧਾਇਕਾਂ ਵਾਲੀ ਪੰਜਾਬ ਸਰਕਾਰ ਲਈ ਭਰੋਸੇ ਦਾ ਵੋਟ ਲਿਆਉਣ ਦੀ ਕੋਈ ਲੋੜ ਨਹੀਂ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਐਚ-1ਬੀ ਵੀਜ਼ਾ 'ਤੇ ਮੋਹਰ ਲਾਉਣ ਦੀ ਸਿਫਾਰਸ਼ ਸਰਬਸੰਮਤੀ ਨਾਲ ਮਨਜ਼ੂਰ




**ਵਾਸ਼ਿੰਗਟਨ:** ਏਸ਼ਿਆਈ ਅਮਰੀਕੀ ਤੇ ਪ੍ਰਸ਼ਾਂਤ ਦੀਪ ਵਾਸੀਆਂ 'ਤੇ ਰਾਸ਼ਟਰਪਤੀ ਦੇ ਇਕ ਕਮਿਸ਼ਨ ਨੇ ਅਮਰੀਕਾ ਵਿਚ ਐਚ-1ਬੀ ਵੀਜ਼ਾ 'ਤੇ ਮੋਹਰ ਲਾਉਣ ਦੀ ਸਿਫਾਰਸ਼ ਸਰਬਸੰਮਤੀ ਨਾਲ ਮਨਜ਼ੂਰ ਕਰ ਦਿੱਤੀ ਹੈ। ਜੇਕਰ ਰਾਸ਼ਟਰਪਤੀ ਜੋਅ ਬਾਇਡਨ ਇਸ ਨੂੰ ਮਨਜ਼ੂਰ ਕਰਦੇ ਹਨ ਤਾਂ ਇਸ ਨਾਲ ਹਜ਼ਾਰਾਂ ਪੇਸ਼ੇਵਰਾਂ, ਖਾਸ ਤੌਰ 'ਤੇ ਭਾਰਤੀਆਂ ਨੂੰ ਵੱਡੀ ਰਾਹਤ ਮਿਲੇਗੀ।

ਐਚ-1ਬੀ ਵੀਜ਼ਾ ਗੈਰ-ਪਰਵਾਸੀ ਵੀਜ਼ਾ ਹੈ ਜਿਸ ਨਾਲ ਅਮਰੀਕੀ ਕੰਪਨੀਆਂ ਨੂੰ ਖਾਸ ਵਿਸ਼ੇਸ਼ਤਾ ਵਾਲੇ ਪੇਸ਼ਿਆਂ ਵਿਚ ਵਿਦੇਸ਼ੀ ਕਾਮਿਆਂ ਨੂੰ ਭਰਤੀ ਕਰਨ ਦੀ ਇਜਾਜ਼ਤ ਮਿਲਦੀ ਹੈ। ਤਕਨਾਲੋਜੀ ਕੰਪਨੀਆਂ ਭਾਰਤ ਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲਾ ਹਜ਼ਾਰਾਂ ਕਾਮਿਆਂ ਨੂੰ ਭਰਤੀ ਕਰਨ ਲਈ ਇਸ 'ਤੇ ਨਿਰਭਰ ਰਹਿੰਦੀਆਂ ਹਨ। ਮੌਜੂਦਾ ਪ੍ਰਕਿਰਿਆ ਤਹਿਤ ਕਿਸੇ ਵਿਅਕਤੀ ਨੂੰ ਅਮਰੀਕੀ ਕੰਪਨੀ ਵਿਚ ਨੌਕਰੀ ਕਰਨ ਲਈ ਆਪਣੇ ਦੇਸ਼ 'ਚ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਵਿਚ ਵੀਜ਼ਾ 'ਤੇ ਮੋਹਰ ਲਗਵਾਉਣ ਲਈ ਅਰਜ਼ੀ ਦੇਣ ਦੀ ਲੋੜ ਹੁੰਦੀ ਹੈ। ਏਸ਼ਿਆਈ ਅਮਰੀਕੀ, ਹਵਾਈ ਮੂਲ ਦੇ ਲੋਕਾਂ ਤੇ ਪ੍ਰਸ਼ਾਂਤ ਦੀਪ ਵਾਸੀਆਂ 'ਤੇ ਰਾਸ਼ਟਰਪਤੀ ਦੇ ਸਲਾਹਕਾਰ ਕਮਿਸ਼ਨ ਨੇ ਬੀਤੇ ਦਿਨੀਂ ਵ੍ਹਾਈਟ ਹਾਊਸ ਵਿਚ ਹੋਈ ਇਕ ਮੀਟਿੰਗ ਵਿਚ ਇਹ ਫੈਸਲਾ ਲਿਆ।

## ਗਰੀਨ ਕਾਰਡ ਸਬੰਧੀ ਬਿੱਲ ਅਮਰੀਕੀ ਕਾਂਗਰਸ ਵਿਚ ਪੇਸ਼

**ਵਾਸ਼ਿੰਗਟਨ:** ਡੈਮੋਕਰੈਟਿਕ ਪਾਰਟੀ ਦੇ ਚਾਰ ਸੈਨੇਟਰਾਂ ਨੇ 80 ਲੱਖ ਲੋਕਾਂ ਨੂੰ ਗਰੀਨ ਕਾਰਡ ਮੁਹੱਈਆ ਕਰਾਉਣ ਦੇ ਇਰਾਦੇ ਨਾਲ ਅਮਰੀਕੀ ਕਾਂਗਰਸ 'ਚ ਬਿੱਲ ਪੇਸ਼ ਕੀਤਾ ਹੈ। ਜੇਕਰ ਬਿੱਲ ਪਾਸ ਹੋ ਗਿਆ ਤਾਂ ਡਰੀਮਰਜ਼, ਐਚ-1ਬੀ ਅਤੇ ਲੰਬੇ ਸਮੇਂ ਦੇ ਵੀਜ਼ਾਧਾਰਕਾਂ ਨੂੰ ਇਸ ਦਾ ਲਾਭ ਹੋਵੇਗਾ। ਬਿੱਲ ਤਹਿਤ ਕੋਈ ਵੀ ਪਰਵਾਸੀ ਜੇਕਰ ਅਮਰੀਕਾ 'ਚ ਲਗਾਤਾਰ ਸੱਤ ਸਾਲਾਂ ਤੋਂ ਰਹਿ ਰਿਹਾ ਹੈ ਤਾਂ ਉਹ ਕਾਨੂੰਨੀ ਤੌਰ 'ਤੇ ਪੱਕੀ ਨਾਗਰਿਕਤਾ ਦੇ ਯੋਗ ਹੋਵੇਗਾ। ਸੈਨੇਟਰ ਅਲੈਕਸ ਪੈਡਿਲਾ ਨੇ ਪਰਵਾਸੀ ਐਕਟ ਦੀਆਂ ਧਾਰਾਵਾਂ ਨਵਿਆਉਣ ਲਈ ਬਿੱਲ ਪੇਸ਼ ਕੀਤਾ ਜਿਸ ਦੀ ਸੈਨੇਟਰਾਂ ਐਲਿਜ਼ਾਬੈੱਥ ਵਾਰੇਨ, ਬੇਨ ਰੇਅ ਲੁਜਾਨ ਅਤੇ ਡਿੱਕ ਡਰਬਿਨ ਨੇ ਤਾਈਦ ਕੀਤੀ।

# ਸਾਂ ਫਰਾਂਸਿਸਕੋ, ਬਰਮਿੰਘਮ ਤੇ ਲੰਡਨ ਲਈ 20 ਹੋਰ ਉਡਾਣਾਂ



**ਨਵੀਂ ਦਿੱਲੀ:** ਟਾਟਾ ਦੀ ਮਾਲਕੀ ਵਾਲੀ ਏਅਰਲਾਈਨ ਏਅਰ ਇੰਡੀਆ ਕੌਮਾਂਤਰੀ ਪੱਧਰ 'ਤੇ ਆਪਣੀ ਮੌਜੂਦਗੀ ਨੂੰ ਮਜ਼ਬੂਤ ਕਰਨ ਲਈ ਅਗਲੇ ਤਿੰਨ ਮਹੀਨਿਆਂ ਵਿਚ ਬਰਮਿੰਘਮ, ਲੰਡਨ ਤੇ ਸਾਂ ਫਰਾਂਸਿਸਕੋ ਲਈ 20 ਵਾਧੂ ਹਫਤਾਵਾਰੀ ਉਡਾਣਾਂ ਸ਼ੁਰੂ ਕਰੇਗੀ।

ਏਅਰਲਾਈਨ ਨੇ ਇਕ ਬਿਆਨ ਵਿਚ ਕਿਹਾ ਕਿ ਹਫਤੇ ਵਿਚ ਪੰਜ ਵਧੀਕ ਉਡਾਣਾਂ ਬਰਮਿੰਘਮ, 9 ਲੰਡਨ ਤੇ ਛੇ ਸਾਂ ਫਰਾਂਸਿਸਕੋ ਲਈ ਚੱਲਣਗੀਆਂ ਤੇ ਗਾਹਕਾਂ ਨੂੰ ਹਰ ਹਫਤੇ 5000 ਤੋਂ ਵੱਧ ਵਧੀਕ ਸੀਟਾਂ ਦੀ ਪੇਸ਼ਕਸ਼ ਕੀਤੀ ਜਾਵੇਗੀ। ਏਅਰਲਾਈਨ ਦੀ ਇਸ ਪੇਸ਼ਕਦਮੀ ਨਾਲ ਏਅਰ ਇੰਡੀਆ ਦੀ ਹਰ ਹਫਤੇ ਯੂ.ਕੇ. ਜਾਂਦੀਆਂ 34 ਉਡਾਣਾਂ ਦੀ ਗਿਣਤੀ ਵਧ ਕੇ 48 ਹੋ ਜਾਵੇਗੀ। ਹਰ ਹਫਤੇ ਬਰਮਿੰਘਮ ਜਾਣ ਵਾਲੀਆਂ ਵਾਧੂ ਪੰਜ ਉਡਾਣਾਂ ਵਿਚੋਂ ਤਿੰਨ ਦਿੱਲੀ ਤੇ ਦੋ ਅੰਮ੍ਰਿਤਸਰ ਤੋਂ ਚੱਲਣਗੀਆਂ। ਲੰਡਨ ਲਈ ਉਡਾਰੀ ਭਰਨ ਵਾਲੀਆਂ 9 ਵਾਧੂ ਫਲਾਈਟਾਂ 'ਚੋਂ ਪੰਜ ਮੁੰਬਈ, ਤਿੰਨ ਦਿੱਲੀ ਅਤੇ ਇਕ ਅਹਿਮਦਾਬਾਦ ਤੋਂ ਹੋਵੇਗੀ। ਰਿਲੀਜ਼ ਮੁਤਾਬਕ ਭਾਰਤ ਦੇ ਸੱਤ ਸ਼ਹਿਰਾਂ ਤੋਂ ਯੂ.ਕੇ. ਦੀ ਰਾਜਧਾਨੀ ਲਈ ਹੁਣ ਏਅਰ ਇੰਡੀਆ ਦੀ ਨਾਨ-ਸਟਾਪ ਉਡਾਣਾਂ ਚੱਲਣਗੀਆਂ। ਇਸੇ ਤਰ੍ਹਾਂ ਅਮਰੀਕਾ ਜਾਣ ਵਾਲੀਆਂ ਉਡਾਣਾਂ ਦੀ ਗਿਣਤੀ ਵੀ 34 ਤੋਂ ਵੱਧ ਕੇ 40 ਹੋ ਜਾਵੇਗੀ।

## ਕੈਨੇਡਾ ਵੱਲੋਂ ਪੰਜਾਬ ਆਏ ਨਾਗਰਿਕਾਂ ਲਈ ਐਡਵਾਈਜ਼ਰੀ ਜਾਰੀ

**ਨਵੀਂ ਦਿੱਲੀ:** ਕੈਨੇਡਾ ਨੇ ਭਾਰਤ ਯਾਤਰਾ ਲਈ ਸੋਧੀ ਹੋਈ ਐਡਵਾਈਜ਼ਰੀ ਜਾਰੀ ਕਰਦਿਆਂ ਆਪਣੇ ਨਾਗਰਿਕਾਂ ਨੂੰ ਪੰਜਾਬ, ਗੁਜਰਾਤ ਤੇ ਰਾਜਸਥਾਨ ਸਣੇ ਕੁੱਝ ਹੋਰਨਾਂ ਸੂਬਿਆਂ ਵਿਚ ਸਫਰ ਕਰਨ ਮੌਕੇ ਵਧੇਰੇ ਚੌਕਸ ਰਹਿਣ ਦੀ ਸਲਾਹ ਦਿੱਤੀ ਹੈ। ਕੈਨੇਡਾ ਨੇ ਇਹ ਸਲਾਹ ਅਜਿਹੇ ਮੌਕੇ ਦਿੱਤੀ ਹੈ, ਜਦੋਂ ਭਾਰਤ ਨੇ ਲੰਘੇ ਦਿਨੀਂ ਕੈਨੇਡਾ ਰਹਿੰਦੇ ਆਪਣੇ ਨਾਗਰਿਕਾਂ ਨੂੰ ਉਥੇ ਵਧੇ ਨਫਰਤੀ ਅਪਰਾਧ, ਹਿੰਸਾ ਅਤੇ ਹੋਰ ਭਾਰਤ ਵਿਰੋਧੀ ਸਰਗਰਮੀਆਂ ਦੇ ਹਵਾਲੇ ਨਾਲ ਚੌਕਸ ਰਹਿਣ ਤੇ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਸੀ। ਸੋਧੀ ਹੋਈ ਸਲਾਹ ਵਿਚ ਕੈਨੇਡਿਆਈ ਨਾਗਰਿਕਾਂ ਨੂੰ ਦਹਿਸ਼ਤੀ ਘਟਨਾਵਾਂ ਦੇ ਹਵਾਲੇ ਨਾਲ ਅਸਾਮ, ਮਨੀਪੁਰ ਅਤੇ ਜੰਮੂ ਕਸ਼ਮੀਰ ਤੇ ਲੱਦਾਖ ਦੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਯਾਤਰਾ ਨਾ ਕਰਨ ਸਲਾਹ ਦਿੱਤੀ ਹੈ।

# ਸੁਖਬੀਰ ਨੂੰ ਟਕਸਾਲੀ ਆਗੂਆਂ ਨੇ ਸੁਣਾਈਆਂ ਖਰੀਆਂ-ਖਰੀਆਂ

**ਲੁਧਿਆਣਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਹੈ ਕਿ ਪਾਰਟੀ ਵੱਲੋਂ ਟਕਸਾਲੀ ਆਗੂਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਅਕਾਲੀ ਦਲ ਵਿਚ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ ਕਿਉਂਕਿ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਹੀ ਦਲ ਨੇ ਪੰਜਾਬ ਵਿਚ ਲੰਮਾ ਸਮਾਂ ਰਾਜ ਕੀਤਾ ਹੈ।

ਉਹ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਕੰਪਲੈਕਸ ਵਿਚ ਨਗਰ ਨਿਗਮ ਚੋਣਾਂ ਸਬੰਧੀ ਅਕਾਲੀ ਵਰਕਰਾਂ ਨਾਲ ਰੱਖੀ ਮੀਟਿੰਗ ਦੌਰਾਨ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਟਕਸਾਲੀ ਅਕਾਲੀ ਆਗੂ ਮਰਹੂਮ ਸੋਹਣ ਸਿੰਘ ਸਿੱਬਲ ਦੇ ਪੁੱਤਰ ਅਤੇ ਅਕਾਲੀ ਦਲ ਦੇ ਵਰਕਰ ਸ਼ਰਨਜੀਤ ਸਿੰਘ ਸਿੱਬਲ ਨੇ ਸੁਖਬੀਰ ਬਾਦਲ ਨੂੰ ਖਰੀਆਂ-ਖਰੀਆਂ ਸੁਣਾਈਆਂ ਅਤੇ ਆਖਿਆ ਕਿ ਉਹ ਅਕਾਲੀ ਦਲ ਦੀ ਮੌਜੂਦਾ ਸਥਿਤੀ ਲਈ ਦਲ ਦੇ ਉਹ ਆਗੂ ਜ਼ਿੰਮੇਵਾਰ ਹਨ, ਜਿਨ੍ਹਾਂ ਵੱਲੋਂ ਟਕਸਾਲੀ ਅਕਾਲੀ ਆਗੂਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪਿਛਲੇ ਲੰਬੇ ਸਮੇਂ ਤੋਂ ਨਜ਼ਰ-ਅੰਦਾਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੱਚੀ-ਤੀਹ ਸਾਲਾਂ ਤੋਂ ਕਈ ਟਕਸਾਲੀ ਪਰਿਵਾਰ ਅਕਾਲੀ ਦਲ ਨਾਲ ਜੁੜ ਕੇ ਪੰਥ ਦੀ ਸੇਵਾ ਕਰ ਰਹੇ ਹਨ, ਪਰ ਕਿਸੇ ਵੀ ਆਗੂ ਨੇ ਕਦੇ ਟਕਸਾਲੀ ਪਰਿਵਾਰਾਂ ਨਾਲ ਸਬੰਧਤ ਵਰਕਰਾਂ ਦੇ ਕੰਮ ਦੀ ਕਦਰ ਨਹੀਂ ਕੀਤੀ।

ਸੁਖਬੀਰ ਨੇ ਸਿੱਬਲ ਤੇ ਹੋਰਨਾਂ ਟਕਸਾਲੀ ਅਕਾਲੀ ਆਗੂਆਂ ਤੇ ਪਰਿਵਾਰਾਂ ਨੂੰ ਭਰੋਸਾ ਦਿੱਤਾ ਕਿ ਅਕਾਲੀ ਦਲ ਇਨ੍ਹਾਂ ਪਰਿਵਾਰਾਂ ਦੀ ਪੂਰੀ ਸਾਰ ਲਵੇਗਾ ਤੇ ਨਗਰ ਨਿਗਮ ਦੀਆਂ ਹੋਣ ਵਾਲੀਆਂ ਚੋਣਾਂ ਵਿਚ ਵੀ ਇਨ੍ਹਾਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਹਰ ਫਰੰਟ ਤੇ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ 'ਆਪ' ਨੇ ਲੋਕਾਂ ਨਾਲ ਕੀਤੇ ਵਾਅਦੇ ਵਿਸਾਰ ਦਿੱਤੇ ਹਨ, ਸਰਕਾਰ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਮਰਜ਼ੀ ਅਨੁਸਾਰ ਚੱਲ ਰਹੀ ਹੈ। ਇਸ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਨੇ ਪੂਰਬੀ, ਕੇਂਦਰੀ, ਉੱਤਰੀ ਤੇ ਆਤਮ ਨਗਰ ਹਲਕੇ ਵਿਚ ਵੀ ਕਈ ਥਾਈਂ ਪਾਰਟੀ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ ਤੇ ਨਿਗਮ ਚੋਣਾਂ ਬਾਰੇ ਉਮੀਦਵਾਰਾਂ ਦੀ ਚੋਣ ਕਰਨ ਲਈ ਐਨ.ਕੇ. ਸ਼ਰਮਾ ਦੀ ਅਗਵਾਈ ਹੇਠ ਚਾਰ ਮੈਂਬਰੀ ਕਮੇਟੀ ਦੇ ਗਠਨ ਕੀਤਾ।

# ਗਰਭਪਾਤ ਨਾਲ ਸਬੰਧਤ ਨੇਮਾਂ ਦਾ ਘੇਰਾ ਹੋਰ ਮੋਕਲਾ ਕੀਤਾ

**ਨਵੀਂ ਦਿੱਲੀ:** ਐਕਟ ਵਿਚਲੀਆਂ ਵਿਵਸਥਾਵਾਂ ਵਿਆਹੁਤਾ ਮਹਿਲਾਵਾਂ ਤੱਕ ਸੀਮਤ ਰੱਖਣ ਨੂੰ ਪੱਖਪਾਤੀ ਦੱਸਿਆ

ਸੁਪਰੀਮ ਕੋਰਟ ਨੇ ਇਤਿਹਾਸਕ ਫੈਸਲੇ ਵਿਚ ਮੈਡੀਕਲ ਟਰਮੀਨੇਸ਼ਨ ਆਫ ਪ੍ਰੈਗਨੈਂਸੀ (ਐਮ.ਟੀ.ਪੀ.) ਐਕਟ ਤੇ ਸਬੰਧਤ ਨੇਮਾਂ ਦੇ ਘੇਰੇ ਨੂੰ ਮੋਕਲਾ ਕਰਦੇ ਹੋਏ 20-24 ਹਫਤਿਆਂ ਦੀਆਂ ਗਰਭਵਤੀ ਅਣਵਿਆਹੀਆਂ ਮਹਿਲਾਵਾਂ ਨੂੰ ਇਸ ਵਿਚ ਸ਼ਾਮਲ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ।

ਸਿਖਰਲੀ ਅਦਾਲਤ ਨੇ ਕਿਹਾ ਕਿ ਐਕਟ ਵਿਚਲੀਆਂ ਵਿਵਸਥਾਵਾਂ ਨੂੰ ਸਿਰਫ ਵਿਆਹੁਤਾ ਮਹਿਲਾਵਾਂ ਤੱਕ ਸੀਮਤ ਰੱਖਣਾ ਪੱਖਪਾਤੀ ਤੇ ਸੰਵਿਧਾਨ ਦੀ ਧਾਰਾ 14 ਦਾ ਉਲੰਘਣ ਹੋਵੇਗਾ। ਜਸਟਿਸ ਡੀ.ਵਾਈ.ਚੰਦਰਚੂੜ, ਜਸਟਿਸ ਏ.ਐਸ.ਬੋਪੰਨਾ ਤੇ ਜਸਟਿਸ ਜੇ.ਬੀ.ਪਾਰਦੀਵਾਲਾ ਉਤੇ ਆਧਾਰਿਤ ਬੈਂਚ ਨੇ ਕਿਹਾ ਕਿ ਐਮ.ਟੀ.ਪੀ. ਐਕਟ ਦੇ ਨਿਯਮਾਂ ਤਹਿਤ 'ਜਿਨਸੀ ਹਮਲੇ' ਜਾਂ 'ਬਲਾਤਕਾਰ' ਸ਼ਬਦਾਂ ਦੇ ਅਰਥ ਵਿਚ ਪਤੀ ਵੱਲੋਂ ਆਪਣੀ ਪਤਨੀ 'ਤੇ ਕੀਤਾ ਗਿਆ ਜਿਨਸੀ ਹਮਲਾ



ਜਾਂ ਬਲਾਤਕਾਰ ਵੀ ਸ਼ਾਮਲ ਹੈ। ਕੋਰਟ ਨੇ ਕਿਹਾ, "ਐਮਟੀਪੀ ਐਕਟ ਤੇ ਇਸ ਤਹਿਤ ਬਣੇ ਕਿਸੇ ਵੀ ਨਿਯਮ ਤੇ ਪ੍ਰਬੰਧ ਦੇ ਆਸੇ ਲਈ, ਬਲਾਤਕਾਰ ਦਾ ਅਰਥ ਸਮਝਿਆ ਜਾਣਾ ਚਾਹੀਦਾ ਹੈ, ਜਿਸ ਵਿਚ ਵਿਆਹੁਤਾ ਬਲਾਤਕਾਰ ਵੀ ਸ਼ਾਮਲ ਹੈ।" ਕੋਰਟ ਨੇ ਕਿਹਾ ਕਿ ਧਾਰਾ 21 ਤਹਿਤ ਮਿਲਿਆ ਪ੍ਰਜਨਨ ਦੀ ਮੁਖ਼ਤਿਆਰੀ, ਸਨਮਾਨ ਤੇ ਨਿੱਜਤਾ ਦਾ ਅਧਿਕਾਰ ਇਕ ਅਣਵਿਆਹੁਤਾ ਮਹਿਲਾ ਨੂੰ ਇਕ ਵਿਆਹੀ ਮਹਿਲਾ ਦੇ ਬਰਾਬਰ (ਗਰਭ ਧਾਰਨ ਦੌਰਾਨ) ਬੱਚਾ ਰੱਖਣ ਜਾਂ ਨਾ ਰੱਖਣ ਦੀ ਚੋਣ ਕਰਨ ਦਾ ਹੱਕ ਦਿੰਦਾ ਹੈ। ਬੈਂਚ ਨੇ ਕਿਹਾ ਕਿ ਪ੍ਰਜਨਨ ਦਾ ਅਧਿਕਾਰ ਖੇਤਰ ਮਹਿਲਾਵਾਂ ਦੇ ਬੱਚਾ ਜੰਮਣ ਜਾਂ ਨਾ ਜੰਮਣ ਤੱਕ ਸੀਮਤ ਨਹੀਂ ਹੈ ਤੇ ਇਸ ਵਿਚ ਉਹ ਆਜ਼ਾਦੀ ਤੇ ਹੱਕ ਵੀ ਸ਼ਾਮਲ ਹਨ, ਜੋ ਇਕ ਮਹਿਲਾ ਨੂੰ ਉਸ ਦੀ ਜਿਨਸੀ ਤੇ ਪ੍ਰਜਨਨ ਸਿਹਤ ਨਾਲ ਜੁੜੇ ਮਸਲਿਆਂ ਬਾਰੇ ਅਜ਼ਾਦਾਨਾ ਫੈਸਲੇ ਲੈਣ ਦੀ ਖੁੱਲ੍ਹ ਦਿੰਦਾ ਹੈ।

ਸੁਪਰੀਮ ਕੋਰਟ ਦਾ ਇਹ ਫੈਸਲਾ ਉਤਰ-ਪੂਰਬ ਦੀ ਇਕ ਮਹਿਲਾ ਵੱਲੋਂ ਦਾਇਰ ਪਟੀਸ਼ਨ 'ਤੇ ਆਇਆ ਹੈ, ਜਿਸ ਵਿਚ ਉਸ ਨੇ ਦਿੱਲੀ ਹਾਈ ਕੋਰਟ ਦੇ ਗਰਭਪਾਤ ਦੀ ਖੁੱਲ੍ਹ ਨਾ ਦੇਣ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ। ਪਟੀਸ਼ਨਰ ਨੇ ਦਾਅਵਾ ਕੀਤਾ ਸੀ ਕਿ ਉਸ ਦਾ ਪਾਰਟਨਰ ਵਿਆਹ ਕਰਨ ਤੋਂ ਮੁੱਕਰ ਗਿਆ ਤੇ ਉਸ ਨੂੰ ਛੱਡ ਗਿਆ, ਜਿਸ ਕਰਕੇ ਉਹ ਆਪਣਾ ਗਰਭ ਡੇਗਣਾ ਚਾਹੁੰਦੀ ਹੈ। ਜਸਟਿਸ ਚੰਦਰਚੂੜ ਨੇ 75 ਸਫਿਆਂ ਦੇ ਆਪਣੇ ਫੈਸਲੇ ਵਿਚ ਕਿਹਾ ਕਿ ਸ਼ਬਦ 'ਬਲਾਤਕਾਰ' ਦਾ ਸਧਾਰਨ ਮਤਲਬ ਦੂਜੇ ਵਿਅਕਤੀ ਦੀ ਸਹਿਮਤੀ ਤੋਂ ਬਿਨਾਂ ਜਾਂ ਉਸ ਦੀ ਇੱਛਾ ਖਿਲਾਫ ਜਾ ਕੇ ਜਿਨਸੀ ਸਬੰਧ ਬਣਾਉਣਾ ਹੈ।

# ਪੰਜਾਬ ਵਿਚ ਆਟੇ ਦੀ ਹੋਮ ਡਲਿਵਰੀ 'ਤੇ ਰੋਕ ਬਰਕਰਾਰ



## ਆਟਾ ਸਕੀਮ ਭ੍ਰਿਸ਼ਟਾਚਾਰ ਦੇ ਦਰਵਾਜ਼ੇ ਖੋਲ੍ਹੇਗੀ: ਬਾਜਵਾ

**ਚੰਡੀਗੜ੍ਹ:** ਕਾਂਗਰਸ ਦੇ ਸੀਨੀਅਰ ਨੇਤਾ ਤੇ ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਲਾਭਪਾਤਰੀਆਂ ਦੇ ਘਰ ਕਣਕ ਦਾ ਆਟਾ ਵੰਡਣ ਵਾਲੀ ਯੋਜਨਾ ਲਈ ਭਗਵੰਤ ਮਾਨ ਸਰਕਾਰ ਦੀ ਨਿੰਦਾ ਕੀਤੀ ਹੈ। ਬਾਜਵਾ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਭਗਵੰਤ ਮਾਨ ਸਰਕਾਰ ਵੱਲੋਂ ਵੱਡੇ ਕਾਰਪੋਰੇਟ ਘਰਾਣਿਆਂ ਦੀ ਸਲਾਹ ਉਤੇ ਸਿਆਸੀ ਲਾਹਾ ਲੈਣ ਲਈ ਕਾਹਲੀ ਵਿਚ ਸ਼ੁਰੂ ਕੀਤੀ ਗਈ ਇਹ ਸਕੀਮ ਹੈ। ਇਹ ਸਿਰਫ ਭ੍ਰਿਸ਼ਟਾਚਾਰ ਨੂੰ ਜਨਮ ਦੇਵੇਗੀ ਕਿਉਂਕਿ ਨਿੱਜੀ ਕੰਪਨੀਆਂ ਅਤੇ ਟਰਾਂਸਪੋਰਟਰ ਇਸ ਮੌਕੇ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ ਲਈ ਵਰਤਣਗੇ।

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਪੰਜਾਬ ਸਰਕਾਰ ਦੀ ਘਰ-ਘਰ ਆਟਾ ਵੰਡਣ ਦੀ ਯੋਜਨਾ ਨੂੰ ਬਰੇਕ ਲਗਾ ਦਿੱਤੀ ਹੈ। 'ਆਪ' ਸਰਕਾਰ ਨੇ ਪਹਿਲੀ ਅਕਤੂਬਰ ਤੋਂ ਆਟੇ ਦੀ ਹੋਮ ਡਲਿਵਰੀ ਦੀ ਸ਼ੁਰੂਆਤ ਕਰਨੀ ਸੀ ਜਿਸ ਵਾਸਤੇ ਟੈਂਡਰ ਪ੍ਰਕਿਰਿਆ ਚੱਲ ਰਹੀ ਸੀ।

ਪੰਜਾਬ ਕੈਬਨਿਟ ਨੇ 3 ਮਈ ਨੂੰ ਆਟੇ ਦੀ ਹੋਮ ਡਲਿਵਰੀ ਕੀਤੇ ਜਾਣ ਨੂੰ ਹਰੀ ਝੰਡੀ ਦਿੱਤੀ ਸੀ। ਪਹਿਲਾਂ ਹਾਈ ਕੋਰਟ ਦੇ ਸਿੰਗਲ ਬੈਂਚ ਨੇ ਹੋਮ ਡਲਿਵਰੀ ਦੇ ਮਾਮਲੇ 'ਚ ਕਿਸੇ ਤੀਜੀ ਧਿਰ ਨੂੰ ਆਟੇ ਦੀ ਵੰਡ ਦਾ ਕੰਮ ਦੇਣ ਤੋਂ ਰੋਕ ਦਿੱਤਾ ਸੀ। ਹਾਈ ਕੋਰਟ ਦੇ ਚੀਫ ਜਸਟਿਸ ਆਰ.ਐਸ. ਝਾਅ ਤੇ ਜਸਟਿਸ ਅਰੁਣ ਪੱਲੀ ਉਤੇ ਆਧਾਰਿਤ ਡਿਵੀਜ਼ਨ ਬੈਂਚ ਨੇ ਸਿੰਗਲ ਬੈਂਚ ਦੇ ਫੈਸਲੇ ਨੂੰ ਹੀ ਬਰਕਰਾਰ ਰੱਖਿਆ ਹੈ। ਇਨ੍ਹਾਂ ਹੁਕਮਾਂ ਨਾਲ ਹੁਣ ਆਟੇ ਦੀ ਹੋਮ ਡਲਿਵਰੀ ਦਾ ਪਹਿਲੀ ਅਕਤੂਬਰ ਤੋਂ ਸ਼ੁਰੂ ਹੋਣ ਵਾਲਾ ਕੰਮ ਲਟਕ ਗਿਆ ਹੈ। ਪੰਜਾਬ ਸਰਕਾਰ ਨੂੰ ਡਿਵੀਜ਼ਨ ਬੈਂਚ ਤੋਂ ਰਾਹਤ ਮਿਲਣ ਦੀ ਉਮੀਦ ਸੀ ਪਰ ਸਰਕਾਰ ਨੂੰ ਨਮੋਸ਼ੀ ਝੱਲਣੀ ਪਈ ਹੈ। ਕੁਝ ਦਿਨ ਪਹਿਲਾਂ ਜਸਟਿਸ ਵਿਕਾਸ ਸੂਰੀ ਨੇ ਪਟੀਸ਼ਨ ਰਜਿਸਟਰੀ ਬਰਾਂਚ ਨੂੰ ਭੇਜ ਦਿੱਤੀ ਸੀ ਕਿਉਂਕਿ ਇਸ ਪਟੀਸ਼ਨ 'ਤੇ ਸੁਣਵਾਈ ਡਿਵੀਜ਼ਨ ਬੈਂਚ ਹੀ ਕਰ ਸਕਦਾ ਸੀ। ਇਹ ਮਾਮਲਾ ਸਿੰਗਲ ਬੈਂਚ ਦੇ ਦਾਇਰੇ ਵਿਚ ਨਹੀਂ ਆਉਂਦਾ ਸੀ। ਐਨ.ਐਫ.ਐਸ.ਏ. ਡਿਪੂ ਹੋਲਡਰ ਵੈੱਲਫੇਅਰ ਐਸੋਸੀਏਸ਼ਨ ਨੇ ਇਸ ਮਾਮਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ ਤੇ ਡਿਪੂ ਹੋਲਡਰ ਫੈਡਰੇਸ਼ਨ ਤੇ ਪੰਜਾਬ ਰਾਜ ਡਿਪੂ ਹੋਲਡਰ ਯੂਨੀਅਨ (ਸਿੱਧੂ) ਆਦਿ ਨੇ ਵੀ ਨਿਆਂ ਲਈ ਪਟੀਸ਼ਨਾਂ ਦਾਇਰ ਕੀਤੀਆਂ ਸਨ।

ਡਿਵੀਜ਼ਨ ਬੈਂਚ ਨੇ ਕੌਮੀ ਖੁਰਾਕ ਸੁਰੱਖਿਆ ਐਕਟ ਦੀਆਂ ਧਾਰਾਵਾਂ ਤਹਿਤ ਤਕਨੀਕੀ ਆਧਾਰ ਤੇ ਵਿੱਤੀ ਬੋਝ ਦੇ ਨਜ਼ਰੀਏ ਤੋਂ ਇਸ ਪਟੀਸ਼ਨ 'ਚ ਡਿਪੂ ਹੋਲਡਰਾਂ ਨੂੰ ਫਿਲਹਾਲ ਰਾਹਤ ਦਿੱਤੀ ਹੈ। ਦੂਸਰੇ ਪਾਸੇ 'ਆਪ' ਸਰਕਾਰ ਵੱਲੋਂ ਪਹਿਲੀ ਅਕਤੂਬਰ ਤੋਂ ਸੂਬੇ ਨੂੰ ਅੱਠ ਜ਼ੋਨਾਂ ਵਿਚ ਵੰਡ ਕੇ ਤਿੰਨ ਪੜਾਵਾਂ ਵਿਚ ਆਟੇ ਦੀ ਹੋਮ ਡਲਿਵਰੀ ਕੀਤੇ ਜਾਣ ਦੀ ਤਿਆਰੀ ਸੀ। ਪਹਿਲੇ ਪੜਾਅ 'ਚ ਇਕ ਜ਼ੋਨ, ਦੂਜੇ ਪੜਾਅ ਵਿਚ ਦੋ ਜ਼ੋਨਾਂ ਤੇ ਤੀਸਰੇ ਪੜਾਅ ਵਿਚ ਬਾਕੀ ਰਹਿੰਦੇ ਪੰਜ ਜ਼ੋਨਾਂ ਵਿਚ ਆਟੇ ਦੀ ਹੋਮ ਡਲਿਵਰੀ ਸ਼ੁਰੂ ਕੀਤੀ ਜਾਣੀ ਸੀ।

# ਕੈਨੇਡਾ ਖਾਲਿਸਤਾਨੀ ਰਾਇਸ਼ੁਮਾਰੀ ਨੂੰ ਮਾਨਤਾ ਨਹੀਂ ਦਿੰਦਾ: ਕੌਂਸਲ ਜਨਰਲ

**ਚੰਡੀਗੜ੍ਹ:** ਕੈਨੇਡਾ ਦੇ ਚੰਡੀਗੜ੍ਹ 'ਚ ਕੌਂਸਲ ਜਨਰਲ ਪੈਟਰਿਕ ਹਬਰਟ ਨੇ ਕਿਹਾ ਹੈ ਕਿ ਕੈਨੇਡਾ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਦੀ ਗੈਰਅਧਿਕਾਰਤ ਰਾਇਸ਼ੁਮਾਰੀ ਨੂੰ ਮਾਨਤਾ ਨਹੀਂ ਦਿੰਦਾ।

ਕੈਨੇਡਾ 'ਚ ਭਾਰਤੀ ਮੂਲ ਦੇ ਗੈਂਗਸਟਰਾਂ ਨਾਲ ਸਿੱਝਣ ਬਾਰੇ ਉਨ੍ਹਾਂ ਕਿਹਾ ਕਿ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਭਾਰਤ 'ਚ ਕਈ ਏਜੰਸੀਆਂ ਨਾਲ ਤਾਲਮੇਲ ਹੈ ਅਤੇ ਉਹ ਅਪਰਾਧੀਆਂ 'ਤੇ ਨੱਥ ਪਾਉਣ ਲਈ ਰਲ ਕੇ ਕੰਮ ਕਰਨਗੇ।

ਵੱਖਰੇ ਖਾਲਿਸਤਾਨ ਸੂਬੇ ਦੀ ਮੰਗ ਲਈ ਐਸ.ਐਫ.ਜੇ. ਵੱਲੋਂ ਕਰਵਾਈ ਜਾ ਰਹੀ ਰਾਇਸ਼ੁਮਾਰੀ ਬਾਰੇ ਹਬਰਟ ਨੇ ਕਿਹਾ, "ਕੈਨੇਡਾ ਨੇ ਕਈ ਵਾਰ ਸਪੱਸ਼ਟ ਕੀਤਾ ਹੈ ਕਿ ਅਸੀਂ ਭਾਰਤ ਦੀ ਖੁਦਮੁਖਤਿਆਰੀ, ਏਕਤਾ ਅਤੇ ਅਖੰਡਤਾ ਦਾ ਸਨਮਾਨ ਕਰਦੇ ਹਾਂ। ਕੈਨੇਡਾ ਸਿੱਖਸ ਫਾਰ ਜਸਟਿਸ ਦੀ ਰਾਇਸ਼ੁਮਾਰੀ ਨੂੰ ਮਾਨਤਾ ਨਹੀਂ ਦਿੰਦਾ ਹੈ।" ਗੁਰਪਤਵੰਤ ਸਿੰਘ ਪੰਨੂ ਐਸ.ਐਫ.ਜੇ. ਦਾ ਕਾਨੂੰਨੀ ਸਲਾਹਕਾਰ ਹੈ ਤੇ ਭਾਰਤ ਨੇ ਐਸ.ਐਫ.ਜੇ. ਉਤੇ ਪਾਬੰਦੀ ਲਗਾਈ ਹੋਈ ਹੈ।

# ਪਰਮਜੀਤ ਸਿੰਘ ਕੱਟੂ ਨੂੰ ਫਿਲਮ ਪੁਰਸਕਾਰ

**ਧਨੌਲਾ:** ਪਿੰਡ ਕੱਟੂ ਨਾਲ ਸਬੰਧਤ ਨੌਜਵਾਨ ਲੇਖਕ ਤੇ ਫਿਲਮ ਨਿਰਮਾਤਾ ਪਰਮਜੀਤ ਸਿੰਘ ਕੱਟੂ ਨੂੰ 68ਵੇਂ ਕੌਮੀ ਫਿਲਮ ਪੁਰਸਕਾਰ ਸਮਾਗਮ ਦੌਰਾਨ ਬ੍ਰਿਗੇਡੀਅਰ ਪ੍ਰੀਤਮ ਸਿੰਘ ਬਾਰੇ ਬਣਾਈ ਦਸਤਾਵੇਜ਼ੀ ਲਈ 'ਰਜਤ ਕਮਲ ਪੁਰਸਕਾਰ' ਹਾਸਲ ਹੋਇਆ ਹੈ।

ਪਰਮਜੀਤ ਸਿੰਘ ਕੱਟੂ ਨੇ ਦੱਸਿਆ ਕਿ ਦਸਤਾਵੇਜ਼ੀ 'ਦਿ ਸੇਵੀਅਰ ਬ੍ਰਿਗੇਡੀਅਰ ਪ੍ਰੀਤਮ ਸਿੰਘ' ਲਈ ਉਸ ਨੂੰ ਬੈਸਟ ਇਨਵੈਸਟੀਗੇਟਿਵ ਫਿਲਮ ਦਾ ਪੁਰਸਕਾਰ ਮਿਲਿਆ ਹੈ। ਇਹ ਦਸਤਾਵੇਜ਼ੀ ਨੌਜਵਾਨ ਭਾਰਤੀ ਫੌਜੀ ਅਫਸਰ ਦੁਆਲੇ ਘੁੰਮਦੀ ਹੈ ਜੋ ਦੂਸਰੀ ਵਿਸ਼ਵ ਜੰਗ ਦੌਰਾਨ ਸਿੰਘਾਪੁਰ ਦੀ ਲੜਾਈ ਦੌਰਾਨ ਜੰਗੀ ਕੈਦੀ ਕੈਂਪ 'ਚੋਂ ਨਿਕਲ ਕੇ ਆਪਣੇ ਸਾਥੀ ਸਮੇਤ ਛੇ ਮਹੀਨੇ ਜੰਗਲਾਂ ਦਾ ਪੈਦਲ ਸਫਰ ਕਰਕੇ ਮਨੀਪੁਰ ਪੁੱਜਿਆ।

# ਵੱਖਰੀ ਕਮੇਟੀ: ਸ਼੍ਰੋਮਣੀ ਕਮੇਟੀ ਵੱਲੋਂ ਤਿੱਖੇ ਸੰਘਰਸ਼ ਦਾ ਐਲਾਨ

## ਚੀਫ ਜਸਟਿਸ ਨੂੰ ਹਰਿਆਣਾ ਕਮੇਟੀ ਦੇ ਫੈਸਲੇ 'ਤੇ ਮੁੜ ਵਿਚਾਰ ਦੀ ਅਪੀਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਹਰਿਆਣਾ 'ਚ ਵੱਖਰੀ ਗੁਰਦੁਆਰਾ ਕਮੇਟੀ ਬਣਾਏ ਜਾਣ ਖਿਲਾਫ ਸੰਘਰਸ਼ ਦਾ ਐਲਾਨ ਕਰਦਿਆਂ ਭਾਰਤ ਦੇ ਚੀਫ ਜਸਟਿਸ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਪੰਜ ਮੈਂਬਰੀ ਬੈਂਚ ਕਾਇਮ ਕਰਨ ਦਾ ਹੁਕਮ ਦੇਣ।

ਸ਼੍ਰੋਮਣੀ ਕਮੇਟੀ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਕਮੇਟੀ ਦੇ ਹੱਕ ਵਿਚ ਭਾਰਤ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਨਜ਼ਰਸਾਨੀ ਪਟੀਸ਼ਨ ਦਾਇਰ ਕਰਨ। ਇਹ ਫੈਸਲੇ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ ਦੀ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਈ ਮੀਟਿੰਗ ਦੌਰਾਨ ਲਏ ਗਏ। ਮੀਟਿੰਗ ਵਿਚ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ੍ਰੀ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਗਿਆਨੀ ਜਸਵੰਤ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਸ਼੍ਰੋਮਣੀ ਕਮੇਟੀ ਦੇ ਮੈਂਬਰ, ਅਧਿਕਾਰੀਆਂ ਤੇ ਹੋਰਨਾਂ ਨੇ ਸ਼ਮੂਲੀਅਤ ਕੀਤੀ।



ਇਸ ਮੌਕੇ ਮਤਾ ਪਾਸ ਕਰਕੇ ਇਸ ਫੈਸਲੇ ਖਿਲਾਫ ਕਰੜਾ ਸੰਘਰਸ਼ ਕਰਨ ਦਾ ਵੀ ਐਲਾਨ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਦੱਸਿਆ ਕਿ ਮੀਟਿੰਗ ਦੌਰਾਨ ਭਾਰਤ ਦੇ ਚੀਫ ਜਸਟਿਸ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਹਰਿਆਣਾ ਕਮੇਟੀ ਸਬੰਧੀ ਫੈਸਲੇ ਬਾਰੇ ਇਕ ਪੰਜ ਮੈਂਬਰੀ ਸੰਵਿਧਾਨਕ ਬੈਂਚ ਦਾ ਗਠਨ ਕਰਕੇ ਇਸ ਮਾਮਲੇ 'ਤੇ ਮੁੜ ਵਿਚਾਰ ਕਰਨ ਲਈ ਆਖਣ। ਉਨ੍ਹਾਂ ਦੋਸ਼ ਲਾਇਆ ਕਿ ਇਹ ਫੈਸਲਾ ਸਿਆਸਤ ਤੋਂ ਪ੍ਰੇਰਿਤ ਸੀ ਜਿਸ ਨੂੰ ਬੀਤੇ ਦਿਨੀਂ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਮੁੱਢੋਂ ਰੱਦ ਕਰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਭਾਰਤ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਹੱਕ ਵਿਚ ਸੁਪਰੀਮ ਕੋਰਟ ਵਿਚ ਨਜ਼ਰਸਾਨੀ ਪਟੀਸ਼ਨ ਦਾਇਰ ਕਰਨ ਤੇ ਹਰਿਆਣਾ ਕਮੇਟੀ ਐਕਟ ਨੂੰ ਰੱਦ ਕਰਨ ਲਈ ਸੰਸਦ ਵਿਚ ਮਤਾ ਪਾਸ ਕੀਤਾ ਜਾਵੇ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਕੋਲੋਂ ਮੰਗ ਕੀਤੀ ਕਿ ਉਹ ਆਲ ਇੰਡੀਆ ਗੁਰਦੁਆਰਾ ਐਕਟ ਦੀ ਸਥਾਪਨਾ ਲਈ ਵੀ ਲੋੜੀਂਦੀ ਕਾਰਵਾਈ ਅੱਗੇ ਵਧਾਉਣ। ਇਸ ਮੌਕੇ ਇਕ ਮਤੇ ਰਾਹੀਂ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਸਮੁੱਚੀ ਸਿੱਖ ਕੌਮ ਨੂੰ ਇਕਜੁੱਟ ਕਰਨ ਅਤੇ ਉਨ੍ਹਾਂ ਦੀ ਅਗਵਾਈ ਹੇਠ ਇਹ ਸੰਘਰਸ਼ ਲੜਿਆ ਜਾਵੇਗਾ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਤੋੜਨ ਵਾਲੀਆਂ ਕਾਰਵਾਈਆਂ ਬਿਲਕੁਲ ਗਲਤ ਹਨ। ਉਨ੍ਹਾਂ ਆਖਿਆ ਕਿ ਇਸ ਮਾਮਲੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਵਿਸ਼ੇਸ਼ ਬੈਠਕ ਜਲਦ ਸੱਦੀ ਜਾਵੇਗੀ ਅਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

### ਨਜ਼ਰਸਾਨੀ ਪਟੀਸ਼ਨ ਦਾਇਰ ਕਰਨ ਦੀ ਮੰਗ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਨੂੰ ਸੁਪਰੀਮ ਕੋਰਟ ਵੱਲੋਂ ਮਾਨਤਾ ਦੇਣ ਦੇ ਫੈਸਲੇ ਖਿਲਾਫ ਭਾਰਤ ਸਰਕਾਰ ਵੱਲੋਂ ਸੁਪਰੀਮ ਕੋਰਟ ਵਿਚ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਜਾਵੇ। ਇਸ ਸਬੰਧੀ ਸਿੱਖ ਸੰਸਥਾ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਭੇਜਿਆ ਹੈ। ਜਾਣਕਾਰੀ ਅਨੁਸਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ-2014 ਨੂੰ ਸੁਪਰੀਮ ਕੋਰਟ ਵੱਲੋਂ ਮਾਨਤਾ ਦੇਣ ਵਿਰੁੱਧ ਭਾਰਤ ਸਰਕਾਰ ਵੱਲੋਂ ਨਜ਼ਰਸਾਨੀ ਪਟੀਸ਼ਨ ਪਾਉਣ ਦੀ ਮੰਗ ਕਰਦਿਆਂ ਸ੍ਰੀ ਧਾਮੀ ਨੇ ਕਿਹਾ ਕਿ ਸਿੱਖ ਗੁਰਦੁਆਰਾ ਐਕਟ 1925 ਵਿਚ ਕਿਸੇ ਤਰ੍ਹਾਂ ਦੀ ਸੋਧ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਦੀਆਂ ਸਿਫਾਰਸ਼ਾਂ ਸਹਿਤ ਸਿਰਫ ਭਾਰਤ ਸਰਕਾਰ ਕੋਲ ਹੈ, ਜਿਸ ਤਹਿਤ ਇਸ ਐਕਟ ਵਿਚ ਸੂਬਾ ਸਰਕਾਰਾਂ ਕੋਈ ਦਖ਼ਲ ਨਹੀਂ ਦੇ ਸਕਦੀਆਂ।

## ਵੱਖਰੀ ਕਮੇਟੀ ਵਿਚ ਪ੍ਰਧਾਨਗੀ ਨੂੰ ਲੈ ਕੇ ਖਿੱਚ-ਧੂਹ



**ਸਿਰਸਾ:** ਸੁਪਰੀਮ ਕੋਰਟ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ 2014 ਨੂੰ ਬਰਕਰਾਰ ਰੱਖੇ ਜਾਣ ਮਗਰੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸਥਿਤੀ ਭੰਬਲਭੂਸੇ ਵਾਲੀ ਬਣ ਗਈ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੰਸਥਾਪਕ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਹੈ ਕਿ ਉਨ੍ਹਾਂ ਨੇ ਬਿਮਾਰ ਹੋਣ ਦੇ ਕਾਰਨ ਗੁਰਦੁਆਰਿਆਂ ਦੀ ਸੇਵਾ ਸੰਭਾਲ ਨਾ ਕਰ ਸਕਣ ਕਾਰਨ ਆਪਣੇ ਅਹੁਦੇ ਤੋਂ ਅਸਤੀਫਾ ਦਿੱਤਾ ਸੀ ਪਰ ਉਹ ਅਸਤੀਫ਼ਾ ਅੱਜ ਤੱਕ ਸਵੀਕਾਰ ਨਹੀਂ ਹੋਇਆ, ਇਸ ਕਰਕੇ ਉਹ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਨ। ਬਿਮਾਰੀ ਕਾਰਨ ਕੰਮ ਨਾ ਕਰਨ ਕਾਰਨ ਬਲਜੀਤ ਸਿੰਘ ਦਾਦੂਵਾਲ ਨੂੰ ਕਮੇਟੀ ਦਾ ਇੰਟਰਨਾਲ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ ਸੀ ਤੇ ਹੁਣ ਇਕਤਾਲੀਆਂ ਵਿਚੋਂ ਤੇਤੀ ਮੈਂਬਰ ਸਾਡੇ ਨਾਲ ਇਕੱਠੇ ਹਨ।

ਉਧਰ, ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਜਗਦੀਸ਼ ਸਿੰਘ ਝੀਂਡਾ ਆਪਣੀ ਯਾਦਦਾਸ਼ਤ ਗੁਆ ਬੈਠਾ ਹੈ, ਜੋ ਸਵੇਰ ਨੂੰ ਦੁਪਹਿਰ ਬਾਅਦ ਵਾਪਰਿਆ ਭੁੱਲ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮੈਂਬਰਾਂ ਦੀ ਚੋਣ ਕਰਕੇ ਉਹ ਕਾਨੂੰਨ ਅਨੁਸਾਰ ਕਮੇਟੀ ਦੇ ਪ੍ਰਧਾਨ ਬਣੇ ਹਨ ਅਤੇ ਜਗਦੀਸ਼ ਸਿੰਘ ਝੀਂਡਾ ਨੇ ਖੁਦ ਚੋਣ ਵਿਚ ਹਿੱਸਾ ਲਿਆ ਸੀ। ਜਥੇਦਾਰ ਦਾਦੂਵਾਲ ਨੇ ਜਗਦੀਸ਼ ਸਿੰਘ ਝੀਂਡਾ ਨੂੰ ਨਸੀਹਤ ਦਿੱਤੀ ਕਿ ਉਹ ਕਿਸੇ ਤੋਂ ਵੀ ਗੁੰਮਰਾਹ ਹੋ ਕੇ ਝੂਠੀ ਬਿਆਨਬਾਜ਼ੀ ਨਾ ਕਰਨ ਕਿਉਂਕਿ ਆਪਸੀ ਫੁੱਟ ਕਾਰਨ ਵਿਰੋਧੀ ਧਿਰ ਦੇ ਲੋਕਾਂ ਨੂੰ ਹੋਰ ਮਜ਼ਬੂਤ ਹੋਣ ਦਾ ਮੌਕਾ ਮਿਲਦਾ ਹੈ।

### ਦਾਦੂਵਾਲ ਨੂੰ ਭਾਜਪਾ ਤੇ ਝੀਂਡਾ ਨੂੰ ਕਾਂਗਰਸ ਦੀ ਹਮਾਇਤ: ਸੁਖਬੀਰ

**ਫਿਰੋਜ਼ਪੁਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸੁਪਰੀਮ ਕੋਰਟ ਵੱਲੋਂ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ 2014 ਨੂੰ ਜਾਇਜ਼ ਠਹਿਰਾਉਣ ਦੇ ਫ਼ੈਸਲੇ ਨੂੰ ਵਿਤਕਰੇ ਵਾਲਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸਿਰਫ ਸੰਸਦ ਹੀ ਸ਼੍ਰੋਮਣੀ ਕਮੇਟੀ ਦੇ ਅੰਤਰਰਾਜੀ ਰੁਤਬੇ ਵਿਚ ਤਬਦੀਲੀ ਕਰ ਸਕਦੀ ਹੈ। ਇਹ ਤੱਥ ਹੈ ਕਿ ਸ਼੍ਰੋਮਣੀ ਕਮੇਟੀ ਪਾਰਲੀਮੈਂਟ ਦੇ ਐਕਟ ਅਨੁਸਾਰ ਕੰਮ ਕਰਦੀ ਹੈ। ਇਹੀ ਕਾਰਨ ਹੈ ਕਿ ਇਸ ਦੀਆਂ ਚੋਣਾਂ ਕਰਵਾਉਣ ਲਈ ਕੇਂਦਰ ਸਰਕਾਰ ਹੀ ਚੋਣ ਕਮਿਸ਼ਨਰ ਦੀ ਨਿਯੁਕਤੀ ਕਰਦੀ ਹੈ ਤੇ ਚੋਣਾਂ ਕਰਵਾਉਂਦੀ ਹੈ। ਸੁਖਬੀਰ ਬਾਦਲ ਨੇ ਇਹ ਵੀ ਕਿਹਾ ਕਿ ਹਰਿਆਣਾ ਵਿਚ ਬਲਜੀਤ ਸਿੰਘ ਦਾਦੂਵਾਲ ਨੂੰ ਭਾਜਪਾ ਦੀ ਅਤੇ ਝੀਂਡਾ ਨੂੰ ਕਾਂਗਰਸ ਦੀ ਹਮਾਇਤ ਮਿਲੀ ਹੋਈ ਹੈ। ਦੋਵਾਂ ਗਰੁੱਪਾਂ ਦਰਮਿਆਨ ਗੁਰਦੁਆਰਿਆਂ ਦੇ ਕੰਟਰੋਲ ਨੂੰ ਲੈ ਕੇ ਜੰਗ ਸ਼ੁਰੂ ਹੋ ਚੁੱਕੀ ਹੈ।

## ਰਾਜੋਆਣਾ ਦੀ ਫਾਂਸੀ ਮੁਆਫ ਕਰਕੇ ਸਿੱਖ ਕੌਮ ਦੀ ਬੇਵਿਸ਼ਵਾਸੀ ਦੂਰ ਕਰੇ ਕੇਂਦਰ: ਅਕਾਲੀ ਦਲ



**ਚੰਡੀਗੜ੍ਹ:** ਸੁਪਰੀਮ ਕੋਰਟ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜਾ ਨੂੰ ਰੱਦ ਕਰਨ ਸਬੰਧੀ ਕੇਂਦਰ ਸਰਕਾਰ ਨੂੰ ਜਲਦ ਫੈਸਲਾ ਕਰਨ ਦੇ ਦਿੱਤੇ ਆਦੇਸ਼ਾਂ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਵੀ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਰਾਜੋਆਣਾ ਦੀ ਫਾਂਸੀ ਦੀ ਸਜਾ ਰੱਦ ਕਰਕੇ ਸਿੱਖ ਕੌਮ ਦੀ ਬੇਵਿਸ਼ਵਾਸੀ ਤੇ ਪੀੜਾ ਨੂੰ ਦੂਰ ਕਰਨ ਦਾ ਕੰਮ ਕਰੇ। ਚੰਡੀਗੜ੍ਹ ਵਿਚ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸਾਹ ਨੂੰ ਅਪੀਲ ਕੀਤੀ ਕਿ ਉਹ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜਾ ਨੂੰ ਉਮਰ ਕੈਦ ਵਿਚ ਬਦਲ ਕੇ ਉਨ੍ਹਾਂ ਦੀ ਰਿਹਾਈ ਦਾ ਰਾਹ ਪੱਧਰਾ ਕਰ ਕੇ ਜ਼ਖ਼ਮਾਂ ਉਤੇ ਮੱਲ੍ਹਮ ਲਾਉਣ ਦਾ ਕੰਮ ਕਰਨ।

ਸਾਬਕਾ ਮੰਤਰੀ ਨੇ ਕਿਹਾ ਕਿ ਦੁਨੀਆਂ ਵਿਚ ਪੰਜਾਬੀਆਂ ਦੇ ਨਾਲ-ਨਾਲ ਗੁਰੂ ਨਾਨਕ ਨਾਮ ਲੇਵਾ ਸੰਗਤ ਇਹ ਮਹਿਸੂਸ ਕਰਦੀ ਹੈ ਕਿ ਭਾਈ ਰਾਜੋਆਣਾ ਦੀ ਫਾਂਸੀ ਦੀ ਸਜਾ ਮੁਆਫੀ ਵਿਚ ਦੇਰੀ ਇਸ ਕਰਕੇ ਹੋਈ ਕਿਉਂਕਿ ਕੇਂਦਰ ਸਰਕਾਰ ਨੇ 2019 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਉਤੇ ਲਏ ਆਪਣੇ ਫੈਸਲੇ ਉਤੇ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਭਾਈ ਰਾਜੋਆਣਾ ਪਿਛਲੇ 27 ਸਾਲਾਂ ਤੋਂ ਜੇਲ੍ਹ ਵਿਚ ਬੰਦ ਹਨ ਤੇ ਉਨ੍ਹਾਂ ਨੂੰ ਅੱਜ ਤੱਕ ਪੈਰੋਲ ਵੀ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਕਿਉਂਕਿ ਉਨ੍ਹਾਂ ਨੇ ਆਪਣੀ ਉਮਰ ਕੈਦ ਦੀ ਸਜਾ ਪੂਰੀ ਕਰ ਲਈ ਹੈ, ਇਸ ਲਈ ਉਨ੍ਹਾਂ ਨੂੰ ਤੁਰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

## ਗਜਿੰਦਰ ਸਿੰਘ ਨੂੰ ਪਾਕਿ ਅੰਦਰ ਕਾਨੂੰਨੀ ਤੇ ਰਾਜਸੀ ਪਨਾਹ ਦੇਣ ਦੀ ਅਪੀਲ

**ਹੁਸ਼ਿਆਰਪੁਰ:** ਦਲ ਖਾਲਸਾ ਵੱਲੋਂ ਗੁਰਦੁਆਰਾ ਸਿੰਘ ਸਭਾ ਰੇਲਵੇ ਰੋਡ ਵਿਚ ਕਨਵੈਨਸ਼ਨ ਦੌਰਾਨ ਮਤਾ ਪਾਸ ਕਰਕੇ ਪਾਕਿਸਤਾਨ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਭਾਈ ਗਜਿੰਦਰ ਸਿੰਘ ਨੂੰ ਆਪਣੇ ਮੁਲਕ ਅੰਦਰ ਕਾਨੂੰਨੀ ਤੇ ਰਾਜਸੀ ਪਨਾਹ ਦਿੱਤੀ ਜਾਵੇ। ਦਲ ਖਾਲਸਾ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਤੇ ਕੰਵਰਪਾਲ ਸਿੰਘ ਨੇ ਕਿਹਾ ਕਿ ਉਹ ਆਸ ਕਰਦੇ ਹਨ ਕਿ ਉਨ੍ਹਾਂ ਦਾ ਕੇਸ ਮਨੁੱਖੀ ਅਧਿਕਾਰਾਂ ਦੇ ਅਧਾਰ 'ਤੇ ਹਾਂ-ਪੱਖੀ ਨਜ਼ਰੀਏ ਨਾਲ ਵਿਚਾਰਿਆ ਜਾਵੇਗਾ। ਇਸ ਸਬੰਧੀ ਜਥੇਬੰਦੀ ਵੱਲੋਂ ਪਾਕਿਸਤਾਨ ਸਰਕਾਰ ਨੂੰ ਪੱਤਰ ਵੀ ਲਿਖਿਆ ਜਾਵੇਗਾ। ਆਗੂਆਂ ਨੇ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਗਜਿੰਦਰ ਸਿੰਘ ਖਿਲਾਫ਼ ਕੂੜ ਪ੍ਰਚਾਰ ਨਾ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਾਂ ਨਾਲ ਦੋਹਰੇ ਮਾਪਦੰਡ ਅਪਣਾਏ ਜਾ ਰਹੇ ਹਨ। ਕਨਵੈਨਸ਼ਨ ਤੋਂ ਬਾਅਦ ਭਾਈ ਗਜਿੰਦਰ ਸਿੰਘ ਦੀ ਕੁਰਬਾਨੀ ਤੇ ਸਿੱਖ ਸੰਘਰਸ਼ 'ਚ ਪਾਏ ਯੋਗਦਾਨ ਨੂੰ ਸਮਰਪਿਤ ਸ਼ਹਿਰ ਵਿਚ ਮਾਰਚ ਕੱਢਿਆ ਗਿਆ।

### ਗਿਆਨੀ ਹਰਪ੍ਰੀਤ ਸਿੰਘ ਨੇ ਭਾਈ ਗਜਿੰਦਰ ਸਿੰਘ ਦੀ ਕੀਤੀ ਪ੍ਰਸੰਸਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਨਾਲ ਹੋ ਰਹੀ ਬੇਇਨਸਾਫ਼ੀ ਵਿਰੁੱਧ ਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਰਿਹਾਈ ਲਈ ਸੰਨ੍ਹ 1981 ਵਿਚ ਭਾਰਤੀ ਹਵਾਈ ਜਹਾਜ਼ ਅਗਵਾ ਕਰਨ ਵਾਲੇ ਜਲਾਵਤਨ ਸਿੱਖ ਆਗੂ ਭਾਈ ਗਜਿੰਦਰ ਸਿੰਘ ਦੀ ਜਲਾਵਤਨੀ ਦੇ 41 ਵਰ੍ਹੇ ਮੁਕੰਮਲ ਹੋਣ ਉਤੇ ਪ੍ਰਸੰਸਾ ਪੱਤਰ ਜਾਰੀ ਕਰਦਿਆਂ ਉਨ੍ਹਾਂ ਦੀ ਮੁਕਤਕੰਠ ਸਰਾਹਨਾ ਕੀਤੀ ਹੈ।

## ਵਿਧਾਨ ਸਭਾ 'ਚ ਬੇਅਦਬੀ ਦਾ ਮਾਮਲਾ ਉਭਾਰਨ 'ਤੇ ਕੁੰਵਰ ਵਿਜੈ ਪ੍ਰਤਾਪ ਦਾ ਸਨਮਾਨ

**ਅੰਮ੍ਰਿਤਸਰ:** ਸਿੱਖ ਜਥੇਬੰਦੀਆਂ ਦੇ ਸਮੂਹ ਪੰਥਕ ਤਾਲਮੇਲ ਸੰਗਠਨ ਨੇ ਸਿੰਘ ਸਭਾ ਦੇ 150ਵੇਂ ਸਥਾਪਨਾ ਵਰ੍ਹੇ ਦੀ ਅਰੰਭਤਾ ਮੌਕੇ ਸਿੱਖ ਕੌਮ ਨੂੰ ਇਕ ਵਾਰ ਮੁੜ ਸਿੰਘ ਸਭਾ ਲਹਿਰ ਸ਼ੁਰੂ ਕਰਨ ਦਾ ਸੱਦਾ ਦਿੱਤਾ ਹੈ। ਇਸ ਮੌਕੇ ਵਿਧਾਇਕ ਅਤੇ ਸਾਬਕਾ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਬੇਅਦਬੀ ਮਾਮਲਿਆਂ ਦੀ ਜਾਂਚ ਕਰਨ ਅਤੇ ਮੁਲਜ਼ਮਾਂ ਨੂੰ ਸਜ਼ਾਵਾਂ ਦਿਵਾਉਣ ਦਾ ਮੁੱਦਾ ਵਿਧਾਨ ਸਭਾ ਵਿਚ ਉਭਾਰਨ ਲਈ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਸਬੰਧੀ ਇਥੇ ਸਥਾਨਕ ਕਬੀਰ ਪਾਰਕ ਦੇ ਗੁਰਦੁਆਰੇ ਵਿਚ ਇਕ ਸੈਮੀਨਾਰ ਕਰਵਾਇਆ ਗਿਆ ਹੈ। ਇਸ ਵਿਚ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਗਠਨ ਦੇ ਕਨਵੀਨਰ ਅਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਇਨਸਾਫ ਹਿੱਤ ਅਤੇ ਧਰਮ ਪਰਿਵਰਤਨ ਦੇ ਮੁੱਦੇ ਬਾਰੇ ਵਿਚਾਰ ਕਰਨ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਵਧੇਰੇ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਇਸ ਵੇਲੇ ਦੇਸ਼ ਵਿਚ ਧਰਮ, ਵਿੱਦਿਆ, ਰਾਜਨੀਤੀ ਅਤੇ ਆਰਥਿਕ ਮਾਮਲਿਆਂ ਦੇ ਵਿਗੜ ਰਹੇ ਸੰਤੁਲਨ ਪ੍ਰਤੀ ਖਾਮੋਸ਼ ਹੈ। ਉਨ੍ਹਾਂ ਵਿਦਿਆਰਥੀਆਂ ਦੇ ਵਿਦੇਸ਼ ਜਾਣ ਦੇ ਲਗਾਤਾਰ ਵਧ ਰਹੇ ਰੁਝਾਨ 'ਤੇ ਚਿੰਤਾ ਪ੍ਰਗਟ ਕੀਤੀ। ਸੰਗਠਨ ਦੇ ਕੋ-ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ ਨੇ ਸਿੰਘ ਸਭਾ ਲਹਿਰ ਨੂੰ ਮੁੜ ਅਰੰਭਣ ਦਾ ਹੋਕਾ ਦਿੱਤਾ। ਉਨ੍ਹਾਂ ਬੇਅਦਬੀ ਮਾਮਲਿਆਂ ਵਿਚ ਸਾਬਕਾ ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਵੱਲੋਂ ਕੀਤੀ ਗਈ ਜਾਂਚ ਤੇ ਪੇਸ਼ ਕੀਤੀ ਰਿਪੋਰਟ ਵਿਚ ਦਿੱਤੇ ਸੱਚ ਦੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਪੰਥਕ ਤਾਲਮੇਲ ਸੰਗਠਨ ਦਾ ਇਕ ਵੱਡਾ ਕਾਫਲਾ 14 ਅਕਤੂਬਰ ਨੂੰ ਬਹਿਬਲ ਕਲਾਂ ਵਿਚ ਸ਼ਹੀਦੀ ਸਮਾਗਮ ਵਿਚ ਸ਼ਾਮਲ ਹੋਵੇਗਾ।

## ਡਾ. ਗੁਰਪ੍ਰੀਤ ਸਿੰਘ ਵਾਂਦਰ ਬਾਬਾ ਫਰੀਦ ਯੂਨੀਵਰਸਿਟੀ ਦੇ ਨਵੇਂ ਵਾਈਸ ਚਾਂਸਲਰ

**ਫਰੀਦਕੋਟ:** ਪੰਜਾਬ ਸਰਕਾਰ ਨੇ ਦੋ ਮਹੀਨਿਆਂ ਦੀ ਲੰਮੀ ਉਡੀਕ ਮਗਰੋਂ ਦਿਲ ਦੇ ਰੋਗਾਂ ਦੇ ਮਾਹਿਰ ਡਾ. ਗੁਰਪ੍ਰੀਤ ਸਿੰਘ ਵਾਂਦਰ ਨੂੰ ਬਾਬਾ ਫਰੀਦ ਯੂਨੀਵਰਸਿਟੀ ਦਾ ਨਵਾਂ ਵਾਈਸ ਚਾਂਸਲਰ ਨਿਯੁਕਤ ਕਰ ਦਿੱਤਾ ਹੈ। ਇਸੇ ਸਾਲ ਜੁਲਾਈ ਵਿਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਰਾਜ ਬਹਾਦਰ ਨੇ ਸਿਹਤ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਤੋਂ ਨਾਰਾਜ਼ ਹੋ ਕੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਅਸਤੀਫਾ ਮਨਜ਼ੂਰ ਹੋਣ ਤੋਂ ਬਾਅਦ ਡਾਇਰੈਕਟਰ ਸਿੱਖਿਆ ਤੇ ਮੈਡੀਕਲ ਖੋਜ ਵਿਭਾਗ ਪੰਜਾਬ ਨੇ ਯੂਨੀਵਰਸਿਟੀ ਲਈ ਨਵਾਂ ਵਾਈਸ ਚਾਂਸਲਰ ਨਿਯੁਕਤ ਕਰਨ ਦੀ ਕਾਰਵਾਈ ਅਰੰਭੀ ਸੀ। ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਡਾ. ਵਾਂਦਰ ਦੀ ਨਿਯੁਕਤੀ ਨਾਲ ਬਾਬਾ ਫ਼ਰੀਦ ਯੂਨੀਵਰਸਿਟੀ ਨੂੰ ਯੋਗ ਅਗਵਾਈ ਮਿਲੇਗੀ।

# ਹਵਾਈ ਅੱਡੇ ਦੇ ਨਾਮ ਪਿੱਛੇ ਮੁਹਾਲੀ ਦੀ ਥਾਂ ਚੰਡੀਗੜ੍ਹ ਲਾਉਣ 'ਤੇ ਵਿਵਾਦ

## ਵਿਰੋਧੀ ਧਿਰਾਂ ਵੱਲੋਂ 'ਆਪ' ਸਰਕਾਰ ਦੀ ਕੇਂਦਰ ਨਾਲ ਮਿਲੀਭਗਤ ਦੇ ਦੋਸ਼

**ਚੰਡੀਗੜ੍ਹ:** ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡੇ ਦੇ ਨਾਮ ਵਿਚੋਂ ਮੁਹਾਲੀ ਸ਼ਬਦ ਗਾਇਬ ਹੋਣ ਤੋਂ ਪੰਜਾਬ ਦੀ ਸਿਆਸਤ ਭਖ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੁਝ ਦਿਨ ਪਹਿਲਾਂ ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ ਉਤੇ ਰੱਖਣ ਦਾ ਐਲਾਨ ਕੀਤਾ ਸੀ ਜਿਸ ਦਾ ਸਵਾਗਤ ਸਮੁੱਚੇ ਪੰਜਾਬ ਨੇ ਕੀਤਾ ਸੀ। ਸਿਆਸੀ ਵਿਵਾਦ ਹੁਣ ਇਸ ਹਵਾਈ ਅੱਡੇ ਦੇ ਨਾਂ ਨਾਲ ਚੰਡੀਗੜ੍ਹ ਲਿਖੇ ਜਾਣ ਤੋਂ ਖੜ੍ਹਾ ਹੋ ਗਿਆ ਹੈ। ਚਰਚਾ ਹੈ ਕਿ ਕੇਂਦਰ ਸਰਕਾਰ ਇਕ ਤੀਰ ਨਾਲ ਦੋ ਨਿਸ਼ਾਨੇ ਲਾਉਣ 'ਚ ਸਫਲ ਹੋ ਗਈ ਹੈ।

ਵਿਰੋਧੀ ਧਿਰਾਂ ਨੇ ਹਵਾਈ ਅੱਡੇ ਨਾਲ ਚੰਡੀਗੜ੍ਹ ਸ਼ਬਦ ਲਿਖੇ ਜਾਣ ਨੂੰ ਪੰਜਾਬ ਦੇ ਹੱਕਾਂ 'ਤੇ ਡਾਕਾ ਕਰਾਰ ਦਿੰਦਿਆਂ ਪੰਜਾਬ ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਹਵਾਈ ਅੱਡੇ ਦਾ ਨਾਮ ਰੱਖੇ ਜਾਣ ਦਾ ਉਦਘਾਟਨ ਕੀਤਾ। ਇਸ ਸਬੰਧੀ ਸਮਾਗਮ ਵਿਚ ਮੁੱਖ ਮੰਤਰੀ ਭਗਵੰਤ ਮਾਨ, ਰਾਜਪਾਲ ਬਨਵਾਰੀ ਲਾਲ ਪੁਰੋਹਿਤ ਤੋਂ ਇਲਾਵਾ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਵੀ ਮੌਜੂਦ ਸਨ।

ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਜਿਸ ਉਦਘਾਟਨੀ ਪੱਥਰ ਤੋਂ ਪਰਦਾ ਹਟਾਇਆ ਗਿਆ ਹੈ, ਉਸ ਪੱਥਰ 'ਤੇ 'ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡਾ, ਚੰਡੀਗੜ੍ਹ' ਲਿਖਿਆ ਹੈ।




ਪੰਜਾਬ ਅਤੇ ਹਰਿਆਣਾ ਦਰਮਿਆਨ ਇਸ ਹਵਾਈ ਅੱਡੇ ਦੇ ਨਾਮਕਰਨ ਨੂੰ ਲੈ ਕੇ ਹੀ ਮਤਭੇਦ ਬਣੇ ਹੋਏ ਸਨ ਅਤੇ ਜਦੋਂ ਕਿ ਕਾਫੀ ਅਰਸਾ ਪਹਿਲਾਂ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖੇ ਜਾਣ ਦੀ ਸਹਿਮਤੀ ਬਣ ਚੁੱਕੀ ਸੀ। ਰੌਲਾ ਇਸ ਗੱਲ ਦਾ ਸੀ ਕਿ ਹਵਾਈ ਅੱਡੇ ਦੇ ਨਾਮ ਨਾਲ ਮੁਹਾਲੀ ਲਿਖਿਆ ਜਾਵੇ ਜਾਂ ਫਿਰ ਚੰਡੀਗੜ੍ਹ। ਮੁੱਖ ਮੰਤਰੀ ਭਗਵੰਤ ਮਾਨ ਤੇ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਵਿਚਾਲੇ ਅਗਸਤ 'ਚ ਮਹੀਨੇ ਹੋਈ ਮੀਟਿੰਗ ਵਿਚ ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖਣ ਦੀ ਮੁੜ ਸਹਿਮਤੀ ਬਣੀ ਸੀ ਤੇ ਦੋਹਾਂ ਸੂਬਿਆਂ ਨੇ ਸਾਂਝੇ ਤੌਰ 'ਤੇ ਪੱਤਰ ਕੇਂਦਰ ਸਰਕਾਰ ਨੂੰ ਭੇਜਿਆ ਸੀ।

ਕੁਝ ਵਰ੍ਹੇ ਪਹਿਲਾਂ ਪੰਜਾਬ ਵਿਧਾਨ ਸਭਾ 'ਚ ਚੰਡੀਗੜ੍ਹ ਏਅਰਪੋਰਟ ਦਾ ਨਾਮ 'ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ, ਮੋਹਾਲੀ' ਰੱਖਣ ਬਾਰੇ ਮਤਾ ਪਾਸ ਕੀਤਾ ਗਿਆ ਸੀ। ਇਸੇ ਤਰ੍ਹਾਂ ਹਰਿਆਣਾ ਵਿਧਾਨ ਸਭਾ ਨੇ 31 ਮਾਰਚ 2016 ਨੂੰ ਚੰਡੀਗੜ੍ਹ ਹਵਾਈ ਅੱਡੇ ਦਾ ਨਾਂ 'ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਏਅਰਪੋਰਟ, ਚੰਡੀਗੜ੍ਹ' ਕਰਨ ਦਾ ਮਤਾ ਪਾਸ ਕੀਤਾ ਸੀ। ਇਸ ਹਵਾਈ ਅੱਡੇ ਉਤੇ ਪੰਜਾਬ ਸਰਕਾਰ ਨੇ 24.5 ਫੀਸਦੀ ਤੇ ਹਰਿਆਣਾ ਸਰਕਾਰ ਨੇ ਵੀ 24.5 ਫੀਸਦੀ ਖਰਚਾ ਕੀਤਾ ਹੈ। ਬਾਕੀ 51 ਫੀਸਦੀ ਖਰਚਾ ਏਅਰਪੋਰਟ ਅਥਾਰਟੀ ਨੇ ਕੀਤਾ ਹੈ।

ਹਰਿਆਣਾ ਸਰਕਾਰ ਦਾ ਸ਼ੁਰੂ ਤੋਂ ਕਹਿਣਾ ਕਿ ਏਅਰਪੋਰਟ ਦਾ ਰਨਵੇਅ ਚੰਡੀਗੜ੍ਹ ਤੇ ਟਰਮੀਨਲ ਪੰਜਾਬ 'ਚ ਹੈ। ਏਅਰਪੋਰਟ ਦੀ ਰਨਵੇਅ ਕਰ ਕੇ ਪਛਾਣ ਹੁੰਦੀ ਹੈ। ਪੰਜਾਬ ਸਰਕਾਰ ਦੀ ਦਲੀਲ ਰਹੀ ਹੈ ਕਿ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦੀ 'ਨਾਮਕਰਨ ਨੀਤੀ' 'ਚ ਸਾਫ ਲਿਖਿਆ ਹੈ ਕਿ ਜਿਸ ਰੈਵੇਨਿਊ ਜ਼ਿਲ੍ਹੇ ਵਿਚ ਏਅਰਪੋਰਟ ਸਥਿਤ ਹੁੰਦਾ ਹੈ, ਉਸੇ ਦੇ ਨਾਮ ਨਾਲ ਏਅਰਪੋਰਟ ਜਾਣਿਆ ਜਾਵੇਗਾ।

ਉਧਰ, ਵਿਰੋਧੀ ਧਿਰਾਂ ਦੇ ਆਗੂਆਂ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਕੌਮਾਂਤਰੀ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ ਉਪਰ ਰੱਖਿਆ ਗਿਆ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਆਗੂਆਂ ਨੂੰ ਧੀਰਜ ਰੱਖਣਾ ਚਾਹੀਦਾ ਹੈ, ਕਿਉਂਕਿ ਹਵਾਈ ਅੱਡੇ ਸਬੰਧੀ ਰਹਿੰਦੇ ਸਾਰੇ ਮਸਲੇ ਜਲਦੀ ਹੱਲ ਕੀਤੇ ਜਾਣਗੇ।

### ਪੰਜਾਬ ਵਿਰੋਧੀ ਸਾਜ਼ਿਸ਼ 'ਚ ਮੁੱਖ ਮੰਤਰੀ ਸ਼ਾਮਲ: ਬਾਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਚੰਡੀਗੜ੍ਹ ਦੇ ਨਾਮ 'ਤੇ ਹਵਾਈ ਅੱਡੇ ਦਾ ਨਾਂ ਰੱਖਣ ਦੀ ਪੰਜਾਬ ਵਿਰੋਧੀ ਸਾਜ਼ਿਸ਼ ਵਿਚ ਮੁੱਖ ਮੰਤਰੀ ਭਗਵੰਤ ਮਾਨ ਵੀ ਸ਼ਾਮਲ ਹਨ। ਉਨ੍ਹਾਂ ਲਿਖਿਆ ਕਿ ਅਖਬਾਰਾਂ ਦੱਸਦੀਆਂ ਹਨ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਇਸ ਹਵਾਈ ਅੱਡੇ ਲਈ 307 ਏਕੜ ਮੋਹਾਲੀ ਦੀ ਜ਼ਮੀਨ ਦਿੱਤੀ ਅਤੇ ਇਸ ਦਾ ਨਾਂ 'ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ ਮੋਹਾਲੀ' ਰੱਖਣ ਦਾ ਵਿਧਾਨ ਸਭਾ ਵਿਚ ਮਤਾ ਵੀ ਪਾਸ ਕੀਤਾ ਸੀ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਮਾਮਲੇ ਵਿਚ ਕੇਂਦਰ ਸਰਕਾਰ ਅੱਗੇ ਗੋਡੇ ਟੇਕ ਦਿੱਤੇ ਹਨ। ਉਨ੍ਹਾਂ ਕਿਹਾ ਕਿ ਹਵਾਈ ਅੱਡਾ ਪੰਜਾਬ ਦੀ ਜ਼ਮੀਨ 'ਤੇ ਬਣਿਆ ਹੈ ਜਿਸ ਕਰਕੇ ਚੰਡੀਗੜ੍ਹ ਦੀ ਥਾਂ ਮੋਹਾਲੀ ਦਾ ਨਾਮ ਹੋਣਾ ਚਾਹੀਦਾ ਸੀ।

## ਪਰਾਲੀ ਪ੍ਰਬੰਧਨ: ਸਰਕਾਰ ਹੁਣ ਕਿਸਾਨ ਧਿਰਾਂ ਨਾਲ ਤਾਲਮੇਲ ਦੇ ਰੌਂਅ 'ਚ

**ਚੰਡੀਗੜ੍ਹ:** ਪੰਜਾਬ ਸਰਕਾਰ ਝੋਨੇ ਦੀ ਖਰੀਦ ਤੇ ਪਰਾਲੀ ਪ੍ਰਬੰਧਨ ਦੇ ਮੁੱਦੇ 'ਤੇ ਕਿਸਾਨ ਧਿਰਾਂ ਨਾਲ ਤਾਲਮੇਲ ਬਿਠਾਉਣ ਲੱਗੀ ਹੈ। ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪਰਾਲੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਕਿਸਾਨ ਧਿਰਾਂ ਤੋਂ ਸਹਿਯੋਗ ਮੰਗਿਆ ਜਾਵੇਗਾ ਤਾਂ ਜੋ ਪੰਜਾਬ ਦੇ ਵਾਤਾਵਰਨ ਨੂੰ ਪਲੀਤ ਹੋਣ ਤੋਂ ਬਚਾਇਆ ਜਾ ਸਕੇ।

ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਸਾਨ ਜਥੇਬੰਦੀਆਂ ਨੂੰ ਭਰੋਸਾ ਦਿਵਾਇਆ ਹੈ ਕਿ ਪੰਜਾਬ ਸਰਕਾਰ ਝੋਨੇ ਦੇ ਦਾਣੇ-ਦਾਣੇ ਦੀ ਖਰੀਦ ਅਤੇ ਚੁਕਾਈ ਲਈ ਵਚਨਬੱਧ ਹੈ। ਮੰਤਰੀ ਨੇ ਕਿਹਾ ਕਿ ਝੋਨੇ ਦੀ ਸਮੇਂ ਸਿਰ ਖਰੀਦ ਅਤੇ ਚੁਕਾਈ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ। ਮੰਡੀ ਬੋਰਡ ਦੇ



ਅਧਿਕਾਰੀਆਂ ਨੂੰ ਝੋਨੇ ਦੇ ਖਰੀਦ ਸੀਜ਼ਨ ਦੌਰਾਨ ਕਿਸਾਨਾਂ ਲਈ ਦਾਣਾ ਮੰਡੀਆਂ ਵਿਚ ਲਾਈਟਾਂ, ਪੀਣ ਵਾਲੇ ਪਾਣੀ, ਸਾਫ-ਸਫਾਈ, ਪਖਾਨੇ ਆਦਿ ਦੇ ਪ੍ਰਬੰਧ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।

## ਕੇਸ ਦਰਜ ਹੋਣ ਮਗਰੋਂ 'ਆਪ' ਵਿਰੁੱਧ ਨਿੱਤਰੇ ਲੱਖਾ ਸਿਧਾਣਾ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਵਿਧਾਨ ਸਭਾ ਹਲਕਾ ਮੌੜ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਚੁੱਕੇ ਲੱਖਾ ਸਿਧਾਣਾ ਖ਼ਿਲਾਫ਼ ਜ਼ਿਲ੍ਹਾ ਤਰਨ ਤਾਰਨ ਦੇ ਥਾਣਾ ਹਰੀਕੇ ਵਿਚ ਕੇਸ ਦਰਜ ਕਰ ਦਿੱਤਾ ਹੈ। ਇਸ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਲੱਖਾ ਸਿਧਾਣਾ 'ਆਪ' ਸਰਕਾਰ ਵਿਰੁੱਧ ਨਿੱਤਰ ਆਏ ਹਨ, ਜਿਸ ਨੇ ਸੂਬਾ ਸਰਕਾਰ ਦੀ ਧੱਕੇਸ਼ਾਹੀ ਦੇ ਖ਼ਿਲਾਫ਼ 9 ਅਕਤੂਬਰ ਨੂੰ ਪਿੰਡ ਮਹਿਰਾਜ ਦੀ ਅਨਾਜ ਮੰਡੀ ਵਿਚ ਵੱਡਾ ਇਕੱਠ ਰੱਖਿਆ ਹੈ। ਸਿਧਾਣਾ ਨੇ ਇਕੱਠ ਵਿਚ ਸੂਬੇ ਦੇ ਇਨਸਾਫ਼ ਪਸੰਦ ਅਤੇ ਲੋਕ ਮਾਰੂ ਨੀਤੀਆਂ ਖ਼ਿਲਾਫ਼ ਸੰਘਰਸ਼ ਕਰਨ ਵਾਲਿਆਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ।

## 'ਆਪ ਸਰਕਾਰ ਬਣਨ ਪਿੱਛੋਂ ਵੱਖਵਾਦੀਆਂ ਦੀ ਸਰਗਰਮੀ ਵਧੀ'



**ਜਲੰਧਰ:** ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਨਾਲ ਹੀ ਵੱਖਵਾਦੀ ਤਾਕਤਾਂ ਦੇ ਮੁੜ ਸੂਬੇ ਵਿਚ ਸਰਗਰਮ ਹੋਣ ਨੂੰ ਪੰਜਾਬ ਦੀ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਲਈ ਖਤਰਾ ਦੱਸਦਿਆਂ ਸਾਬਕਾ ਸੰਸਦ ਮੈਂਬਰ ਅਤੇ ਭਾਜਪਾ ਆਗੂ ਸੁਨੀਲ ਜਾਖੜ ਨੇ ਇਸ ਮੁੱਦੇ 'ਤੇ ਮੁੱਖ ਮੰਤਰੀ ਨੂੰ ਆਪਣਾ ਸਟੈਂਡ ਸਪਸ਼ਟ ਕਰਨ ਲਈ ਕਿਹਾ ਹੈ।

ਭਾਜਪਾ ਵੱਲੋਂ ਕਰਵਾਈ ਜਨਤਾ ਦੀ ਵਿਧਾਨ ਸਭਾ ਵਿਚ ਲੋਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ 2017 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 'ਆਪ' ਦੇ ਆਗੂ ਵੱਖਵਾਦੀ ਲੋਕਾਂ ਦੇ ਘਰਾਂ ਵਿਚ ਰਹਿਣ ਲਈ ਪਹੁੰਚੇ ਸਨ। ਉਸ ਵੇਲੇ ਪੰਜਾਬ ਦੇ ਸੂਝਵਾਨ ਲੋਕਾਂ ਨੇ ਇਨ੍ਹਾਂ ਦੇ ਇਰਾਦਿਆਂ ਨੂੰ ਸਮਝਦਿਆਂ ਇਨ੍ਹਾਂ ਨੂੰ ਨਕਾਰ ਦਿੱਤਾ ਸੀ ਪਰ ਹੁਣ ਪੰਜਾਬ ਵਿਚ 'ਆਪ' ਦੀ ਸਰਕਾਰ ਬਣਨ ਮਗਰੋਂ ਵੱਖਵਾਦੀ ਵਿਦੇਸ਼ਾਂ ਤੋਂ ਪਰਤ ਆਏ ਹਨ ਤੇ ਪੰਜਾਬ ਦੀ ਅਮਨ ਸ਼ਾਂਤੀ ਭੰਗ ਕਰਨ ਦੀਆਂ ਗੱਲਾਂ ਕਰਨ ਲੱਗੇ ਹਨ।

ਉਨ੍ਹਾਂ ਕਿਹਾ ਕਿ 'ਆਪ' ਦੀ ਸਰਕਾਰ ਬਣਨ ਤੇ ਵੱਖਵਾਦੀਆਂ ਦੀਆਂ ਸਰਗਰਮੀਆਂ ਵਿਚ ਕੀ ਸਾਂਝ ਹੈ, ਇਸ ਬਾਰੇ ਮੁੱਖ ਮੰਤਰੀ ਨੂੰ ਆਪਣੀ ਸਥਿਤੀ ਸਪਸ਼ਟ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੌਮੀ ਸੁਰੱਖਿਆ ਦੇ ਮੱਦੇਨਜ਼ਰ ਪੰਜਾਬ ਵਿਚ ਵਧ ਰਹੇ ਗੈਂਗਸਟਰ ਕਲਚਰ ਨੂੰ ਸਖ਼ਤੀ ਨਾਲ ਰੋਕਿਆ ਜਾਵੇ।

### ਪੰਜਾਬ 'ਚ ਹਾਲਾਤ ਵਿਗੜਨ ਪਿੱਛੇ ਪਾਕਿਸਤਾਨ ਦਾ ਹੱਥ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਹਫੜਾ-ਦਫੜੀ ਅਤੇ ਵਿਗੜਨ ਹਾਲਾਤ ਪਿੱਛੇ ਪਾਕਿਸਤਾਨ ਦਾ ਹੱਥ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲੋਂ ਡਰੋਨਾਂ ਰਾਹੀਂ ਪੰਜਾਬ ਵਿਚ ਭਾਰੀ ਮਾਤਰਾ ਵਿਚ ਹਥਿਆਰ ਤੇ ਨਸ਼ੀਲੇ ਪਦਾਰਥ ਭੇਜੇ ਜਾ ਰਹੇ ਹਨ, ਜਿਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਇਸ ਨੂੰ ਰੋਕਣ ਵਿਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਪੰਜਾਬ ਦੇ ਭਵਿੱਖ ਨੂੰ ਸੰਵਾਰਨਾ ਅਤੇ ਸੰਭਾਲਣਾ ਸਭ ਦੀ ਜ਼ਿੰਮੇਵਾਰੀ ਹੈ। ਇਸ ਦੇ ਲਈ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ।

## ਕੇਂਦਰ ਤੋਂ ਖੇਤੀ ਪੰਪਾਂ ਨੂੰ ਸੂਰਜੀ ਊਰਜਾ 'ਤੇ ਕਰਨ ਲਈ ਵਿੱਤੀ ਸਹਾਇਤਾ ਮੰਗੀ

**ਚੰਡੀਗੜ੍ਹ:** ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਉੱਤਰ ਪੂਰਬੀ ਅਤੇ ਪਹਾੜੀ ਰਾਜਾਂ ਦੀ ਤਰਜ਼ 'ਤੇ 15 ਹਾਰਸ ਪਾਵਰ (ਐਚ.ਪੀ.) ਸਮਰੱਥਾ ਤੱਕ ਦੇ ਖੇਤੀ ਪੰਪਾਂ ਨੂੰ ਸੂਰਜੀ ਊਰਜਾ 'ਤੇ ਕਰਨ ਲਈ ਕੇਂਦਰੀ ਵਿੱਤੀ ਸਹਾਇਤਾ (ਸੀ.ਐਫ.ਏ.) ਦੀ ਮੰਗ ਕੀਤੀ ਹੈ।

ਇਹ ਸਹਾਇਤਾ ਪੀ.ਐਮ-ਕੁਸੁਮ ਸਕੀਮ ਤਹਿਤ ਦਿੱਤੀ ਜਾਂਦੀ ਹੈ। ਕੈਬਨਿਟ ਮੰਤਰੀ ਨੇ ਬਿਜਲੀ, ਨਵੀਂ ਤੇ ਨਵਿਆਉਣਯੋਗ ਊਰਜਾ ਬਾਰੇ ਕੇਂਦਰੀ ਮੰਤਰੀ ਆਰ.ਕੇ. ਸਿੰਘ ਨੂੰ ਪੱਤਰ ਲਿਖ ਕੇ ਪੰਜਾਬ ਨੂੰ ਇਸ ਸਕੀਮ ਦੇ ਦਾਇਰੇ ਤੋਂ ਬਾਹਰ ਰੱਖਣ ਦਾ ਮੁੱਦਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਨੇ ਪਹਿਲੀ ਅਗਸਤ 2022 ਨੂੰ ਉੱਤਰ ਪੂਰਬੀ ਤੇ ਪਹਾੜੀ ਰਾਜਾਂ ਦੇ ਕਿਸਾਨਾਂ ਨੂੰ 15 ਐਚ.ਪੀ. ਸਮਰੱਥਾ ਤੱਕ ਦੇ ਖੇਤੀ ਪੰਪਾਂ ਲਈ ਸੀ.ਐਫ.ਏ. ਮੁਹੱਈਆ ਕਰਨ ਦਾ ਪ੍ਰਬੰਧ ਕੀਤਾ ਹੈ, ਜਦਕਿ ਪੰਜਾਬ ਵਿਚ ਇਹ ਸਹੂਲਤ ਸਿਰਫ 7.5 ਐਚ.ਪੀ. ਤੱਕ ਹੈ। ਨਵੀਂ ਤੇ ਨਵਿਆਉਣਯੋਗ ਊਰਜਾ ਮੰਤਰਾਲਾ ਪੀ.ਐਮ-ਕੁਸੁਮ ਸਕੀਮ ਦੇ ਕੰਪੋਨੈਂਟ-ਬੀ ਅਤੇ ਸੀ ਤਹਿਤ 7.5 ਐਚ.ਪੀ. ਤੱਕ ਦੀ ਸਮਰੱਥਾ ਵਾਲੇ ਖੇਤੀਬਾੜੀ ਪੰਪਾਂ ਦੀ ਸੋਲਰਾਈਜੇਸ਼ਨ ਲਈ 30 ਫੀਸਦ ਸੀ.ਐਫ.ਏ. ਮੁਹੱਈਆ ਕਰਵਾ ਰਿਹਾ ਹੈ। ਨਵੀਂ ਤੇ ਨਵਿਆਉਣਯੋਗ ਊਰਜਾ ਮੰਤਰਾਲੇ ਵੱਲੋਂ ਪੰਜਾਬ ਲਈ ਕੰਪੋਨੈਂਟ-ਬੀ ਅਧੀਨ 50,000 ਆਫ ਗਰਿੱਡ ਪੰਪਾਂ ਅਤੇ ਕੰਪੋਨੈਂਟ-ਸੀ ਤਹਿਤ 1.25 ਲੱਖ ਬਿਜਲੀ ਮੋਟਰਾਂ ਨੂੰ ਸੂਰਜੀ ਊਰਜਾ 'ਤੇ ਕਰਨ ਦਾ ਟੀਚਾ ਨਿਰਧਾਰਤ ਕੀਤਾ ਹੈ।

## ਸ਼ਹੀਦ ਭਗਤ ਸਿੰਘ ਯੁਵਾ ਐਵਾਰਡ ਮੁੜ ਸ਼ੁਰੂ ਕਰਨ ਦਾ ਐਲਾਨ

**ਬੰਗਾ:** ਸ਼ਹੀਦ ਭਗਤ ਸਿੰਘ ਦੀ ਜਨਮ ਵਰ੍ਹੇਗੰਢ ਮੌਕੇ ਪੰਜਾਬ ਵਾਸੀਆਂ ਨੂੰ ਵੱਡਾ ਤੋਹਫਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹੀਦ ਭਗਤ ਸਿੰਘ ਯੁਵਾ ਐਵਾਰਡ ਮੁੜ ਸ਼ੁਰੂ ਕਰਨ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਸ਼ਹੀਦ ਦੇ ਨਾਂ ਉਤੇ ਚੇਅਰ ਸਥਾਪਤ ਕਰਨ ਦਾ ਐਲਾਨ ਕੀਤਾ ਹੈ।

ਇਥੇ ਖਟਕੜ ਕਲਾਂ ਵਿਚ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਐਵਾਰਡ ਵੱਖ-ਵੱਖ ਖੇਤਰਾਂ ਵਿਚ ਵਿਲੱਖਣ ਯੋਗਦਾਨ ਪਾਉਣ ਵਾਲੇ 46 ਨੌਜਵਾਨਾਂ ਨੂੰ ਹਰ ਸਾਲ ਦਿੱਤਾ ਜਾਵੇਗਾ। ਐਵਾਰਡ ਵਿਚ ਪ੍ਰਸੰਸਾ ਪੱਤਰ ਤੋਂ ਇਲਾਵਾ 51000 ਰੁਪਏ ਦਾ ਨਗਦ ਇਨਾਮ ਵੀ ਹੋਵੇਗਾ। ਇਸ ਦੌਰਾਨ ਮੁੱਖ ਮੰਤਰੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਸੂਬਾ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਦੇ ਨਾਂ ਉਤੇ ਚੇਅਰ ਸਥਾਪਤ ਕਰਨ ਦਾ ਵੀ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਇਹ ਚੇਅਰ ਸ਼ਹੀਦ ਭਗਤ ਦੇ ਜੀਵਨ ਤੇ ਵਿਚਾਰਧਾਰਾ ਉਤੇ ਖੋਜ ਕਰਨ ਦੀ ਜ਼ਿੰਮੇਵਾਰੀ ਨਿਭਾਉਣ ਦੇ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਸ਼ ਸੇਵਾ ਲਈ ਪ੍ਰੇਰਿਤ ਕਰੇਗੀ। ਮੁੱਖ ਮੰਤਰੀ ਨੇ ਆਪਣੇ ਸੰਬੋਧਨ ਵਿਚ ਲੋਕਾਂ ਨੂੰ ਇਹ ਪ੍ਰਣ ਕਰਨ ਦਾ ਸੱਦਾ ਦਿੱਤਾ ਕਿ ਉਹ ਚੰਗੇ ਮੌਕਿਆਂ ਦੀ ਤਲਾਸ਼ ਵਿਚ ਆਪਣਾ ਵਤਨ ਛੱਡ ਕੇ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਹ ਅਹਿਦ ਲੈਣਾ ਚਾਹੀਦਾ ਹੈ ਕਿ ਬਿਹਤਰ ਜ਼ਿੰਦਗੀ ਦੀ ਭਾਲ ਵਿਚ ਦੇਸ਼ ਛੱਡ ਕੇ ਜਾਣ ਦੀ ਬਜਾਏ ਇਥੇ ਹੀ ਸ਼ਾਸਨ ਪ੍ਰਣਾਲੀ ਨੂੰ ਸੁਧਾਰਾਂਗੇ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਸਰਕਾਰ ਪੰਜਾਬ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਦੇ ਸੁਪਨੇ ਅਜੇ ਵੀ ਸਾਕਾਰ ਨਹੀਂ ਹੋਏ



ਕਿਉਂਕਿ ਭ੍ਰਿਸ਼ਟਾਚਾਰ, ਕੁਨਬਾਪ੍ਰਸਤੀ ਅਤੇ ਗੁਰਬਤ ਦੀਆਂ ਜੜ੍ਹਾਂ ਅਜੇ ਵੀ ਮੌਜੂਦ ਹਨ। ਉਨ੍ਹਾਂ ਕਿਹਾ ਕਿ ਜਿਹੜੇ ਵੀ ਸ਼ਾਸਕ ਬਰਤਾਨਵੀ ਹਕੂਮਤ ਤੋਂ ਬਾਅਦ ਸੱਤਾ ਵਿਚ ਆਏ, ਉਨ੍ਹਾਂ ਵਿਦੇਸ਼ੀ ਹਾਕਮਾਂ ਤੋਂ ਵੀ ਵੱਧ ਬੇਰਹਿਮੀ ਨਾਲ ਮੁਲਕ ਨੂੰ ਲੁੱਟਿਆ। ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਨੂੰ ਵੀ ਮਾਤ ਭੂਮੀ ਲਈ ਮਹਾਨ ਸ਼ਹੀਦਾਂ ਦੇ ਯੋਗਦਾਨ ਉਤੇ ਸਵਾਲ ਚੁੱਕਣ ਦਾ ਹੱਕ ਨਹੀਂ ਹੈ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਮੁਹਾਲੀ ਵਿਚ ਕੌਮਾਂਤਰੀ ਹਵਾਈ ਅੱਡੇ ਨੇੜੇ ਸ਼ਹੀਦ ਭਗਤ ਸਿੰਘ ਦਾ 5-ਡੀ ਬੁੱਤ ਸਥਾਪਤ ਕਰੇਗੀ।

### ਭਗਤ ਸਿੰਘ ਨੂੰ ਸਰਵਉੱਚ ਨਾਗਰਿਕ ਐਵਾਰਡ ਦੇਣ ਦੀ ਮੰਗ

**ਲਾਹੌਰ:** ਪਾਕਿਸਤਾਨ ਵਿਚ ਗੈਰ-ਸਰਕਾਰੀ ਸੰਸਥਾ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਨੇ ਭਾਰਤ ਤੇ ਪਾਕਿਸਤਾਨ ਸਰਕਾਰ ਤੋਂ ਆਜ਼ਾਦੀ ਘੁਲਾਟੀਏ ਸ਼ਹੀਦ ਭਗਤ ਸਿੰਘ ਨੂੰ ਸਰਵਉੱਚ ਨਾਗਰਿਕ ਐਵਾਰਡ ਦੇਣ ਦੀ ਮੰਗ ਕੀਤੀ ਹੈ। ਲਾਹੌਰ ਹਾਈ ਕੋਰਟ ਕੰਪਲੈਕਸ ਵਿਚ ਵਕੀਲ ਭਾਈਚਾਰੇ ਵੱਲੋਂ ਭਗਤ ਸਿੰਘ ਦੇ 115ਵੇਂ ਜਨਮ ਦਿਹਾੜੇ ਮੌਕੇ ਸਮਾਗਮ ਦੌਰਾਨ ਸੰਸਥਾ ਦੇ ਚੇਅਰਮੈਨ ਇਮਤਿਆਜ਼ ਰਸ਼ੀਦ ਕੁਰੈਸ਼ੀ ਨੇ ਸ਼ਹੀਦ ਭਗਤ ਸਿੰਘ ਸ਼ਰਧਾਂਜਲੀ ਦਿੱਤੀ। ਕੁਰੈਸ਼ੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੂੰ ਅਪੀਲ ਕੀਤੀ ਕਿ ਭਗਤ ਸਿੰਘ ਬਹਾਦਰੀ ਅਤੇ ਉਪ ਮਹਾਂਦੀਪ ਦੇ ਲੋਕਾਂ ਲਈ ਦਿੱਤੀ ਸ਼ਹਾਦਤ ਦੇ ਸਨਮਾਨ ਵਜੋਂ ਉਨ੍ਹਾਂ (ਭਗਤ ਸਿੰਘ) ਨੂੰ ਸਰਵਉੱਚ ਨਾਗਰਿਕ ਐਵਾਰਡ ਦਿੱਤਾ ਜਾਵੇ।

# ਭਗਵੰਤ ਵੱਲੋਂ ਗੁਜਰਾਤ ਦੇ ਪੰਜਾਬੀ ਕਿਸਾਨਾਂ ਨਾਲ ਡਟ ਕੇ ਖੜ੍ਹਨ ਦਾ ਭਰੋਸਾ

**ਚੰਡੀਗੜ੍ਹ:** ਗੁਜਰਾਤ ਵਿਚ ਉਜਾੜੇ ਦਾ ਖੌਫ ਝੱਲ ਰਹੇ ਪੰਜਾਬੀ ਕਿਸਾਨਾਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਭਰੋਸਾ ਦਿੱਤਾ ਕਿ ਗੁਜਰਾਤ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਪੰਜਾਬ ਦੇ ਕਿਸਾਨਾਂ ਦੀ ਬਾਂਹ ਫੜੀ ਜਾਵੇਗੀ। ਗੁਜਰਾਤ ਵਿਚ ਵੱਸਦੇ ਪੰਜਾਬੀ ਕਿਸਾਨਾਂ ਨੇ ਗਾਂਧੀ ਧਾਮ ਵਿਚ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਨਿੱਘਾ ਸਵਾਗਤ ਕੀਤਾ। ਗਾਂਧੀ ਧਾਮ ਵਿਚ ਹੋਈ ਇਕ ਜਨਤਕ ਰੈਲੀ ਵਿਚ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੇ ਵੀ ਸ਼ਮੂਲੀਅਤ ਕੀਤੀ। ਗੁਜਰਾਤ 'ਚ ਪੰਜਾਬੀ ਕਿਸਾਨਾਂ ਦੀ ਅਗਵਾਈ ਕਰਨ ਵਾਲੇ ਪ੍ਰਿਥੀ ਸਿੰਘ ਨੇ ਦੱਸਿਆ ਕਿ ਗੁਜਰਾਤ ਪੁਲਿਸ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਅਰਵਿੰਦ ਕੇਜਰੀਵਾਲ ਨੂੰ ਮਿਲਣ ਦੇ ਰਾਹ ਵਿਚ ਅੜਿੱਕੇ ਡਾਹੇ ਜਦੋਂ ਕਿ ਕਿਸਾਨਾਂ ਦੀ ਮਿਲਣੀ ਪਹਿਲਾਂ ਹੀ ਤੈਅ ਸੀ ਅਤੇ ਪਾਸ ਵਗੈਰਾ ਵੀ ਬਣਾਏ ਹੋਏ ਸਨ। ਉਨ੍ਹਾਂ ਦੱਸਿਆ ਕਿ ਰੈਲੀ ਖਤਮ ਹੋਣ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਸੰਖੇਪ ਮਿਲਣੀ ਕਰ ਕੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਕਿਸੇ ਵੀ ਕਿਸਾਨ ਨੂੰ ਗੁਜਰਾਤ 'ਚੋਂ ਉਜੜਨ ਨਹੀਂ ਦਿੱਤਾ ਜਾਵੇਗਾ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਬਤੌਰ ਸੰਸਦ ਮੈਂਬਰ ਵੀ ਗੁਜਰਾਤ ਵਿਚਲੇ ਪੰਜਾਬੀ ਕਿਸਾਨਾਂ ਦੇ ਮਸਲੇ ਕੇਂਦਰ ਸਰਕਾਰ ਕੋਲ



ਉਠਾਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਪੰਜਾਬੀ ਕਿਸਾਨਾਂ ਨੂੰ ਉਜੜਨ ਨਹੀਂ ਦੇਣਗੇ। ਕਿਸਾਨਾਂ ਦੇ ਵਫਦ ਨੇ ਦੱਸਿਆ ਕਿ ਉਨ੍ਹਾਂ ਦੀ ਟੇਕ ਆਮ ਆਦਮੀ ਪਾਰਟੀ 'ਤੇ ਹੈ। ਪਿੰਡ ਨਰੌਣਾ ਦੇ ਕਿਸਾਨ ਬਿੱਕਰ ਸਿੰਘ ਤੋਂ ਇਲਾਵਾ ਸੁਖਮਿੰਦਰ ਸਿੰਘ ਤੇ ਲਖਵੀਰ ਸਿੰਘ ਦਾ ਕਹਿਣਾ ਸੀ ਕਿ ਰੈਲੀ ਮਗਰੋਂ ਸਮੇਂ ਦੀ ਘਾਟ ਕਰ ਕੇ ਵਿਸਥਾਰ ਵਿਚ ਤਾਂ ਗੱਲ ਨਹੀਂ ਹੋ ਸਕੀ ਪ੍ਰੰਤੂ ਭਗਵੰਤ ਮਾਨ ਨੇ ਉਨ੍ਹਾਂ ਦੀ ਗੱਲ ਸੁਣ ਕੇ ਭਰੋਸਾ ਜ਼ਰੂਰ ਦਿੱਤਾ ਹੈ।

ਕਿਸਾਨ ਜੀਤ ਸਿੰਘ ਅਤੇ ਸਾਗਰ ਸਿੰਘ ਦਾ ਵੀ ਇਹੀ ਕਹਿਣਾ ਸੀ ਕਿ ਫਿਲਹਾਲ ਉਨ੍ਹਾਂ ਦੀ ਟੇਕ ਤਾਂ ਆਮ ਆਦਮੀ ਪਾਰਟੀ 'ਤੇ ਹੈ ਕਿਉਂਕਿ ਭਾਜਪਾ ਸਰਕਾਰ ਨੇ ਤਾਂ ਉਨ੍ਹਾਂ ਨੂੰ ਲਾਰਿਆਂ ਵਿਚ ਹੀ ਰੱਖਿਆ ਹੈ। ਕਿਸਾਨਾਂ ਦਾ ਗਿਲਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਨੇ ਵੀ ਆਪਣੀ ਹਕੂਮਤ ਦੌਰਾਨ ਗੁਜਰਾਤ ਦੇ ਕਿਸਾਨਾਂ ਦੀ ਬਾਂਹ ਨਹੀਂ ਫੜੀ। ਪੰਜਾਬੀ ਕਿਸਾਨਾਂ ਨੇ ਗੁਜਰਾਤ ਵਿਚ 'ਆਪ' ਦੇ ਦੋ ਦਿਨਾਂ ਪ੍ਰੋਗਰਾਮਾਂ 'ਚ ਪੁੱਜੇ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਉਹ ਪੰਜਾਬੀ ਕਿਸਾਨਾਂ ਨੂੰ ਉਜਾੜੇ ਦੀ ਲਟਕ ਰਹੀ ਤਲਵਾਰ ਤੋਂ ਮੁਕਤੀ ਦਿਵਾਉਣ। ਦੱਸਣਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਲਾਲ ਬਹਾਦਰ ਸ਼ਾਸਤਰੀ ਨੇ 1964 ਵਿਚ 'ਜੈ ਜਵਾਨ, ਜੈ ਕਿਸਾਨ' ਦੇ ਨਾਅਰੇ ਤਹਿਤ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਭੁਜ ਖੇਤਰ ਵਿਚ ਜ਼ਮੀਨਾਂ ਅਲਾਟ ਕੀਤੀਆਂ ਸਨ। ਸੂਬੇ ਵਿਚ ਕਰੀਬ 20 ਹਜ਼ਾਰ ਏਕੜ ਜ਼ਮੀਨ ਪੰਜਾਬੀ ਕਿਸਾਨਾਂ ਕੋਲ ਹੈ। ਗੁਜਰਾਤ ਵਿਚ ਕਰੀਬ ਪੰਜ ਹਜ਼ਾਰ ਪੰਜਾਬੀ ਕਿਸਾਨਾਂ ਦੇ ਪਰਿਵਾਰ ਹਨ ਜਿਹੜੇ ਲੰਬੇ ਸਮੇਂ ਤੋਂ ਜ਼ਮੀਨਾਂ ਬਚਾਉਣ ਲਈ ਲੜਾਈ ਲੜ ਰਹੇ ਹਨ। ਕੁਝ ਸਮਾਂ ਪਹਿਲਾਂ ਗੁਜਰਾਤ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਦੀ ਜ਼ਮੀਨ ਦੀ ਮਾਲਕੀ ਮਾਲ ਵਿਭਾਗ ਦੇ ਰਿਕਾਰਡ ਵਿਚ ਰੈੱਡ ਲਾਈਨ 'ਚ ਕਰ ਦਿੱਤੀ ਸੀ ਜਿਸ ਨੂੰ ਕਿਸਾਨਾਂ ਨੇ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ ਕਿਸਾਨਾਂ ਨੂੰ ਰਾਹਤ ਦੇ ਦਿੱਤੀ ਸੀ ਪਰ ਗੁਜਰਾਤ ਸਰਕਾਰ ਇਸ ਫੈਸਲੇ ਖਿਲਾਫ ਸੁਪਰੀਮ ਕੋਰਟ ਚਲੀ ਗਈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 23 ਫਰਵਰੀ 2014 ਨੂੰ ਜਗਰਾਉਂ ਵਿਚ ਕੀਤੀ 'ਫਤਹਿ ਰੈਲੀ' ਵਿਚ ਵਾਅਦਾ ਕੀਤਾ ਸੀ ਕਿ ਗੁਜਰਾਤ 'ਚੋਂ ਕਿਸੇ ਵੀ ਸਿੱਖ ਕਿਸਾਨ ਨੂੰ ਉਜੜਨ ਨਹੀਂ ਦਿੱਤਾ ਜਾਵੇਗਾ।

### ਕੇਜਰੀਵਾਲ ਦੀ ਦਾਅਵਤ ਵਾਲਾ ਆਟੋ ਡਰਾਈਵਰ ਮੋਦੀ ਦਾ ਪ੍ਰਸ਼ੰਸਕ

**ਅਹਿਮਦਾਬਾਦ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅਹਿਮਦਾਬਾਦ ਵਿਚ ਆਪਣੇ ਘਰ ਖਾਣੇ ਦਾ ਸੱਦਾ ਦੇਣ ਵਾਲੇ ਆਟੋ ਚਾਲਕ ਵਿਕਰਮ ਦਨਤਾਨੀ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵੱਡਾ ਪ੍ਰਸ਼ੰਸਕ ਹੈ। ਉਸ ਨੂੰ ਗੁਜਰਾਤ ਦੇ ਥਲਤੇਜ ਇਲਾਕੇ ਵਿਚ ਪ੍ਰਧਾਨ ਮੰਤਰੀ ਮੋਦੀ ਦੀ ਰੈਲੀ ਵਿਚ ਦੇਖਿਆ ਗਿਆ ਜਿੱਥੇ ਉਸ ਨੇ ਭਗਵਾ ਸਕਾਰਫ ਅਤੇ ਟੋਪੀ ਪਹਿਨੀ ਹੋਈ ਸੀ। ਵਿਕਰਮ ਨੇ ਕਿਹਾ ਕਿ ਉਸ ਨੇ ਅਹਿਮਦਾਬਾਦ ਦੇ ਟਾਊਨ ਹਾਲ 'ਚ 13 ਸਤੰਬਰ ਨੂੰ ਕੇਜਰੀਵਾਲ ਨੂੰ ਖਾਣੇ ਦਾ ਸੱਦਾ ਆਟੋਰਿਕਸ਼ਾ ਯੂਨੀਅਨ ਦੇ ਆਗੂਆਂ ਵੱਲੋਂ ਕਹਿਣ 'ਤੇ ਦਿੱਤਾ ਸੀ।

### ਰਾਘਵ ਚੱਢਾ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦੇ ਆਗੂ ਰਾਘਵ ਚੱਢਾ ਨੂੰ ਗੁਜਰਾਤ ਵਿਚ ਪਾਰਟੀ ਦੇ ਸਿਆਸੀ ਮਾਮਲਿਆਂ ਦਾ ਸਹਿ ਇੰਚਾਰਜ ਨਿਯੁਕਤ ਕੀਤੇ ਜਾਣ ਦੇ ਬਾਅਦ ਤੋਂ ਹੀ ਗ੍ਰਿਫਤਾਰ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਫਿਲਹਾਲ, ਕੇਜਰੀਵਾਲ ਨੇ ਇਹ ਨਹੀਂ ਦੱਸਿਆ ਕਿ ਕਿਹੜੀ ਏਜੰਸੀ ਚੱਢਾ ਨੂੰ ਗ੍ਰਿਫਤਾਰ ਕਰਨ ਦੀ ਕਥਿਤ ਯੋਜਨਾ 'ਤੇ ਕੰਮ ਕਰ ਰਹੀ ਹੈ ਅਤੇ ਉਨ੍ਹਾਂ 'ਤੇ ਕੀ ਦੋਸ਼ ਹਨ।

## ਸਰਕਾਰ ਫਾਇਰਮੈਨ ਤੇ ਡਰਾਈਵਰਾਂ ਦੀਆਂ ਅਸਾਮੀਆਂ ਭਰੇਗੀ




**ਚੰਡੀਗੜ੍ਹ:** ਮੰਤਰੀ ਕੈਬਨਿਟ ਇੰਦਰਬੀਰ ਸਿੰਘ ਨਿੱਜਰ ਨੇ ਦੱਸਿਆ ਕਿ ਸਰਕਾਰ ਨੇ 990 ਫਾਇਰਮੈਨਾਂ ਤੇ 336 ਡਰਾਈਵਰਾਂ ਦੀ ਅਸਾਮੀਆਂ ਭਰਨ ਦਾ ਫੈਸਲਾ ਕੀਤਾ ਹੈ। ਸਰਕਾਰ ਨੇ ਜਰਮਨੀ ਤੋਂ ਟਰਨਟੇਬਲ ਵਾਹਨ ਖਰੀਦਣ ਦਾ ਆਰਡਰ ਦਿੱਤਾ ਹੈ। ਮੰਤਰੀ ਨੇ ਦੱਸਿਆ ਕਿ ਸਰਕਾਰ ਵੱਲੋਂ ਲਾਲੜੂ ਵਿਚ ਇਕ ਟਰੇਨਿੰਗ ਸਕੂਲ ਲਈ ਜ਼ਮੀਨ ਦੀ ਨਿਸ਼ਾਨਦੇਹੀ ਵੀ ਕੀਤੀ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸੁਖਵਿੰਦਰ ਸੁੱਖੀ ਨੇ ਸੂਬੇ ਵਿਚ ਕੁੱਤਿਆਂ ਦਾ ਮੁੱਦਾ ਚੁੱਕਿਆ। ਇਸ ਦੇ ਜਵਾਬ 'ਚ ਮੰਤਰੀ ਨਿੱਜਰ ਨੇ ਕਿਹਾ ਕਿ ਇਹ ਸਮੱਸਿਆ ਸਰਕਾਰ ਲਈ ਵੱਡੀ ਚੁਣੌਤੀ ਹੈ ਅਤੇ ਇਸ ਦੇ ਹੱਲ ਲਈ ਸਾਂਝਾ ਪਲੇਟਫਾਰਮ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਚੀਨੀ ਵਾਇਰਸ ਨਾਲ ਨੁਕਸਾਨੀ ਝੋਨੇ ਦੀ ਫਸਲ 'ਤੇ ਮੁਆਵਜ਼ੇ ਬਾਰੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਪੇਸ਼ ਨੋਟਿਸ ਦੇ ਜਵਾਬ 'ਚ ਮਾਲ ਅਤੇ ਜਲ ਸਰੋਤ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ, "ਮੈਂ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਗਿਰਦਾਵਰੀ ਰਿਪੋਰਟ ਜਮ੍ਹਾਂ ਕਰਵਾਉਣ ਲਈ ਕਿਹਾ ਹੈ। ਮੀਂਹ ਜਾਂ ਵਾਇਰਸ ਕਾਰਨ ਮਾਰ ਝੱਲਣ ਵਾਲੇ ਸਾਰੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ।"

## ਪੰਜਾਬ ਵਿਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ

**ਚੰਡੀਗੜ੍ਹ:** ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਰਾਜ ਵਿਚ ਝੋਨੇ ਦੀ ਸਰਕਾਰੀ ਖਰੀਦ ਦੀ ਸ਼ੁਰੂਆਤ ਰਾਜਪੁਰਾ ਦੀ ਅਨਾਜ ਮੰਡੀ ਤੋਂ ਕਰਵਾਈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਝੋਨੇ ਦੀ ਖਰੀਦ ਮੌਕੇ ਕਿਸਾਨਾਂ ਨੂੰ ਮੰਡੀਆਂ ਵਿਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਸ੍ਰੀ ਕਟਾਰੂਚੱਕ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਫਸਲ ਦਾ ਇਕ-ਇਕ ਦਾਣਾ ਖਰੀਦਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਖਰੀਦ ਕੀਤੇ ਝੋਨੇ ਦੀ 24 ਘੰਟਿਆਂ ਵਿਚ ਅਦਾਇਗੀ ਵੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਫਸਲ ਨੂੰ ਸਾਂਭਣ ਲਈ ਪੰਜ ਲੱਖ ਗੱਟਿਆਂ ਦੀ ਜ਼ਰੂਰਤ ਹੈ ਤੇ ਸਰਕਾਰ ਕੋਲ ਸਵਾ ਪੰਜ ਲੱਖ ਗੱਟੇ ਪਹੁੰਚ ਚੁੱਕੇ ਹਨ। ਆਰ.ਬੀ.ਆਈ. ਵੱਲੋਂ ਅਕਤੂਬਰ ਮਹੀਨੇ ਲਈ 36,999 ਕਰੋੜ ਰੁਪਏ ਦੀ ਕੈਸ਼ ਕਰੈਡਿਟ ਲਿਮਟ ਪੰਜਾਬ ਸਰਕਾਰ ਕੋਲ ਆ ਚੁੱਕੀ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਮੌਜੂਦਾ ਸੀਜ਼ਨ ਦੌਰਾਨ ਪੰਜਾਬ ਮੰਡੀ ਬੋਰਡ ਵੱਲੋਂ 1804 ਪੱਕੀਆਂ ਮੰਡੀਆਂ ਤੇ 364 ਆਰਜ਼ੀ ਮੰਡੀਆਂ ਨੋਟੀਫਾਈ ਕੀਤੀਆਂ ਗਈਆਂ ਹਨ ਜਿਥੇ ਝੋਨੇ ਦੀ ਖਰੀਦ ਅਤੇ ਲਿਫਟਿੰਗ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।



ਉਨ੍ਹਾਂ ਦੱਸਿਆ ਕਿ ਮੰਡੀਆਂ ਵਿਚ ਕਿਸਾਨਾਂ ਦੀ ਮੁਸ਼ਕਲ ਨੂੰ ਦੂਰ ਕਰਨ ਲਈ ਸ਼ਿਕਾਇਤ ਨਿਵਾਰਨ ਕਮੇਟੀਆਂ ਦਾ ਗਠਨ ਵੀ ਕੀਤਾ ਗਿਆ ਹੈ ਜਿਸ ਵਿਚ ਕਿਸਾਨਾਂ ਦੇ ਨੁਮਾਇੰਦੇ, ਆੜ੍ਹਤੀਆਂ ਦੇ ਨੁਮਾਇੰਦੇ ਅਤੇ ਸਰਕਾਰੀ ਅਧਿਕਾਰੀ ਵੀ ਸ਼ਾਮਲ ਹਨ। ਸ੍ਰੀ ਕਟਾਰੂਚੱਕ ਨੇ ਕਿਹਾ ਕਿ ਬਾਹਰਲੇ ਸੂਬਿਆਂ ਵਿਚੋਂ ਆਉਣ ਵਾਲੇ ਝੋਨੇ ਉਤੇ ਪੂਰੀ ਤਰ੍ਹਾਂ ਮਨਾਹੀ ਹੈ। ਮਿਲਰਜ਼ ਨੂੰ ਲੈ ਕੇ ਜੋ ਪਾਲਿਸੀ ਬਣੀ ਹੈ, ਉਸ ਪਾਲਿਸੀ ਅਨੁਸਾਰ ਬਾਹਰੋਂ ਇਕ ਵੀ ਦਾਣਾ ਆਉਣ ਦੀ ਗੁੰਜਾਇਸ਼ ਨਹੀਂ ਹੈ। ਇਸ ਕਰ ਕੇ ਪੰਜਾਬ ਦੇ ਕਿਸਾਨਾਂ ਦਾ ਹੀ ਮੰਡੀਆਂ ਵਿਚ ਝੋਨਾ ਖਰੀਦਿਆ ਜਾਵੇਗਾ।

# ਮਿਸ਼ਨ ਗੁਜਰਾਤ: ਪੰਜਾਬ ਦੇ ਵਿਧਾਇਕ ਅਤੇ ਵਜ਼ੀਰ ਪੱਲਿਓਂ ਖਰਚਾ ਕਰਕੇ ਕਰਨਗੇ ਪ੍ਰਚਾਰ

**ਚੰਡੀਗੜ੍ਹ:** ਪੰਜਾਬ ਦੇ 'ਆਪ' ਵਿਧਾਇਕ ਤੇ ਵਜ਼ੀਰ 'ਗੁਜਰਾਤ ਮਿਸ਼ਨ' ਉਤੇ ਜਾਣਗੇ। ਅਗਾਮੀ ਗੁਜਰਾਤ ਚੋਣਾਂ ਦੇ ਮੱਦੇਨਜ਼ਰ ਦਿੱਲੀ ਤੇ ਪੰਜਾਬ 'ਚੋਂ 'ਆਪ' ਵਿਧਾਇਕ ਚੋਣਾਂ ਤੱਕ ਉਥੇ ਹੀ ਤਾਇਨਾਤ ਕੀਤੇ ਜਾਣੇ ਹਨ। ਪੰਜਾਬ ਵਿਧਾਨ ਸਭਾ ਦਾ ਮੌਜੂਦਾ ਇਜਲਾਸ 3 ਅਕਤੂਬਰ ਨੂੰ ਖ਼ਤਮ ਹੋਣ ਮਗਰੋਂ 'ਆਪ' ਵਿਧਾਇਕ ਗੁਜਰਾਤ ਵੱਲ ਚਾਲੇ ਪਾ ਦਿੱਤੇ ਹਨ। 'ਆਪ' ਸਰਕਾਰ ਵੱਲੋਂ ਨਵੇਂ ਬਣਾਏ ਚੇਅਰਮੈਨ ਗੁਜਰਾਤ ਜਾਣੇ ਸ਼ੁਰੂ ਹੋ ਗਏ ਹਨ।

ਵੇਰਵਿਆਂ ਅਨੁਸਾਰ ਰਾਜ ਸਭਾ ਮੈਂਬਰ ਅਤੇ 'ਆਪ' ਦੇ ਸੀਨੀਅਰ ਆਗੂ ਸੰਦੀਪ ਪਾਠਕ ਨੇ ਪੰਜਾਬ ਦੇ ਸਾਰੇ 'ਆਪ' ਵਿਧਾਇਕਾਂ ਅਤੇ ਵਜ਼ੀਰਾਂ ਨਾਲ ਵਰਚੁਅਲ ਮੀਟਿੰਗ ਕਰਕੇ ਗੁਜਰਾਤ ਚੋਣਾਂ ਵਿਚ ਡਿਊਟੀਆਂ ਦਾ ਪ੍ਰੋਗਰਾਮ



ਸਾਂਝਾ ਕੀਤਾ ਸੀ। ਇਸ ਤੋਂ ਪਹਿਲਾਂ ਦੋ ਦਰਜਨ ਦੇ ਕਰੀਬ ਵਿਧਾਇਕ ਗੁਜਰਾਤ ਦਾ ਗੇੜਾ ਕੱਢ ਚੁੱਕੇ ਹਨ। 'ਆਪ' ਨੇ ਪਹਿਲਾਂ ਹਿਮਾਚਲ ਪ੍ਰਦੇਸ਼ 'ਚ ਵੀ ਹਲਕਾ ਵਾਈਜ਼ ਕੁਝ ਵਿਧਾਇਕਾਂ ਦੀ ਡਿਊਟੀ ਲਗਾਈ ਸੀ, ਪਰ ਹੁਣ ਪਾਰਟੀ ਲਈ ਗੁਜਰਾਤ ਤਰਜੀਹ ਬਣ ਗਿਆ ਹੈ। ਅੱਧੀ ਦਰਜਨ ਨਵੇਂ ਚੇਅਰਮੈਨ ਗੁਜਰਾਤ ਪੁੱਜ ਗਏ ਹਨ। ਪੰਜਾਬ ਦੇ ਵਜ਼ੀਰਾਂ ਨੂੰ 16 ਅਕਤੂਬਰ ਤੋਂ ਗੁਜਰਾਤ ਸੱਦ ਲਿਆ ਗਿਆ ਹੈ। 'ਆਪ' ਵੱਲੋਂ ਗੁਜਰਾਤ ਵਿਚ ਪੰਜਾਹ-ਪੰਜਾਹ ਪਿੰਡਾਂ ਦੇ ਕਲੱਸਟਰ ਬਣਾਏ ਗਏ ਹਨ ਅਤੇ ਹਰ ਕਲੱਸਟਰ ਦਾ ਜ਼ਿੰਮਾ 'ਆਪ' ਵਿਧਾਇਕ ਤੇ ਵਜ਼ੀਰ ਨੂੰ ਦਿੱਤਾ ਜਾਣਾ ਹੈ। 'ਆਪ' ਤਰਫੋਂ ਸਪਸ਼ਟ ਹਦਾਇਤ ਹੈ ਕਿ ਪੰਜਾਬ ਦੇ ਵਿਧਾਇਕ ਅਤੇ ਵਜ਼ੀਰ ਗੁਜਰਾਤ 'ਚ ਆਪਣੀ ਠਹਿਰ ਦੌਰਾਨ ਸਮੁੱਚਾ ਖਰਚਾ ਪੱਲਿਓਂ ਚੁੱਕਣਗੇ। ਰਿਹਾਇਸ਼ ਤੇ ਗੱਡੀਆਂ ਦਾ ਖ਼ਰਚ ਪੰਜਾਬ ਦੇ ਵਿਧਾਇਕ ਤੇ ਵਜ਼ੀਰ ਖ਼ੁਦ ਕਰਨਗੇ ਅਤੇ ਪਾਰਟੀ ਤਰਫੋਂ ਕੋਈ ਫ਼ੰਡ ਨਹੀਂ ਦਿੱਤਾ ਜਾਵੇਗਾ।

ਗੁਜਰਾਤ ਵਿਚ ਇਹ ਵਿਧਾਇਕ ਅਤੇ ਵਜ਼ੀਰ ਰੋਟੇਸ਼ਨ ਵਿਚ ਜਾਣਗੇ। ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਚੋਣਾਂ ਦਸੰਬਰ ਵਿਚ ਹੋਣੀਆਂ ਤੈਅ ਹਨ ਅਤੇ ਅਕਤੂਬਰ ਦੇ ਮੱਧ ਵਿਚ ਚੋਣ ਜ਼ਾਬਤਾ ਲੱਗਣ ਦੀ ਸੰਭਾਵਨਾ ਹੈ।

ਪੰਜਾਬ ਤੇ ਹਰਿਆਣਾ 'ਚੋਂ ਵੱਡੀ ਗਿਣਤੀ ਵਿਚ ਕਿਸਾਨ ਪਰਿਵਾਰ ਭੁਜ ਖੇਤਰ ਵਿਚ ਲੰਮੇ ਅਰਸੇ ਤੋਂ ਵਸੇ ਹੋਏ ਹਨ। ਇਨ੍ਹਾਂ ਨਾਲ ਹੁਣ ਤੋਂ ਹੀ 'ਆਪ' ਵਿਧਾਇਕਾਂ ਤੇ ਵਜ਼ੀਰਾਂ ਨੇ ਰਾਬਤਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਪਾਰਟੀ ਵਿਧਾਇਕਾਂ ਤੇ ਵਜ਼ੀਰਾਂ ਲਈ ਵੱਡੀ ਮੁਸ਼ਕਲ ਹੈ ਕਿ ਉਹ ਪੱਲਿਓਂ ਖਰਚਾ ਕਿਵੇਂ ਚੁੱਕਣਗੇ। ਕਈ ਵਿਧਾਇਕਾਂ ਨੇ ਕਿਹਾ ਕਿ ਤਨਖ਼ਾਹ ਨਾਲ ਪਹਿਲਾਂ ਗੁਜ਼ਾਰਾ ਕਰਨਾ ਔਖਾ ਹੋਇਆ ਪਿਆ ਸੀ ਤੇ ਉਪਰੋਂ ਗੁਜਰਾਤ ਦੇ ਗੇੜੇ। ਕੋਈ ਵਿਧਾਇਕ ਪਾਰਟੀ ਨੂੰ ਖੁੱਲ੍ਹ ਕੇ ਕਹਿਣ ਨੂੰ ਤਿਆਰ ਨਹੀਂ ਹੈ।

# ਸਤੰਬਰ ਵਿਚ ਜੀ.ਐਸ.ਟੀ. ਮਾਲੀਆ ਪਿਛਲੇ ਸਾਲ ਦੇ ਮੁਕਾਬਲੇ 26 ਫੀਸਦੀ ਵਧਿਆ

**ਨਵੀਂ ਦਿੱਲੀ:** ਵਿੱਤ ਮੰਤਰਾਲੇ ਨੇ ਕਿਹਾ ਕਿ ਸਤੰਬਰ ਦਾ ਜੀ.ਐਸ.ਟੀ. ਮਾਲੀਆ ਲਗਾਤਾਰ ਸੱਤਵੇਂ ਮਹੀਨੇ 1.40 ਲੱਖ ਕਰੋੜ ਰੁਪਏ ਤੋਂ ਉਪਰ ਰਿਹਾ ਜੋ ਪਿਛਲੇ ਸਾਲ ਦੇ ਮੁਕਾਬਲੇ 26 ਫੀਸਦੀ ਵੱਧ ਹੈ। ਇਹ ਕਰ ਮਾਲੀਏ ਵਿਚ ਤੇਜੀ ਅਤੇ ਜੀ.ਐਸ.ਟੀ. ਪੋਰਟਲ ਦੀ ਸਥਿਰਤਾ ਨੂੰ ਦਰਸਾਉਂਦਾ ਹੈ।

ਸੂਤਰਾਂ ਮੁਤਾਬਕ ਤਿਉਹਾਰਾਂ ਦੇ ਮੱਦੇਨਜਰ ਆਉਣ ਵਾਲੇ ਮਹੀਨਿਆਂ ਵਿਚ ਕਰ ਵਸੂਲੀ ਵਿਚ ਹੋਰ ਵਾਧਾ ਹੋਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਸਤੰਬਰ 2022 ਵਿਚ ਕੁੱਲ ਜੀ.ਐਸ.ਟੀ. ਮਾਲੀਆ 1,47,686 ਕਰੋੜ ਰੁਪਏ ਰਿਹਾ, ਜਿਸ ਵਿਚ ਕੇਂਦਰੀ ਜੀ.ਐਸ.ਟੀ. 25,271 ਕਰੋੜ ਰੁਪਏ, ਰਾਜ ਜੀ.ਐਸ.ਟੀ. 31,813 ਕਰੋੜ




ਰੁਪਏ, ਸੰਗਠਿਤ ਜੀ.ਐਸ.ਟੀ. 80,464 ਕਰੋੜ ਰੁਪਏ ਅਤੇ ਸੈਸ 10,127 ਕਰੋੜ ਰੁਪਏ ਸ਼ਾਮਲ ਹਨ।

ਅਪਰੈਲ ਵਿਚ ਜੀ.ਐਸ.ਟੀ. ਮਾਲੀਆ ਰਿਕਾਰਡ 1.67 ਲੱਖ ਕਰੋੜ ਰੁਪਏ ਅਤੇ ਅਗਸਤ ਵਿਚ 1.43 ਲੱਖ ਕਰੋੜ ਰੁਪਏ ਰਿਹਾ। ਸਤੰਬਰ ਦਾ ਮਾਲੀਆ ਪਿਛਲੇ ਸਾਲ ਦੇ ਮੁਕਾਬਲੇ 27 ਫੀਸਦੀ ਵੱਧ ਹੈ। 20 ਸਤੰਬਰ ਦੂਜਾ ਸਭ ਤੋਂ ਵੱਧ ਮਾਲੀਆ ਵਾਲਾ ਦਿਨ ਬਣ ਗਿਆ ਹੈ। ਇਸ ਦਿਨ 49,453 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ। ਇਸ ਤੋਂ ਪਹਿਲਾਂ 20 ਜੁਲਾਈ ਨੂੰ 57,846 ਕਰੋੜ ਰੁਪਏ ਪ੍ਰਾਪਤ ਹੋਏ ਸਨ। ਮੰਤਰਾਲੇ ਨੇ ਕਿਹਾ, "ਇਹ ਸਪਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਜੀ.ਐਸ.ਟੀ.ਐਨ. ਦੀ ਦੇਖ ਰੇਖ ਵਾਲਾ ਜੀ.ਐਸ.ਟੀ. ਪੋਰਟਲ ਪੂਰੀ ਤਰ੍ਹਾਂ ਸਥਿਰ ਹੈ।"

# ਭਗਵੰਤ ਮਾਨ ਦੀ ਕੋਠੀ ਘੇਰਨ ਤੁਰੇ ਬੇਰੁਜ਼ਗਾਰਾਂ ਦੀ ਖਿੱਚ-ਧੂਹ

**ਸੰਗਰੂਰ:** ਨਵੀਂ ਬੇਰੁਜ਼ਗਾਰ ਪੀ.ਟੀ.ਆਈ. ਅਧਿਆਪਕ ਯੂਨੀਅਨ ਦੀ ਅਗਵਾਈ ਹੇਠ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਪੁੱਜੇ ਬੇਰੁਜ਼ਗਾਰ ਪੀ.ਟੀ.ਆਈ. ਅਧਿਆਪਕਾਂ ਤੇ ਪੁਲਿਸ ਵਿਚਕਾਰ ਧੱਕਾ-ਮੁੱਕੀ ਹੋਈ। ਇਸ ਦੌਰਾਨ ਦੋ ਮਹਿਲਾ ਬੇਰੁਜ਼ਗਾਰ ਅਧਿਆਪਕਾਵਾਂ ਬੇਹੋਸ਼ ਹੋ ਗਈਆਂ ਜਦੋਂ ਕਿ ਇਕ ਜ਼ਖ਼ਮੀ ਹੋ ਗਈ।

ਇਸ ਤੋਂ ਇਲਾਵਾ ਤਿੰਨ ਪੁਲਿਸ ਮੁਲਾਜ਼ਮਾਂ ਨੂੰ ਵੀ ਮਾਮੂਲੀ ਸੱਟਾਂ ਲੱਗੀਆਂ ਹਨ। ਮਾਹੌਲ ਤਣਾਅਪੂਰਨ ਬਣਨ ਮਗਰੋਂ ਪੁਲਿਸ ਨੇ ਪ੍ਰਦਰਸ਼ਨਕਾਰੀ ਬੇਰੁਜ਼ਗਾਰ ਅਧਿਆਪਕਾਂ ਨੂੰ ਹਿਰਾਸਤ ਵਿਚ ਲੈ ਲਿਆ। ਦੱਸਣਾ ਬਣਦਾ ਹੈ ਕਿ ਬੇਰੁਜ਼ਗਾਰ ਪੀ.ਟੀ.ਆਈ. ਅਧਿਆਪਕ ਦੋ ਹਜ਼ਾਰ ਪੀ.ਟੀ.ਆਈ. ਅਧਿਆਪਕਾਂ ਦੀ ਭਰਤੀ ਦਾ ਪੋਰਟਲ ਨਾ ਖੋਲ੍ਹਣ ਅਤੇ ਲਗਾਤਾਰ ਕੀਤੀ ਜਾ ਰਹੀ ਟਾਲ ਮਟੋਲ ਤੋਂ ਖਫ਼ਾ ਹਨ।

ਇਸ ਤੋਂ ਪਹਿਲਾਂ ਬੇਰੁਜ਼ਗਾਰ ਪੀ.ਟੀ.ਆਈ. ਅਧਿਆਪਕ ਸਥਾਨਕ ਵੇਰਕਾ ਮਿਲਕ ਪਲਾਂਟ ਨੇੜੇ ਇਕੱਠੇ ਹੋਏ ਜਿਥੋਂ ਰੋਸ ਮਾਰਚ ਕਰਦੇ ਹੋਏ ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਦੇ ਮੁੱਖ ਗੇਟ ਦੇ ਸਾਹਮਣੇ ਸੜਕ ਉਪਰ



ਪੁੱਜੇ ਪਰ ਪੁਲਿਸ ਨੇ ਸਖਤ ਨਾਕੇਬੰਦੀ ਕਰਕੇ ਪ੍ਰਦਰਸ਼ਨਕਾਰੀਆਂ ਨੂੰ ਰੋਕ ਲਿਆ। ਪ੍ਰਦਰਸ਼ਨਕਾਰੀਆਂ ਨੇ ਜਬਰੀ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨਾਲ ਧੱਕਾ-ਮੁੱਕੀ ਹੋਈ ਜਿਸ ਦੌਰਾਨ ਦੋ ਬੇਰੁਜ਼ਗਾਰ ਮਹਿਲਾ ਅਧਿਆਪਕਾਂ ਰਿੰਪਲ ਰਾਣੀ ਫਾਜ਼ਿਲਕਾ ਅਤੇ ਮੰਜੂ ਬਾਲਾ ਫਾਜ਼ਿਲਕਾ ਬੇਹੋਸ਼ ਹੋ ਗਈਆਂ ਜਦੋਂ ਕਿ ਅਮਨਦੀਪ ਕੌਰ ਸੰਗਰੂਰ ਦੇ ਮੋਢੇ 'ਤੇ ਸੱਟ ਲੱਗੀ। ਬੇਹੋਸ਼ ਹੋਈ ਰਿੰਪਲ ਰਾਣੀ ਨੂੰ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਲਿਜਾਇਆ ਗਿਆ।

ਯੂਨੀਅਨ ਦੇ ਸੂਬਾ ਪ੍ਰਧਾਨ ਅਮਨਦੀਪ ਕੰਬੋਜ ਨੇ ਕਿਹਾ ਕਿ ਕਾਂਗਰਸ ਸਰਕਾਰ ਸਮੇਂ ਲੰਮੇ ਸੰਘਰਸ਼ ਮਗਰੋਂ 16 ਦਸੰਬਰ 2021 ਨੂੰ ਪ੍ਰਾਇਮਰੀ ਸਕੂਲਾਂ ਵਿਚ ਦੋ ਹਜ਼ਾਰ ਪੀ.ਟੀ.ਆਈ. ਅਧਿਆਪਕਾਂ ਦੀਆਂ ਅਸਾਮੀਆਂ ਦਾ ਇਸ਼ਤਿਹਾਰ ਜਾਰੀ ਕੀਤਾ ਸੀ ਪਰ ਇਨ੍ਹਾਂ ਅਸਾਮੀਆਂ ਦਾ ਪੋਰਟਲ ਆਨਲਾਈਨ ਨਹੀਂ ਕੀਤਾ ਗਿਆ। ਆਮ ਆਦਮੀ ਪਾਰਟੀ ਨੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਆਉਣ 'ਤੇ ਪਹਿਲ ਦੇ ਆਧਾਰ 'ਤੇ ਭਰਤੀ ਕੀਤੀ ਜਾਵੇਗੀ ਪਰ ਸਿੱਖਿਆ ਮੰਤਰੀ ਤੇ ਅਧਿਕਾਰੀਆਂ ਵੱਲੋਂ ਲਾਰੇ ਲਾਏ ਜਾ ਰਹੇ ਹਨ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਅਸਾਮੀਆਂ ਦਾ ਪੋਰਟਲ ਜਲਦੀ ਆਨਲਾਈਨ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਪੁਲਿਸ ਨੇ ਹਿਰਾਸਤ 'ਚ ਲਏ ਪ੍ਰਦਰਸ਼ਨਕਾਰੀਆਂ ਨੂੰ ਬਾਅਦ ਵਿਚ ਕੁਝ ਦੂਰ ਲਿਜਾ ਕੇ ਛੱਡ ਦਿੱਤਾ।

## ਭਗਵੰਤ ਮਾਨ ਦੀ ਪਤਨੀ ਤੇ ਮਾਂ ਦੇ ਕਾਫਲੇ ਦਾ ਘਿਰਾਓ

**ਸੰਗਰੂਰ:** ਸਾਬਕਾ ਫੌਜੀਆਂ ਨੇ ਇਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਅਤੇ ਮਾਤਾ ਹਰਪਾਲ ਕੌਰ ਦੀਆਂ ਗੱਡੀਆਂ ਦੇ ਕਾਫਲੇ ਨੂੰ ਰੋਕ ਕੇ ਵਿਧਾਇਕਾ ਨਰਿੰਦਰ ਕੌਰ ਭਰਾਜ ਦੇ ਰੰਗ ਵਿਚ ਭੰਗ ਪਾ ਦਿੱਤੀ। ਉਹ ਵਿਧਾਇਕਾ ਭਰਾਜ ਦੇ ਦਫਤਰ ਦਾ ਉਦਘਾਟਨ ਕਰਨ ਆਏ ਸਨ। ਖੁਸ਼ਹਾਲੀ ਦੇ ਰਖਵਾਲਿਆਂ ਨੇ ਕਾਫਲੇ ਦਾ ਘਿਰਾਓ ਕਰਕੇ ਉਨ੍ਹਾਂ ਨੂੰ ਕਾਲੀਆਂ ਝੰਡੀਆਂ ਦਿਖਾਈਆਂ। ਉਨ੍ਹਾਂ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ। ਵਾਹਨਾਂ ਦਾ ਕਾਫਲਾ ਸੁਰੱਖਿਅਤ ਕੱਢਣ ਲਈ ਪੁਲਿਸ ਅਤੇ ਸਾਬਕਾ ਫੌਜੀਆਂ ਦਰਮਿਆਨ ਧੱਕਾ-ਮੁੱਕੀ ਵੀ ਹੋਈ। ਸਾਬਕਾ ਫੌਜੀ ਜੀ.ਓ.ਜੀ. (ਗਾਰਡੀਅਨ ਆਫ਼ ਗਵਰਨੈਂਸ) ਸਕੀਮ ਬੰਦ ਕਰਨ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰ ਰਹੇ ਸਨ। ਸਾਬਕਾ ਫੌਜੀਆਂ ਦੇ ਸਰਕਾਰ ਵਿਰੋਧੀ ਨਾਅਰਿਆਂ ਦੀ ਗੂੰਜ ਵਿਚ ਹਲਕਾ ਵਿਧਾਇਕਾ ਦੇ ਦਫ਼ਤਰ ਦਾ ਉਦਘਾਟਨ ਹੋਇਆ।

# ਬਹਿਬਲ ਤੇ ਬਰਗਾੜੀ ਕਾਂਡ ਦੇ ਮੁਲਜ਼ਮਾਂ ਨੂੰ ਸਜ਼ਾ ਦਿਵਾਉਣ ਦੀ ਅਪੀਲ

**ਅੰਮ੍ਰਿਤਸਰ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਹਰਿਆਣਾ ਤੇ ਪੰਜਾਬ ਦੇ ਸਿੱਖਾਂ ਵਿਚ ਭਰਾ ਮਾਰੂ ਜੰਗ ਕਰਵਾਉਣ ਦੀ ਬਜਾਏ ਉਹ ਬਰਗਾੜੀ ਤੇ ਬਹਿਬਲ ਕਲਾਂ ਦੇ ਮੁਲਜ਼ਮਾਂ ਨੂੰ ਸਜ਼ਾਵਾਂ ਦਿਵਾਉਣ ਲਈ ਤੇ ਬੰਦੀ ਸਿੰਘਾਂ ਦੀਆਂ ਰਿਹਾਈਆਂ ਲਈ ਮੋਰਚਾ ਲਾਇਆ ਜਾਵੇ।

ਇਸੇ ਤਰ੍ਹਾਂ ਆਪਣੀ ਸ਼ਕਤੀ ਤੇ ਨੀਤੀ ਧਰਮ ਪ੍ਰਚਾਰ ਦੇ ਏਜੰਡੇ 'ਤੇ ਕੇਂਦਰਿਤ ਕੀਤੀ ਜਾਵੇ। ਇਥੇ ਧਰਮ ਪ੍ਰਚਾਰ ਕਮੇਟੀ ਦੇ ਦਫਤਰ ਵਿਚ ਵੱਖ-ਵੱਖ ਪਿੰਡਾਂ ਦੇ ਗੁਰਦੁਆਰਿਆਂ ਦੇ ਗ੍ਰੰਥੀ ਸਾਹਿਬਾਨ ਦੀ ਇਕ ਵਿਸ਼ੇਸ਼ ਮੀਟਿੰਗ ਸੱਦੀ ਗਈ ਸੀ। ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਵੱਖਰੀ ਕਮੇਟੀ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਸੰਘਰਸ਼ ਨਾਲ ਸਿੱਖ ਕੌਮ ਵਿਚ ਭਰਾ ਮਾਰੂ ਜੰਗ ਸ਼ੁਰੂ ਹੋਵੇਗੀ, ਜਿਸ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ ਮੀਟਿੰਗ ਵਿਚ ਇਹ ਨੁਕਤੇ ਉਭਰ ਕੇ ਸਾਹਮਣੇ ਆਏ ਹਨ ਕਿ ਪੰਜਾਬ ਵਿਚ ਨਸ਼ੇ, ਪਤਿਤਪੁਣੇ ਤੇ ਧਰਮ ਪਰਿਵਰਤਨ ਦੀ ਲਹਿਰ ਚਲ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਿੱਖ ਧਰਮ, ਸਿੱਖ ਇਤਿਹਾਸ ਤੇ ਸ਼ਹੀਦਾਂ ਬਾਰੇ ਪ੍ਰਚਾਰ ਕਰਨ ਵਿਚ ਸ਼੍ਰੋਮਣੀ ਕਮੇਟੀ ਤੇ ਸਿਆਸੀ ਸਿੱਖ ਲੀਡਰਸ਼ਿਪ ਨੇ ਆਪਣੀ ਡਿਊਟੀ ਇਮਾਨਦਾਰੀ ਨਾਲ ਨਹੀਂ ਨਿਭਾਈ ਸਗੋਂ ਡੇਰਾਵਾਦ ਨੂੰ ਉਤਸ਼ਾਹਿਤ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਗ੍ਰੰਥੀ ਸਿੰਘਾਂ ਨੇ ਦੱਸਿਆ ਕਿ ਜੋ ਸਿੱਖ ਪਰਿਵਾਰ ਕ੍ਰਿਸਚਨ ਬਣ ਰਹੇ ਹਨ, ਉਨ੍ਹਾਂ ਦੇ ਬੱਚਿਆਂ ਦੀਆਂ ਫੀਸਾਂ ਕ੍ਰਿਸਚਨ ਭਾਈਚਾਰੇ ਨੇ ਆਪਣੇ ਸਕੂਲਾਂ ਵਿਚ ਮੁਆਫ ਕੀਤੀਆਂ ਹੋਈਆਂ ਹਨ।

# ਹਰਿਆਣਾ ਕਮੇਟੀ ਵੱਲੋਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਆਪਣੇ ਹੱਥ ਲੈਣ ਦਾ ਕਾਰਜ ਸ਼ੁਰੂ

**ਅੰਬਾਲਾ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਾਅਵਾ ਕੀਤਾ ਕਿ ਉਸ ਨੇ ਅੰਬਾਲੇ ਦੇ ਦੋ ਇਤਿਹਾਸਕ ਗੁਰਦੁਆਰਾ ਸਾਹਿਬਾਨ, ਗੁਰਦੁਆਰਾ ਲਖਨੌਰ ਸਾਹਿਬ ਅਤੇ ਗੁਰਦੁਆਰਾ ਮਰਦੋਂ ਸਾਹਿਬ ਦਾ ਚਾਰਜ ਹੁਣ ਸੰਭਾਲ ਲਿਆ ਹੈ। ਕਮੇਟੀ ਵੱਲੋਂ ਹਾਲ ਹੀ ਵਿਚ ਅੰਬਾਲਾ ਵਿਖੇ ਹੀ ਸਥਿਤ ਗੁਰਦੁਆਰਾ ਪੰਜੋਖਰਾ ਸਾਹਿਬ ਦਾ ਚਾਰਜ ਸੰਭਾਲਣ ਦਾ ਦਾਅਵਾ ਕੀਤਾ ਗਿਆ ਸੀ।

ਇਸ ਤੋਂ ਪਹਿਲਾਂ ਇਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਸੀ। ਸੁਪਰੀਮ ਕੋਰਟ ਨੇ ਹਾਲ ਹੀ ਵਿਚ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਕ) ਕਾਨੂੰਨ 2014 ਦੀ ਸੰਵਿਧਾਨਕ ਵੈਧਤਾ ਨੂੰ ਬਰਕਰਾਰ ਰੱਖਿਆ ਸੀ, ਜਿਸ ਤਹਿਤ ਸੂਬੇ ਵਿਚ ਗੁਰਦੁਆਰਿਆਂ ਦੇ ਮਾਮਲਿਆਂ ਦੇ ਪ੍ਰਬੰਧਨ ਲਈ ਇਕ ਵੱਖਰੀ ਕਮੇਟੀ ਬਣਾਈ ਗਈ ਸੀ। ਜ਼ਿਕਰਯੋਗ ਹੈ ਕਿ ਇਕ ਹਫਤਾ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋ ਕਿ ਸਿੱਖਾਂ ਦੀ ਸਰਬ ਉਚ ਧਾਰਮਿਕ ਸੰਸਥਾ ਹੈ, ਨੇ ਚੰਡੀਗੜ੍ਹ ਵਿਚ ਹੋਈ ਆਪਣੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਵਿਚ ਸੁਪਰੀਮ ਕੋਰਟ ਦੇ ਹੁਕਮਾਂ ਖਿਲਾਫ ਸਮੀਖਿਆ ਪਟੀਸ਼ਨ ਦਾਇਰ ਕਰਨ ਦਾ ਫੈਸਲਾ ਕੀਤਾ ਸੀ।

ਇਸੇ ਦੌਰਾਨ ਅੰਬਾਲਾ ਵਿਚ ਇਹਤਿਆਤ ਵਜੋਂ ਦੋਵੇਂ ਗੁਰਦੁਆਰਿਆਂ ਨੇੜੇ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ। ਹਰਿਆਣਾ ਕਮੇਟੀ ਦੇ ਬੁਲਾਰੇ ਸੁਖਵਿੰਦਰ ਸਿੰਘ ਬਿੱਟਾ ਤੇ ਸੀਨੀਅਰ ਆਗੂ ਜਸਬੀਰ ਸਿੰਘ ਖਾਲਸਾ ਨੇ ਕਿਹਾ ਕਿ ਇਸ ਕਦਮ ਉਤੇ ਕਿਸੇ ਵਲੋਂ ਵੀ ਇਤਰਾਜ਼ ਨਹੀਂ ਕੀਤਾ ਗਿਆ ਅਤੇ ਪ੍ਰਬੰਧਕਾਂ ਦਾ ਸ਼ਾਂਤੀਪੂਰਨ ਤਰੀਕੇ ਨਾਲ ਤਬਾਦਲਾ ਹੋ ਗਿਆ।

## ਜਥੇਦਾਰ ਗੁਰਦੁਆਰਿਆਂ ਦੀ ਸੇਵਾ ਹਰਿਆਣਾ ਕਮੇਟੀ ਨੂੰ ਸੌਂਪਣ: ਝੀਂਡਾ

**ਅੰਬਾਲਾ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਾਨੀ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਵਿਖੇ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਸਮੂਹ 5 ਤਖ਼ਤ ਸਾਹਿਬਾਨ ਦੇ ਜਥੇਦਾਰਾਂ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਤੇ ਹਰਿਆਣਾ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੀ ਸੇਵਾ ਸਤਿਕਾਰ ਸਹਿਤ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਸੰਗਤਾਂ ਦੀਆਂ ਨਜ਼ਰਾਂ ਵਿਚ ਇਨ੍ਹਾਂ ਸਾਰਿਆਂ ਦਾ ਸਤਿਕਾਰ ਵੀ ਵਧੇਗਾ ਤੇ ਹਰਿਆਣੇ ਦੀ ਸੰਗਤ ਵੀ ਇਨ੍ਹਾਂ ਨਾਲ ਜੁੜੀ ਰਹੇਗੀ।

# ਕੇਂਦਰੀ ਟੀਮ ਜਲ੍ਹਿਆਂਵਾਲਾ ਬਾਗ ਵਿਚਲੀਆਂ ਖਾਮੀਆਂ ਦੂਰ ਕਰਨ ਲਈ ਕਰੇਗੀ ਦੌਰਾ

**ਅੰਮ੍ਰਿਤਸਰ:** ਕੇਂਦਰੀ ਸਭਿਆਚਾਰਕ ਮੰਤਰਾਲੇ ਦੇ ਮਾਹਿਰਾਂ ਦੀ ਇਕ ਟੀਮ ਛੇਤੀ ਹੀ ਇਤਿਹਾਸਕ ਜਲ੍ਹਿਆਂਵਾਲਾ ਬਾਗ ਦਾ ਦੌਰਾ ਕਰਕੇ ਇਥੇ ਮੌਜੂਦ ਖਾਮੀਆਂ ਦਾ ਪਤਾ ਲਾਏਗੀ ਤੇ ਇਸ ਸਬੰਧੀ ਰਿਪੋਰਟ ਤਿਆਰ ਕਰਕੇ ਕੇਂਦਰ ਸਰਕਾਰ ਨੂੰ ਦੇਵੇਗੀ ਤਾਂ ਜੋ ਇਨ੍ਹਾਂ ਖਾਮੀਆਂ ਨੂੰ ਦੂਰ ਕੀਤਾ ਜਾ ਸਕੇ।

ਇਹ ਖੁਲਾਸਾ ਕੇਂਦਰੀ ਸਭਿਆਚਾਰਕ ਮਾਮਲਿਆਂ ਦੇ ਮੰਤਰਾਲੇ ਦੇ ਸਕੱਤਰ ਗੋਬਿੰਦ ਮੋਹਨ ਵੱਲੋਂ ਕੀਤਾ ਗਿਆ ਹੈ। ਕੇਂਦਰੀ ਵਿਭਾਗ ਦੇ ਸਕੱਤਰ ਨੇ ਇਸ ਸਬੰਧੀ ਇਤਿਹਾਸਕ ਜਲ੍ਹਿਆਂਵਾਲਾ ਬਾਗ ਯਾਦਗਾਰੀ ਟਰੱਸਟ ਦੇ ਮੈਂਬਰ ਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੂੰ ਇਕ ਪੱਤਰ ਭੇਜਿਆ ਹੈ। 29 ਸਤੰਬਰ ਨੂੰ ਭੇਜੇ ਗਏ ਇਸ ਪੱਤਰ ਵਿਚ ਸਕੱਤਰ ਨੇ ਦੱਸਿਆ ਹੈ ਕਿ ਜਲਦੀ ਹੀ ਮਾਹਿਰਾਂ ਦੀ ਇਕ ਟੀਮ ਇਤਿਹਾਸਕ ਬਾਗ 'ਚ ਖਾਮੀਆਂ ਸਬੰਧੀ ਜਾਇਜ਼ਾ ਲੈਣ ਆਵੇਗੀ ਤੇ ਬਾਗ ਦੇ ਸੁੰਦਰੀਕਰਨ ਮਗਰੋਂ ਦਰਜ ਕਰਵਾਏ ਗਏ ਇਤਰਾਜ਼ਾਂ ਬਾਰੇ ਜਾਂਚ ਕਰੇਗੀ। ਉਨ੍ਹਾਂ ਦੱਸਿਆ ਕਿ ਅਜਿਹੇ ਇਤਰਾਜ਼ਾਂ ਵਾਲੇ ਮਾਮਲਿਆਂ 'ਚੋਂ ਕੁਝ ਮਾਮਲੇ ਹੱਲ ਵੀ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿਚ ਪੰਜਾਬੀ ਤੇ ਗੁਰਮੁਖੀ ਦੀਆਂ ਗਲਤੀਆਂ ਅਤੇ ਇਤਿਹਾਸਕ ਖੂਹ ਦੇ ਨੇੜੇ ਪੈਸੇ ਸੁੱਟਣ ਵਾਲਾ ਰਾਹ ਬੰਦ ਕਰਨਾ ਸ਼ਾਮਲ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਮਾਹਿਰਾਂ ਦੀ ਟੀਮ ਦੇ ਦੌਰੇ ਤੋਂ ਬਾਅਦ ਖਾਮੀਆਂ ਸਬੰਧੀ ਜੋ ਰਿਪੋਰਟ ਤਿਆਰ ਹੋਵੇਗੀ ਉਨ੍ਹਾਂ ਨੂੰ ਜਲਦੀ ਹੱਲ ਕਰਨ ਦਾ ਯਤਨ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਇਸ ਸਬੰਧੀ ਕੁਝ ਦਿਨ ਪਹਿਲਾਂ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਵੱਲੋਂ ਵਿਭਾਗ ਨੂੰ ਇਕ ਪੱਤਰ ਭੇਜ ਕੇ ਮੌਜੂਦਾ ਖਾਮੀਆਂ ਤੇ ਉਨ੍ਹਾਂ ਬਾਰੇ ਹੋ ਰਹੇ ਇਤਰਾਜ਼ ਬਾਰੇ ਜਾਣੂ ਕਰਵਾਇਆ ਗਿਆ ਸੀ। ਉਨ੍ਹਾਂ ਨੇ ਇਥੇ ਪੰਜਾਬੀ ਤੇ ਗੁਰਮੁਖੀ ਵਿਚ ਲਿਖੀਆਂ ਸਤਰਾਂ ਵਿਚ ਗਲਤੀਆਂ ਦੀ ਸ਼ਿਕਾਇਤ ਵੀ ਕੀਤੀ ਸੀ। ਇਸ ਮੌਕੇ ਜਲ੍ਹਿਆਂਵਾਲਾ ਬਾਗ ਵਿਚ ਗੋਲੀਆਂ ਚਲਾਉਣ ਵਾਲੇ ਸਥਾਨ ਨੂੰ ਪ੍ਰਦਰਸ਼ਿਤ ਕਰਦੇ ਥੰਮ੍ਹ ਨੂੰ ਮੁੜ ਸਥਾਪਤ ਕਰਨ ਦੀ ਮੰਗ ਕੀਤੀ ਗਈ ਸੀ।

ਇਸ ਤੋਂ ਪਹਿਲਾਂ ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰ ਹੈਰੀਟੇਜ (ਇੰਟਕ) ਦੀ ਟੀਮ ਵੱਲੋਂ ਇਥੇ ਪੰਜਾਬੀ ਵਿਚ ਲੱਗੇ ਸਾਈਨ ਬੋਰਡਾਂ ਵਿਚ ਗਲਤੀਆਂ ਦਾ ਮੁੱਦਾ ਉਭਾਰਿਆ ਸੀ। ਇੰਟਕ ਦੇ ਪੰਜਾਬ ਦੇ ਕਨਵੀਨਰ ਪ੍ਰੋ. ਸੁਖਦੇਵ ਸਿੰਘ ਨੇ ਖੁਲਾਸਾ ਕੀਤਾ ਸੀ ਕਿ ਇਥੇ ਸਾਈਨ ਬੋਰਡਾਂ ਵਿਚ ਗਲਤੀਆਂ ਹੋਣ ਕਾਰਨ ਇਨ੍ਹਾਂ ਦਾ ਮਤਲਬ ਬਿਲਕੁਲ ਉਲਟ ਗਿਆ ਹੈ। ਇਸ ਮੌਕੇ ਸ਼ਹੀਦਾਂ ਦੀ ਗਿਣਤੀ ਤੇ ਨਾਵਾਂ ਨੂੰ ਦਰਸਾਉਂਦਾ ਇਕ ਕੰਧ ਬੋਰਡ ਬਣਾਉਣ ਦੀ ਅਪੀਲ ਵੀ ਕੀਤੀ ਗਈ ਸੀ।

# ਸਿੱਖ ਕਤਲੇਆਮ: '1984 ਆਧੁਨਿਕ ਭਾਰਤੀ ਇਤਿਹਾਸ ਦੇ ਸਭ ਤੋਂ ਕਾਲੇ ਸਾਲਾਂ 'ਚੋਂ ਇਕ'

**ਵਾਸ਼ਿੰਗਟਨ:** ਅਮਰੀਕੀ ਸੈਨੇਟਰ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਆਧੁਨਿਕ ਭਾਰਤੀ ਇਤਿਹਾਸ ਦੇ 'ਕਾਲੇ ਸਾਲਾਂ ਵਿਚੋਂ ਇਕ' ਦੱਸਿਆ ਹੈ। ਸੈਨੇਟਰ ਨੇ ਆਖਿਆ ਕਿ ਸਿੱਖ ਭਾਈਚਾਰੇ ਖਿਲਾਫ ਹੋਏ ਜ਼ੁਲਮਾਂ ਨੂੰ ਯਾਦ ਰੱਖਣ ਦੀ ਲੋੜ ਹੈ ਤਾਂ ਕਿ ਇਨ੍ਹਾਂ ਦੰਗਿਆਂ ਲਈ ਜ਼ਿੰਮੇਵਾਰ ਲੋਕਾਂ ਦੀ ਜਵਾਬਦੇਹੀ ਨਿਰਧਾਰਤ ਕੀਤੀ ਜਾ ਸਕੇ। ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ 31 ਅਕਤੂਬਰ 1984 ਨੂੰ ਉਨ੍ਹਾਂ ਦੇ ਸਿੱਖ ਅੰਗ ਰੱਖਿਅਕਾਂ ਵੱਲੋਂ ਕੀਤੀ ਹੱਤਿਆ ਮਗਰੋਂ ਦਿੱਲੀ ਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਸਿੱਖ ਵਿਰੋਧੀ ਦੰਗੇ ਭੜਕ ਗਏ ਸਨ। ਦੇਸ਼ ਭਰ ਵਿਚ ਤਿੰਨ ਹਜ਼ਾਰ ਤੋਂ ਵੱਧ ਸਿੱਖਾਂ ਦੀ ਹੱਤਿਆ ਕੀਤੀ ਗਈ ਸੀ ਤੇ ਇਨ੍ਹਾਂ ਵਿਚੋਂ ਬਹੁਗਿਣਤੀ ਕੌਮੀ ਰਾਜਧਾਨੀ ਵਿਚ ਮਾਰੇ ਗਏ ਸਨ। ਸੈਨੇਟਰ ਪੈਟ ਟੂਮੀ ਨੇ ਸੈਨੇਟ 'ਚ ਆਪਣੇ ਭਾਸ਼ਣ ਦੌਰਾਨ ਕਿਹਾ, ''ਸਾਲ 1984 ਆਧੁਨਿਕ ਭਾਰਤੀ ਇਤਿਹਾਸ ਵਿਚ ਸਭ ਤੋਂ ਕਾਲੇ ਸਾਲਾਂ ਵਿਚੋਂ ਇਕ ਹੈ। ਦੁਨੀਆਂ ਨੇ ਭਾਰਤ ਵਿਚ ਨਸਲੀ ਸਮੂਹਾਂ ਵਿਚਕਾਰ ਬਹੁਤ ਸਾਰੀਆਂ ਹਿੰਸਕ ਘਟਨਾਵਾਂ ਦੇਖੀਆਂ ਹਨ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ 'ਚ ਖਾਸ ਤੌਰ ਉਤੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਅੱਜ ਅਸੀਂ ਇਥੇ ਉਸ ਦੁਖਾਂਤ ਨੂੰ ਯਾਦ ਕਰ ਰਹੇ ਹਾਂ ਜੋ ਪਹਿਲੀ ਨਵੰਬਰ 1984 ਨੂੰ ਭਾਰਤ ਦੇ ਪੰਜਾਬ ਸੂਬੇ ਵਿਚ ਸਿੱਖਾਂ ਤੇ ਕੇਂਦਰ ਸਰਕਾਰ ਦਰਮਿਆਨ ਕਈ ਦਹਾਕਿਆਂ ਦੇ ਜਾਤੀ ਤਣਾਅ ਤੋਂ ਬਾਅਦ ਵਾਪਰਿਆ ਸੀ।''



ਰਿਪਬਲਿਕਨ ਸੈਨੇਟਰ ਟੂਮੀ ਨੇ ਕਿਹਾ, ''ਵਿਸ਼ਵ ਵਿਚ ਮਨੁੱਖੀ ਹੱਕਾਂ ਦੇ ਘਾਣ ਨੂੰ ਰੋਕਣ ਲਈ, ਸਾਨੂੰ ਉਨ੍ਹਾਂ ਦੇ ਪੁਰਾਣੇ ਸਰੂਪਾਂ ਦੀ ਪਛਾਣ ਕਰਨੀ ਹੋਵੇਗੀ। ਸਾਨੂੰ ਸਿੱਖਾਂ ਖਿਲਾਫ ਕੀਤੇ ਗਏ ਜ਼ੁਲਮਾਂ ਨੂੰ ਯਾਦ ਰੱਖਣਾ ਹੋਵੇਗਾ ਤਾਂ ਕਿ ਇਸ ਲਈ ਜ਼ਿੰਮੇਵਾਰ ਲੋਕਾਂ ਦੀ ਜਵਾਬਦੇਹੀ ਨਿਰਧਾਰਿਤ ਕੀਤੀ ਜਾ ਸਕੇ ਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਜਿਹਾ ਦੁਖਾਂਤ ਕੁੱਲ ਆਲਮ ਵਿਚ ਸਿੱਖ ਭਾਈਚਾਰੇ ਜਾਂ ਹੋਰਨਾਂ ਭਾਈਚਾਰਿਆਂ ਖਿਲਾਫ ਮੁੜ ਨਾ ਹੋਵੇ।' ਸੈਨੇਟਰ ਟੂਮੀ, ਜੋ ਅਮਰੀਕੀ ਸਿੱਖ ਕਾਂਗਰਸ ਸਮੂਹ ਦੇ ਮੈਂਬਰ ਵੀ ਹਨ, ਨੇ ਕਿਹਾ ਕਿ ਸਿੱਖੀ ਦਾ 600 ਸਾਲ ਪੁਰਾਣਾ ਇਤਿਹਾਸ ਭਾਰਤ ਦੇ ਪੰਜਾਬ ਖਿੱਤੇ ਨਾਲ ਜੁੜਿਆ ਹੋਇਆ ਹੈ। ਆਲਮੀ ਪੱਧਰ 'ਤੇ ਸਿੱਖ ਧਰਮ ਦੇ ਤਿੰਨ ਕਰੋੜ ਪੈਰੋਕਾਰ ਹਨ, ਜਿਨ੍ਹਾਂ ਵਿਚੋਂ ਸੱਤ ਲੱਖ ਅਮਰੀਕਾ ਵਿਚ ਹਨ। ਸਿੱਖ ਧਰਮ ਵਿਸ਼ਵ ਦੇ ਪ੍ਰਮੁੱਖ ਧਰਮਾਂ ਵਿਚੋਂ ਇਕ ਹੈ। ਸੈਨੇਟਰ ਨੇ ਕਿਹਾ ਕਿ ਉਨ੍ਹਾਂ ਨਿੱਜੀ ਤੌਰ 'ਤੇ ਸਿੱਖਾਂ ਦੀ ਭਾਵਨਾ ਨੂੰ ਦੇਖਿਆ ਹੈ ਅਤੇ ਸਿੱਖ ਪਰੰਪਰਾ ਨੂੰ ਚੰਗੀ ਤਰ੍ਹਾਂ ਸਮਝਿਆ ਹੈ, ਜੋ ਬਰਾਬਰੀ, ਸਤਿਕਾਰ ਅਤੇ ਸ਼ਾਂਤੀ 'ਤੇ ਆਧਾਰਿਤ ਹੈ। ਉਨ੍ਹਾਂ ਸਿੱਖ ਭਾਈਚਾਰੇ ਵੱਲੋਂ ਅਮਰੀਕਾ ਵਿਚ ਕੋਵਿਡ-19 ਮਹਾਮਾਰੀ ਦੌਰਾਨ ਨਿਭਾਈਆਂ ਭਾਈਚਾਰਕ ਸੇਵਾਵਾਂ ਦਾ ਵੀ ਜ਼ਿਕਰ ਕੀਤਾ। ਇਸ ਦੌਰਾਨ ਮਨੁੱਖੀ ਹੱਕਾਂ ਬਾਰੇ ਭਾਰਤੀ ਮੂਲ ਦੀਆਂ ਨੌਂ ਸੰਸਥਾਵਾਂ ਨੇ ਨਿਊਯਾਰਕ ਟਾਈਮਜ਼ ਵਿਚ ਭਾਰਤ ਵਿਚ ਘੱਟ ਗਿਣਤੀਆਂ ਵਿਰੁੱਧ ਕਥਿਤ 'ਧਾਰਮਿਕ ਵਧੀਕੀਆਂ, ਵਿਤਕਰੇ ਅਤੇ ਮਾਰੂ ਹਜੂਮੀ ਹਿੰਸਾ' ਨੂੰ ਉਭਾਰਨ ਲਈ ਇਸ਼ਤਿਹਾਰ ਪ੍ਰਕਾਸ਼ਿਤ ਕੀਤਾ। ਇਹ ਇਸ਼ਤਿਹਾਰ ਮਹਾਤਮਾ ਗਾਂਧੀ ਦੀ ਜਨਮ ਵਰ੍ਹੇਗੰਢ ਦੀ ਪੂਰਬਲੀ ਸੰਧਿਆ ਪ੍ਰਕਾਸ਼ਿਤ ਕੀਤਾ ਗਿਆ ਸੀ।

# ਸਵੱਛਤਾ ਸਰਵੇਖਣ ਇਨਾਮ: ਪੰਜਾਬ ਦੇਸ਼ ਦੇ ਪੰਜ ਮੋਹਰੀ ਸੂਬਿਆਂ 'ਚ ਸ਼ਾਮਲ

**ਚੰਡੀਗੜ੍ਹ:** ਕੇਂਦਰੀ ਮਕਾਨ ਉਸਾਰੀ ਤੇ ਸ਼ਹਿਰੀ ਮਾਮਲਿਆਂ ਬਾਰੇ ਮੰਤਰਾਲੇ ਦੇ ਸਵੱਛਤਾ ਸਰਵੇਖਣ-2022 ਪੁਰਸਕਾਰਾਂ ਵਿਚ ਪੰਜਾਬ ਨੇ 5ਵਾਂ ਸਥਾਨ ਹਾਸਲ ਕੀਤਾ ਹੈ। ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਇੰਦਰਬੀਰ ਸਿੰਘ ਨਿੱਝਰ ਨੇ ਕਿਹਾ ਕਿ ਇਸ ਮੁਕਾਬਲੇ ਵਿਚ ਉਹ ਸਾਰੇ ਸੂਬੇ ਹਿੱਸਾ ਲੈਂਦੇ ਹਨ, ਜਿਨ੍ਹਾਂ ਦੀਆਂ 100 ਤੋਂ ਵੱਧ ਸ਼ਹਿਰੀ ਸਥਾਨਕ ਇਕਾਈਆਂ (ਯੂ.ਐਲ.ਬੀ.) ਹਨ।

ਇਨ੍ਹਾਂ 'ਚ ਪੰਜਾਬ ਨੇ ਉੱਤਰੀ ਜ਼ੋਨ 'ਚ ਪਹਿਲਾ ਸਥਾਨ ਹਾਸਲ ਕੀਤਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੇ ਸਾਲ ਪੰਜਾਬ 7ਵੇਂ ਸਥਾਨ 'ਤੇ ਸੀ। ਸਵੱਛਤਾ ਸਰਵੇਖਣ ਦੌਰਾਨ ਪੰਜਾਬ ਨੇ ਦੇਸ਼ ਭਰ ਵਿਚੋਂ 2935 ਅੰਕ ਹਾਸਲ ਕੀਤੇ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਆਬਾਦੀ ਦੇ ਹਿਸਾਬ ਨਾਲ ਮੂਣਕ, ਨਵਾਂਸ਼ਹਿਰ ਅਤੇ ਗੋਬਿੰਦਗੜ੍ਹ ਨੇ ਸਾਫ-ਸੁਥਰੇ ਸ਼ਹਿਰਾਂ ਵਜੋਂ ਪਹਿਲਾ ਦਰਜਾ ਹਾਸਲ ਕੀਤਾ ਹੈ। ਇਸ ਤੋਂ ਇਲਾਵਾ ਘੱਗਾ, ਬਰੇਟਾ, ਭੀਖੀ, ਦਸੂਹਾ, ਕੁਰਾਲੀ, ਨੰਗਲ ਅਤੇ ਫਾਜ਼ਿਲਕਾ ਨੂੰ ਵੀ ਸਵੱਛਤਾ ਸਰਵੇਖਣ ਸਮਾਰੋਹ ਵਿਚ ਸਨਮਾਨਿਆ ਗਿਆ।

ਪੰਜਾਬ ਟਾਈਮਜ਼

ਸਨਿਚਰਵਾਰ, 8 ਅਕਤੂਬਰ 2022

## ਸੈਸ਼ਨ ਅਤੇ ਸੰਜੀਦਗੀ

ਪੰਜਾਬ ਵਿਧਾਨ ਸਭਾ ਦਾ ਚਾਰ ਦਿਨਾ ਵਿਸ਼ੇਸ਼ ਸੈਸ਼ਨ ਬਿਨਾ ਕੋਈ ਖਾਸ ਕਾਰਜ ਨਜਿੱਠਿਆਂ ਸਮਾਪਤ ਹੋ ਗਿਆ। ਅਸਲ ਵਿਚ ਇਹ ਵਿਸ਼ੇਸ਼ ਸੈਸ਼ਨ ਪਹਿਲਾਂ-ਪਹਿਲ ਸਿਰਫ ਭਰੋਸਗੀ ਮਤਾ ਪਾਸ ਕਰਵਾਉਣ ਲਈ ਵਿਉਂਤਿਆ ਗਿਆ ਸੀ ਪਰ ਜਦੋਂ ਰਾਜਪਾਲ ਨੇ ਇਹ ਤਕਨੀਕੀ ਨੁਕਤਾ ਲੈ ਆਂਦਾ ਕਿ ਭਰੋਸਗੀ ਮਤੇ ਦੀ ਕਿਤੇ ਕੋਈ ਹੋਂਦ ਨਹੀਂ ਹੈ; ਹਾਂ, ਬੇਭਰੋਸਗੀ ਮਤੇ ਖਿਲਾਫ ਆਪਣੀ ਬਹੁਮਤ ਸਿੱਧ ਕਰਨ ਲਈ ਵਿਸ਼ੇਸ਼ ਸੈਸ਼ਨ ਜ਼ਰੂਰ ਸੱਦਿਆ ਜਾ ਸਕਦਾ ਹੈ ਪਰ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਹਿਤ ਆਪਣਾ ਗੁੱਡਾ ਬੰਨ੍ਹਣ ਲਈ ਆਮ ਆਦਮੀ ਪਾਰਟੀ ਨੇ ਸਭ ਨੇਮ ਤਾਕ ਵਿਚ ਰੱਖ ਕੇ ਇਹ ਵਿਸ਼ੇਸ਼ ਸੈਸ਼ਨ ਬੁਲਾਇਆ ਸੀ ਅਤੇ ਰਾਜਪਾਲ ਦੇ ਇਤਰਾਜ਼ ਤੋਂ ਬਾਅਦ ਕੁਝ ਮੁੱਦੇ ਜਿਨ੍ਹਾਂ ਵਿਚ ਜੀ.ਐੱਸ.ਟੀ., ਪਰਾਲੀ, ਬਿਜਲੀ ਨਾਲ ਸਬੰਧਿਤ ਮੁੱਦੇ ਸ਼ਾਮਿਲ ਹਨ, ਸੂਚੀਬੱਧ ਕਰ ਕੇ ਸੈਸ਼ਨ ਤੁਰੰਤ, ਮੁੜ ਬੁਲਾ ਲਿਆ। ਸਿਤਮਜ਼ਰੀਫੀ ਇਹ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲੇ ਹੀ ਦਿਨ ਭਰੋਸਗੀ ਮਤਾ ਪੇਸ਼ ਕਰ ਦਿੱਤਾ। ਅਸਲ ਵਿਚ, ਸੱਤਾਧਾਰੀ ਆਮ ਆਦਮੀ ਪਾਰਟੀ ਦਾ ਮੁੱਖ ਨਿਸ਼ਾਨਾ ਭਰੋਸੇ ਦਾ ਵੋਟ ਹਾਸਿਲ ਕਰਨਾ ਹੀ ਸੀ। ਪਹਿਲਾਂ ਇਹ ਸੈਸ਼ਨ ਇਕ ਦਿਨ ਲਈ ਸੱਦਿਆ ਗਿਆ ਸੀ ਜੋ ਬਾਅਦ ਵਿਚ ਵਧਾ ਕੇ ਚਾਰ ਦਿਨ ਦਾ ਕਰ ਦਿੱਤਾ ਗਿਆ। ਇਸ ਵਿਚ ਪ੍ਰਸ਼ਨਕਾਲ (ਸਵਾਲ ਪੁੱਛਣ ਲਈ) ਲਈ ਕੋਈ ਸਮਾਂ ਨਹੀਂ ਰੱਖਿਆ ਗਿਆ। ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਸਮੇਤ ਸਮੁੱਚੀ ਵਿਰੋਧੀ ਧਿਰ ਭਰੋਸੇ ਦਾ ਵੋਟ ਪ੍ਰਾਪਤ ਕਰਨ ਲਈ ਸੈਸ਼ਨ ਬੁਲਾਉਣ ਦੇ ਮੁੱਦੇ 'ਤੇ ਸਵਾਲ ਉਠਾਉਂਦੀ ਰਹੀ।

ਵਿਧਾਨ ਸਭਾ ਅੰਦਰ ਲੰਮੇ ਸਮੇਂ ਬਾਅਦ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਵਿਚ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ। ਇਕ ਦਿਨ ਸਦਨ ਵਿਚੋਂ ਕਾਂਗਰਸ ਦੇ ਸਾਰੇ ਵਿਧਾਇਕ ਮੁਅੱਤਲ ਵੀ ਕਰ ਦਿੱਤੇ ਗਏ। ਭਾਰਤੀ ਜਨਤਾ ਪਾਰਟੀ ਨੇ ਆਪਣੇ ਦਫ਼ਤਰ ਕੋਲ ਬਰਾਬਰ, ਜਨਤਕ ਵਿਧਾਨ ਸਭਾ ਲਗਾ ਕੇ ਹਾਜ਼ਰੀ ਲਗਾਉਣ ਦੀ ਕੋਸ਼ਿਸ਼ ਕੀਤੀ। ਉਂਝ, ਲੋਕਾਂ ਦੁਆਰਾ ਸੰਘਰਸ਼ਾਂ ਰਾਹੀਂ ਉਠਾਏ ਜਾ ਰਹੇ ਵੱਖ-ਵੱਖ ਮੁੱਦੇ ਚਰਚਾ ਤੋਂ ਬਾਹਰ ਰਹੇ। ਵਿਧਾਨ ਸਭਾ ਅੰਦਰ ਆਮ ਆਦਮੀ ਪਾਰਟੀ ਦੁਆਰਾ ਭਾਰਤੀ ਜਨਤਾ ਪਾਰਟੀ ਦੇ 'ਅਪਰੇਸ਼ਨ ਲੋਟਸ' ਦੀ ਚੱਲ ਰਹੀ ਚਰਚਾ ਵਿਚ ਨਵਾਂ ਮੋੜ ਉਦੋਂ ਆਇਆ ਜਦੋਂ ਆਮ ਆਦਮੀ ਪਾਰਟੀ ਵਿਧਾਇਕ ਸੀਤਲ ਅੰਬੁਰੋਲ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਦੋ ਵਕੀਲਾਂ ਵੱਲੋਂ ਪੈਸੇ ਦੇ ਲੈਣ-ਦੇਣ ਦੀ ਪੇਸ਼ਕਸ਼ ਕਰਨ ਅਤੇ ਅਗਾਂਹ ਕੇਂਦਰੀ ਮੰਤਰੀਆਂ ਨੂੰ ਮਿਲਾਉਣ ਦਾ ਵਾਅਦਾ ਕਰਨ ਦਾ ਦੋਸ਼ ਲਗਾਇਆ। ਵਿਰੋਧੀ ਧਿਰ ਨੇ ਭ੍ਰਿਸ਼ਟਾਚਾਰ ਨੂੰ ਰੋਕਣ ਦੇ ਵਾਅਦੇ ਨਾਲ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਇਕ ਮੰਤਰੀ ਦੀ ਆਡੀਓ ਟੇਪ ਦੇ ਬਾਵਜੂਦ ਕਾਰਵਾਈ ਨਾ ਕਰਨ ਦੀ ਮੰਗ ਮੁੜ-ਮੁੜ ਉਠਾਈ। ਸੱਤਾਧਾਰੀ ਧਿਰ ਇਸ ਮੁੱਦੇ ਉੱਤੇ ਕੋਈ ਸਪਸ਼ਟ ਬਿਆਨ ਦੇਣ ਤੋਂ ਸੰਕੋਚ ਕਰਦੀ ਦਿਖਾਈ ਦਿੱਤੀ। ਕੁੱਲ ਮਿਲਾ ਕੇ ਵਿਧਾਨ ਸਭਾ ਇਜਲਾਸ ਆਮ ਆਦਮੀ ਪਾਰਟੀ ਦੁਆਰਾ ਭਾਰਤੀ ਜਨਤਾ ਪਾਰਟੀ 'ਤੇ ਵਿਧਾਇਕਾਂ ਨੂੰ ਖ਼ਰੀਦਣ ਬਾਰੇ ਲਗਾਏ ਗਏ ਦੋਸ਼ਾਂ ਦੇ ਇਰਦ-ਗਿਰਦ ਹੀ ਘੁੰਮਦਾ ਰਿਹਾ। ਯਾਦ ਰਹੇ ਕਿ ਕੁਝ ਚਿਰ ਪਹਿਲਾਂ ਦਿੱਲੀ ਦੀ ਵਿਧਾਨ ਸਭਾ ਨੇ ਵੀ ਭਰੋਸੇ ਦਾ ਵੋਟ ਹਾਸਿਲ ਕੀਤਾ ਪਰ ਕਿਸੇ ਵਿਧਾਇਕ ਨੇ ਵਿਚੋਲਗੀ ਕਰਨ ਵਾਲੇ ਕਿਸੇ ਵਿਅਕਤੀ ਦਾ ਨਾਮ ਨਹੀਂ ਸੀ ਲਿਆ ਅਤੇ ਨਾ ਹੋ ਕੋਈ ਰਿਪੋਰਟ ਦਰਜ ਕਰਵਾਈ ਸੀ। ਪੰਜਾਬ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਦੁਆਰਾ ਵਿਚੋਲਗੀ ਕਰਨ ਵਾਲੇ ਵਿਅਕਤੀਆਂ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦੇ ਨਾਮ ਲਏ ਜਾਣ ਕਾਰਨ ਮਾਮਲੇ ਨੇ ਸਿਆਸੀ ਰੰਗਤ ਲੈ ਲਈ।

ਜ਼ਾਹਿਰ ਹੈ ਕਿ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦਾ ਆਮ ਆਦਮੀ ਪਾਰਟੀ ਦਾ ਮੁੱਖ ਮਕਸਦ ਭਰੋਸੇ ਦਾ ਵੋਟ ਹਾਸਲ ਕਰਨਾ ਹੀ ਸੀ ਜਿਸ ਦੀ ਕੋਈ ਤੁਕ ਨਹੀਂ ਸੀ। ਵਿਧਾਨ ਸਭਾ ਵਿਚ ਪਾਰਟੀ ਦੇ 92 ਵਿਧਾਇਕ ਹਨ ਅਤੇ ਵਿਰੋਧੀ ਧਿਰ ਨੇ ਸਰਕਾਰ ਦੇ ਮਾਮਲੇ ਵਿਚ ਕੋਈ ਬੇਭਰੋਸਗੀ ਵੀ ਨਹੀਂ ਸੀ ਪ੍ਰਗਟਾਈ। ਦੇਖਿਆ ਜਾਵੇ ਤਾਂ ਪੰਜਾਬ ਇਸ ਵਕਤ ਬਹੁਤ ਸਾਰੇ ਸੰਕਟਾਂ ਵਿਚ ਘਿਰਿਆ ਹੋਇਆ ਹੈ। ਇਹ ਸੰਕਟ ਅਰਥਚਾਰੇ, ਸਮਾਜਿਕ ਤੇ ਧਾਰਮਿਕ ਹਾਲਾਤ ਅਤੇ ਪ੍ਰਸ਼ਾਸਨ ਨਾਲ ਜੁੜੇ ਹੋਏ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅਜੇ ਤੱਕ ਕਿਸੇ ਵੀ ਮਸਲੇ ਦੇ ਹੱਲ ਲਈ ਕੋਈ ਕਦਮ ਤੱਕ ਨਹੀਂ ਉਠਾਇਆ ਹੈ। ਖਾਲੀ ਖਜ਼ਾਨੇ ਦੇ ਪੱਖ ਤੋਂ ਚੋਣਾਂ ਤੋਂ ਪਹਿਲਾਂ ਟਾਹਰਾਂ ਮਾਰੀਆਂ ਗਈਆਂ ਸਨ ਕਿ ਇੰਨੇ ਪੈਸੇ ਇਸ ਵਿਭਾਗ ਤੋਂ ਆਉਣਗੇ, ਇੰਨੇ ਇਸ ਵਿਭਾਗ ਤੋਂ, ਪਰ ਇਹ ਸਾਰਾ ਕੁਝ ਅਮਲ ਵਿਚ ਸਾਹਮਣੇ ਨਹੀਂ ਆਇਆ। ਸਰਕਾਰ ਬਣਨ ਦੇ ਦਸ ਦਿਨ ਬਾਅਦ ਹੀ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਐਲਾਨ ਕਰ ਦਿੱਤਾ ਸੀ ਕਿ ਸੂਬੇ ਅੰਦਰੋਂ ਭ੍ਰਿਸ਼ਟਾਚਾਰ ਖਤਮ ਕਰ ਦਿੱਤਾ ਗਿਆ ਹੈ ਜਦਕਿ ਇਹ ਸਿਆਸੀ ਮਾਅਰਕੇਬਾਜ਼ੀ ਤੋਂ ਸਿਵਾ ਕੁਝ ਵੀ ਨਹੀਂ ਹੈ। ਹੋਰ ਤਾਂ ਹੋਰ ਸੂਬੇ ਦੀ ਸਰਕਾਰ ਦਿੱਲੀ ਤੋਂ ਚਲਾਉਣ ਦੇ ਦੋਸ਼ ਆਮ ਹੀ ਲੱਗ ਰਹੇ ਹਨ ਅਤੇ ਬਹੁਤ ਸਾਰੇ ਮਸਲਿਆਂ ਵਿਚ ਇਹ ਹਕੀਕਤ ਵੀ ਸਾਬਤ ਹੋ ਰਹੇ ਹਨ ਪਰ ਨਾ ਪੰਜਾਬ ਦੀ ਲੀਡਰਸ਼ਿਪ ਅਤੇ ਨਾ ਹੀ ਦਿੱਲੀ ਦੀ ਲੀਡਰਸ਼ਿਪ ਲੋਕ-ਅਵਾਜ਼ ਗੌਲ ਨਹੀਂ ਰਹੀ। ਸਿੱਟੇ ਵਜੋਂ ਪੰਜਾਬ ਦੇ ਲੋਕ ਆਏ ਦਿਨ ਸਰਕਾਰ ਤੋਂ ਬਦਜ਼ਨ ਹੋ ਰਹੇ ਹਨ। ਸੰਘਰਸ਼ਾਂ ਦੇ ਪਿੜ ਮਘ ਰਹੇ ਹਨ। ਮੁੱਖ ਮੰਤਰੀ ਦੀਆਂ ਉਹ ਵੀਡੀਓਜ਼ ਵਾਇਰਲ ਹੋਈਆਂ ਸਨ ਜੋ ਉਨ੍ਹਾਂ ਕਾਂਗਰਸ ਸਰਕਾਰ ਵੇਲੇ ਰਿਲੀਜ਼ ਕੀਤੀ ਸਨ। ਇਨ੍ਹਾਂ ਵੀਡੀਓਜ਼ ਵਿਚ ਉਹ ਸਰਕਾਰ ਦੀ ਤਿੱਖੀ ਨੁਕਤਾਚੀਨੀ ਕਰਨ ਦੇ ਨਾਲ-ਨਾਲ ਇਹ ਕਹਿੰਦੇ ਨਜ਼ਰ ਆ ਰਹੇ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਅਜਿਹਾ ਹਰਗਿਜ਼ ਨਹੀਂ ਹੋਣ ਦਿੱਤਾ ਜਾਵੇਗਾ ਪਰ ਅਸਲੀ ਗੱਲ ਇਹ ਹੈ ਕਿ ਕੁਝ ਮਸਲਿਆਂ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਤੋਂ ਵੀ ਮਾੜੀ ਸਾਬਤ ਹੋ ਰਹੀ ਹੈ। ਆਉਣ ਵਾਲੇ ਦਿਨਾਂ ਵਿਚ ਸਰਕਾਰ ਖਿਲਾਫ ਲੋਕ-ਰੋਹ ਹੋਰ ਪ੍ਰਚੰਡ ਹੋਣ ਦੀਆਂ ਕਿਆਸਆਰਾਈਆਂ ਸਿਆਸੀ ਵਿਸ਼ਲੇਸ਼ਕ ਲਾ ਰਹੇ ਹਨ। ਸਰਕਾਰ ਨੂੰ ਪੰਜਾਬ ਮਸਲਿਆਂ ਵੱਲ ਤੁਰੰਤ ਧਿਆਨ ਦੇਣਾ ਚਾਹੀਦਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਸਿਰ ਵਾਰਨਾ ਕਿ ਵਰਤਣਾ ?*

ਜ਼ੁਲਮੋ ਸਿਤਮ ਜਾਂ ਧੌਂਸ ਖ਼ਿਲਾਫ ਖੜ੍ਹਨਾ, 'ਗਹਿਣਾ' ਨਾਬਰੀ ਮੁੱਢੋਂ ਪੰਜਾਬ ਦਾ ਐ।
ਖ਼ੂਨੀ ਸਿਆਸਤਾਂ ਦੋਸਤੋ ਸਮਝ ਲਈਏ, ਅੱਗੇ ਸਮਾਂ ਬਿਖੜਾ ਬੇ-ਹਿਸਾਬ ਦਾ ਐ।
ਅੱਗਾ-ਪਿੱਛਾ ਵਿਚਾਰੇ ਬਿਨ ਧੁੱਸ ਦੇਣੀ, ਕਾਹ.ਲ ਕਰਨੀ ਵੀ ਕੰਮ ਅਜਾਬ ਦਾ ਐ।
ਬਿਨਾਂ 'ਯੋਗ ਤਰੀਕੇ' ਜੇ ਹੱਥ ਲਾਈਏ, ਸਾੜ ਦੇਣਾ ਹੀ ਕੰਮ 'ਤੇਜ਼ਾਬ' ਦਾ ਐ।
ਲੈ ਕੇ ਵਿਰਸੇ ਤੋਂ 'ਜੋਸ਼ ਤੇ ਹੋਸ਼' ਦੋਵੇਂ, ਵਰਤਮਾਨ 'ਪ੍ਰਸੰਗ' ਵੱਲ ਪਰਤੀਏ ਜੀ।
ਫਾਇਦਾ ਵੱਧ ਨੁਕਸਾਨ ਵੀ ਘੱਟ ਹੁੰਦਾ, ਸਿਰ ਵਾਰਨੇ ਨਾ.ਲੋਂ ਜੇ 'ਵਰਤੀਏ' ਜੀ!

# ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਅਤੇ ਪੰਜਾਬ ਦੇ ਮੁੱਦੇ

*ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਇੱਕ ਤਰ੍ਹਾਂ ਨਾਲ ਅਜਾਈਂ ਗਿਆ ਹੈ। ਇਸ ਸੈਸ਼ਨ ਰਾਹੀਂ ਪੰਜਾਬ ਦੇ ਮਸਲਿਆਂ ਅਤੇ ਸੰਕਟਾਂ ਬਾਰੇ ਵਿਚਾਰ-ਚਰਚਾ ਕੀਤੀ ਜਾ ਸਕਦੀ ਸੀ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਅਜਿਹਾ ਸ਼ਾਇਦ ਚਾਹੁੰਦੀ ਹੀ ਨਹੀਂ। ਸਿੱਟੇ ਵਜੋਂ ਟਿੱਕੇ ਗਏ ਮੁੱਦਿਆਂ ਬਾਰੇ ਵੀ ਢੰਗ ਨਾਲ ਚਰਚਾ ਨਹੀਂ ਕਰਵਾਈ ਗਈ; ਮਹਿਜ਼ ਭਰੋਸਗੀ ਮਤਾ ਹੀ ਪਾਸ ਕੀਤਾ ਗਿਆ। ਇਸੇ ਸਮੁੱਚੇ ਪ੍ਰਸੰਗ ਬਾਰੇ ਵਿਸਥਾਰ ਸਹਿਤ ਚਰਚਾ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।*

ਤਿੰਨ ਅਕਤੂਬਰ ਨੂੰ ਖਤਮ ਹੋਏ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੀ ਸੂਬੇ ਦੀਆਂ ਮੁੱਖ ਰਾਜਨੀਤਕ ਪਾਰਟੀਆਂ ਲਈ ਕੁਝ ਦਿਨ ਮੀਡੀਆ ਵਿਚ ਛਾਏ ਰਹਿਣ ਤੋਂ ਇਲਾਵਾ ਕੋਈ ਖਾਸ ਪ੍ਰਾਪਤੀ ਨਹੀਂ। ਇਸ ਵਿਸ਼ੇਸ਼ ਸੈਸ਼ਨ ਦੀ ਵੱਡੀ ਵਿਸ਼ੇਸ਼ਤਾ ਇਹੀ ਹੈ ਕਿ ਇਸ ਵਿਚ ਪੰਜਾਬ ਦੇ ਕਿਸੇ ਵੀ ਮੁੱਦੇ 'ਤੇ ਰੀਝ ਨਾਲ ਚਰਚਾ ਕਰਨ ਤੋਂ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਨੇ ਟਾਲਾ ਵੱਟੀ ਰੱਖਿਆ। ਇਸ ਸੈਸ਼ਨ ਦੀ ਸਮੁੱਚੀ ਪ੍ਰਕਿਰਿਆ ਨੂੰ ਗਹੁ ਨਾਲ ਤੱਕਣ 'ਤੇ ਪੰਜਾਬ ਦੀਆਂ ਮੁੱਖ ਰਾਜਨੀਤਕ ਪਾਰਟੀਆਂ ਅਤੇ ਉਹਨਾਂ ਦੇ ਵਿਧਾਇਕਾਂ ਦੀ ਖਸਲਤ ਪਛਾਣੀ ਜਾ ਸਕਦੀ ਹੈ ਤੇ ਸਹਿਜੇ ਹੀ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਇਹਨਾਂ 'ਨੁਮਾਇੰਦਿਆਂ' ਨੂੰ ਮੀਡੀਆ ਵਿਚ ਛਾਏ ਰਹਿਣ ਤੋਂ ਇਲਾਵਾ ਪੰਜਾਬ ਦਾ ਭੋਰਾ ਫਿਕਰ ਨਹੀਂ।



ਉਂਝ ਤਾਂ ਇਹ ਵਿਸ਼ੇਸ਼ ਸੈਸ਼ਨ ਆਪਣੀ ਹੋਂਦ ਤੋਂ ਪਹਿਲਾਂ ਹੀ ਚਰਚਾ ਦਾ ਮੁੱਦਾ ਬਣ ਗਿਆ ਸੀ ਕਿਉਂਕਿ ਬੇ-ਭਰੋਸਗੀ ਮਤੇ 'ਤੇ ਤਾਂ ਸੈਸ਼ਨ ਬੁਲਾਏ ਜਾਂਦੇ ਸੁਣੇ ਸਨ ਪਰ ਇਹਨਾਂ ਭਰੋਸਗੀ ਮਤੇ 'ਤੇ ਵਿਸ਼ੇਸ਼ ਸੈਸ਼ਨ ਸੱਦ ਲਿਆ। ਖੈਰ, 22 ਸਤੰਬਰ ਦਾ ਸੈਸ਼ਨ ਰੱਦ ਕਰਨ ਬਾਅਦ ਕੁਝ ਦਿਨਾਂ ਦੇ ਵਕਫੇ ਦਰਮਿਆਨ ਹੀ ਰਾਜਪਾਲ ਨੇ ਸੈਸ਼ਨ ਲਈ ਮਨਜ਼ੂਰੀ ਤਾਂ ਦਿੱਤੀ ਪਰ ਪੰਜਾਬ ਵਿਧਾਨ ਸਭਾ ਦੇ ਸਕੱਤਰ ਨੂੰ ਪੱਤਰ ਲਿਖ ਕੇ ਵਿਧਾਨ ਸੈਸ਼ਨ ਦੇ ਕੰਮਕਾਜ ਬਾਰੇ ਜਾਣਕਾਰੀ ਜ਼ਰੂਰ ਮੰਗੀ, ਸਰਕਾਰ ਸੈਸ਼ਨ ਬੁਲਾਉਣ ਦਾ ਕਾਰਨ ਬਿਜਲੀ, ਪਰਾਲੀ, ਜੀ.ਐਸ.ਟੀ. ਦੇ ਮਸਲੇ 'ਤੇ ਚਰਚਾ ਕਰਨਾ ਦੱਸਿਆ ਪਰ ਸੈਸ਼ਨ ਦੌਰਾਨ ਇਹਨਾਂ ਮੁੱਦਿਆਂ 'ਤੇ ਸੰਜੀਦਾ ਚਰਚਾ ਦੀ ਬਜਾਇ ਮੁੜ-ਘੁੜ 'ਅਪ੍ਰੇਸ਼ਨ ਲੋਟਸ' 'ਤੇ ਹੀ ਚਰਚਾ ਚੱਲਦੀ ਰਹੀ।

**ਨਵਕਿਰਨ ਸਿੰਘ ਪੱਤੀ**
ਈਮੇਲ: n4navkiran@gmail.com

ਜਦ ਸੈਸ਼ਨ ਸ਼ੁਰੂ ਹੋਇਆ ਤਾਂ ਪਹਿਲੇ ਹੀ ਦਿਨ ਭਗਵੰਤ ਮਾਨ ਨੇ 'ਭਰੋਸਗੀ ਮਤਾ' ਲਿਆ ਰੱਖਿਆ। ਤਕਨੀਕੀ ਤੌਰ 'ਤੇ ਤਾਂ ਸਰਕਾਰ ਕਹਿ ਸਕਦੀ ਹੈ ਕਿ ਚੱਲਦੇ ਸੈਸ਼ਨ ਦੌਰਾਨ ਸਪੀਕਰ ਦੀ ਮਨਜ਼ੂਰੀ ਨਾਲ ਇਸ ਤਰ੍ਹਾਂ ਮਤਾ ਰੱਖਿਆ ਜਾ ਸਕਦਾ ਹੈ ਪਰ ਇਸ ਸਰਕਾਰ ਨੂੰ ਅੰਤਰ-ਝਾਤ ਮਾਰ ਕੇ ਨੈਤਿਕ ਤੌਰ 'ਤੇ ਇਹ ਦੱਸਣ ਦੀ ਖੇਚਲ ਕਰਨੀ ਚਾਹੀਦੀ ਹੈ ਕਿ ਬਿਨਾ ਕਿਸੇ ਮਜਬੂਰੀ ਦੇ ਇਸ ਤਰ੍ਹਾਂ ਮਤਾ ਲਿਆਉਣਾ ਠੀਕ ਹੈ? ਇਹ ਵੀ ਹੈਰਾਨੀਜਨਕ ਹੈ ਕਿ ਸੈਸ਼ਨ ਦੌਰਾਨ 'ਆਪ' ਵਿਧਾਇਕ ਭਾਜਪਾ ਖਿਲਾਫ ਘੱਟ ਬਲਕਿ ਕਾਂਗਰਸ ਖਿਲਾਫ ਜ਼ਿਆਦਾ ਰਹੇ।

ਜੇ ਸੱਚਮੁੱਚ 'ਆਪ' ਵਿਧਾਇਕਾਂ ਨੂੰ 25-25 ਕਰੋੜ ਰੁਪਏ ਦੇਣ ਦੀ ਪੇਸ਼ਕਸ਼ ਹੋਈ ਸੀ ਹਾਲਾਂਕਿ ਇੱਕ ਵਿਧਾਇਕ ਤਾਂ 100 ਕਰੋੜ ਦੀ ਗੱਲ ਕਰ ਰਿਹਾ ਸੀ, ਤਾਂ ਵਿਧਾਇਕਾਂ ਨੂੰ ਸਬੂਤ ਵਜੋਂ ਵਿਧਾਨ ਸਭਾ ਵਿਚ ਕੋਈ ਆਡੀਓ, ਵੀਡੀਓ ਰੱਖਣੀ ਚਾਹੀਦੀ ਸੀ ਪਰ ਉਹ ਅਜਿਹਾ ਕੋਈ ਸਬੂਤ ਪੇਸ਼ ਕਰਨਾ ਤਾਂ ਦੂਰ ਦੀ ਗੱਲ, ਕਥਿਤ ਖਰੀਦੋ-ਫਰੋਖਤ ਕਰਨ ਵਾਲੇ ਇੱਕ ਵੀ ਜ਼ਿੰਮੇਵਾਰ ਭਾਜਪਾ ਆਗੂ ਦਾ ਨਾਮ ਤੱਕ ਨਹੀਂ ਦੱਸ ਸਕੇ। ਇੱਕ ਵਿਧਾਇਕ ਨੇ ਸਦਨ ਵਿਚ ਦੋ ਕੇਂਦਰੀ ਮੰਤਰੀਆਂ ਦਾ ਜ਼ਿਕਰ ਤਾਂ ਕੀਤਾ ਪਰ ਉਸ ਨੇ ਇਹ ਨਹੀਂ ਕਿਹਾ ਕਿ ਮੰਤਰੀਆਂ ਨੇ ਉਸ ਨੂੰ ਸਿੱਧਾ ਸੰਪਰਕ ਕੀਤਾ ਸੀ।

ਪਹਿਲਾਂ ਇੱਕ ਦਿਨ ਅਤੇ ਬਾਅਦ ਵਿਚ ਵਧਾਏ ਸੈਸ਼ਨ ਦੀ ਸਮਾਂ ਸਾਰਨੀ ਤੋਂ ਸਰਕਾਰ ਦਾ ਟੀਚਾ ਸਪਸ਼ਟ ਹੁੰਦਾ ਹੈ ਕਿ 27 ਸਤੰਬਰ ਨੂੰ ਸ਼ੁਰੂ ਸੈਸ਼ਨ ਦੇ ਅਗਲੇ ਹੀ ਦਿਨ 28 ਸਤੰਬਰ ਦੀ ਛੁੱਟੀ ਕੀਤੀ ਗਈ; 29 ਸਤੰਬਰ ਨੂੰ ਅੱਧਿਓਂ ਵੱਧ ਦਿਨ ਲੰਘਾ ਕੇ ਦੋ ਵਜੇ ਸੈਸ਼ਨ ਸ਼ੁਰੂ ਕੀਤਾ ਤਾਂ 1 ਅਤੇ 2 ਅਕਤੂਬਰ ਨੂੰ ਮੁੜ ਛੁੱਟੀ ਕੀਤੀ



ਗਈ ਤੇ ਇਹਨਾਂ ਛੁੱਟੀਆਂ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਆਪਣੇ ਯੋਜਨਾਬੱਧ ਏਜੰਡੇ ਤਹਿਤ ਗੁਜਰਾਤ ਵਿਚ ਚੋਣ ਪ੍ਰਚਾਰ ਕਰ ਰਹੇ ਸਨ। 3 ਅਕਤੂਬਰ ਨੂੰ ਅੱਧਾ ਦਿਨ ਲੰਘਾ ਕੇ ਸ਼ੁਰੂ ਹੋਏ ਸੈਸ਼ਨ ਦੌਰਾਨ ਵੀ ਜ਼ਿਆਦਾ ਸਮਾਂ ਆਪਸੀ ਤੋਹਮਤਾਂ ਵਿਚ ਲੰਘਿਆ। ਹਕੀਕਤ ਇਹ ਹੈ ਕਿ ਬਿਰਤਾਂਤ ਸਿਰਜਣ ਵਿਚ ਮਾਹਿਰ 'ਆਪ' ਵੱਲੋਂ ਇਹ ਸੈਸ਼ਨ ਗੁਜਰਾਤ ਅਤੇ ਹਿਮਾਚਲ ਚੋਣਾਂ ਨੂੰ ਮੁੱਖ ਰੱਖ ਕੇ ਇਹ ਸਿੱਧ ਕਰਨ ਲਈ ਬੁਲਾਇਆ ਗਿਆ ਨਜ਼ਰ ਆਉਂਦਾ ਹੈ ਕਿ ਭਾਜਪਾ ਦੇ 'ਅਸਲੀ' ਵਿਰੋਧੀ ਅਸੀਂ ਹੀ ਹਾਂ ਤੇ ਸਾਡੀ ਪਾਰਟੀ ਦੇ ਵਿਧਾਇਕ ਕਿਸੇ ਵੀ ਕੀਮਤ 'ਤੇ ਪਾਰਟੀ ਨਹੀਂ ਛੱਡਦੇ ਹਨ ਜਦਕਿ ਪਾਰਟੀ ਦੇ ਕਈ ਲੀਡਰ/ਸਾਬਕਾ ਐਮ.ਐਲ.ਏ. ਅਤੇ ਇੱਕ ਸਾਬਕਾ ਐਮ.ਪੀ. ਭਾਜਪਾ, ਕਾਂਗਰਸ ਵਿਚ ਛਾਲਾਂ ਮਾਰ ਚੁੱਕੇ ਹਨ। ਸੈਸ਼ਨ ਦੌਰਾਨ ਵੀ 'ਆਪ' ਵਿਧਾਇਕ ਇੰਨੇ ਕੁ ਸੁਹਿਰਦ ਰਹੇ ਕਿ ਇੱਕ ਵਾਰ ਤਾਂ ਮੰਤਰੀ ਅਮਨ ਅਰੋੜਾ ਨੂੰ ਆਪਣੀ ਗੱਲ ਰੱਖਣ ਲਈ ਆਪਣੇ ਹੀ ਵਿਧਾਇਕ ਚੁੱਪ ਕਰਵਾਉਣੇ ਔਖੇ ਹੋ ਗਏ।

ਵਿਰੋਧੀ ਧਿਰਾਂ ਦੀ 'ਦੜ ਵੱਟਣ ਤੇ ਸੱਤਾ ਨਾਲ ਚੁੱਪ ਸਹਿਮਤੀ' ਵਾਲੀ ਦਹਾਕਿਆਂ ਤੋਂ ਚੱਲੀ ਆ ਰਹੀ ਰਵਾਇਤ ਅਨੁਸਾਰ ਕਾਂਗਰਸ ਵਿਧਾਇਕ ਸੈਸ਼ਨ ਵਿਚੋਂ ਨਾਅਰੇ ਮਾਰਦੇ ਬਾਹਰ ਆਉਂਦੇ ਰਹੇ। ਪਹਿਲੇ ਦਿਨ ਤਾਂ ਕਾਂਗਰਸੀਆਂ ਨੇ ਕੁਝ ਸਮੇਂ ਲਈ 'ਮੌਕ' ਸੈਸ਼ਨ ਵੀ ਚਲਾਇਆ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਨੂੰ ਪੱਤਰ ਲਿਖ ਕੇ ਸੈਸ਼ਨ ਵਿਚ 17 ਮੁੱਦੇ ਵਿਚਾਰਨ ਦੀ ਮੰਗ ਤਾਂ ਰੱਖੀ ਪਰ ਉਹਨਾਂ ਮੁੱਦਿਆਂ ਨੂੰ ਵਿਚਾਰਨ ਲਈ ਉਹ ਖੁਦ ਕਿੰਨੇ ਸੁਹਿਰਦ ਹਨ, ਇਹ ਕਿਸੇ ਤੋਂ ਭੁੱਲਿਆ ਨਹੀਂ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਭਾਜਪਾ ਦਾ ਹੁਣ ਤੱਕ ਦਾ ਕਿਰਦਾਰ ਵੱਖ-ਵੱਖ ਸੂਬਿਆਂ ਵਿਚ ਵਿਧਾਇਕਾਂ ਦੀ ਖਰੀਦੋ-ਫਰੋਖਤ ਜਾਂ ਕੇਂਦਰੀ ਏਜੰਸੀਆਂ ਰਾਹੀਂ ਡਰਾ-ਧਮਕਾ ਕੇ ਸਰਕਾਰਾਂ ਬਣਾਉਣ ਵਾਲਾ ਰਿਹਾ ਹੈ ਪਰ ਪੰਜਾਬ ਵਿਚ ਫਿਲਹਾਲ ਭਾਜਪਾ ਇਸ ਸਥਿਤੀ ਵਿਚ ਨਹੀਂ ਅਤੇ 'ਆਪ' ਦੇ ਇਲਜ਼ਾਮ ਹਾਸੋਹੀਣੇ ਲੱਗਦੇ ਹਨ। ਸੈਸ਼ਨ ਦੇ ਪਹਿਲੇ ਦਿਨ ਭਾਜਪਾ ਨੇ ਵੀ ਚੰਡੀਗੜ੍ਹ ਦੇ ਸੈਕਟਰ 37 ਵਿਚ 'ਮੌਕ' ਸੈਸ਼ਨ ਲਗਾਇਆ। ਦੇਸ਼ ਭਰ ਵਿਚ ਧੱਕੇਸ਼ਾਹੀ ਲਈ ਮਸ਼ਹੂਰ ਭਾਜਪਾ ਨੇ ਸੈਸ਼ਨ ਦੇ ਪਹਿਲੇ ਦਿਨ ਡਰਾਮੇਬਾਜ਼ੀ ਦੀ ਕੋਈ ਕਸਰ ਨਹੀਂ ਛੱਡੀ। ਭਾਜਪਾ ਦਾ ਕਿਰਦਾਰ ਇਸ ਤਰ੍ਹਾਂ ਦਾ ਹੈ ਕਿ ਇਹਨਾਂ ਹਕੀਕਤ ਵਿਚ ਤਾਂ ਪੰਜਾਬ ਦੇ ਮੁੱਦਿਆਂ 'ਤੇ ਚਰਚਾ ਕੀ ਕਰਨੀ ਹੈ ਬਲਕਿ 'ਮੌਕ' ਸੈਸ਼ਨ ਵਿਚ ਵੀ ਪੰਜਾਬ ਦੇ ਲੋਕਾਂ ਨਾਲ ਜੁੜੇ ਕਿਸੇ ਠੋਸ ਮੁੱਦੇ 'ਤੇ ਗੱਲ ਨਹੀਂ ਕਰ ਸਕੇ। ਖੇਤੀ ਕਾਨੂੰਨਾਂ ਸਮੇਂ ਪੂਰੀ ਦੁਨੀਆ ਨੇ ਦੇਖਿਆ ਕਿ ਲੋਕਾਂ ਵਿਚ ਅਲੱਗ-ਥਲੱਗ ਪੈਣ ਦੇ ਬਾਵਜੂਦ ਭਾਜਪਾ ਦੀ ਪੰਜਾਬ ਇਕਾਈ ਆਪਣੀ ਹਾਈਕਮਾਂਡ ਜਾਂ ਕੇਂਦਰ ਸਰਕਾਰ ਕੋਲ ਜੁਅਰਤ ਨਾਲ ਕੋਈ ਗੱਲ ਨਹੀਂ ਰੱਖ ਸਕੀ। ਭਾਜਪਾ ਦਾ ਨਿਸ਼ਾਨਾ ਸੰਘੀ ਢਾਂਚੇ ਨੂੰ ਤਹਿਸ-ਨਹਿਸ ਕਰਕੇ ਤਾਕਤਾਂ ਦਾ ਕੇਂਦਰੀਕਰਨ ਕਰਨ ਵਾਲਾ ਹੈ ਤੇ ਇਨ੍ਹਾਂ ਦੇ ਸ਼ਾਸਨ ਵਿਚ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਹਾਲਤ ਕਿਸੇ ਸ਼ਹਿਰ ਦੇ ਮੇਅਰ ਵਰਗੀ ਬਣਨ ਵੱਲ ਵਧ ਰਹੀ ਹੈ।

ਪਿਛਲੇ ਸੈਸ਼ਨ ਦੌਰਾਨ ਨਾਮਾਤਰ ਹਾਜ਼ਰੀ ਵਾਲੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਵਿਧਾਇਕਾ ਗੁਨੀਵ ਕੌਰ ਮਜੀਠੀਆ ਨੇ ਤਾਂ ਪੰਜਾਬ ਦੇ ਕਿਸੇ ਮਸਲੇ 'ਤੇ ਬੋਲਣਾ ਹੀ ਬਿਹਤਰ ਨਹੀਂ ਸਮਝਿਆ।

ਜਿਵੇਂ ਇਹ ਸਮੁੱਚਾ ਸੈਸ਼ਨ ਹੀ ਵਿਵਾਦਾਂ ਵਿਚ ਰਿਹਾ, ਉਸੇ ਤਰ੍ਹਾਂ ਸੈਸ਼ਨ ਦੇ ਚੌਥੇ ਦਿਨ ਭਰੋਸਗੀ ਮਤੇ ਦੇ ਲਈ ਹੋਈ ਵੋਟਿੰਗ ਵੀ ਵਿਵਾਦ ਵਾਲੀ ਹੋ ਨਿੱਬੜੀ ਕਿਉਂਕਿ ਭਰੋਸਗੀ ਮਤੇ ਦੇ ਹੱਕ ਵਿਚ 93 ਵੋਟਾਂ ਪਈਆਂ ਦੱਸੀਆਂ ਗਈਆਂ ਜਦਕਿ ਸੈਸ਼ਨ ਵਿਚ ਆਮ ਆਦਮੀ ਪਾਰਟੀ ਦੇ 91 ਵਿਧਾਇਕ ਸਨ। ਉਸ ਸਮੇਂ ਇੱਕ ਵਿਧਾਇਕ ਅਕਾਲੀ ਦਲ ਅਤੇ ਇੱਕ ਬਹੁਜਨ ਸਮਾਜਵਾਦੀ ਪਾਰਟੀ ਦਾ ਸੈਸ਼ਨ ਵਿਚ ਹਾਜ਼ਰ ਸੀ ਤੇ ਉਹਨਾਂ ਦੀਆਂ ਵੋਟਾਂ ਸ਼ਾਇਦ ਵਿਚੇ ਹੀ ਮੰਨ ਲਈਆਂ ਜਦਕਿ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਇਆਲੀ ਨੇ ਸੈਸ਼ਨ ਵਿਚ ਸਪਸ਼ਟ ਕਿਹਾ, "ਧਿਆਨ ਦਿੱਤਾ ਜਾਵੇ ਕਿ ਮੈਂ ਇਸ ਦੇ ਵਿਰੋਧ ਵਿਚ ਹਾਂ ਕਿਉਂਕਿ ਇਸ ਪ੍ਰਸਤਾਵ ਨੂੰ ਲੈ ਕੇ ਆਉਣ ਦੀ ਲੋੜ ਨਹੀਂ ਸੀ।" ਇਹ ਵੋਟਾਂ ਵਿਚ ਕਿਵੇਂ ਗਿਣੀਆਂ, ਸਵਾਲ ਉਠਣਾ ਸੁਭਾਵਿਕ ਹੈ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸੈਸ਼ਨ ਦੀ ਕਾਰਵਾਈ ਚਲਾਉਣ 'ਤੇ ਰੋਜ਼ਾਨਾ 70 ਤੋਂ 80 ਲੱਖ ਰੁਪਏ ਖਰਚਾ ਆਉਂਦਾ ਹੈ ਹਾਲਾਂਕਿ ਜੇ ਵਿਧਾਇਕਾਂ ਦੇ ਚੰਡੀਗੜ੍ਹ ਤੱਕ ਪਹੁੰਚਣ ਅਤੇ ਠਹਿਰਨ ਦਾ ਸਾਰਾ ਖਰਚਾ ਜੋੜਿਆ ਜਾਵੇ ਤਾਂ ਇਹ ਅੰਕੜਾ ਕਈ ਗੁਣਾ ਹੋ ਸਕਦਾ ਹੈ। ਸੋ, ਅਨੇਕ ਸੰਕਟਾਂ ਵਿਚ ਘਿਰੇ ਪੰਜਾਬ ਦਾ ਇਸ ਸੈਸ਼ਨ ਨਾਲ ਕੀ ਭਲਾ ਹੋਇਆ, ਇਹ ਸੋਚਣ-ਵਿਚਾਰਨ ਵਾਲਾ ਸਵਾਲ ਹੈ। ਪੰਜਾਬ ਵਿਜੀਲੈਂਸ ਕਮਿਸ਼ਨ ਭੰਗ ਕਰਨ ਸਮੇਤ ਜੋ ਬਿੱਲ ਮਨਜ਼ੂਰ ਕੀਤੇ, ਉਹ ਤਾਂ ਅਗਲੇ ਸੈਸ਼ਨ ਵਿਚ ਵੀ ਲਿਆਂਦੇ ਜਾ ਸਕਦੇ ਸਨ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਇਸ ਸੈਸ਼ਨ ਵਿਚ ਪੰਜਾਬ ਨਾਲ ਜੁੜੇ ਕਿਸੇ ਮਾਮਲੇ ਦੀ ਕੋਈ ਚਰਚਾ ਹੋਈ ਅਤੇ ਨਾ ਹੱਲ ਵੱਲ ਵਧਿਆ ਗਿਆ। ਜੇ ਵਿਸ਼ੇਸ਼ ਸੈਸ਼ਨ ਬੁਲਾਉਣਾ ਹੀ ਸੀ ਤਾਂ ਚੰਗੀ ਗੱਲ ਹੁੰਦੀ ਕਿ ਵਿਸ਼ੇਸ਼ ਸੈਸ਼ਨ ਵਿਚ ਬੇਰੁਜ਼ਗਾਰੀ, ਕੱਚੇ ਕਾਮੇ ਪੱਕੇ ਕਰਨ, ਕਿਸਾਨ-ਮਜ਼ਦੂਰ ਖੁਦਕੁਸ਼ੀਆਂ, ਕਿਸਾਨਾਂ ਨੂੰ ਫਸਲਾਂ ਦੀ ਐਮ.ਐਸ.ਪੀ. ਯਕੀਨੀ ਬਣਾਉਣ, ਮਜ਼ਦੂਰਾਂ ਨੂੰ ਪੂਰਾ ਸਾਲ ਰੁਜ਼ਗਾਰ ਗਾਰੰਟੀ ਦੇਣ, ਬੇਅਦਬੀ ਤੇ ਗੋਲੀਕਾਂਡ ਮਾਮਲੇ ਦੀ ਚਰਚਾ, ਪਰਾਲੀ ਦੇ ਠੋਸ ਹੱਲ ਤੇ ਫਸਲੀ ਵੰਨ-ਸਵੰਨਤਾ, ਚੰਡੀਗੜ੍ਹ ਦਾ ਮਸਲਾ, ਬੀ.ਬੀ.ਐਮ.ਬੀ., ਪੁਲਿਸ ਹਿਰਾਸਤ 'ਚੋਂ ਫਰਾਰ ਹੋ ਰਹੇ ਗੈਂਗਸਟਰਾਂ ਆਦਿ ਮਸਲਿਆਂ 'ਤੇ ਚਰਚਾ ਕਰਨ ਲਈ ਬੁਲਾਉਂਦੇ ਤੇ ਕਿਸੇ ਠੋਸ ਹੱਲ ਵੱਲ ਵਧਿਆ ਜਾਂਦਾ ਪਰ ਅਜਿਹਾ ਕਰਨ ਦੀ ਥਾਂ ਸਿਰਫ ਸਿਆਸਤ ਕੀਤੀ ਗਈ।

# 'ਸਿਟ' ਨੇ ਮੋਦੀ ਨੂੰ ਕਲੀਨ ਚਿੱਟ ਕਿਵੇਂ ਦਿੱਤੀ...

**ਗੁਜਰਾਤ ਹਿੰਸਾ**

*ਗੁਜਰਾਤ ਵਿਚ 2002 ਵਿਚ ਹੋਈ ਭਿਆਨਕ ਫਿਰਕੂ ਹਿੰਸਾ ਦੇ ਮਾਮਲੇ ਵਿਚ ਭਾਰਤ ਦੀ ਸੁਪਰੀਮ ਕੋਰਟ ਨੇ ਸੂਬੇ ਦੇ ਉਸ ਵਕਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਖਿਲਾਫ ਦੋਸ਼ ਖਾਰਜ ਕਰ ਦਿੱਤੇ। ਉਘੇ ਪੱਤਰਕਾਰ ਹਰਤੋਸ਼ ਸਿੰਘ ਬਲ ਨੇ ਇਸ ਸਮੁੱਚੇ ਮਾਮਲੇ ਬਾਰੇ ਲੰਮੀ ਰਿਪੋਰਟ ਤਿਆਰ ਕੀਤੀ ਹੈ ਜਿਸ ਵਿਚ ਉਹ ਤੱਥ ਉਜਾਗਰ ਕੀਤੇ ਹਨ ਜਿਨ੍ਹਾਂ ਨੂੰ ਅਦਾਲਤ ਨੇ ਗੌਲਿਆ ਹੀ ਨਹੀਂ। ਇਸ ਲੰਮੀ ਰਿਪੋਰਟ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਇਸ ਦੀ ਪਹਿਲੀ ਕਿਸ਼ਤ ਪੇਸ਼ ਹੈ।*

ਇਸ ਸਾਲ ਜੂਨ ਵਿਚ ਸੁਪਰੀਮ ਕੋਰਟ ਨੇ 2002 ਦੀ ਗੁਜਰਾਤ ਹਿੰਸਾ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੋਰਾਂ ਵਿਰੁੱਧ ਅਪਰਾਧਿਕ ਸਾਜ਼ਿਸ਼ ਰਚਣ ਦੇ ਦੋਸ਼ ਖਾਰਜ ਕਰ ਦਿੱਤੇ। ਫ਼ੈਸਲੇ ਤੋਂ ਤੁਰੰਤ ਬਾਅਦ ਗੁਜਰਾਤ ਪੁਲਿਸ ਨੇ ਸਮਾਜੀ ਕਾਰਕੁਨ ਤੀਸਤਾ ਸੀਤਲਵਾੜ ਅਤੇ ਗੁਜਰਾਤ ਪੁਲਿਸ ਦੇ ਸਾਬਕਾ ਡਾਇਰੈਕਟਰ ਜਨਰਲ ਆਰ.ਬੀ. ਸ੍ਰੀਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ। ਸਾਬਕਾ ਪੁਲਿਸ ਅਧਿਕਾਰੀ ਸੰਜੀਵ ਭੱਟ ਦੇ ਨਾਲ ਜੋ ਪਹਿਲਾਂ ਹੀ ਜੇਲ੍ਹ ਵਿਚ ਹਨ, ਸੀਤਲਵਾੜ ਅਤੇ ਸ੍ਰੀਕੁਮਾਰ ਨੂੰ ਇਕ ਪੁਲਿਸ ਅਧਿਕਾਰੀ ਦੁਆਰਾ ਦਾਇਰ ਕੀਤੀ ਐੱਫ.ਆਈ.ਆਰ.



**ਹਰਤੋਸ਼ ਸਿੰਘ ਬਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਸ ਵਿਚ ਉਨ੍ਹਾਂ ਉੱਪਰ 'ਬੇਕਸੂਰ' ਲੋਕਾਂ ਨੂੰ ਫਸਾਉਣ ਲਈ ਜਾਅਲਸਾਜ਼ੀ ਅਤੇ ਸਬੂਤ ਘੜਨ ਦਾ ਦੋਸ਼ ਹੈ।

27 ਫਰਵਰੀ 2002 ਨੂੰ ਅਯੁੱਧਿਆ ਤੋਂ ਪਰਤ ਰਹੇ ਹਿੰਦੂ ਕਾਰ ਸੇਵਕਾਂ ਨੂੰ ਲੈ ਕੇ ਜਾ ਰਹੀ ਸਾਬਰਮਤੀ ਐਕਸਪ੍ਰੈਸ ਦੇ ਇਕ ਡੱਬੇ ਨੂੰ ਗੋਧਰਾ ਰੇਲਵੇ ਸਟੇਸ਼ਨ ਨੇੜੇ ਅੱਗ ਲੱਗ ਗਈ ਸੀ। ਇਸ ਤੋਂ ਬਾਅਦ ਗੁਜਰਾਤ ਵਿਚ ਤਿੰਨ ਦਿਨਾਂ ਤੱਕ ਭਿਆਨਕ ਫਿਰਕੂ ਹਿੰਸਾ ਹੋਈ ਜੋ ਬਾਅਦ ਵਿਚ ਕਈ ਮਹੀਨੇ ਜਾਰੀ ਰਹੀ। ਭੀੜ ਨੇ ਇਕ ਹਜ਼ਾਰ ਤੋਂ ਵੱਧ ਲੋਕਾਂ ਨੂੰ ਮਾਰ ਦਿੱਤਾ ਜਿਨ੍ਹਾਂ ਵਿਚੋਂ ਜ਼ਿਆਦਾਤਰ ਮੁਸਲਮਾਨ ਸਨ। ਦਰਜਨਾਂ ਹੋਰ ਜ਼ਖ਼ਮੀ ਹੋਏ ਅਤੇ ਇਕ ਲੱਖ ਪੰਜਾਹ ਹਜ਼ਾਰ ਤੋਂ ਵੱਧ ਲੋਕ ਉਜੜ ਕੇ ਬੇਘਰ ਹੋ ਗਏ। ਰਾਜ ਦੇ ਤੱਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਹਿੰਸਾ ਨੂੰ ਰੋਕਣ ਲਈ ਹਰਕਤ 'ਚ ਨਾ ਆਉਣ ਲਈ ਮੁਲਕ ਅਤੇ ਕੌਮਾਂਤਰੀ ਪੱਧਰ 'ਤੇ ਸਖ਼ਤ ਨਿੰਦਾ ਦਾ ਸਾਹਮਣਾ ਕਰਨਾ ਪਿਆ। ਇਸ ਦੇ ਬਾਵਜੂਦ ਕਿ ਉਹ ਰਾਜਨੀਤਕ ਸੱਤਾ ਵਿਚ ਤੇਜ਼ੀ ਨਾਲ ਅੱਗੇ ਵਧ ਰਿਹਾ ਸੀ, 2002 ਦਾ ਮੁਸਲਿਮ ਵਿਰੋਧੀ ਕਤਲੇਆਮ ਮੋਦੀ ਦੇ ਕਰੀਅਰ 'ਤੇ ਖ਼ੂਨੀ ਦਾਗ਼ ਹੈ।

ਹਿੰਸਾ ਦੇ ਦਿਨਾਂ 'ਚ ਭੀੜ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਅਹਿਸਾਨ ਜਾਫ਼ਰੀ ਦੀ ਹੱਤਿਆ ਕਰ ਦਿੱਤੀ ਸੀ। ਉਸ ਦੀ ਪਤਨੀ ਜ਼ਕੀਆ ਜਾਫ਼ਰੀ ਨੇ 2006 'ਚ ਸੁਪਰੀਮ ਕੋਰਟ 'ਚ ਮੋਦੀ ਅਤੇ 63 ਹੋਰਾਂ ਖ਼ਿਲਾਫ਼ ਪਟੀਸ਼ਨ ਦਾਇਰ ਕੀਤੀ। ਸੁਪਰੀਮ ਕੋਰਟ ਨੇ 2008 ਵਿਚ 'ਸਿਟ' (ਵਿਸ਼ੇਸ਼ ਜਾਂਚ ਟੀਮ) ਬਣਾਈ। 'ਸਿਟ' ਨੇ 2012 ਵਿਚ ਆਪਣੀ ਕਲੋਜ਼ਰ ਰਿਪੋਰਟ ਪੇਸ਼ ਕੀਤੀ ਜਿਸ ਵਿਚ ਮੋਦੀ ਅਤੇ ਹੋਰਾਂ ਵਿਰੁੱਧ 'ਮੁਕੱਦਮਾ ਚਲਾਏ ਜਾਣ ਯੋਗ ਸਬੂਤਾਂ' ਦੀ ਘਾਟ ਕਾਰਨ ਅਪਰਾਧਿਕ ਦੋਸ਼ ਖਾਰਜ ਕਰ ਦਿੱਤੇ। ਕਲੋਜ਼ਰ ਰਿਪੋਰਟ ਵਿਰੁੱਧ 2013 ਵਿਚ ਦਾਇਰ 500 ਤੋਂ ਵਧੇਰੇ ਪੰਨਿਆਂ ਦੀ ਵਿਰੋਧ ਪਟੀਸ਼ਨ ਜਾਂ ਅਸੰਤੁਸ਼ਟੀ ਪਟੀਸ਼ਨ ਤੋਂ ਇਲਾਵਾ ਜ਼ਾਫ਼ਰੀ ਨੇ 'ਸਿਟ' ਦੀ ਰਿਪੋਰਟ ਨੂੰ ਸਵੀਕਾਰ ਕੀਤੇ ਜਾਣ ਦੇ ਵਿਰੁੱਧ 2018 ਵਿਚ ਸੁਪਰੀਮ ਕੋਰਟ ਵਿਚ ਇਕ ਹੋਰ ਪਟੀਸ਼ਨ ਵੀ ਦਾਇਰ ਕੀਤੀ।

ਜਾਫ਼ਰੀ ਦੀ 2018 ਦੀ ਪਟੀਸ਼ਨ ਨੂੰ ਖਾਰਜ ਕਰਨ ਵਾਲੇ ਸੁਪਰੀਮ ਕੋਰਟ ਦੇ ਜੂਨ ਦੇ ਫ਼ੈਸਲੇ ਨੇ 'ਸਿਟ' ਦੀ ਜਾਂਚ 'ਤੇ ਬਹੁਤ ਜ਼ਿਆਦਾ ਭਰੋਸਾ ਕੀਤਾ ਹੈ। ਅਦਾਲਤ ਨੇ 'ਸਿਟ' ਦੀ ਇਸ ਦੇ 'ਅਣਥੱਕ ਕੰਮ' ਲਈ ਸ਼ਲਾਘਾ ਕੀਤੀ ਅਤੇ ਐਲਾਨ ਕੀਤਾ- 'ਸਿਟ ਦੀ ਪਹੁੰਚ 'ਚ ਕੋਈ ਨੁਕਸ ਨਹੀਂ ਲੱਭਿਆ ਜਾ ਸਕਦਾ ਹੈ।' ਇਸ ਵਿਚ ਕਿਹਾ ਗਿਆ ਹੈ ਕਿ ਅੰਤਿਮ 'ਸਿਟ' ਰਿਪੋਰਟ "ਇਸ ਮਜ਼ਬੂਤ ਤਰਕ ਦੇ ਜ਼ਰੀਏ ਵੱਡੀ ਅਪਰਾਧਿਕ ਸਾਜ਼ਿਸ਼ (ਸਿਖ਼ਰਲੇ ਪੱਧਰ 'ਤੇ) ਦੇ ਦੋਸ਼ਾਂ ਨੂੰ ਰੱਦ ਕਰਦੀ ਹੈ ਕਿਉਂਕਿ 'ਸਿਟ' ਵਿਸ਼ਲੇਸ਼ਣਾਤਮਕ ਵਿਚਾਰ ਨੂੰ ਉਜਾਗਰ ਕਰਨ ਅਤੇ ਸਾਰੇ ਪਹਿਲੂਆਂ ਦੀ ਨਿਰਪੱਖਤਾ ਨਾਲ ਜਾਂਚ ਕਰਨ ਦੇ ਯੋਗ ਸੀ।"

ਹਾਲਾਂਕਿ ਇਹ ਜੱਜਾਂ ਦਾ ਵਿਸ਼ੇਸ਼ ਅਧਿਕਾਰ ਹੈ ਕਿ ਉਹ ਆਪਣੇ ਸਿੱਟੇ 'ਤੇ ਪਹੁੰਚਣ ਲਈ 'ਸਿਟ' ਦੀ ਰਿਪੋਰਟ 'ਤੇ ਭਰੋਸਾ ਕਰਨ ਜਾਂ ਨਾ, ਪਰ ਕੋਈ ਵੀ ਅਦਾਲਤੀ ਫ਼ੈਸਲਾ 'ਸਿਟ' ਦੀ ਰਿਪੋਰਟ ਨੂੰ ਜਨਤਕ ਜਾਂਚ ਤੋਂ ਉੱਪਰ ਨਹੀਂ ਰੱਖ ਸਕਦਾ। ਰਿਪੋਰਟ ਦੇ ਵਿਸਤਾਰਤ ਅਧਿਐਨ ਤੋਂ ਬਾਅਦ ਇਸ ਦਾਅਵੇ ਨਾਲ ਸਹਿਮਤ ਹੋਣਾ ਮੁਸ਼ਕਿਲ ਹੈ ਕਿ 'ਸਿਟ' ਦੇ ਨਜ਼ਰੀਏ 'ਚ ਕੋਈ ਗੜਬੜ ਨਹੀਂ ਸੀ ਜਾਂ ਰਿਪੋਰਟ ਦਰਅਸਲ ਨਿਰਪੱਖਤਾ ਜਾਂ 'ਮਜ਼ਬੂਤ ਤਰਕ' 'ਤੇ ਆਧਾਰਿਤ ਸੀ।

ਅਦਾਲਤ ਭਾਵੇਂ 'ਸਿਟ' ਦੀ ਰਿਪੋਰਟ 'ਤੇ ਭਰੋਸਾ ਕਰਦੇ ਹੋਏ "ਵੱਡੀ ਅਪਰਾਧਿਕ ਸਾਜ਼ਿਸ਼" ਦਾ ਕੋਈ ਸਬੂਤ ਨਹੀਂ ਲੱਭਦੀ ਲੇਕਿਨ ਇਹ ਕਤਲੇਆਮ ਦੌਰਾਨ ਮੋਦੀ ਸਰਕਾਰ ਦੇ ਰਵੱਈਏ ਲਈ ਉਸ ਨੂੰ ਦੋਸ਼ਾਂ ਤੋਂ ਬਰੀ ਕਰਨ ਦੇ ਬਰਾਬਰ ਨਹੀਂ। ਲੰਮੇ ਸਮੇਂ ਤੱਕ ਫਿਰਕੂ ਹਿੰਸਾ ਜਾਰੀ ਰਹਿਣ ਦਾ ਤੱਥ ਸਿਖ਼ਰਲੇ ਪੱਧਰਾਂ 'ਤੇ ਪ੍ਰਸ਼ਾਸਨ ਦੀ ਅਸਫ਼ਲਤਾ ਦਾ ਸੰਕੇਤ ਹੈ। ਇਸ ਨਤੀਜੇ ਨੂੰ 'ਸਿਟ' ਦੀ ਰਿਪੋਰਟ ਵਿਚ ਜੁਟਾਏ ਸਬੂਤਾਂ ਤੋਂ ਹੋਰ ਮਜ਼ਬੂਤੀ ਮਿਲਦੀ ਹੈ। ਇਹ ਸਬੂਤ ਹਿੰਸਾ ਦੌਰਾਨ ਗੁਜਰਾਤ ਸਰਕਾਰ ਦੀ ਕਾਰਵਾਈ ਅਤੇ ਨੀਅਤ ਉੱਪਰ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਮਸਲਨ, ਹਿੰਸਾ ਦੌਰਾਨ ਆਪਣੀ ਡਿਊਟੀ ਨਿਭਾਉਣ ਵਾਲੇ ਕਈ ਅਧਿਕਾਰੀਆਂ ਦੇ ਤਬਾਦਲੇ 'ਤੇ ਨਜ਼ਰ ਮਾਰੀਏ ਤਾਂ ਨਮੂਨਾ ਨਜ਼ਰ ਆਉਂਦਾ ਹੈ। ਦੰਗਿਆਂ ਨੂੰ ਰੋਕਣ ਵਾਲੇ ਚੰਗੇ ਅਫ਼ਸਰਾਂ ਨੂੰ ਬਾਹਰ ਕਰ ਦਿੱਤਾ ਗਿਆ ਜਦੋਂਕਿ ਬੇਅਸਰ ਅਫ਼ਸਰ ਅਹੁਦਿਆਂ 'ਤੇ ਬੈਠੇ ਰਹੇ ਪਰ 'ਸਿਟ' ਨੇ ਇਹ ਦਾਅਵਾ ਕਰਦੇ ਹੋਏ ਇਸ ਨੂੰ ਰੱਦ ਕਰ ਦਿੱਤਾ ਕਿ ਤਬਾਦਲਾ ਕਰਨਾ ਸਰਕਾਰ ਦਾ ਵਿਸ਼ੇਸ਼ ਅਧਿਕਾਰ ਹੈ। ਉਸ ਕੇਸ ਵਿਚ ਇਸ ਦਲੀਲ ਦੀ ਕੋਈ ਤੁਕ ਨਹੀਂ ਬਣਦੀ ਜਿੱਥੇ ਸਰਕਾਰ ਖ਼ੁਦ ਦੋਸ਼ੀ ਹੈ।

ਰਿਪੋਰਟ ਨੂੰ ਬਾਰੀਕੀ ਨਾਲ ਪੜ੍ਹਨਾ ਵੀ ਇਸ ਗੱਲ ਦੀ ਹਮਾਇਤ ਨਹੀਂ ਕਰਦਾ ਕਿ ਪੁਲਿਸ ਸਿਰਫ਼ ਇਸ ਲਈ ਫੇਲ੍ਹ ਹੋਈ ਕਿਉਂਕਿ ਗੁਜਰਾਤ ਸਰਕਾਰ ਦੇ ਸਾਹਮਣੇ ਅਚਾਨਕ ਅਤੇ ਇਸ ਹੱਦ ਤੱਕ ਹਿੰਸਾ ਭੜਕ ਗਈ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਪਹਿਲੇ ਦੋ ਮਹੀਨਿਆਂ ਦੌਰਾਨ ਪੁਲਿਸ ਗੋਲੀਬਾਰੀ ਵਿਚ ਮੁਸਲਮਾਨਾਂ ਨੂੰ ਬਹੁਤ ਜ਼ਿਆਦਾ ਨਿਸ਼ਾਨਾ ਬਣਾਇਆ ਗਿਆ, ਇਸ ਨੂੰ ਮਹਿਜ਼ ਇਤਫ਼ਾਕ ਨਹੀਂ ਕਿਹਾ ਜਾ ਸਕਦਾ।

ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਆਪਣੀ ਸਹਿਯੋਗੀ ਜਥੇਬੰਦੀ ਵੀ.ਐੱਚ.ਪੀ. (ਵਿਸ਼ਵ ਹਿੰਦੂ ਪ੍ਰੀਸ਼ਦ) ਤੋਂ ਲੈ ਕੇ ਚੋਣਵੇਂ ਸਰਕਾਰੀ ਵਕੀਲ ਨਿਯੁਕਤ ਕੀਤੇ, ਇੱਥੋਂ ਤੱਕ ਕਿ ਉਨ੍ਹਾਂ ਕੇਸਾਂ 'ਚ ਵੀ ਜਿੱਥੇ ਹਿੰਸਾ ਦੇ ਦੋਸ਼ੀ ਸੰਘ ਪਰਿਵਾਰ ਦੇ ਸਨ। ਇਸ ਸਮੇਂ ਦੌਰਾਨ ਮੋਦੀ ਨੇ ਘੱਟੋ-ਘੱਟ ਇਕ ਇੰਟਰਵਿਊ ਦਿੱਤੀ ਜਿਸ ਵਿਚ ਹਿੰਸਾ ਨੂੰ ਪ੍ਰਤੀਕਰਮ ਵਜੋਂ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਆਪਣੇ ਜਨਤਕ ਭਾਸ਼ਣਾਂ 'ਚ ਉਸ ਵੱਲੋਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। 'ਸਿਟ' ਨੇ ਮੋਦੀ ਦੇ ਅਰਥਹੀਣ ਸਪਸ਼ਟੀਕਰਨ ਨੂੰ ਸਵੀਕਾਰ ਕਰ ਲਿਆ।

ਗੋਧਰਾ ਅੱਗਜ਼ਨੀ ਕਾਂਡ ਤੋਂ ਤੁਰੰਤ ਬਾਅਦ ਲਾਸ਼ਾਂ ਸੰਭਾਲਣ ਬਾਰੇ 'ਸਿਟ' ਦੇ ਜੁਟਾਏ ਸਬੂਤ ਦਰਸਾਉਂਦੇ ਹਨ ਕਿ ਵੀ.ਐੱਚ.ਪੀ. ਦੁਆਰਾ ਸਾਰੇ ਨਿਯਮਾਂ ਦੀ ਉਲੰਘਣਾ ਕਰਦਿਆਂ ਬੇਲੋੜੀ ਦਖ਼ਲਅੰਦਾਜ਼ੀ ਕੀਤੀ ਗਈ; ਇੱਥੋਂ ਤੱਕ ਕਿ ਉਹ ਅਹਿਮਦਾਬਾਦ ਵਿਚ 12 ਲਾਸ਼ਾਂ ਦੇ ਅੰਤਿਮ ਸੰਸਕਾਰ ਦਾ ਜਲੂਸ ਕੱਢੇ ਜਾਣ ਦੇ ਸਬੂਤ ਵੀ ਦਿੰਦੇ ਹਨ ਪਰ 'ਸਿਟ' ਇਕ ਜੂਨੀਅਰ ਅਧਿਕਾਰੀ ਉੱਪਰ ਲਾਸ਼ਾਂ ਵੀ.ਐੱਚ.ਪੀ. ਨੂੰ ਸੌਂਪਣ ਦਾ ਦੋਸ਼ ਲਗਾਉਂਦੀ ਹੈ ਅਤੇ ਜਲੂਸ ਦੀ ਚਰਚਾ ਹੀ ਨਹੀਂ ਕਰਦੀ।

ਅੰਤ ਵਿਚ, 'ਸਿਟ' ਰਿਪੋਰਟ ਖ਼ੁਦ ਅਜਿਹੀਆਂ ਕਈ ਮਿਸਾਲਾਂ ਦਿੰਦੀ ਹੈ ਜਿੱਥੇ ਸ੍ਰੀਕੁਮਾਰ ਦੀਆਂ ਟਿੱਪਣੀਆਂ ਅਤੇ ਦੋਸ਼ ਸਹੀ ਸਾਬਤ ਹੁੰਦੇ ਹਨ। 'ਸਿਟ' ਉਨ੍ਹਾਂ ਦੀ ਸਾਖ ਉੱਪਰ ਸ਼ੱਕ ਜ਼ਾਹਿਰ ਕਰਨ ਲਈ ਇਸ ਤੱਥ ਦੀ ਵਰਤੋਂ ਤਾਂ ਕਰਦੀ ਹੈ ਕਿ ਉਹ ਤਰੱਕੀ ਚਾਹੁੰਦਾ ਸੀ ਪਰ ਇਸ ਗੱਲ ਵੱਲ ਧਿਆਨ ਨਹੀਂ ਦਿੰਦੀ ਕਿ ਉਸ ਨੂੰ ਨਜ਼ਰਅੰਦਾਜ਼ ਉਦੋਂ ਕੀਤਾ ਗਿਆ ਜਦੋਂ ਇਹ ਸਪਸ਼ਟ ਹੋ ਗਿਆ ਕਿ ਉਹ 2002 ਦੀ ਹਿੰਸਾ ਸਮੇਂ ਸਰਕਾਰ ਦੀ ਲੀਹ 'ਤੇ ਚੱਲਣ ਲਈ ਤਿਆਰ ਨਹੀਂ ਹੈ।

ਤਦ ਪਟੀਸ਼ਨਰ ਕੋਲ ਅਦਾਲਤ ਵਿਚ ਆਉਣ ਅਤੇ ਨਿਆਂ ਪ੍ਰਣਾਲੀ ਨੂੰ ਆਪਣੇ ਦੋਸ਼ਾਂ ਉੱਪਰ ਗ਼ੌਰ ਕਰਨ ਲਈ ਕਹਿਣ ਦਾ ਚੰਗਾ ਕਾਰਨ ਸੀ ਪਰ ਸੁਪਰੀਮ ਕੋਰਟ ਦੇ ਫ਼ੈਸਲੇ ਨੇ ਇਸ ਦੀ ਬਜਾਇ "ਇਸ ਵਿਚ ਸ਼ਾਮਲ ਹਰ ਅਦਾਰੇ ਦੀ ਇਮਾਨਦਾਰੀ 'ਤੇ ਸਵਾਲ ਉਠਾਉਣ ਦੀ ਜੁਅਰਤ" ਦੇਖਦਿਆਂ "ਗੁਜਰਾਤ ਦੇ ਅਸੰਤੁਸ਼ਟ ਅਧਿਕਾਰੀਆਂ ਦੇ ਨਾਲ-ਨਾਲ ਹੋਰ ਲੋਕਾਂ" ਉੱਪਰ ਸਖ਼ਤ ਕਾਰਵਾਈ ਕਰਨ ਦਾ ਫ਼ੈਸਲਾ ਸੁਣਾਇਆ ਅਤੇ ਉਨ੍ਹਾਂ ਉੱਪਰ "ਬਦਨੀਅਤ ਨਾਲ ਮਾਹੌਲ ਭਖਾਈ ਰੱਖਣ" ਦਾ ਦੋਸ਼ ਲਗਾਇਆ। ਇਹ ਫ਼ੈਸਲਾ ਇਸ ਗੱਲ ਦੀ ਜ਼ੋਰਦਾਰ ਪੈਰਵੀ ਕਰਦਾ ਹੈ: "ਦਰਅਸਲ, ਪ੍ਰਕਿਰਿਆ ਦੀ ਅਜਿਹੀ ਉਲੰਘਣਾ ਵਿਚ ਸ਼ਾਮਿਲ ਸਾਰੇ ਲੋਕਾਂ ਨੂੰ ਸਾਹਮਣੇ ਲਿਆਂਦਾ ਜਾਣਾ ਚਾਹੀਦਾ ਹੈ ਅਤੇ ਕਾਨੂੰਨ ਅਨੁਸਾਰ ਉਨ੍ਹਾਂ ਉੱਪਰ ਕਾਰਵਾਈ ਹੋਣੀ ਚਾਹੀਦੀ ਹੈ।"

ਇਹ ਟਿੱਪਣੀ ਗੁਜਰਾਤ ਪੁਲਿਸ ਦੁਆਰਾ ਦਰਜ ਐੱਫ.ਆਈ.ਆਰ. ਦੇ ਆਧਾਰ ਵਜੋਂ ਕੰਮ ਕਰਦੀ ਹੈ ਜਿਸ ਤੋਂ ਬਾਅਦ ਸ੍ਰੀਕੁਮਾਰ ਅਤੇ ਸੀਤਲਵਾੜ ਨੂੰ ਗ੍ਰਿਫ਼ਤਾਰ ਕੀਤਾ ਪਰ ਜੇ ਪਟੀਸ਼ਨ ਕਰਤਾਵਾਂ ਕੋਲ 2002 ਦੀ ਹਿੰਸਾ ਦੌਰਾਨ ਸਰਕਾਰ ਦੇ ਰਵੱਈਏ ਨੂੰ ਚੁਣੌਤੀ ਦੇਣ ਅਤੇ ਉਸ ਉੱਪਰ ਸਵਾਲ ਕਰਨ ਦੇ ਵਾਜਬ ਕਾਰਨ ਹਨ ਤਾਂ ਅਦਾਲਤ ਦੇ ਇਸ ਨਤੀਜੇ ਨਾਲ ਸਹਿਮਤ ਹੋਣਾ ਮੁਸ਼ਕਿਲ ਹੈ ਕਿ "ਇਰਾਦਾ ਬੁਰਾ ਹੈ"।

ਜੇ ਅਸੀਂ ਉਹ ਦਸਤਾਵੇਜ਼ ਪਾਸੇ ਵੀ ਰੱਖ ਦੇਈਏ ਜਿਨ੍ਹਾਂ ਦੇ ਜਾਅਲੀ ਹੋਣ ਦਾ ਦਾਅਵਾ 'ਸਿਟ' ਕਰ ਰਹੀ ਹੈ ਅਤੇ ਸਿਰਫ਼ ਉਨ੍ਹਾਂ ਸਬੂਤਾਂ 'ਤੇ ਭਰੋਸਾ ਕਰੀਏ ਜੋ ਖ਼ੁਦ 'ਸਿਟ' ਨੇ ਜੁਟਾਏ, ਤਾਂ ਵੀ 2002 'ਚ ਮੋਦੀ ਸਰਕਾਰ ਦੇ ਰਵੱਈਏ 'ਤੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ। ਇਸ ਨਾਲ ਜਾਂਚ ਦੀ ਕਾਰਜ ਪ੍ਰਣਾਲੀ ਬਾਰੇ ਵੀ ਸਵਾਲ ਉਠਦੇ ਹਨ ਜੋ 'ਸਿਟ' ਦੁਆਰਾ ਜੁਟਾਏ ਸਬੂਤਾਂ ਦਾ ਵਜ਼ਨ ਘਟਾਉਂਦਾ ਹੈ ਅਤੇ ਅਕਸਰ ਅਜਿਹੇ ਨਤੀਜਿਆਂ 'ਤੇ ਪਹੁੰਚਦਾ ਹੈ ਜੋ ਤਰਕ ਦੀ ਗੱਲ ਨਹੀਂ ਸੁਣਦੇ। 'ਸਿਟ' ਨੂੰ ਜਿਨ੍ਹਾਂ 32 ਦੋਸ਼ਾਂ ਦੀ ਜਾਂਚ ਦਾ ਕੰਮ ਸੌਂਪਿਆ ਸੀ, ਉਨ੍ਹਾਂ ਵਿਚੋਂ ਛੇ ਸਭ ਤੋਂ ਗੰਭੀਰ ਦੋਸ਼ਾਂ ਦੀ ਜਾਂਚ ਇਸ ਨੇ ਕਿਵੇਂ ਕੀਤੀ, ਉਸ ਦੀ ਪੜਤਾਲ ਮੈਂ ਕੀਤੀ ਹੈ।

---

ਘੱਟੋ-ਘੱਟ ਦੋ ਮਾਮਲੇ ਅਜਿਹੇ ਹਨ ਜਿਨ੍ਹਾਂ ਵਿਚ 'ਸਿਟ' ਨੇ 2002 ਦੀ ਹਿੰਸਾ ਬਾਰੇ ਨਰਿੰਦਰ ਮੋਦੀ ਦੇ ਬਿਆਨਾਂ ਦੀ ਜਾਂਚ ਕੀਤੀ ਸੀ। ਦੋਵਾਂ ਮਾਮਲਿਆਂ ਵਿਚ ਇਸ ਨੇ ਮੋਦੀ ਦੇ ਜਵਾਬ ਨੂੰ ਫੇਸ-ਵੈਲਯੂ 'ਤੇ ਲਿਆ। ਇਸ ਮਾਮਲੇ ਵਿਚ 'ਸਿਟ' ਵੱਲੋਂ ਅਪਣਾਈ ਗਈ ਪ੍ਰਕਿਰਿਆ ਸੁਪਰੀਮ ਕੋਰਟ ਦੇ ਉਸ ਕਥਨ ਦੇ ਉਲਟ ਹੈ ਜਿਸ ਵਿਚ ਕਿਹਾ ਗਿਆ ਸੀ ਕਿ 'ਸਿਟ' ਨੇ ਸਾਰੀਆਂ ਧਿਰਾਂ ਨਾਲ ਨਿਰਪੱਖਤਾ ਨਾਲ ਨਜਿੱਠਿਆ।

ਜ਼ੀ ਨਿਊਜ਼ ਦੇ ਸੁਧੀਰ ਚੌਧਰੀ ਨੂੰ 1 ਮਾਰਚ 2002 ਨੂੰ ਮੋਦੀ ਵੱਲੋਂ ਦਿੱਤੀ ਇੰਟਰਵਿਊ ਇਨ੍ਹਾਂ ਵਿਚੋਂ ਇਕ ਹੈ। 'ਸਿਟ' ਅਨੁਸਾਰ, "ਜਿੱਥੋਂ ਤੱਕ ਚੌਧਰੀ ਨੂੰ ਚੇਤੇ ਹੈ", ਚੌਧਰੀ ਨੇ ਮੋਦੀ ਨੂੰ ਗੁਲਬਰਗ ਸੁਸਾਇਟੀ ਕਤਲੇਆਮ ਬਾਰੇ ਸਵਾਲ ਕੀਤਾ ਸੀ ਜਿਸ ਵਿਚ ਅਹਿਸਾਨ ਜਾਫ਼ਰੀ ਸਮੇਤ ਕਈ ਲੋਕ ਮਾਰੇ ਗਏ ਸਨ। ਚੌਧਰੀ ਨੇ 'ਸਿਟ' ਨੂੰ ਦੱਸਿਆ ਕਿ ਮੋਦੀ ਨੇ "ਜਵਾਬ ਦਿੱਤਾ ਕਿ ਭੀੜ ਨੇ 'ਜਾਫ਼ਰੀ ਦੁਆਰਾ ਕੀਤੀ ਗੋਲੀਬਾਰੀ ਦੇ ਜਵਾਬ ਵਿਚ' ਇਸ ਘਟਨਾ ਨੂੰ ਅੰਜਾਮ ਦਿੱਤਾ ਸੀ।" "ਐਡੀਟਰਜ਼ ਗਿਲਡ ਦੀ ਰਿਪੋਰਟ ਨਾਲ ਆਪਣੀ ਯਾਦ ਨੂੰ ਤਾਜ਼ਾ ਕਰਨ ਤੋਂ ਬਾਅਦ ਸੁਧੀਰ ਚੌਧਰੀ ਨੇ ਕਿਹਾ ਕਿ ਮੁੱਖ ਮੰਤਰੀ ਦਾ ਵਿਚਾਰ ਸੀ ਕਿ ਉਹ ਨਾ ਤਾਂ ਕਾਰਵਾਈ ਚਾਹੁੰਦਾ ਸੀ ਅਤੇ ਨਾ ਹੀ ਪ੍ਰਤੀਕਿਰਿਆ।" ਇਸ ਦਸਤਾਵੇਜ਼ 'ਚ ਚੌਧਰੀ ਦੁਆਰਾ ਗੋਧਰਾ ਤੋਂ ਬਾਅਦ ਵਿਆਪਕ ਹਿੰਸਾ ਬਾਰੇ ਮੋਦੀ ਦੇ ਜਵਾਬ ਨੂੰ ਚੇਤੇ ਕੀਤਾ ਗਿਆ ਹੈ: "ਗੋਧਰਾ ਵਿਚ ਪਰਸੋਂ ਜੋ ਕੁਝ ਹੋਇਆ, ਜਿੱਥੇ ਚਾਲੀ ਔਰਤਾਂ ਤੇ ਬੱਚਿਆਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ, ਇਸ ਨਾਲ ਦੇਸ਼ ਅਤੇ ਬਦੇਸ਼ ਵਿਚ ਸਦਮਾ ਪਹੁੰਚਣਾ ਸੁਭਾਵਿਕ ਸੀ। ਗੋਧਰਾ ਦੇ ਇਸ ਇਲਾਕੇ ਦੀ ਜਰਾਇਮ ਪੇਸ਼ਾ ਪ੍ਰਵਿਰਤੀ ਹੈ। ਲੋਕਾਂ ਨੇ ਪਹਿਲਾਂ ਵੀ ਇਕ ਮਹਿਲਾ ਅਧਿਆਪਕਾ ਦਾ ਖ਼ੂਨ ਕੀਤਾ ਸੀ ਅਤੇ ਹੁਣ ਇਹ ਘਿਨਾਉਣਾ ਅਪਰਾਧ ਕੀਤਾ ਹੈ, ਤੇ ਜਿਸ ਦਾ ਪ੍ਰਤੀਕਰਮ ਹੋ ਰਿਹਾ ਹੈ।"



ਮੋਦੀ ਤੋਂ ਉਸ ਬਿਆਨ ਬਾਰੇ ਵੀ ਪੁੱਛਗਿੱਛ ਕੀਤੀ ਗਈ ਜੋ ਉਸ ਨੇ ਟਾਈਮਜ਼ ਆਫ ਇੰਡੀਆ ਨੂੰ ਦਿੱਤਾ ਸੀ ਜਿਸ ਵਿਚ ਗੁਜਰਾਤ ਵਿਚ ਜੋ ਕੁਝ ਵਾਪਰਿਆ ਸੀ, ਉਸ ਨੂੰ "ਕਿਰਿਆ ਦੀ ਪ੍ਰਤੀਕਿਰਿਆ" ਵਜੋਂ ਬਿਆਨ ਕੀਤਾ ਸੀ। ਮੋਦੀ ਨੇ ਅਜਿਹਾ ਬਿਆਨ ਦੇਣ ਤੋਂ ਇਨਕਾਰ ਕੀਤਾ ਪਰ ਉਸ ਨੇ ਜ਼ੀ ਨਿਊਜ਼ ਨੂੰ ਜੋ ਇੰਟਰਵਿਊ ਦਿੱਤਾ ਸੀ, ਉਹ ਓਨਾ ਹੀ ਅਤੇ ਉਸ ਤੋਂ ਵੀ ਮਾੜਾ ਸੀ। ਉਸ ਨੇ ਨਾ ਸਿਰਫ਼ ਗੁਜਰਾਤ ਵਿਚ ਕਰੂਰ ਹਿੰਸਾ ਨੂੰ "ਪ੍ਰਤੀਕਿਰਿਆ" ਕਰਾਰ ਦਿੱਤਾ ਸਗੋਂ ਉਸ ਨੇ ਲੋਕਾਂ ਦੇ ਇਕ ਸਮੂਹ ਨੂੰ "ਜਰਾਇਮ ਪੇਸ਼ਾ ਪ੍ਰਵਿਰਤੀ" ਵਾਲਾ ਵੀ ਕਿਹਾ ਸੀ। ਸ਼ਾਇਦ ਹੀ ਕੋਈ ਮੁੱਖ ਮੰਤਰੀ ਅਜਿਹੀ ਭਾਸ਼ਾ ਦੀ ਵਰਤੋਂ ਕਰੇਗਾ, ਉਹ ਵੀ ਜਦੋਂ ਉਸ ਦਾ ਆਪਣਾ ਪ੍ਰਸ਼ਾਸਨ ਰਾਜ ਵਿਚ ਹਿੰਸਾ ਉੱਪਰ ਕਾਬੂ ਕਰਨ 'ਚ ਨਾਕਾਮ ਰਿਹਾ ਹੋਵੇ।

'ਸਿਟ' ਨੇ ਬਾਅਦ ਵਿਚ ਇਸ ਇੰਟਰਵਿਊ ਨੂੰ ਲੈ ਕੇ ਮੋਦੀ ਤੋਂ ਪੁੱਛਗਿੱਛ ਕੀਤੀ। 'ਸਿਟ' ਦੀ ਰਿਪੋਰਟ ਮੁਤਾਬਕ ਮੋਦੀ ਨੇ ਕਿਹਾ, "ਜਿਨ੍ਹਾਂ ਨੇ ਗੁਜਰਾਤ ਦਾ ਇਤਿਹਾਸ ਪੜ੍ਹਿਆ ਹੈ, ਉਨ੍ਹਾਂ ਨੂੰ ਯਕੀਨਨ ਪਤਾ ਹੋਵੇਗਾ ਕਿ ਗੁਜਰਾਤ ਦਾ ਫਿਰਕੂ ਹਿੰਸਾ ਦਾ ਲੰਮਾ ਇਤਿਹਾਸ ਹੈ ਅਤੇ ਰਾਜ ਨੇ ਫਿਰਕੂ ਹਿੰਸਾ ਦੀਆਂ ਅਜਿਹੀਆਂ ਗੰਭੀਰ ਘਟਨਾਵਾਂ ਦੇਖੀਆਂ ਹਨ।" ਕਿਉਂਕਿ ਇਸ ਇੰਟਰਵਿਊ ਨੂੰ ਅੱਠ ਸਾਲ ਹੋ ਗਏ ਸਨ, ਮੋਦੀ ਨੇ ਦਾਅਵਾ ਕੀਤਾ ਕਿ "ਉਸ ਨੂੰ ਸਹੀ ਸ਼ਬਦ ਚੇਤੇ ਨਹੀਂ ਪਰ ਉਸ ਨੇ ਹਮੇਸ਼ਾ ਸਿਰਫ਼ ਸ਼ਾਂਤੀ ਦੀ ਅਪੀਲ ਕੀਤੀ ਸੀ।" ਉਸ ਨੇ ਕਿਹਾ- "ਉਸ ਨੇ ਲੋਕਾਂ ਨੂੰ ਹਿੰਸਾ ਤੋਂ ਦੂਰ ਰਹਿਣ ਦੀ ਸੌਖੀ ਭਾਸ਼ਾ ਵਿਚ ਅਪੀਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਨੇ ਇਹ ਵੀ ਕਿਹਾ ਕਿ ਜੇ ਇਸ ਸਵਾਲ ਵਿਚ ਹਵਾਲਾ ਦਿੱਤੇ ਉਸ ਦੇ ਸ਼ਬਦਾਂ ਨੂੰ ਸਹੀ ਪ੍ਰਸੰਗ 'ਚ ਲਿਆ ਜਾਵੇ ਤਾਂ ਸਪਸ਼ਟ ਹੋ ਜਾਵੇਗਾ ਕਿ ਇਹ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਹਿੰਸਾ ਤੋਂ ਗੁਰੇਜ਼ ਕਰਨ ਦੀ ਅਪੀਲ ਹੈ।" ਉਸ ਨੇ ਇਸ ਸਬੰਧੀ ਆਪਣੇ ਉੱਤੇ ਲੱਗੇ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ। ਮੋਦੀ ਇੱਥੇ ਜੋ ਵੀ ਕਹਿੰਦਾ ਹੈ, ਉਨ੍ਹਾਂ ਵਿਚੋਂ ਕੋਈ ਵੀ ਉਸ ਬਿਆਨ ਨਾਲ ਮੇਲ ਨਹੀਂ ਖਾਂਦਾ ਜੋ ਉਸ ਨੇ ਜ਼ੀ ਨਿਊਜ਼ ਨੂੰ ਦਿੱਤਾ ਸੀ; ਐਸਾ ਬਿਆਨ ਜਿਸ ਦਾ ਚੌਧਰੀ ਵੀ ਖੰਡਨ ਨਹੀਂ ਕਰਦਾ ਕਿ ਮੋਦੀ ਨੇ ਅਜਿਹਾ ਨਹੀਂ ਕਿਹਾ। 'ਸਿਟ' ਨੇ ਮੋਦੀ ਦੇ ਸਪਸ਼ਟੀਕਰਨ ਦੀ ਜਾਂਚ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਇਸ ਨੂੰ ਅੱਖਰ-ਅੱਖਰ ਦੁਹਰਾਇਆ ਅਤੇ ਫਿਰ ਉਸ ਨੂੰ ਕਲੀਨ ਚਿੱਟ ਦੇ ਦਿੱਤੀ।

ਜਿੱਥੋਂ ਤੱਕ ਅਸਲ ਇੰਟਰਵਿਊ ਦੀ ਗੱਲ ਹੈ, ਜਿਸ ਨਾਲ ਮਾਮਲਾ ਹਮੇਸ਼ਾ ਲਈ ਸੁਲਝ ਜਾਣਾ ਸੀ, 'ਸਿਟ' ਦੀ ਰਿਪੋਰਟ ਵਿਚ ਕਿਹਾ ਗਿਆ ਕਿ ਇੰਟਰਵਿਊ ਦੀ ਕਾਪੀ ਦੇਣ ਲਈ "ਬੇਨਤੀ ਪੱਤਰ ਭੇਜਿਆ ਸੀ"। ਰਿਪੋਰਟ ਅਨੁਸਾਰ ਫ਼ੌਜਦਾਰੀ ਜ਼ਾਬਤਾ ਦੀ ਧਾਰਾ 91 ਦੇ ਤਹਿਤ "ਦੋ ਰੀਮਾਈਂਡਰ ਅਤੇ ਇਕ ਨੋਟਿਸ ਭੇਜਣ ਦੇ ਬਾਵਜੂਦ ਸੀ.ਡੀ. ਮੁਹੱਈਆ ਨਹੀਂ ਕਰਾਈ।" ਇਕ ਵਾਰ ਫਿਰ 'ਸਿਟ' ਇਸ ਨੂੰ ਉਂਵ ਹੀ ਛੱਡ ਦਿੰਦੀ ਹੈ, ਬਿਨਾ ਇਸ ਗੱਲ ਦਾ ਜ਼ਿਕਰ ਕੀਤੇ ਕਿ ਜ਼ੀ ਨਿਊਜ਼ ਨੇ ਨੋਟਿਸ ਦਾ ਜਵਾਬ ਦਿੱਤਾ? ਇਹ ਵੀ ਕਿ ਜੇ ਕੋਈ ਸਪਸ਼ਟੀਕਰਨ ਦਿੱਤਾ ਤਾਂ ਉਹ ਕੀ ਸੀ? ਕੀ ਚੈਨਲ ਖ਼ਿਲਾਫ਼ ਮਾਣਹਾਨੀ ਲਈ ਕੋਈ ਕਾਰਵਾਈ ਹੋਈ?

ਦੂਜਾ ਇਲਜ਼ਾਮ 9 ਸਤੰਬਰ 2002 ਨੂੰ ਮਹਿਸਾਨਾ ਜ਼ਿਲ੍ਹੇ ਦੇ ਮੰਦਰਾਂ ਦੇ ਸ਼ਹਿਰ ਬੇਚਰਾਜੀ ਵਿਚ ਦਿੱਤੇ ਭਾਸ਼ਣ ਨਾਲ ਸਬੰਧਿਤ ਹੈ। ਮੋਦੀ ਨੇ ਕਿਹਾ ਸੀ, "ਜਦੋਂ ਅਸੀਂ ਸਾਉਣ ਦੇ ਮਹੀਨੇ 'ਚ ਪਾਣੀ ਲਿਆਉਂਦੇ ਹਾਂ ਤਾਂ ਤੁਹਾਨੂੰ ਬੁਰਾ ਲੱਗਦਾ ਹੈ। ਜਦੋਂ ਅਸੀਂ ਬੇਚਰਾਜੀ ਦੇ ਵਿਕਾਸ ਲਈ ਪੈਸਾ ਖ਼ਰਚ ਕਰਦੇ ਹਾਂ ਤੁਹਾਨੂੰ ਉਦੋਂ ਵੀ ਬੁਰਾ ਲੱਗਦਾ ਹੈ। ਭਾਈ, ਕੀ ਅਸੀਂ ਕੋਈ ਰਾਹਤ ਕੈਂਪ ਚਲਾਈਏ? ਕੀ ਮੈਨੂੰ ਉੱਥੇ ਬੱਚੇ ਜੰਮਣ ਵਾਲਾ ਕੇਂਦਰ ਸ਼ੁਰੂ ਕਰ ਦੇਣਾ ਚਾਹੀਦਾ ਹੈ? ਅਸੀਂ ਪਰਿਵਾਰ ਨਿਯੋਜਨ ਦੀ ਨੀਤੀ ਨੂੰ ਦ੍ਰਿੜ ਇਰਾਦੇ ਨਾਲ ਅਪਨਾ ਕੇ ਤਰੱਕੀ ਹਾਸਲ ਕਰਨਾ ਚਾਹੁੰਦੇ ਹਾਂ। ਅਸੀਂ ਪੰਜ ਅਤੇ ਸਾਡੇ ਪੱਚੀ!!! ਇਹ ਵਿਕਾਸ ਕਿਸ ਦੇ ਨਾਂ 'ਤੇ ਕੀਤਾ ਜਾ ਰਿਹਾ ਹੈ? ਕੀ ਗੁਜਰਾਤ ਪਰਿਵਾਰ ਨਿਯੋਜਨ ਨੂੰ ਲਾਗੂ ਨਹੀਂ ਕਰ ਸਕਦਾ? ਸਾਡੇ ਰਾਹ ਵਿਚ ਕਿਹੜੀ ਰੁਕਾਵਟ ਹੈ? ਕਿਹੜਾ ਧਾਰਮਿਕ ਫਿਰਕਾ ਅੜਿੱਕਾ ਬਣ ਰਿਹਾ ਹੈ? ਗ਼ਰੀਬਾਂ ਤੱਕ ਪੈਸਾ ਕਿਉਂ ਨਹੀਂ ਪਹੁੰਚ ਰਿਹਾ? ਜੇ ਕੁਝ ਲੋਕ ਬੱਚੇ ਪੈਦਾ ਕਰਦੇ ਰਹਿੰਦੇ ਹਨ ਤਾਂ ਬੱਚੇ ਸਾਈਕਲ-ਪੈਂਚਰ ਦੀ ਮੁਰੰਮਤ ਦਾ ਕੰਮ ਹੀ ਕਰਨਗੇ?"

ਰਾਹਤ ਕੈਂਪਾਂ ਨੂੰ ਬੱਚੇ ਪੈਦਾ ਕਰਨ ਵਾਲੇ ਕੇਂਦਰ ਅਤੇ ਲੋਕਾਂ ਨੂੰ ਪਰਿਵਾਰ ਨਿਯੋਜਨ ਦੇ ਵਿਰੋਧੀਆਂ ਦੇ ਰੂਪ 'ਚ ਪੇਸ਼ ਕਰਨ ਦੇ ਇਸਲਾਮੀ ਹਊਏ ਵਾਲੇ ਵਿਚਾਰਾਂ ਨਾਲ ਗ੍ਰਸਤ ਇਹ ਸ਼ਬਦ ਇੰਨੇ ਤਿੱਖੇ ਹਨ ਕਿ ਕੋਈ ਵੀ ਇਨ੍ਹਾਂ ਦੇ ਪ੍ਰਭਾਵ ਤੋਂ ਬਚ ਨਹੀਂ ਸਕਦਾ। ਫਿਰ ਵੀ 'ਸਿਟ' ਨੇ ਸਿੱਟਾ ਕੱਢਿਆ ਕਿ ਮੋਦੀ ਨੇ "ਵਿਆਖਿਆ ਕੀਤੀ ਸੀ ਕਿ ਭਾਸ਼ਣ ਵਿਚ ਕਿਸੇ ਵਿਸ਼ੇਸ਼ ਭਾਈਚਾਰੇ ਜਾਂ ਧਰਮ ਦਾ ਹਵਾਲਾ ਨਹੀਂ ਦਿੱਤਾ ਗਿਆ ਸੀ।" ਮੋਦੀ ਨੇ 'ਸਿਟ' ਨੂੰ ਕਿਹਾ: "ਇਹ ਸਿਆਸੀ ਭਾਸ਼ਣ ਸੀ ਜਿਸ ਵਿਚ ਉਸ ਨੇ ਭਾਰਤ ਦੀ ਵਧ ਰਹੀ ਆਬਾਦੀ ਵੱਲ ਇਸ਼ਾਰਾ ਸੀ ਅਤੇ ਟਿੱਪਣੀ ਸੀ ਕਿ 'ਕੀ ਗੁਜਰਾਤ ਪਰਿਵਾਰ ਨਿਯੋਜਨ ਨੂੰ ਲਾਗੂ ਨਹੀਂ ਕਰ ਸਕਦਾ ਹੈ?' ਮੋਦੀ ਨੇ ਦਾਅਵਾ ਕੀਤਾ ਕਿ ਉਸ ਦੇ ਭਾਸ਼ਣ ਨੂੰ ਕੁਝ ਅਨਸਰਾਂ ਨੇ ਵਿਗਾੜ ਕੇ ਪੇਸ਼ ਕੀਤਾ। ਉਸ ਨੇ ਇਹ ਵੀ ਕਿਹਾ ਹੈ ਕਿ ਉਸ ਦੇ ਚੋਣ ਭਾਸ਼ਣ ਤੋਂ ਬਾਅਦ ਕੋਈ ਦੰਗਾ ਜਾਂ ਤਣਾਅ ਨਹੀਂ ਹੋਇਆ। ਦੋਸ਼ ਦੇ ਇਸ ਪਹਿਲੂ ਸਬੰਧੀ ਕੋਈ ਅਪਰਾਧਿਕਤਾ ਸਾਹਮਣੇ ਨਹੀਂ ਆਈ।"

'ਸਿਟ' ਨੇ ਬਿਲਕੁਲ ਉਹੀ ਕੀਤਾ ਜੋ ਇਸ ਨੇ ਜ਼ੀ ਨਿਊਜ਼ ਦੇ ਇੰਟਰਵਿਊ ਦੇ ਮਾਮਲੇ ਵਿਚ ਕੀਤਾ ਸੀ; ਅਰਥਾਤ, ਇਸ ਨੇ ਮੋਦੀ ਨੂੰ ਆਪਣੇ ਭਾਸ਼ਣ ਦੇ ਸਿੱਧੇ ਨਿਹਿਤ ਅਰਥਾਂ ਤੋਂ ਇਨਕਾਰ ਕਰਕੇ ਜ਼ਿੰਮੇਵਾਰੀ ਤੋਂ ਬਚਣ ਦਿੱਤਾ। ਇਹ ਐਸੀ ਪ੍ਰਕਿਰਿਆ ਵਾਂਗ ਜਾਪਦਾ ਹੈ ਜੋ ਸਚਾਈ ਨੂੰ ਬੇਨਕਾਬ ਕਰਨ ਲਈ ਨਹੀਂ ਬਲਕਿ ਉਲਝਾਉਣ ਲਈ ਬਣਾਈ ਗਈ ਸੀ। *(ਚੱਲਦਾ)*

# ਉਮਰਾਂ ਦੀ ਧੂੜ ਝਾੜੋ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਜ਼ਿੰਦਗੀ, ਮਹਾਂ ਵਰਦਾਨ, ਪ੍ਰਾਪਤੀਆਂ ਦਾ ਸਿਰਲੇਖ। ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ। ਨਵੇਂ ਕੀਰਤੀਮਾਨਾਂ ਦਾ ਨਾਮਕਰਨ। ਨਵੇਂ ਸੁਪਨਿਆਂ ਦੀ ਅੱਖ ਵਿਚ ਝਾਕਣਾ। ਨਵੇਂ ਸਫ਼ਰ ਦਾ ਅਗਾਜ਼ ਅਤੇ ਨਵੀਨ ਪ੍ਰਵਾਜ਼।

ਜ਼ਿੰਦਗੀ ਸਾਲਾਂ ਦੀ ਗਿਣਤੀ ਨਹੀਂ। ਨਾ ਹੀ ਰੋਜ਼ਮਰਾ ਵਿਚ ਬੀਤੇ ਪਲਾਂ ਦਾ ਹਿਸਾਬ। ਨਾ ਹੀ ਨਿੱਤਾਪ੍ਰਤੀ ਦੀਆਂ ਮਨੁੱਖੀ ਕਿਰਆਵਾਂ ਵਿਚ ਗੁਆਚਣਾ ਅਤੇ ਨਾ ਹੀ ਖੁਦ ਨੂੰ ਬੇਲੋੜੀਆਂ ਕਿਰਿਆਵਾਂ ਵਿਚ ਉਲਝਾਉਣਾ।

ਜ਼ਿੰਦਗੀ ਦੇ ਮੱਥੇ ਤੋਂ ਉਮਰਾਂ ਦੀ ਜੰਮ ਰਹੀ ਧੂੜ ਨੂੰ ਝਾੜੋ। ਇਸ ਦੇ ਪਿੰਡੇ 'ਤੇ ਉਗੀ ਸਾਲਾਂ ਦੀ ਮੈਲ਼ ਨੂੰ ਸਾਫ਼ ਕਰੋ। ਇਸ ਦੀ ਤਾਸੀਰ ਵਿਚ ਸਥਾਪਤ ਦਾਇਰਿਆਂ ਤੋਂ ਬਾਹਰ ਨਿਕਲਣਾ ਅਤੇ ਵਲਗਣਾਂ ਨੂੰ ਤੋੜਨ ਦਾ ਰੰਗ ਭਰੋ। ਨਿੱਕੇ ਨਿੱਕੇ ਦਾਇਰਿਆਂ ਵਿਚ ਸਿਮਟ ਕੇ ਕਦੇ ਵੀ ਵੱਡੀਆਂ ਪ੍ਰਾਪਤੀਆਂ ਦਾ ਮਾਣ ਨਹੀਂ ਬਣਿਆ ਜਾ ਸਕਦਾ ਅਤੇ ਨਾ ਹੀ ਨਵੇਂ ਸਰੋਕਾਰਾਂ ਨੂੰ ਸਮਝਿਆ ਅਤੇ ਅਪਨਾਇਆ ਜਾ ਸਕਦਾ।

ਜ਼ਿੰਦਗੀ ਦਾ ਹਰ ਪਲ ਕੀਮਤੀ। ਹਰ ਸਾਹ ਅਮੁੱਲ। ਹਰ ਕਦਮ ਤੁਹਾਡੇ ਸਫ਼ਰ ਦਾ ਗਵਾਹ। ਮਸਤਕ ਵਿਚ ਉਘੜੀ ਹਰ ਸੋਚ ਤੁਹਾਡੇ ਭਵਿੱਖ ਦੀ ਜਨਮਦਾਤੀ। ਰੂਹ-ਸਰਵਰ ਵਿਚ ਪੈਦਾ ਹੋਈ ਹਲਚਲ, ਤੁਹਾਡੇ ਅੰਤਰੀਵ ਦੇ ਜਿਉਂਦੇ ਹੋਣ ਦੀ ਨਿਸ਼ਾਨੀ।

ਜੀਵਨ ਬੁਢਾਪੇ ਦਾ ਨਾਮ ਨਹੀਂ ਅਤੇ ਨਾ ਹੀ ਖ਼ੁਦ ਦਾ ਸਿੱਥਲ ਹੋ ਕੇ ਬੈਠਣਾ। ਜ਼ਿੰਦਗੀ ਨੂੰ ਜ਼ਿੰਦਾ-ਦਿਲੀ ਨਾਲ ਜਿਊਣ ਵਾਲੇ ਆਪਣੀ ਅਪੰਗਤਾ ਵਿਚੋਂ ਵੀ ਅਮੀਰਤਾ ਭਾਲਦੇ। ਮੌਤ ਨੂੰ ਸਾਹਮਣੇ ਦੇਖ ਕੇ ਉਸਨੂੰ ਕੁਝ ਸਮਾਂ ਠਹਿਰਨ ਲਈ ਹੁਕਮ ਕਰ ਸਕਦੇ। ਉਹ ਮਰਨ ਤੋਂ ਪਹਿਲਾਂ ਕੁਝ ਅਜੇਹਾ ਕਰਨਾ ਲੋਚਦਾ ਕਿ ਜਿਸ ਨਾਲ ਉਹ ਸਦਾ ਲਈ ਤੁਰ ਜਾਣ ਤੋਂ ਪਹਿਲਾਂ ਰੂਹ ਦਾ ਸੁਖਨ ਮਾਣ ਸਕਣ। ਸ਼ਹੀਦ ਭਗਤ ਸਿੰਘ ਫਾਂਸੀ 'ਤੇ ਚੜ੍ਹਨ ਤੋਂ ਪਹਿਲਾਂ, ਮੌਤ ਤੋਂ ਬੇਖ਼ੌਫ਼, ਕਿਤਾਬਾਂ ਦੀ ਸੰਗਤ ਮਾਣਦਿਆਂ ਸ਼ਰਸ਼ਾਰ ਹੁੰਦਾ ਰਿਹਾ। ਹਿੰਮਤੀਆਂ ਸਾਹਵੇਂ ਮੌਤ ਵੀ ਠਠੰਬਰਦੀ।

ਜ਼ਿੰਦਗੀ ਵਿਚ ਝੂਰੋ ਨਾ ਸਗੋਂ ਇਸਦੀ ਰਜ਼ਾ ਵਿਚ ਬੁੱਲ੍ਹੇ ਵਾਂਗ ਨੱਚੋ, ਗਾਵੋ ਅਤੇ ਆਪਣੇ ਅੰਦਰ ਨੂੰ ਰਿਝਾਓ। ਰੂਹ ਦੇ ਨਗ਼ਮਿਆਂ ਵਿਚ ਜ਼ਿੰਦਗੀ ਦੀਆਂ ਰਹਿਮਤਾਂ ਦਾ ਨਾਦ ਗੁਣਗੁਣਾਓ। ਜ਼ਿੰਦਗੀ ਨੂੰ ਕਦੇ ਵੀ ਢ਼ਲਦੇ ਪ੍ਰਛਾਵਿਆਂ ਦਾ ਨਾਮ ਨਾ ਦਿਓ। ਸਗੋਂ ਇਸਨੂੰ ਸਰਘੀ ਭਰਿਆ ਵਰਤਾਰਾ ਸਮਝ ਕੇ ਮਾਣੋ। ਇਸ ਦੀ ਤਿੱਖੜ ਦੁਪਹਿਰ ਦੀ ਉਡੀਕ ਵਿਚ ਖੁਦ ਨੂੰ ਜਵਾਨ ਰੱਖੋ ਅਤੇ ਸੰਦਲੀ ਰਾਹਾਂ ਦੇ ਸਫ਼ਰ ਲਈ ਮਾਨਸਿਕ ਰੂਪ ਵਿਚ ਤਿਆਰ ਰਹੋ।

ਜੀਵਨ ਦੇ ਪਿੰਡੇ 'ਤੇ ਲਈ ਚਾਦਰ ਨੂੰ ਝਾੜ ਕੇ, ਇਸ 'ਤੇ ਜੰਮੇ ਹੋਏ ਬੀਤੇ ਦੇ ਘੱਟੇ-ਮਿੱਟੀ ਨੂੰ ਲਾਹੋ। ਫਿਰ ਰੂਹ-ਕੈਨਵੈਸ 'ਤੇ ਉਨ੍ਹਾਂ ਪਲਾਂ ਦੀ ਕਲਾਕਰੀ ਕਰੋ ਜਿਨ੍ਹਾਂ ਨੂੰ ਤੁਸੀਂ ਜਿਊਣਾ ਲੋਚਦੇ ਅਤੇ ਇਸ ਕਲਾਕ੍ਰਿਤ ਨੂੰ ਆਪਣੇ ਮਸਤਕ ਦੀ ਤਖ਼ਤੀ 'ਤੇ ਸਜਾਓ।

ਆਪਣੀ ਲੈਟਰ ਪੈਡ 'ਤੇ ਕਈ ਸਾਲਾਂ ਦਾ ਪਿਆ ਹੋਇਆ ਘੱਟਾ ਪੂੰਝੋ। ਕਲਮ ਉਠਾਓ ਅਤੇ ਫਿਰ ਆਪਣੇ ਪੁਰਾਣੇ ਮਿੱਤਰਾਂ ਨੂੰ ਇਕ ਪਿਆਰਾ ਜਿਹਾ ਪੱਤਰ ਲਿਖੋ। ਪੱਤਰ ਕਿ ਜਿਸ ਵਿਚ ਬੀਤੇ ਪਲਾਂ ਦੀ ਤਸ਼ਬੀਹ ਹੋਵੇ, ਬੇਲਾਗਤਾ ਨਾਲ ਭਰੇ ਹੋਏ ਵਕਤ ਦਾ ਵਰਣਨ ਹੋਵੇ, ਬੇਤੁਕਲਫ਼ੀ ਵਿਚ ਮਾਣੇ ਹੁਸੀਨ ਪਲਾਂ ਦਾ ਬਿਰਤਾਂਤ ਹੋਵੇ। ਇਸ ਵਿਚ ਸਮੇਂ ਨੂੰ ਆਪਣੇ ਵਿਚੋਂ ਮਨਫ਼ੀ ਕਰ ਕੇ, ਮੁੜ ਕੇ ਬਚਪਨੇ ਵਿਚ ਪਰਤਣ ਅਤੇ ਇਸਨੂੰ ਦੁਬਾਰਾ ਜਿਊਣ ਦੀ ਲੋਚਾ ਹੋਵੇ। ਆਪਣੇ ਸੱਜਣਾਂ ਨੂੰ ਆਖੋ ਕਿ ਆਓ! ਫਿਰ ਮਿਲੀਏ। ਪੁਰਾਣੇ ਦਿਨਾਂ ਦੀ ਆਗੋਸ਼ ਵਿਚ ਬਹਿ, ਉਮਰਾਂ ਨੂੰ ਪਰ੍ਹਾਂ ਸੁੱਟ, ਬਚਪਨੀ ਗੁਲਸ਼ਰਿਆਂ ਅਤੇ ਹਸਾਸ ਹਾਸੀਆਂ ਵਿਚ ਖ਼ੁਦ ਨੂੰ ਲੋਟ-ਪੋਟ ਕਰੀਏ।

ਉਮਰ ਨੂੰ ਭੁੱਲ ਕੇ, ਘਰ ਦੇ ਪਿੱਛਵਾੜੇ ਵਿਚ ਕਈ ਸਾਲਾਂ ਤੋਂ ਰੱਕੜ ਬਣੀ ਕਿਆਰੀ ਵੱਲ ਧਿਆਨ ਦਿਓ। ਇਸਨੂੰ ਸਿੰਝੋ, ਵੱਤਰ ਆਉਣ 'ਤੇ ਇਸਦੀ ਗੋਡੀ ਕਰੋ ਅਤੇ ਇਸਦੀ ਵੱਤਰਤਾ ਵਿਚ ਸੂਹੀਆਂ ਸੋਚਾਂ ਦੇ ਬੀਜ ਬੀਜੋ। ਇਸ ਵਿਚ ਪੁੰਗਰਦੇ ਬੀਜਾਂ ਅਤੇ ਇਨ੍ਹਾਂ ਨੂੰ ਦਿਨ-ਬ-ਦਿਨ ਵੱਧਦਾ ਦੇਖੋ। ਇਨ੍ਹਾਂ ਦੀਆਂ ਪੱਤੀਆਂ, ਡਾਲੀਆਂ ਅਤੇ ਫੁੱਲਾਂ ਨਾਲ ਸੁਗੱਲਾਂ ਕਰੋ। ਫ਼ਲਾਂ ਅਤੇ ਫੁੱਲਾਂ ਨੂੰ ਨਿਹਾਰੋ। ਤੁਹਾਡੀ ਜੀਵਨ-ਸ਼ੈਲੀ ਵਿਚੋਂ ਉਮਰਾਂ ਦਾ ਤੈਅ ਕੀਤਾ ਪੈਂਡਾ ਖੁਦ-ਬ-ਖੁਦ ਅਲੋਪ ਹੋ ਜਾਵੇਗਾ ਅਤੇ ਤੁਸੀਂ ਨਵੀਂ ਜ਼ਿੰਦਗੀ ਦੇ ਪਲੇਠੇ ਕਦਮ ਦਾ ਨਾਮ ਹੋਵੋਗੇ।

ਲੂਣ ਤੋਂ ਪ੍ਰਹੇਜ਼ ਅਤੇ ਤਲੀਆਂ ਹੋਈਆਂ ਚੀਜ਼ਾਂ ਤੋਂ ਮਨਾਹੀ ਨੂੰ ਉਲੰਘਣ ਲਈ ਜ਼ਰੂਰੀ ਹੁੰਦਾ ਕਿ ਕਦੇ ਕਦਾਈਂ ਤਲੀ ਤੇ ਉਗੀ ਉਮਰ ਦੀ ਰੇਖਾ ਨੂੰ ਭੁੱਲ ਜਾਈਏ। ਚਟਪਟੇ ਖਾਣੇ ਦਾ ਲੁਤਫ਼ ਮਾਣੋ। ਕਰਾਰੇ ਪਕੌੜਿਆਂ ਨੂੰ ਚਟਨੀ ਨਾਲ ਖਾਵੋ। ਗਰਮ ਜਲੇਬੀਆਂ ਨੂੰ ਖਾਣ ਦੀ ਜ਼ਿੱਦ ਕਰੋ ਅਤੇ ਜੇਕਰ ਠੰਢੀਆਂ ਹੋਣ ਤਾਂ ਗਰਮ ਦੁੱਧ ਵਿਚ ਡੁਬੋ ਕੇ ਖਾਓ, ਤੁਹਾਡੀ ਨੀਰਸ ਜ਼ਿੰਦਗੀ ਵਿਚੋਂ ਬਕਬਕਾਪਣ ਗਵਾਚ ਜਾਵੇਗਾ ਅਤੇ ਮਿਠਾਸ ਪਰਤ ਆਵੇਗੀ। ਤੁਸੀਂ ਫਿਰ ਤੋਂ ਪਹਿਲੇ ਰੰਗਾਂ ਵਿਚ ਪਰਤ ਕੇ, ਜ਼ਿੰਦਗੀ ਦੀ ਲਜ਼ੀਜ਼ਤਾ ਨੂੰ ਮਾਣਨ ਦੀ ਲਾਲਸਾ ਮਨ ਵਿਚ ਪੈਦਾ ਕਰੋਗੇ। ਇਹੀ ਲਾਲਸਾ ਤੁਹਾਡੇ ਲਈ ਜ਼ਿੰਦਗੀ ਨੂੰ ਰੱਜ ਕੇ ਜਿਊਣ ਦਾ ਸਬੱਬ ਬਣੇਗੀ। ਕਾਹਦੇ ਲਈ ਭੁੱਖੇ ਰਹਿਣਾ ਅਤੇ ਕੈਲਰੀਆਂ ਵਿਚੋਂ ਜੀਵਨ ਦੀ ਅਉਧ ਨੂੰ ਕਿਆਸਣਾ!

ਉਮਰ ਨੂੰ ਦਫ਼ਤਰਾਂ ਦੇ ਦਾਇਰੇ ਅਤੇ ਘਰ ਦੀ ਚਾਰਦੀਵਾਰੀ ਵਿਚ ਗੁਜ਼ਾਰ ਕੇ ਗਵਾਏ ਹੋਏ ਵਕਤ ਨਾਲ ਨਾ ਮਿਣੋ। ਸਗੋਂ ਘਰ ਤੋਂ ਬਾਹਰ ਨਿਕਲੋ। ਕੁਦਰਤ ਨਾਲ ਇਕਮਿੱਕ ਹੋਵੋ, ਚੜ੍ਹਦੇ ਸੂਰਜ ਦੀਆਂ ਕਿਰਨਾਂ ਨੂੰ ਨਿਹਾਰੋ ਅਤੇ ਅੰਦਰ ਨੂੰ ਰੁਸ਼ਨਾਓ। ਸੂਰਜ ਦੀ ਯਾਤਰਾ ਵਿਚ ਖੁਦ ਨੂੰ ਰੁਚਿਤ ਕਰੋ। ਡੁੱਬ ਰਹੇ ਸੂਰਜ ਦੇ ਨਜ਼ਾਰੇ ਨੂੰ ਆਪਣੇ ਦੀਦਿਆਂ ਵਿਚ ਕੈਦ ਕਰੋ ਜਦੋਂ ਇਹ ਲਾਲ ਸੂਹਾ ਅੱਗ ਦਾ ਗੋਲਾ ਬਣ ਕੇ, ਧਰਤੀ ਦੇ ਸੀਨੇ ਨਾਲ ਲੱਗ ਕੇ ਅਲੋਪ ਹੋ ਜਾਂਦਾ ਏ। ਰਾਤ ਨੂੰ ਆਉਣ ਅਤੇ ਤਾਰਿਆਂ ਨੂੰ ਟਿਮਟਿਮਾਉਣ ਵਾਸਤੇ ਅਰਾਧਨਾ ਕਰਦਾ ਹੈ। ਟਿਕੀ ਹੋਈ ਰਾਤ ਵਿਚ ਤਾਰਿਆਂ ਦੀਆਂ ਖਿੱਤੀਆਂ ਵਿਚੋਂ ਵੱਖੋ-ਵੱਖਰੇ ਆਕਾਰਾਂ ਦੀ ਅਜਿਹੀ ਸਿਰਜਣਾ ਕਰੋ ਕਿ ਤੁਹਾਡੇ ਅੰਦਰਲੀ ਸਿਰਜਣਾਤਮਿਕਤਾ ਤੁਹਾਡੇ ਬਲਿਹਾਰੇ ਜਾਵੇ। ਸੁੱਤੀ ਹੋਈ ਕਾਇਨਾਤ ਦਾ ਅੰਗ ਬਣੋ।

ਕਦੇ ਕਦਾਈਂ ਨੇੜੇ ਦੀ ਝੀਲ ਦਾ ਗੇੜਾ ਵੀ ਲਾਓ ਜਦ ਪੁੰਨਿਆਂ ਦਾ ਚੰਦ ਝੀਲ ਦੇ ਅੰਦਰ ਉਤਰ ਕੇ ਝੀਲ ਦੇ ਪਾਣੀ ਵਿਚ ਪਿੱਘਲ ਜਾਂਦਾ ਹੈ। ਝੀਲ ਵਿਚ ਚੰਦਰਮਾ ਦੇ ਪ੍ਰਿੱਘਲਣ ਨਾਲ ਤੁਹਾਡੇ ਵਿਚੋਂ ਸਾਲਾਂ ਦੀ ਗਰਦ ਆਪਣੇ ਆਪ ਹੀ ਲਹਿ ਜਾਵੇਗੀ। ਤੁਸੀਂ ਜ਼ਿੰਦਗੀ ਦਾ ਦਾ ਖੁਸ਼ਖੱਤ ਬਣ ਕੇ ਝੀਲ ਤੇ ਚੰਦਰਮਾ ਦੀ ਮੁਹੱਬਤ ਦੀ ਇਬਾਰਤ ਲਿਖੋਗੇ।

ਜ਼ਿੰਦਗੀ ਨੂੰ ਘਰ ਦੀ ਚਾਰ ਦੀਵਾਰੀ ਵਿਚ ਗੁਆਣ ਵਾਲਿਓ, ਜ਼ਿੰਦਗੀ ਅਜੇਹੀ ਨਹੀਂ। ਜ਼ਿੰਦਗੀ ਤਾਂ ਬਹੁਤ ਹੀ ਖੂਬਸੂਰਤ ਅਤੇ ਇਸਨੂੰ ਹੋਰ ਖੂਬਸੂਰਤ ਬਣਾਉਣਾ ਤੁਹਾਡਾ ਮਕਸਦ। ਘਰਾਂ ਤੋਂ ਬਾਹਰ ਨਿਕਲੋ। ਸਮੁੰਦਰ ਦੀ ਵਿਸ਼ਾਲਤਾ ਨੂੰ ਦੇਖੋ ਅਤੇ ਇਸ ਦੀਆਂ ਨੱਚਦੀਆਂ ਲਹਿਰਾਂ ਸੰਗ ਖੁਦ ਨੂੰ ਨੱਚਣ ਲਾਓ। ਕਦੇ ਰਾਤ ਨੂੰ ਸ਼ਾਂਤ ਹੋਏ ਸਮੁੰਦਰ ਵਿਚ ਝਾਤੀਆਂ ਮਾਰਦੇ ਚੰਨ ਨੂੰ ਦੇਖ ਕੇ ਖੁਦ ਚੰਨ ਬਣਨ ਦਾ ਸੁਪਨਾ ਜ਼ਰੂਰ ਲੈਣਾ। ਕਦੇ ਜੰਗਲ ਵਿਚ ਬਿਰਖ਼ਾਂ 'ਤੇ ਸਜੀਆਂ ਪਰਿੰਦਿਆਂ ਦੀਆਂ ਮਹਿਫ਼ਲਾਂ ਦਾ ਹਿੱਸਾ ਬਣਨਾ। ਉਨ੍ਹਾਂ ਨੂੰ ਸਵੇਰ ਵੇਲੇ ਦੀ ਆਸਾ ਦੀ ਵਾਰ ਜੇਹੇ ਅਤੇ ਸ਼ਾਮ ਨੂੰ ਰਹਿਰਾਸ ਵਰਗੇ ਪਲਾਂ ਵਿਚ ਰੁੱਝਿਆਂ ਨੂੰ ਸੁਣਨਾ, ਤੁਹਾਡੇ ਮਨ ਵਿਚ ਪੰਛੀ ਬਣ ਕੇ ਇਨ੍ਹਾਂ ਦੀ ਸੰਗਤ ਵਿਚ ਸ਼ਾਮਲ ਹੋਣ ਦਾ ਚਾਅ ਪੈਦਾ ਹੋਵੇਗਾ। ਕਦੇ ਰਿਸ਼ੀਆਂ ਵਰਗੇ ਪਹਾੜਾਂ ਵੰਨੀਂ ਆਪਣੇ ਕਦਮਾਂ ਨੂੰ ਅਹੁਲਣ ਲਾਓ ਤਾਂ ਤੁਹਾਡੇ ਵਿਚੋਂ ਉਮਰ, ਕੱਚੇ ਪਹਾੜ ਤੋਂ ਡਿਗਦੀ ਮਿੱਟੀ ਵਾਂਗ ਕਿਰ ਜਾਵੇਗੀ। ਤੁਸੀਂ ਸਾਬਤ-ਸਬੂਤੇ ਪਹਿਲੇ ਸਰੂਪ ਵਿਚ ਜ਼ਿੰਦਗੀ ਦੀਆਂ ਦਿਲਦਾਰੀਆਂ ਨੂੰ ਮਾਨਣ ਦਾ ਸ਼ਰਫ਼ ਬਣ ਜਾਵੋਗੇ। ਪਹਾੜਾਂ ਦੇ ਸਾਥ ਵਿਚ ਬੰਦਾ ਪਹਾੜਾਂ ਵਰਗਾ ਬਣ ਜਾਂਦਾ ਜੋ ਸਦਾ ਅਡੋਲ ਰਹਿ ਕੇ ਅੰਬਰ ਨਾਲ ਵੀ ਗੱਲਾਂ ਕਰਦੇ, ਬਰਫ਼ ਦੇ ਤੋਦਿਆਂ ਨੂੰ ਹਿੱਕ 'ਤੇ ਸਜਾਉਂਦੇ, ਬਿਰਖ਼ਾਂ ਦਾ ਹਾਰ ਗਲ ਵਿਚ ਪਾਉਂਦੇ ਅਤੇ ਜੀਵਨ-ਦਾਨ ਹਰ ਜੀਵ ਦੀ ਤਲੀ 'ਤੇ ਧਰਦੇ। ਪਹਾੜ ਤੰਦਰੁਸਤੀ, ਤਾਂਘ, ਤਮੰਨਾਵਾਂ ਅਤੇ ਤ੍ਰਿਪਤੀ ਦੀ ਅਜਿਹੀ ਜੁਗਤੀ ਤੁਹਾਡੇ ਨਾਮ ਕਰਦੇ ਕਿ ਤੁਹਾਡੇ ਲਈ ਜੀਵਨ ਦੇ ਅਰਥ ਹੀ ਬਦਲ ਜਾਂਦੇ।

ਕਦੇ ਸੋਚਿਆ ਜੇ ਕਿ ਜ਼ਿੰਦਗੀ ਦਾ ਕੀ ਅਰਥ ਹੈ? ਜ਼ਿੰਦਗੀ ਸਾਥੋਂ ਕੀ ਮੰਗਦੀ ਹੈ? ਅਸੀਂ ਜ਼ਿੰਦਗੀ ਨੂੰ ਕੀ ਦੇ ਰਹੇ ਹਾਂ? ਸਾਨੂੰ ਜ਼ਿੰਦਗੀ ਨੂੰ ਕੀ ਦੇਣਾ ਚਾਹੀਦਾ ਹੈ? ਜ਼ਿੰਦਗੀ ਨੂੰ ਖੂਬਸੂਰਤ ਬਣਾਉਣ ਲਈ ਸਾਨੂੰ ਕੀ ਕਰਨਾ ਚਾਹੀਦਾ? ਪਰ ਅਸੀਂ ਕੀ ਕਰ ਰਹੇ ਹਾਂ? ਜ਼ਿੰਦਗੀ ਦੇ ਸਰੋਕਾਰਾਂ




ਦੀ ਬਾਤ ਪਾਉਣ ਦੀ ਤਾਂ ਸਾਡੇ ਕੋਲ ਵਿਹਲ ਹੀ ਨਹੀਂ। ਤਾਂ ਹੀ ਅਸੀਂ ਜ਼ਿੰਦਗੀ ਨੂੰ ਸਿਰਫ਼ ਸਾਲਾਂ ਵਿਚ ਮਿਣਨ ਜੋਗੇ। ਇਸ ਮਾਨਸਿਕਤਾ ਨੂੰ ਨਿਕਾਰੋ। ਜ਼ਿੰਦਗੀ ਨੂੰ ਜਿਊਣ ਜੋਗੇ ਅਤੇ ਮਾਣੇ ਪਲਾਂ ਦਾ ਨਾਮ ਦੇਵੋਗੇ ਤਾਂ ਜ਼ਿੰਦਗੀ ਤੁਹਾਨੂੰ ਆਪਣੀ ਗਲਵਕੜੀ ਵਿਚ ਲੈਂਦੀ, ਤੁਹਾਡੇ ਲਈ ਸੁਖਨ ਅਤੇ ਸਕੂਨ ਦਾ ਸਬੱਬ ਬਣੇਗੀ। ਤੁਹਾਡੀਆਂ ਬਲਾਵਾਂ ਵੀ ਉਤਾਰੇਗੀ ਅਤੇ ਤੁਹਾਨੂੰ ਦੁਆਵਾਂ ਨਾਲ ਨਿਵਾਜੇਗੀ।

ਮਾਯੂਸੀ ਦੇ ਆਲਮ ਵਿਚ ਜ਼ਿੰਦਗੀ ਦਾ ਮਰਸੀਆ ਪੜ੍ਹਨ ਵਾਲਿਓ! ਧੜਕਦਾ ਗੀਤ ਬਣੋ ਜਿਸ ਵਿਚ ਉਤਸ਼ਾਹ, ਉਮਾਹ ਅਤੇ ਤਲਬਗੀਰੀ ਜਾਗਦੀ ਹੋਵੇ। ਹਿੰਮਤ, ਹੌਂਸਲਾ, ਹੱਠ ਅਤੇ ਹਮਦਰਦੀ ਦੀ ਭਾਵਨਾ ਹੋਵੇ। ਖਾਲੀ ਬਸਤਿਆਂ ਨੂੰ ਅੱਖਰਾਂ ਦਾ ਦਾਨ ਮਿਲੇ। ਭੁੱਖੇ ਢਿੱਡਾਂ ਲਈ ਰੋਟੀ ਦੀ ਬੁਰਕੀ ਹੋਵੇ। ਸੁਪਨਹੀਣਾਂ ਲਈ ਸੁਪਨੇ ਹੋਣ। ਹਾਰਿਆਂ ਲਈ ਜਿੱਤਾਂ ਦੇ ਪ੍ਰਚਮ ਹੋਣ। ਨਿਰਾਸ਼ਤਾ ਦੀ ਗਹਿਰ ਵਿਚ ਡੁੱਬਿਆਂ ਲਈ ਸੂਹੇ ਅੰਬਰ ਦਾ ਚੰਦੋਆ ਹੋਵੇ। ਬੰਦੇ ਦੇ ਹੋਠਾਂ 'ਤੇ ਬੰਦਿਆਈ ਹੋਵੇ। ਕਿਰਤੀਆਂ ਦੀ ਕਰਮਯੋਗਤਾ ਦਾ ਨਾਦ ਹੋਵੇ ਅਤੇ ਇਸ ਵਿਚ ਸੁਰਬੱਧ ਜ਼ਿੰਦਗੀ ਦਾ ਰਿਆਜ਼ ਹੋਵੇ ਕਿਉਂਕਿ ਜ਼ਿੰਦਗੀ ਅਜੇਹੀ ਬੇਨਿਆਜ਼ ਕਿ ਜਿਸਦੀ ਸਾਹ-ਸੁਰੰਗੀ ਵਿਚੋਂ ਜੀਵਨ ਸੰਧੂਰੀ ਭਾਅ ਮਾਰਦਾ।

ਜ਼ਿੰਦਗੀ ਦੀ ਤਾਸੀਰ ਵਿਚੋਂ ਉਮਰ ਦੀ ਧੂੜ ਨੂੰ ਪੂੰਝਣ ਲਈ ਬਹੁਤ ਜ਼ਰੂਰੀ ਹੁੰਦਾ ਕਿ ਧੂੜ ਨਾਲ ਲੱਥਪੱਥ ਬੰਦ ਅਲਮਾਰੀ ਵਿਚ ਪਈਆਂ ਉਨ੍ਹਾਂ ਪੁਸਤਕਾਂ ਨੂੰ ਝਾੜੋ ਜੋ ਤੁਹਾਡਾ ਸਾਥ ਲੋਚਦੀਆਂ ਲੋਚਦੀਆਂ ਸਿਉਂਕ ਦਾ ਸ਼ਿਕਾਰ ਹੋ ਗਈਆਂ। ਤੁਹਾਡੇ ਕੋਲ ਨਹੀਂ ਸੀ ਫੁਰਸਤ। ਪਾਟੇ ਵਰਕੇ, ਖਸਤਾ ਹਾਲਤ ਜਿਲਦਾਂ ਅਤੇ ਜੰਗਾਲੇ ਜ਼ਿੰਦਰਿਆਂ ਦੀਆਂ ਕੈਦੀ ਬਣੀਆਂ ਕਿਤਾਬਾਂ ਦੀ ਕਹਾਣੀ, ਅਲਮਾਰੀ ਦੀ ਜ਼ੁਬਾਨੀ ਸੁਣੋ। ਤੁਹਾਡੇ ਲਈ ਇਨ੍ਹਾਂ ਦੀ ਦਰਦ-ਗਾਥਾ ਔਖੀ ਹੋ ਜਾਊ ਉਲਥਾਣੀ। ਇਨ੍ਹਾਂ ਦੇ ਵਰਕਿਆਂ 'ਤੇ ਲਟ-ਲਟ ਬਲਦੇ ਨੇ ਹਰਫ਼, ਵਾਕਾਂ ਵਿਚ ਦੀਵਿਆਂ ਵਾਂਗ ਜਗਦੇ ਨੇ ਸ਼ਬਦ ਅਤੇ ਸ਼ਬਦਾਂ ਦੀ ਸਰਜ਼ਮੀਂ 'ਤੇ ਟਿਮਟਿਮਾਉਂਦੇ ਨੇ ਅਰਥਾਂ ਦੇ ਜੁਗਨੂੰ ਜਿਨ੍ਹਾਂ ਨੇ ਤੁਹਾਡੇ ਲਈ ਜ਼ਿੰਦਗੀ ਦੀ ਸਹੀ ਅਰਥਕਾਰੀ ਕਰਨੀ ਹੈ। ਕਿਤਾਬਾਂ ਦਾ ਸੰਗ ਸੱਭ ਤੋਂ ਉਤਮ। ਇਸਦੀ ਰਹਿਬਰੀ ਵਿਚ ਸਦਾ ਲਈ ਉਤਰ ਜਾਂਦੀ ਹੈ ਜ਼ਿੰਦਗੀ ਦੇ ਮੱਥੇ ਤੋਂ ਸਾਲਾਂ ਦੀ ਧੂੜ। ਜੇਕਰ ਇਕ ਕਿਤਾਬ ਤੁਹਾਡੇ ਲਈ ਬਹੁਤ ਸਾਰੀਆਂ ਕਿਤਾਬਾਂ ਦੀ ਸਿਰਜਣਾ ਦਾ ਆਧਾਰ ਬਣਦੀ ਹੈ ਤਾਂ ਕਿਤਾਬ ਦੀ ਸ਼ੁਕਰਗੁਜ਼ਾਰੀ ਵਿਚ ਆਪਣੀ ਉਮਰ ਨੂੰ ਭੁਲਾ ਦੇਵੋ। ਤੁਹਾਡੇ ਸਾਹ ਸਦਾ ਰਿਣੀ ਰਹਿਣਗੇ।

ਉਮਰ ਨੂੰ ਵਗਾਹ ਕੇ ਮਾਰਨ ਲਈ ਜ਼ਰੂਰੀ ਹੁੰਦਾ ਕਿ ਕਦੇ ਬੱਚਿਆਂ ਨਾਲ ਬੱਚੇ ਬਣੋ। ਉਨ੍ਹਾਂ ਨਾਲ ਤਾਸ਼ ਖੇਡੋ, ਕੈਰਮ ਬੋਰਡ ਖੇਡੋ ਤੇ ਰੋਲ-ਘਚੋਲੇ ਮਾਰੋ। ਪਾਣੀ ਦੇ ਛਿੱਟਿਆਂ ਨਾਲ ਖੁਦ ਨੂੰ ਭਿਉਂ ਕੇ ਬੱਚਿਆਂ ਨੂੰ ਨੁੱਚੜਨ ਲਾਓ। ਕਦੇ ਉਨ੍ਹਾਂ ਨਾਲ ਝੀਲ ਦੇ ਸ਼ਾਂਤ ਪਾਣੀਆਂ ਵਿਚ ਮੱਛੀਆਂ ਨੂੰ ਫੜਦਿਆਂ ਸਮਾਂ ਬਿਤਾਓ। ਮੱਛੀ ਦੇ ਕੁੰਡੀ ਵਿਚ ਫਸਣ ਅਤੇ ਫਿਰ ਉਸਨੂੰ ਝੀਲ ਵਿਚ ਸੁੱਟਣ ਸਮੇਂ ਬੱਚੇ ਦੇ ਮੁੱਖ 'ਤੇ ਪਸਰੀ ਖੁਸ਼ੀ ਨੂੰ ਨਿਹਾਰੋ, ਤੁਹਾਡੇ ਲਈ ਉਮਰ ਦੇ ਕੋਈ ਅਰਥ ਨਹੀਂ ਰਹਿ ਜਾਣਗੇ। ਉਨ੍ਹਾਂ ਨਾਲ ਬੋਟਿੰਗ ਕਰੋ ਤਾਂ ਦੇਖਣਾ ਕਿ ਪਾਣੀ ਦੀਆਂ ਪੈਦਾ ਹੋ ਰਹੀਆਂ ਲਹਿਰਾਂ ਵਿਚ ਬਣ ਰਹੇ ਅਕਾਰ ਕਿੰਨੇ ਰੂਪ ਅਖਤਿਆਰ ਕਰਦੇ। ਇਨ੍ਹਾਂ ਨੂੰ ਦੇਖਦਿਆਂ ਤੁਹਾਡੇ ਚੇਤਿਆਂ ਵਿਚੋਂ ਹੀ ਵਿਸਰ ਜਾਂਦਾ ਹੈ ਕਿ ਤੁਸੀਂ ਉਮਰ-ਦਰਾਜ਼ ਹੋ।

ਸਾਲਾਂ ਦੀ ਗਿਣਤੀ ਨੂੰ ਵਧਣ ਤੋਂ ਨਹੀਂ ਰੋਕਿਆ ਜਾ ਸਕਦਾ। ਪਰ ਅਸੀਂ ਉਮਰ ਨੂੰ ਤਾਂ ਖਲਿਆਰ ਸਕਦੇ ਹਾਂ। ਇਸਨੂੰ ਠਹਿਰ ਜਾਣ ਲਈ ਹੁਕਮ ਕਰ ਸਕਦੇ ਹਾਂ ਕਿਉਂਕਿ ਇਹ ਸਾਡੇ ਹੱਥ ਹੁੰਦਾ। ਸੁਪਨੇ ਲੈਣ ਤੋਂ ਕੌਣ ਰੋਕੇਗਾ? ਪੜ੍ਹਨ ਤੋਂ ਕਿਸੇ ਨੇ ਨਹੀਂ ਰੋਕਣਾ? ਨਾ ਹੀ ਗਿਆਨ-ਪ੍ਰਾਪਤੀ ਤੋਂ ਕੋਈ ਹੋੜ ਸਕਦਾ? ਨਹੀਂ ਕੋਈ ਰੋਕ ਸਕਦਾ ਰਾਂਗਲੇ ਦਿਨਾਂ ਦੀ ਕਲਾ-ਨਿਕਾਸ਼ੀ ਕਰਨ ਤੋਂ? ਨਾ ਹੀ ਖ਼ੁਆਬਾਂ, ਖ਼ਿਆਲਾਂ ਅਤੇ ਖ਼ਬਤਾਂ ਲਈ ਕੋਈ ਖੜੋਤ ਹੁੰਦੀ? ਕਲਾਕਾਰੀ, ਕਲਮਕਾਰੀ, ਕਿਰਤਕਾਰੀ ਅਤੇ ਕਰਮਯੋਗਤਾ ਨੂੰ ਕੋਈ ਨਹੀਂ ਹੋੜ ਸਕਦਾ ਅਤੇ ਨਾ ਹੀ ਕੋਈ ਸਫ਼ਿਆਂ 'ਤੇ ਉਗੀ ਸੁੱਚੇ ਸ਼ਬਦਾਂ ਦੀ ਵਰਣਮਾਲਾ ਨੂੰ ਉਗਣ ਤੋਂ ਰੋਕ ਸਕਦਾ।

ਜ਼ਿੰਦਗੀ ਘੁੱਟ-ਘੁੱਟ ਕੇ ਮਰਨ ਦਾ ਨਾਮ ਨਹੀਂ ਅਤੇ ਨਾ ਹੀ ਤਰਸ, ਤੜਪ ਤੇ ਤ੍ਰਹਿਣ ਦੇ ਪਾਤਰ ਬਣੇ ਰਹਿਣ ਵਿਚ। ਇਸਨੂੰ ਜ਼ਿੰਦਾਦਿਲ਼ੀ ਨਾਲ ਜਿਊਣਾ, ਜ਼ਿੰਦਗੀ ਦਾ ਸੁੱਚਾ ਹਰਫ਼ਨਾਮਾ। ਇਸ ਲਈ ਜ਼ਰੂਰੀ ਹੈ ਕਿ ਵਕਤ-ਬ-ਵਕਤ ਆਪਣੀ ਮਾਨਸਿਕਤਾ ਵਿਚੋਂ ਸਾਲਾਂ ਦੀ ਝਾੜ-ਪੂੰਝ ਕਰਦੇ ਰਹੋ। ਜ਼ਰੂਰੀ ਹੁੰਦਾ ਹੈ ਕਿ ਉਮਰ ਦੇ ਆਖਰੀ ਪਹਿਰ ਨੂੰ ਰੱਜ ਕੇ ਜੀਓ। ਆਪਣਿਆਂ ਦੇ ਮੋਢੇ 'ਤੇ ਆਖਰੀ ਸਫ਼ਰ 'ਤੇ ਜਾਣ ਲੱਗਿਆਂ ਕਬਰ ਦਾ ਸਫ਼ਰ ਮੁਕੰਮਲ ਕਰੋ। ਤੁਹਾਡੇ ਜਨਾਜ਼ੇ ਵਿਚ ਸ਼ਾਮਲ ਹਰ ਸਖ਼ਸ਼ ਦੇ ਮੂੰਹੋਂ ਇਹ ਨਿਕਲੇ ਕਿ ਵਾਹ! ਕੇਹੀ ਪਿਆਰੀ ਅਤੇ ਭਰਪੂਰ ਜ਼ਿੰਦਗੀ ਜੀਅ ਕੇ ਇਸ ਨੇ ਆਪਣੇ ਸਾਹਾਂ ਨੂੰ ਆਖਰੀ ਅਲਵਿਦਾ ਕਹੀ। ਤੇ ਉਹ ਸੋਚਣ ਕਾਸ਼! ਸਾਡੇ ਹਿੱਸੇ ਵੀ ਅਜਿਹੀ ਜ਼ਿੰਦਗੀ ਵਰਗਾ ਹਰ ਪੜਾਅ ਆਵੇ। ਅਸੀਂ ਵੀ ਜ਼ਿੰਦਗੀ ਦੀ ਰੁਖਸਤਗੀ ਨੂੰ ਅਜਿਹੇ ਮਾਣਮੱਤੇ ਰੂਪ ਵਿਚ ਮਾਣ ਸਕੀਏ ਅਤੇ ਇਸ ਫਾਨੀ ਸੰਸਾਰ ਤੋਂ ਹੱਸਦੇ ਹੱਸਦੇ ਵਿਦਾ ਹੋਈਏ।

# ਮਿੰਨੀ ਕਹਾਣੀ -ਵਿਤਕਰਾ

ਮੁਹੰਮਦ ਅੱਬਾਸ ਧਾਲੀਵਾਲ
ਫੋਨ: 98552-59650

ਗੁਰਚੇਤ ਪਿੰਡ ਦੇ ਇਕ ਜੱਟ ਸਿੱਖ ਪਰਿਵਾਰ 'ਚੋਂ ਸੀ ਪਰ ਪੈਲੀ ਥੋੜ੍ਹੀ ਹੋਣ ਕਾਰਨ ਉਹ ਸ਼ੁਰੂ ਤੋਂ ਹੀ ਗਰੀਬੀ ਤੇ ਤੰਗਦਸਤੀ ਨਾਲ ਲੜਦਾ ਆ ਰਿਹਾ ਸੀ। ਆਪਣੇ ਪੁੱਤਰ ਹਰਮਨ ਨੂੰ ਉਹ ਨਿਘਰੀ ਹਾਲਤ ਦੇ ਬਾਵਜੂਦ ਪਿੰਡ ਦੇ ਹੀ ਇਕ ਪ੍ਰਾਈਵੇਟ ਸਕੂਲ ਵਿਚ ਪੜ੍ਹਾ ਰਿਹਾ ਸੀ। ਪਰ ਪਿਛਲੇ ਦਿਨੀਂ ਫੈਲੀ ਕਰੋਨਾ ਮਹਾਮਾਰੀ ਕਾਰਨ ਲੱਗੇ ਲੰਮੇ ਲਾਕ-ਡਾਊਨ ਦੇ ਚਲਦਿਆਂ ਆਰਥਿਕ ਪੱਖੋਂ ਉਹ ਹੁਣ ਬਿਲਕੁਲ ਹੀ ਟੁੱਟ ਚੁੱਕਾ ਸੀ। ਇਹੋ ਵਜ੍ਹਾ ਹੈ ਕਿ ਉਸ ਨੇ ਹਰਮਨ ਦੇ ਸੱਤਵੀਂ ਪਾਸ ਹੁੰਦੇ ਸਾਰ ਹੀ ਉਸ ਨੂੰ ਪਿੰਡ ਦੇ ਹੀ ਸਰਕਾਰੀ ਸਕੂਲ ਵਿਚ ਅੱਠਵੀਂ ਜਮਾਤ 'ਚ ਦਾਖਲ ਕਰਵਾ ਦਿੱਤਾ ਸੀ।

ਉਧਰ ਹਰਮਨ ਨੂੰ ਹੁਣ ਇਸ ਨਵੇਂ ਸਕੂਲ ਵਿਚ ਪੜ੍ਹਦਿਆਂ ਕਰੀਬ ਚਾਰ ਮਹੀਨੇ ਹੋ ਚੁੱਕੇ ਸਨ। ਉਸ ਦਾ ਸਕੂਲ ਵਿਚ ਦਿਲ ਲੱਗ ਗਿਆ ਸੀ। ਉਹ ਪੜ੍ਹਾਈ 'ਚ ਕਾਫ਼ੀ ਹੁਸ਼ਿਆਰ ਸੀ। ਕੋਈ ਵੀ ਸ਼ੰਕਾ ਹੋਣ 'ਤੇ ਅਧਿਆਪਕਾਂ ਨੂੰ ਝੱਟ ਸਵਾਲ ਕਰ ਲੈਂਦਾ। ਹਰਮਨ ਦੇ ਇਸ ਆਤਮ-ਵਿਸ਼ਵਾਸ ਦੇ ਚਲਦਿਆਂ ਜਲਦੀ ਉਸ ਨੇ ਸਕੂਲ ਦੇ ਸਭ ਅਧਿਆਪਕਾਂ ਦੇ ਦਿਲ ਵਿਚ ਆਪਣੀ ਇਕ ਅਲੱਗ ਹੀ ਜਗ੍ਹਾ ਬਣਾ ਲਈ ਸੀ।

ਰੋਜ਼ਾਨਾ ਵਾਂਗ ਅੱਜ ਵੀ ਹਰਮਨ ਦੇ ਐਸ.ਐਸ.ਟੀ ਅਧਿਆਪਕ ਕਲਾਸ ਲੈ ਰਹੇ ਸਨ ਤੇ ਲੋਕਤੰਤਰਿਕ ਪ੍ਰਣਾਲੀ ਸੰਬੰਧੀ ਪਾਠ ਪੜ੍ਹਾਉਣ ਉਪਰੰਤ ਉਹ ਬੱਚਿਆਂ ਨੂੰ ਸਮਝਾ ਰਹੇ ਸਨ ਕਿ ਸਾਡੇ ਦੇਸ਼ ਵਿਚ ਲੋਕਤੰਤਰਿਕ ਪ੍ਰਣਾਲੀ ਹੈ ਅਤੇ ਸੰਵਿਧਾਨ ਵਿਚ ਸਭ ਨਾਗਰਿਕਾਂ ਨੂੰ ਇਕੋ ਸਮਾਨ ਅਧਿਕਾਰ ਮਿਲੇ ਹੋਏ ਹਨ। ਅਧਿਆਪਕ ਹਾਲੇ ਪੜ੍ਹਾ ਹੀ ਰਿਹਾ ਸੀ ਕਿ ਇਸ ਦੌਰਾਨ ਸਕੂਲ ਦੇ ਚਪੜਾਸੀ ਨੇ ਕਲਾਸ 'ਚ ਆ ਕੇ ਸੁਨੇਹਾ ਲਾਇਆ ਕਿ ਸਾਰੀਆਂ ਕੁੜੀਆਂ ਤੇ ਵਿਸ਼ੇਸ਼ ਕੈਟਾਗਰੀ ਅਤੇ ਬੀ.ਪੀ ਐਲ ਪਰਿਵਾਰਾਂ ਦੇ ਮੁੰਡੇ ਸਟਾਫ ਰੂਮ ਵਿਚ ਆ ਕੇ ਆਪਣੀਆਂ ਯੂਨੀਫਾਰਮ ਦਾ ਨਾਪ ਦੇ ਆਵੋ। ਇੰਨਾ ਸੁਣਦੇ ਹੀ ਸਾਰੇ ਸੰਬੰਧਤ ਬੱਚੇ ਚਾਈਂ-ਚਾਈਂ ਆਪਣੀ ਨਵੀਂ ਮਿਲਣ ਵਾਲੀ ਯੂਨੀਫਾਰਮ ਦਾ ਨਾਪ ਦੇਣ ਲਈ ਚਲੇ ਗਏ। ਜਮਾਤ ਵਿਚ ਕੇਵਲ ਤਿੰਨ ਬੱਚੇ ਹੀ ਰਹਿ ਗਏ ਸਨ। ਇਨ੍ਹਾਂ ਵਿਚ ਤਰਖਾਣਾਂ ਦਾ ਦੀਪੂ, ਜੁਲਾਹਿਆਂ ਦਾ ਇਰਫਾਨ ਅਤੇ ਇਕ ਖੁਦ ਹਰਮਨ ਸੀ। ਜੋ ਇਸ ਸਮੇਂ ਜਕੋ ਤਕੀ ਵਿਚ ਇਕ ਦੂਜੇ ਨੂੰ ਮਸੋਸਿਆ ਜਿਹਾ ਮੂੰਹ ਬਣਾ ਵੇਖ ਰਹੇ ਸਨ।

ਛੁੱਟੀ ਹੋਣ ਉਪਰੰਤ ਵਰਦੀ ਦੇ ਨਾਪ ਵਾਲੀ ਸਾਰੀ ਘਟਨਾ ਘਰ ਆ ਕੇ ਹਰਮਨ ਨੇ ਆਪਣੇ ਪਿਓ ਨੂੰ ਕਹਿ ਸੁਣਾਈ ਤੇ ਨਾਲੇ ਦੂਜੇ ਦਿਨ ਸਕੂਲ ਚੱਲ ਕੇ ਉਸ ਲਈ ਯੂਨੀਫਾਰਮ ਦਿਵਾਉਣ ਦੀ ਸਿਫਾਰਸ਼ ਕਰਨ ਲਈ ਵੀ ਕਿਹਾ।

ਦੂਜੇ ਦਿਨ ਸਕੂਲ ਖੁੱਲ੍ਹਦੇ ਹੀ ਹਰਮਨ ਤੇ ਉਸ ਦਾ ਪਿਓ ਹੈੱਡਮਾਸਟਰ ਦੇ ਦਫਤਰ ਵਿਚ ਇਜਾਜ਼ਤ ਲੈ ਅੰਦਰ ਜਾ ਦਾਖਲ ਹੋਏ। ਇਸ ਮੌਕੇ ਦਫਤਰ ਵਿਚ ਹਰਮਨ ਦੇ ਐੱਸ.ਐੱਸ.ਟੀ. ਦੇ ਅਧਿਆਪਕ ਰਜਿਸਟਰ 'ਚ ਸ਼ਾਇਦ ਹਾਜ਼ਰੀ ਲਾ ਰਹੇ ਸਨ।

ਗੁਰਚੇਤ ਨੇ ਹੈੱਡਮਾਸਟਰ ਨੂੰ ਫਤਿਹ ਬੁਲਾਈ ਤੇ ਸ਼ਿਕਾਇਤ ਭਰੇ ਅੰਦਾਜ਼ 'ਚ ਆਖਿਆ, "ਹੈੱਡਮਾਸਟਰ ਸਾਹਿਬ ਕੀ ਗੱਲ ਸਾਡੇ ਹਰਮਨ ਦਾ ਨਾਪ ਨੀ ਦਿਵਾਇਆ ਕੱਲ੍ਹ..!" ਗੁਰਚੇਤ ਨੇ ਜਿਵੇਂ ਹੈਰਾਨੀ ਤੇ ਉਤਸੁਕਤਾ ਨਾਲ ਪੁੱਛਿਆ।

ਹੈੱਡਮਾਸਟਰ ਨੇ ਆਪਣੀ ਨੇੜੇ ਦੀ ਐਨਕ ਉਤਾਰ ਗੁਰਚੇਤ ਨੂੰ ਸੰਬੋਧਨ ਕਰਦਿਆਂ ਕਿਹਾ, "ਯੂਨੀਫਾਰਮ ਗ੍ਰਾਂਟ ਕੇਵਲ ਲੜਕੀਆਂ, ਵਿਸ਼ੇਸ਼ ਕੈਟਾਗਰੀ ਦੇ ਮੁੰਡਿਆਂ ਤੇ ਬੀ.ਪੀ.ਐਲ ਪਰਿਵਾਰਾਂ ਦੇ ਬੱਚਿਆਂ ਲਈ ਹੀ ਆਉਂਦੀ ਏ ਜੀ... ਸਾਰਿਆਂ ਲਈ ਨਈਂ।"

ਇਧਰ ਹੈੱਡਮਾਸਟਰ ਦੀ ਗੱਲ ਸੁਣ ਹਰਮਨ ਨੇ ਫੌਰਨ ਆਪਣੇ ਐਸ.ਐਸ.ਟੀ ਅਧਿਆਪਕ ਨੂੰ ਸਵਾਲੀਆ ਨਜ਼ਰਾਂ ਨਾਲ ਪੁੱਛਿਆ "ਪਰ ਮਾਸਟਰ ਜੀ ਤੁਸੀਂ ਤਾਂ ਕੱਲ੍ਹ ਕਹਿ ਰਹੇ ਸੀ ਕਿ ਸੰਵਿਧਾਨ ਦੀ ਨਜ਼ਰ 'ਚ ਸਾਰੇ ਨਾਗਰਿਕ ਇੱਕੋ ਸਮਾਨ ਹਨ। ਫਿਰ ਯੂਨੀਫਾਰਮ ਦੇਣ 'ਚ ਇਹ ਵਿਤਕਰਾ ਕਿਉਂ..! "

ਅਧਿਆਪਕ ਪਾਸ ਹਰਮਨ ਦੇ ਪ੍ਰਸ਼ਨ ਦਾ ਸ਼ਾਇਦ ਕੋਈ ਠੋਸ ਜਵਾਬ ਨਹੀਂ ਸੀ ਬਸ ਉਹ ਇੰਨਾ ਹੀ ਕਹਿ ਸਕਿਆ "ਕੀ ਕਹੀਏ ਪੁੱਤਰ ਜੀ ਸਰਕਾਰਾਂ ਦੀਆਂ ਪਾਲਿਸੀਆਂ ਹੀ ਅਜਿਹੀਆਂ ਹਨ!" ਕਹਿਣ ਨੂੰ ਅਧਿਆਪਕ ਨੇ ਕਹਿ ਦਿੱਤਾ, ਪਰ ਨੰਨ੍ਹੇ ਹਰਮਨ ਦੇ ਮੂੰਹ 'ਚੋਂ ਨਿਕਲਿਆ ਸ਼ਬਦ "ਵਿਤਕਰਾ" ਹਾਲੇ ਵੀ ਮਾਸਟਰ ਨੂੰ ਇੰਝ ਜਾਪ ਰਿਹਾ ਸੀ ਜਿਵੇਂ ਕੱਲ੍ਹ ਕਲਾਸ ਵਿਚ ਪੜ੍ਹਾਏ ਪਾਠ ਨੂੰ ਦੰਦੀਆਂ ਚਿੜਾ ਰਿਹਾ ਹੋਵੇ...!

# ਮੇਰੀ ਦਿੱਲੀ, ਮੇਰਾ ਮੀਸ਼ਾ ਤੇ ਮੰਡੇਰ

ਨਿੱਕ ਸੁੱਕ




**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਦਿੱਲੀ ਦੇ ਸਾਬਕਾ ਪੁਲੀਸ ਕਮਿਸ਼ਨਰ ਗੁਰਦਿਆਲ ਸਿੰਘ ਮੰਡੇਰ ਦੇ ਤਜਰਬੇ ਨੇ ਮੈਨੂੰ ਐਸ ਐਸ ਮੀਸ਼ਾ ਤੇ ਦਿੱਲੀ ਵਿਚਲੇ 32 ਸਾਲਾਂ ਦਾ ਆਪਣਾ ਸਮਾਂ ਚੇਤੇ ਕਰਵਾ ਦਿੱਤਾ ਹੈ। 1966 ਵਿਚ ਮੇਰਾ ਤੇ ਗੁਰਦਿਆਲ ਮੰਡੇਰ ਦਾ ਦਫ਼ਤਰ ਕਰਜ਼ਨ ਰੋਡ ਦਿੱਲੀ ਦੀਆਂ 1947 ਵਿਚ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਲਈ ਉਸਾਰੀਆਂ ਬੈਰਕਾਂ ਵਿਚ ਸੀ। ਉਨ੍ਹਾਂ ਨੂੰ ਪੱਕੇ ਟਿਕਾਣੇ ਮਿਲ ਜਾਣ ਉਪਰੰਤ ਇਹ ਬੈਰਕਾਂ ਸਰਕਾਰੀ ਦਫ਼ਤਰਾਂ ਲਈ ਵਰਤੀਆਂ ਜਾਣ ਲੱਗੀਆਂ। ਮੰਡੇਰ ਉਸ ਸਮੇਂ ਐਸ ਪੀ ਟਰੈਫਿਕ ਸੀ। ਉਸ ਦਾ ਦਫ਼ਤਰ ਥੱਲੇ ਵਾਲੀ ਬੈਰਕ ਵਿਚ ਸੀ ਤੇ ਮੇਰਾ ਉਪਰਲੀ ਮੰਜ਼ਿਲ ਵਾਲੀ ਵਿਚ। ਇਕ ਵਾਰੀ ਪੰਜਾਬੀ ਕਵੀ ਐਸ.ਐਸ. ਮੀਸ਼ਾ ਉਸ ਨੂੰ ਮਿਲਣ ਆਇਆ ਤਾਂ ਉਸ ਨੂੰ ਮੰਡੇਰ ਤੋਂ ਪਤਾ ਲੱਗਿਆ ਕਿ ਉਪਰਲੀ ਮੰਜ਼ਿਲ ਵਾਲੀ ਬੈਰਕ ਵਿਚ ਮੈਂ ਬੈਠਦਾ ਹਾਂ। ਮੰਡੇਰ ਦਾ ਸਹਾਇਕ ਮੀਸ਼ਾ ਨੂੰ ਮੇਰੇ ਦਫ਼ਤਰ ਛੱਡ ਗਿਆ ਤੇ ਸਮਾਂ ਪਾ ਕੇ ਮੈਂ ਤੇ ਮੰਡੇਰ ਅਕਸਰ ਹੀ ਇਕ ਦੂਜੇ ਨੂੰ ਮਿਲਦੇ ਰਹੇ।

ਉਸ ਸਮੇਂ ਦਿੱਲੀ ਦੇ ਪੁਲੀਸ ਕਰਮਚਾਰੀਆਂ ਦੀ ਗਿਣਤੀ ਲਗਭਗ ਪੰਜਾਹ ਹਜ਼ਾਰ ਸੀ, ਜਿਨ੍ਹਾਂ ਵਿਚੋਂ ਇਕ-ਚੁਥਾਈ ਮਹਿਲਾਵਾਂ ਸਨ। ਇਕ-ਦੋ ਵਾਰੀ ਮੈਂ ਗੁਰਦਿਆਲ ਦੀ ਮਦਦ ਨਾਲ ਆਪਣੇ ਮਿੱਤਰਾਂ ਦੇ ਟਰੈਫਿਕ ਚਲਾਨ ਵੀ ਮੁਆਫ ਕਰਵਾਏ। ਗੁਰਦਿਆਲ ਨਵੀਂ ਦਿੱਲੀ ਦੇ ਜਿੰਮਖਾਨਾ ਕਲੱਬ ਦਾ ਮੈਂਬਰ ਸੀ ਤੇ ਉਹ ਮੇਰੇ ਵਾਂਗ ਕਾਫੀ ਹਾਊਸ ਨਹੀਂ ਸੀ ਜਾਂਦਾ। ਸਾਡੀ ਸਾਂਝ ਮੀਸ਼ਾ ਕਾਰਨ ਬਣੀ ਜਿਹੜੀ ਛੇਤੀ ਹੀ ਪਰਿਵਾਰਕ ਸਾਂਝ ਵਿਚ ਬਦਲ ਗਈ। ਇਹ ਗੱਲ ਵੱਖਰੀ ਹੈ ਕਿ ਸਮੇਂ ਨਾਲ ਸਾਡੀ ਸਾਂਝ ਅੰਤਿਕਾ ਵਿਚ ਦਰਜ ਐਸ ਐਸ ਮੀਸ਼ਾ ਦੇ ਉਸ ਸ਼ਿਅਰ ਵਰਗੀ ਰਹਿ ਗਈ, ਜਿਸ ਵਿਚ ਮੁਹਾਂਦਰਾ ਭੁੱਲਣ ਦਾ ਜ਼ਿਕਰ ਹੈ। ਮੀਸ਼ਾ ਮਿੱਤਰ ਮੋਹ ਦਾ ਮੁਜੱਸਮਾ ਸੀ। ਐਵੇਂ ਤਾਂ ਨਹੀਂ ਉਸ ਦੇ ਅਕਾਲ ਚਲਾਣੇ ਤੋਂ 35 ਸਾਲ ਪਿੱਛੋਂ ਸਾਡੇ ਸਾਂਝੇ ਮਿੱਤਰ ਬਰਜਿੰਦਰ ਸਿੰਘ ਹਮਦਰਦ ਨੇ ਉਸ ਦੀਆਂ ਰਚਨਾਵਾਂ ਨੂੰ ਸਹਿਜ ਤੇ ਸੁਰੀਲੀ ਆਵਾਜ਼ ਵਿਚ ਗਾ ਕੇ ਤੇ ਉਨ੍ਹਾਂ ਦੀਆਂ ਸੀਡੀਆਂ ਭਰਵਾ ਕੇ ਉਸ ਨੂੰ ਤੇ ਉਸ ਦੀ ਮੋਹ ਮੁਹੱਬਤ ਵਾਲੀ ਬਿਰਤੀ ਨੂੰ ਅਮਰ ਕੀਤਾ।

ਫੇਰ ਜਦੋਂ ਮੰਡੇਰ ਦੀ ਉੱਨਤੀ ਦਿੱਲੀ ਦੇ ਪੁਲੀਸ ਕਮਿਸ਼ਨਰ ਵਜੋਂ ਹੋ ਗਈ ਤਾਂ ਉਸ ਨੂੰ ਇੰਡੀਆ ਇੰਟਰਨੈਸ਼ਲ ਸੈਂਟਰ ਦੇ ਸਾਹਮਣੇ ਲੋਦੀ ਰੋਡ ਦੀ ਕੋਠੀ ਅਲਾਟ ਹੋ ਗਈ ਤੇ ਮੈਂ ਭਾਰਤੀ ਨਗਰ ਦੀ 63 ਨੰਬਰ ਕੋਠੀ ਵਿਚ ਆ ਗਿਆ। ਫੇਰ ਤਾਂ ਸਾਡੇ ਦੋਨਾਂ ਦੇ ਪਰਿਵਾਰ ਇਕ ਦੂਜੇ ਦੇ ਚੰਗੇ ਜਾਣੂ ਹੋ ਗਏ। ਕਦੇ ਕਦਾਈਂ ਮੰਡੇਰ ਤੇ ਉਸ ਦੀ ਪਤਨੀ ਸੁਖਮਿੰਦਰ ਉਰਫ ਛੋਟੀ ਨਾਲ ਵੀ ਸ਼ਾਮ ਦੀ ਸੈਰ ਸਮੇਂ ਮੁਲਾਕਾਤ ਹੋ ਜਾਂਦੀ। ਦੋਵੇਂ ਬੜੇ ਮੋਹ ਨਾਲ ਮਿਲਦੇ। 1985 ਤੋਂ ਮੇਰੇ ਚੰਡੀਗੜ੍ਹ ਆਉਣ ਪਿੱਛੋਂ ਸਾਡੀਆਂ ਮੁਲਾਕਾਤਾਂ ਵਿਚ ਅਜਿਹਾ ਵਿਘਨ ਪਿਆ ਕਿ ਪਿਛਲੇ ਕਈ ਸਾਲਾਂ ਤੋਂ ਮੁਲਾਕਾਤ ਹੀ ਨਹੀਂ ਹੋਈ। ਉਸ ਦੇ ਤੁਰ ਜਾਣ ਦੀ ਖਬਰ ਵੀ ਮੀਡੀਆ ਰਾਹੀਂ ਮਿਲੀ।




ਇਹ ਵੀ ਸਬੱਬ ਦੀ ਗੱਲ ਹੈ ਕਿ ਮੇਰੀ ਲੰਮੀ ਠਾਹਰ ਵਾਲੀ ਦਿੱਲੀ ਬਾਰੇ ਬਲਬੀਰ ਮਾਧੋਪੁਰੀ ਦੀ ਪੁਸਤਕ 'ਦਿੱਲੀ ਇਕ ਵਿਰਾਸਤ' ਦਾ ਨਵਾਂ ਐਡੀਸ਼ਨ ਵੀ ਇਨ੍ਹਾਂ ਦਿਨਾਂ ਵਿਚ ਹੀ ਮੇਰੇ ਹੱਥ ਲੱਗਿਆ ਹੈ। ਮੇਰੇ ਵਾਂਗ ਉਹ ਵੀ ਦੁਆਬੀਆ ਹੈ। ਜਲੰਧਰ ਦੇ ਪਿੰਡ ਮਾਧੋਪੁਰ ਤੋਂ। ਮੈਂ ਉਸ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਤੋਂ ਕਾਫੀ ਪ੍ਰਭਾਵਿਤ ਸਾਂ ਪਰ ਇਹ ਨਹੀਂ ਸਾਂ ਜਾਣਦਾ ਕਿ ਉਸ ਦੀ ਖੋਜੀ ਬਿਰਤੀ ਦਿੱਲੀ ਦੀਆਂ ਨੀਂਹਾਂ ਫਰੋਲਣ ਵਿਚ ਵੀ ਕਮਾਲ ਦੀ ਹੈ। ਆਰਸੀ ਪਬਲਿਸ਼ਰਜ਼ ਦਿੱਲੀ ਵਲੋਂ ਪ੍ਰਕਾਸ਼ਿਤ 395 ਰੁਪਏ ਦੀ ਇਸ ਪੁਸਤਕ ਦੇ 176 ਪੰਨਿਆਂ ਵਿਚੋਂ ਲਗਪਗ 'ਅੱਧੇ ਉਸ ਦਿੱਲੀ ਦੀ ਬਾਤ ਪਾਉਂਦੇ ਹਨ ਜਿਹੜੀ ਢਾਈ ਹਜ਼ਾਰ ਸਾਲਾਂ ਵਿਚ ਸੱਤ ਵਾਰ, ਉੱਜੜ ਚੁੱਕੀ ਹੈ। (1) ਲਾਲ ਕੋਟ (2) ਸੀਰੀ 3 ਰਾਇਪਥੋਰਾ (4) ਤੁਗਲਕਾਬਾਦ (5) ਫਿਰੋਜ਼ਾਬਾਦ (6) ਜਹਾਂਪਨਾਹ ਤੇ (7) ਸ਼ਾਹਜਹਾਂਬਾਦ ਜਿਸ ਨੂੰ ਅੱਜ ਪੁਰਾਣੀ ਦਿੱਲੀ ਕਹਿੰਦੇ ਹਨ।

ਬਲਬੀਰ ਮਾਧੋਪੁਰੀ ਨੇ ਇਨ੍ਹਾਂ ਵਿਚਲੇ ਇੰਦਰਪ੍ਰਸਥਾ, (ਲਾਲ ਕੋਟ) ਲਾਲ ਕੋਟ, ਕਿਲਾ ਰਾਇ ਪਿਥੋਰਾ, ਕੁਤਬ ਮੀਨਾਰ, ਅੱਲਾਹੀ ਦਰਵਾਜ਼ਾ, ਅਲਤਮਸ਼ ਦਾ ਮਕਬਰਾ, ਅੱਲਾਹੀ ਮੀਨਾਰ, ਲੋਹ-ਸਤੰਭ, ਭੁੱਲ ਭੁੱਲਣੀਆਂ, ਹੌਜ਼-ਇ-ਸਮਸੀ, ਜਹਾਜ਼ ਮਹਲ, ਗੰਧਕ ਦੀ ਮਸਜਿਦ, ਰਾਜੋ ਦੀ ਬੈਨ, ਬਲਬਨ ਦਾ ਮਕਬਰਾ, ਸੁਲਤਾਨ ਗੜ੍ਹੀ, ਸੀਰੀ, ਹੌਜ਼ ਖਾਸ, ਲੋਧੀ ਗਾਰਡਨ, ਮਕਬਰਾ ਖਾਨਾ-ਇ-ਖਾਨਾ, ਸਬਜ਼ ਬੁਰਜ, ਡੀਅਰ ਪਾਰਕ, ਹੁਮਾਂਯੂੰ ਦਾ ਮਕਬਰਾ, ਮਲਕਾ ਮੁਨੀਰਕਾ ਦਰਵਾਜ਼ਾ, ਸਫਦਰਜੰਗ ਦਾ ਮਕਬਰਾ, ਜਹਾਂਪਨਾਹ, ਕੋਟਲਾ ਫਿਰੋਜ਼ਸ਼ਾਹ ਤੁਗਲਕਾਬਾਦ, ਮਸਜਿਦ ਮੋਠ ਸ਼ਾਹਜਹਾਨਾਬਾਦ ਤੇ ਲਾਲ ਕਿਲਾ ਦੀ ਵਿਉਂਤਬੰਦੀ, ਪ੍ਰਸੰਗ ਅਤੇ ਮਹਿਰਾਬਾਂ ਤੇ ਗੁੰਬਦਾਂ ਦੀ ਖੂਬਸੂਰਤੀ ਦਾ ਬਹੁਤ ਵਧੀਆ ਵਰਣਨ ਹੈ; ਲੇਖਕ ਦੀ ਆਪਣੀ ਟਿੱਪਣੀ ਸਮੇਤ ਜਿਹੜੀ ਉਸ ਨੇ ਅੱਖੀਂ ਦੇਖੀ ਤੇ ਪੁੱਛੀ ਪੜ੍ਹਾਈ ਵੀ।

ਇਸ ਪੁਸਤਕ ਵਿਚ ਪੁਰਾਤਨ ਮਸਜਿਦਾਂ ਤੇ ਮਕਬਰਿਆਂ ਤੋਂ ਬਿਨਾ ਇਤਿਹਾਸਕ ਗੁਰਦੁਆਰਿਆਂ ਤੇ ਮੰਦਰਾਂ ਦਾ ਵੇਰਵਾ ਵੀ ਵਿਸਤਾਰ ਵਿਚ ਦਿੱਤਾ ਗਿਆ ਹੈ। ਨਾਨਕ ਪਿਆਓ, ਮਜਨੂੰ ਟਿੱਲਾ, ਬੰਗਲਾ ਸਾਹਿਬ, ਬਾਲਾ ਸਾਹਿਬ, ਸੀਸ ਗੰਜ, ਰਕਾਬ ਗੰਜ, ਮੋਤੀ ਬਾਗ, ਦਮਦਮਾ ਸਾਹਿਬ, ਮਾਤਾ ਸੁੰਦਰੀ ਤੇ ਬੰਦਾ ਬਹਾਦਰ ਨਾਮੀ 10 ਗੁਰਦੁਆਰਿਆਂ ਵਿਚੋਂ ਬਹੁਤੇ ਸ਼ਾਹ ਆਲਮ ਦੋ ਦੇ ਰਾਜਕਾਲ ਵਿਚ ਬਣੇ ਜਦੋਂ ਮਾਝਾ ਦੇ ਪ੍ਰਸਿੱਧ ਜੋਧੇ ਬਘੇਲ ਸਿੰਘ ਨੇ ਚਾਰ ਹੋਰ ਕਮਾਂਡਰਾਂ ਦੀ ਸਹਾਇਤਾ ਨਾਲ ਤੀਹ ਹਜ਼ਾਰ ਸਿੱਖ ਘੋੜਸਵਾਰਾਂ ਦੇ ਸਿਰ ਉੱਤੇ ਸਾਰੀ ਦਿੱਲੀ ਉੱਤੇ ਕਬਜ਼ਾ ਕਰ ਲਿਆ ਸੀ। ਉਸ ਨੇ ਤੱਕਿਆ ਕਿ ਕਈ ਇਤਿਹਾਸਕ ਗੁਰਧਾਮਾਂ ਦੀਆਂ ਤਾਂ ਮੁਗ਼ਲਾਂ ਨੇ ਮਸੀਤਾਂ ਬਣਾ ਲਈਆਂ ਸਨ ਤਾਂ ਉਸ ਨੇ ਦਿੱਲੀ ਤੋਂ ਪਿੱਛੇ ਹਟਣ ਲਈ ਸ਼ਾਹ ਆਲਮ ਤੋਂ ਵੱਡੀ ਮੰਗ ਇਤਿਹਾਸਕ ਸਿੱਖ ਧਾਮਾਂ ਉੱਤੇ ਗੁਰਦੁਆਰੇ ਸਥਾਪਤ ਕਰਨ ਦੀ ਰੱਖੀ। ਇਨ੍ਹਾਂ ਸਾਰੇ ਗੁਰਦੁਆਰਿਆਂ ਕੋਲ ਬਹੁਤ ਵੱਡੇ ਹਾਲ ਕਮਰੇ, ਲੰਗਰ ਹਾਲ, ਮੁਸਾਫਿਰਖਾਨੇ ਤੇ ਬਾਗ ਹਨ ਜਿਨ੍ਹਾਂ 'ਤੇ ਨਤਮਸਤਕ ਹੋਣ ਕੁੱਲ ਦੁਨੀਆਂ ਦੀਆਂ ਸਿੱਖ ਸੰਗਤਾਂ ਹੀ ਨਹੀਂ ਆਉਂਦੀਆਂ ਸਿੰਧੀ ਤੇ ਹੋਰ ਪਰਿਵਾਰ ਵੀ ਹੁਮਹੁਮਾ ਕੇ ਆਉਂਦੇ ਹਨ। ਸ਼ਾਹ ਆਲਮ ਨੇ ਬਘੇਲ ਸਿੰਘ ਦੀ ਮੰਗ ਉੱਤੇ ਫੁੱਲ ਚੜ੍ਹਾਉਂਦਿਆਂ ਗੁਰਧਾਮਾਂ ਵਾਸਤੇ ਸਥਾਨ ਹੀ ਖਾਲੀ ਨਹੀਂ ਕਰਵਾਏ ਨਜ਼ਰਾਨੇ ਵੀ ਦਿੱਤੇ। ਬਘੇਲ ਸਿੰਘ ਨੇ ਜਿਸ ਥਾਂ ਉੱਤੇ ਤੀਹ ਹਜ਼ਾਰ ਘੋੜੇ ਰੱਖੇ ਸਨ, ਉਸ ਨੂੰ ਅੱਜ ਤੀਸ ਹਜ਼ਾਰੀ ਕਿਹਾ ਜਾਂਦਾ ਹੈ।

ਮਾਧੋਪੁਰੀ ਪੰਜਾਬੀ ਸਾਹਿਤ ਦਾ ਉੱਦਮੀ, ਸਿਰੜੀ ਤੇ ਸਮਰਪਿਤ ਜੀਊੜਾ ਹੈ ਜਿਹੜਾ ਪਛੜੇ ਤੇ ਲਿਤਾੜੇ ਲੋਕਾਂ ਦੀ ਹੌਸਲਾ ਅਫਜ਼ਾਈ ਲਈ ਸਦਾ ਤਤਪਰ ਰਹਿੰਦਾ ਹੈ। ਹਥਲੀ ਪੁਸਤਕ ਤਾਂ ਇਹ ਵੀ ਦੱਸਦੀ ਹੈ ਕਿ ਮੁਗਲਾਂ ਤੋਂ ਸੱਤ-ਅੱਠ ਸੌ ਸਾਲ ਪਹਿਲਾਂ ਮੁਹੰਮਦ-ਬਿਨ-ਕਾਸਿਮ ਵਰਗੇ ਅਰਬੀ ਧਾੜਵੀ ਅਖੰਡ ਹਿੰਦੁਸਤਾਨ ਦੇ ਉਤਰੀ ਰਾਜਾਂ ਉੱਤੇ ਕਾਬਜ਼ ਹੁੰਦੇ ਆਏ ਹਨ। ਏਥੋਂ ਦੇ ਵਸਨੀਕ ਅਹਿੰਸਾ ਦੇ ਪੁਜਾਰੀ ਸਨ।

ਇਤਿਹਾਸ ਗਵਾਹ ਹੈ ਕਿ ਏਸ ਤਰ੍ਹਾਂ ਦੀ ਰਾਜਨੀਤਕ ਉਥਲ-ਪੁਥਲ ਸੰਸਾਰ ਭਰ ਵਿਚ ਸਦੀਆਂ ਤੋਂ ਹੁੰਦੀ ਆਈ ਹੈ। ਅੱਜ ਦੇ ਦਿਨ ਭਾਰਤ ਵਿਚ ਰਹਿ ਰਹੇ ਮੁਸਲਮਾਨਾਂ, ਈਸਾਈਆਂ ਜਾਂ ਪੁਰਤਗਾਲੀਆਂ ਦਾ ਕੋਈ ਦੋਸ਼ ਨਹੀਂ। ਇਸ ਮਸਲੇ ਨੂੰ ਹਰ ਆਏ ਦਿਨ ਉਭਾਰਨਾ ਆਪਣੇ ਹਿੰਦੂ ਪੁਰਖਿਆਂ ਨੂੰ ਨਿੰਦਣ ਸਮਾਨ ਹੈ।

ਹਥਲੇ ਲੇਖ ਦਾ ਬਾਨ੍ਹਣੂ ਗੁਰਦਿਆਲ ਮੰਡੇਰ ਦੀ ਦਿੱਲੀ ਨੇ ਬੰਨ੍ਹਿਆ ਸੀ। ਹਥਲੇ ਸ਼ਬਦ ਮੰਡੇਰ ਪ੍ਰਤੀ ਸ਼ਰਧਾਂਜਲੀ ਹਨ:

**ਅੰਤਿਕਾ**
ਐਸ ਐਸ ਮੀਸ਼ਾ
ਸ਼ਾਮ ਦੀ ਨਾ ਸਵੇਰ ਦੀ ਗੱਲ ਹੈ
ਵਕਤ ਦੇ ਹੇਰ ਫੇਰ ਦੀ ਗੱਲ ਹੈ
ਤੇਰੇ ਚਿਹਰੇ ਦਾ ਜ਼ਿਕਰ ਹੋਇਆ ਸੀ
ਲੋਕ ਸਮਝੇ ਸਵੇਰ ਦੀ ਗੱਲ ਹੈ
ਮੈਨੂੰ ਤੇਰਾ ਮੁਹਾਂਦਰਾ ਭੁੱਲਿਆ
**ਸੋਚ, ਕਿੰਨੇ ਹਨੇਰ ਦੀ ਗੱਲ ਹੈ।**

# 'ਘਰ ਦਾ ਭੇਤੀ ਲੰਕਾ ਢਾਏ'

## ਅਜੋਕੇ ਰਾਵਣਾਂ ਨੇ ਤਾਂ ਅੱਤਿਆਚਾਰ ਦੀ ਹੱਦ ਹੀ ਪਾਰ ਕਰ ਦਿੱਤੀ ਹੈ

**ਭਵਨਦੀਪ ਸਿੰਘ ਪੁਰਬਾ**
**ਫੋਨ: 9988-92-9988**

ਵੈਸੇ ਤਾਂ ਪੰਜਾਬ ਵਿਚ ਸਾਰਾ ਸਾਲ ਹੀ ਤਿਉਹਾਰ ਚੱਲਦੇ ਰਹਿੰਦੇ ਹਨ। ਪਰ ਸਿਆਲਾਂ ਦੀ ਆਮਦ ਦੇ ਤਿਉਹਾਰਾਂ ਵਿਚ ਦਸਹਿਰਾ ਸਭ ਤੋਂ ਪਹਿਲਾ ਖਾਸ ਤਿਉਹਾਰ ਹੈ। ਇਹ ਨੌਂ ਨਵਰਾਤਰਿਆਂ ਤੋਂ ਬਾਅਦ ਹੁੰਦਾ ਹੈ। ਦਸਹਿਰੇ ਦੇ ਤਿਉਹਾਰ ਨੂੰ 'ਵਿਜਯ ਦਸ਼ਮੀ' ਵੀ ਕਿਹਾ ਜਾਂਦਾ ਹੈ। ਸੰਸਕ੍ਰਿਤ ਭਾਸ਼ਾ ਦਾ ਸ਼ਬਦ 'ਵਿਜਯ' ਜਿਸ ਦਾ ਅਰਥ ਹੈ ਜਿੱਤ। ਦਸਹਿਰੇ ਦੇ ਇਤਿਹਾਸ ਬਾਰੇ ਸਾਰੇ ਪੰਜਾਬੀ ਜਾਣਦੇ ਹਨ ਕਿ ਇਸ ਦਾ ਸੰਬੰਧ ਭਗਵਾਨ ਸ੍ਰੀ ਰਾਮ ਚੰਦਰ ਜੀ ਨਾਲ ਹੈ। ਵੈਸੇ ਇਹ ਵੀ ਜ਼ਿਕਰਯੋਗ ਹੈ ਕਿ ਰਾਵਣ ਵੀ ਇਕ ਸ਼ਕਤੀਸ਼ਾਲੀ ਰਾਜਾ ਸੀ। ਉਂਝ ਤਾਂ ਰਾਵਣ ਬਹੁਤ ਗਿਆਨੀ ਸੀ, ਪਰ ਮਨ 'ਚ ਹੰਕਾਰ ਹੋਣ ਕਾਰਨ ਯੁੱਧ ਵਿਚ ਉਸਦੀ ਹਾਰ ਹੋਈ, ਹਾਰ ਦਾ ਕਾਰਨ ਉਸ ਦੇ ਭਰਾ ਵੱਲੋਂ ਧੋਖਾ ਕਰਨਾ ਹੈ। ਇਹ ਦੁਨੀਆ ਲਈ ਇੱਕ ਸੇਧ ਦੇਣ ਵਾਲੀ ਗੱਲ ਵੀ ਹੈ ਕਿ ਆਪਣੇ ਵੀ ਕਈ ਵਾਰ ਦਗਾ ਕਮਾ ਜਾਂਦੇ ਹਨ, ਇਸ ਲਈ ਕਿਸੇ 'ਤੇ ਵੀ ਅੱਖਾਂ ਮੀਚ ਕੇ ਵਿਸ਼ਵਾਸ ਕਰਨਾ ਹਾਰ ਦਾ ਕਾਰਨ ਬਣਦਾ ਹੈ ਤਾਂ ਹੀ ਕਿਹਾ ਜਾਂਦਾ ਹੈ 'ਘਰ ਦਾ ਭੇਤੀ ਲੰਕਾ ਢਾਏ'।

ਮੇਰਾ ਮਕਸਦ ਕਿਸੇ ਵੀ ਧਰਮ ਨੂੰ ਠੇਸ ਪਹੁੰਚਾਉਣਾ ਨਹੀਂ ਹੈ ਪਰ ਜੇ ਵੇਖਿਆ ਜਾਵੇ ਤਾਂ ਰਾਵਣ ਬਹੁਤ ਵੱਡਾ ਵਿਦਵਾਨ ਸੀ। ਉਸਦਾ ਕਸੂਰ ਇਹ ਸੀ ਕਿ ਉਸ ਨੇ ਭਗਵਾਨ ਸ੍ਰੀ ਰਾਮ ਦੀ ਪਤਨੀ ਸੀਤਾ ਦਾ ਹਰਣ ਕੀਤਾ ਸੀ। ਪੜ੍ਹਣ ਤੇ ਸੁਣਨ ਦੇ ਮੁਤਾਬਿਕ ਇਸ ਦਾ ਕਾਰਨ ਇਹ ਸੀ ਕਿ ਰਾਵਣ ਦੀ ਭੈਣ ਸਰੂਪਨਖਾ ਲਕਸ਼ਮਣ ਨੂੰ ਪਸੰਦ ਕਰਦੀ ਸੀ ਤੇ ਜਤੀ-ਸਤੀ ਹੋਣ ਕਰਕੇ ਲਕਸ਼ਮਣ ਨੇ ਗੁੱਸੇ 'ਚ ਸਰੂਪਨਖਾ ਦਾ ਨੱਕ ਵੱਢ ਦਿੱਤਾ ਸੀ। ਭੈਣ ਨਾਲ ਹੋਈ ਇਸ ਬੇਇਨਸਾਫੀ ਦਾ ਬਦਲਾ ਲੈਣ ਲਈ ਰਾਵਣ ਨੇ ਸੀਤਾ ਹਰਣ ਕੀਤਾ। ਰਾਵਣ ਨੇ ਸੀਤਾ ਨੂੰ ਅਸ਼ੋਕ ਵਾਟਿਕਾ 'ਚ ਰੱਖਿਆ, ਜਿੱਥੇ ਉਸਦੇ ਖਾਣ-ਪੀਣ ਤੇ ਆਰਾਮ ਦਾ ਪੂਰਨ ਪ੍ਰਬੰਧ ਕੀਤਾ ਗਿਆ ਸੀ। ਉਹ ਪੂਰੀ ਤਰ੍ਹਾਂ ਮਹਿਫੂਜ਼ ਸੀ। ਇਹ ਵੀ ਜ਼ਿਕਰਯੋਗ ਹੈ ਕਿ ਰਾਵਣ ਨੇ ਸੀਤਾ ਦਾ ਹਰਨ ਕੀਤਾ ਸੀ ਪਰ ਉਸ ਦੇ ਚਰਿੱਤਰ ਉਪਰ ਕੋਈ ਦਾਗ਼ ਨਹੀਂ ਹੈ। ਪਰ ਜੁਰਮ ਕੋਈ ਵੀ ਹੋਵੇ ਉਸ ਦੀ ਸਜ਼ਾ ਤਾਂ ਮਿਲਣੀ ਚਾਹੀਦੀ ਹੈ। ਰਾਵਣ ਨੂੰ ਉਸ ਦੇ ਕੀਤੇ ਦੀ ਸਜ਼ਾ ਮਿਲੀ। ਅੱਜ ਕਈ ਸਦੀਆਂ ਬਾਅਦ ਵੀ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਪੁਤਲੇ ਸਾੜ ਕੇ ਦਸਹਿਰੇ ਨੂੰ ਬਦੀ 'ਤੇ ਨੇਕੀ ਦੀ ਜਿੱਤ ਕਹਿ ਦਿੱਤਾ ਜਾਂਦਾ ਹੈ।

ਜੇ ਅੱਜ ਦੇ ਰਾਵਣਾਂ ਵੱਲ ਵੇਖੀਏ ਤਾਂ ਉਹ ਸ਼ਰ੍ਹੇਆਮ ਤੁਰੇ ਫਿਰਦੇ ਹਨ। ਉਸ ਰਾਵਣ ਨੇ ਤਾਂ ਸੀਤਾ ਦਾ ਕੇਵਲ ਅਪਹਰਣ ਹੀ ਕੀਤਾ ਸੀ, ਅਜੋਕੇ ਰਾਵਣਾਂ ਨੇ ਤਾਂ ਅੱਤਿਆਚਾਰ ਦੀ ਹੱਦ ਹੀ ਪਾਰ ਕਰ ਦਿੱਤੀ ਹੈ। ਮਾਸੂਮ ਬੱਚੀਆਂ ਨਾਲ ਬਲਾਤਕਾਰ ਕਰ ਕੇ ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਹੈ। ਕੀ ਉਨ੍ਹਾਂ ਰਾਵਣਾਂ ਦੇ ਪੁਤਲੇ ਸਾੜਨ ਦੀ ਜ਼ਰੂਰਤ ਨਹੀਂ? ਉਹ ਤਾਂ ਅਪੀਲਾਂ ਕਰ ਕਰ ਕੇ ਆਪਣੇ ਕੀਤੇ ਜੁਰਮਾਂ ਨੂੰ ਠੰਡਾ ਕਰ ਦਿੰਦੇ ਹਨ ਤੇ ਜਿਸ ਦਿਨ ਉਨ੍ਹਾਂ ਦੇ ਜੁਰਮ ਲੋਕਾਂ ਦੇ ਮਨੋਂ ਵਿਸਰ ਜਾਂਦੇ ਹਨ, ਉਸ ਦਿਨ ਉਹ ਲੈ-ਦੇ ਕੇ ਚੁੱਪ-ਚੁਪੀਤੇ ਰਿਹਾਅ ਹੋ ਕੇ ਲੋਕਾਂ ਦੀ ਭੀੜ ਵਿਚ ਸ਼ਾਮਲ ਹੋ ਜਾਂਦੇ ਹਨ। ਆਮ ਹੀ ਲੋਕ ਥੋੜ੍ਹੇ ਚਿਰ ਬਾਅਦ ਕਿਸੇ ਦੇ ਕੀਤੇ ਜੁਰਮਾਂ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਨ। ਪਰ ਫਿਰ ਰਾਵਣ ਵਿਚਾਰਾ ਪਤਾ ਨਹੀਂ ਕਿਉਂ ਸਦੀਆਂ ਤੋਂ ਆਪਣੇ ਕੀਤੇ ਦੀ ਸਜ਼ਾ ਭੁਗਤ ਰਿਹਾ ਹੈ। ਅਸਲ ਵਿਚ ਅਸੀਂ ਅਜੇ ਤੱਕ ਆਪਣੇ ਅੰਦਰ ਬੈਠੇ ਰਾਵਣਾਂ ਨੂੰ ਨਹੀਂ ਜਲਾ ਸਕੇ। ਅੱਜ ਇਸ ਕਲਯੁਗ ਦੇ ਸਮੇਂ ਆਸੇ-ਪਾਸੇ ਨਿਗ੍ਹਾ ਮਾਰ ਕੇ ਦੇਖੀਏ ਤਾਂ ਸਾਡਾ ਆਲਾ ਦੁਆਲਾ ਹੀ ਰਾਵਣਾਂ ਨਾਲ ਭਰਿਆ ਪਿਆ ਹੈ। ਅੱਜ ਤਾਂ ਰਾਵਣ ਹੀ ਹਰ ਪਾਸੇ ਪ੍ਰਧਾਨ ਹਨ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਨੇ ਵੀ ਆਉਣ ਵਾਲੇ ਸਮੇਂ ਵੱਲ ਨਿਗ੍ਹਾ ਮਾਰ ਕੇ ਕਿਹਾ ਸੀ 'ਕੂੜ ਹੋਇਆ ਪ੍ਰਧਾਨ ਵੇ ਲਾਲੋ।' ਉਨ੍ਹਾਂ ਦੀ ਕਹੀ ਅੱਜ ਸੱਚ ਹੋਈ ਜਾ ਰਹੀ ਹੈ।


ਅੱਜ ਦਸਹਿਰਾ ਮਨਾਉਣਾ ਸਾਡੇ ਲਈ ਧਾਰਮਿਕ ਪ੍ਰੰਪਰਾ ਨਾ ਹੋ ਕੇ ਸਿਰਫ ਮੇਲਾ ਵੇਖਣ ਵਾਲੀ ਪ੍ਰਵਿਰਤੀ ਦਾ ਤਿਉਹਾਰ ਬਣ ਕੇ ਰਹਿ ਗਿਆ ਹੈ। ਜਿਹੜਾ ਦਸਹਿਰਾ ਅਸੀਂ ਮੇਲੇ ਦੇ ਰੂਪ ਵਿਚ ਮਨਾਉਂਦੇ ਹਾਂ ਉਸ ਦੀ ਗੱਲ ਕਰੀਏ ਤਾਂ ਸਾਰੇ ਦੇਸ਼ ਵਿਚ ਦਸਹਿਰਾ ਕਿਸੇ ਨਾ ਕਿਸੇ ਰੂਪ ਵਿਚ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉੱਤਰ ਵਿਚ ਜੇ ਕੁੱਲੂ ਦਾ ਦਸਹਿਰਾ ਪ੍ਰਸਿੱਧ ਹੈ ਤਾਂ ਦੱਖਣ ਵਿਚ ਮੈਸੂਰ ਦਾ ਦਸਹਿਰਾ ਇਸ ਤੋਂ ਵਧ ਮਹੱਤਤਾ ਰੱਖਦਾ ਹੈ। ਮੈਸੂਰ ਵਿਚ ਦਸਹਿਰੇ ਨੂੰ 'ਵਿਜਯ ਦਸ਼ਮੀ' ਦੇ ਨਾਂ ਨਾਲ ਮਨਾਇਆ ਜਾਂਦਾ ਹੈ। ਸਾਡੇ ਇਥੇ ਸ਼ਹਿਰਾਂ ਵਿਚ ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਬੁੱਤ ਬਣਾ ਕੇ ਸਾੜੇ ਜਾਂਦੇ ਹਨ, ਇਨ੍ਹਾਂ ਬੁੱਤਾਂ 'ਤੇ ਤਕਰੀਬਨ ਅੱਸੀ ਹਜ਼ਾਰ ਤੋਂ ਲੈ ਕੇ ਡੇਢ ਲੱਖ ਰੁਪਏ ਤੱਕ ਖਰਚ ਆਉਂਦਾ ਹੈ। ਦਸਹਿਰਾ ਕਮੇਟੀਆਂ ਬੜੀ ਮਿਹਨਤ ਕਰਦੀਆਂ ਹਨ। ਦਸਹਿਰਾ ਕਮੇਟੀਆਂ ਆਪੋ ਆਪਣੇ ਸ਼ਹਿਰਾਂ ਦੇ ਮਾਲਕਾਂ ਡਿਪਟੀ ਕਮਿਸ਼ਨਰਾਂ, ਐਸ.ਡੀ.ਐਮ. ਸਾਹਿਬਾਨ ਨੂੰ, ਐਮ.ਐਲ.ਏ ਜਾਂ ਭਰੀਆਂ ਜੇਬਾਂ ਵਾਲੇ ਵਪਾਰੀਆਂ ਨੂੰ ਜਾਂ ਕਿਸੇ ਹੋਰ ਮੰਤਰੀਆਂ-ਸੰਤਰੀਆਂ ਜਿਸ ਕੋਲੋਂ ਚਾਰ ਛਿੱਲੜ ਮਿਲਣ ਦੀ ਆਸ ਹੋਵੇ, ਉਨ੍ਹਾਂ ਨੂੰ ਮੁੱਖ ਮਹਿਮਾਨ ਬਣ ਕੇ ਆਉਣ ਦਾ ਸੱਦਾ ਪੱਤਰ ਦਿੰਦੀਆਂ ਹਨ। ਮੁੱਖ ਮਹਿਮਾਨ ਦੇ ਆਉਣ ਸਾਰ ਮਿੰਟਾਂ ਵਿਚ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਬੁੱਤ ਸੜ ਕੇ ਸੁਆਹ ਹੋ ਜਾਂਦੇ ਹਨ ਤੇ ਸਾਰੇ ਖੁਸ਼ ਹੋ ਜਾਂਦੇ ਹਨ ਕਿ ਬਦੀ ਉਪਰ ਨੇਕੀ ਦੀ ਜਿੱਤ ਹੋ ਗਈ। ਬੁੱਤ ਸੜਨ ਉਪਰੰਤ ਲੋਕ ਖਿੰਡਣੇ ਸ਼ੁਰੂ ਹੋ ਜਾਂਦੇ ਹਨ। ਕਈ ਲੋਕ ਰਾਵਣ ਦੇ ਪੁਤਲੇ ਦੀਆਂ ਅੱਧ ਸੜੀਆਂ ਲੱਕੜਾਂ ਚੁੱਕ ਕੇ ਘਰ ਲੈ ਜਾਂਦੇ ਹਨ ਉਨ੍ਹਾਂ ਦਾ ਮੰਨਣਾ ਹੈ ਕਿ ਇਨ੍ਹਾਂ ਲੱਕੜਾਂ ਨੂੰ ਘਰ ਵਿਚ ਰੱਖਣ ਨਾਲ ਛੋਟੇ ਬੱਚਿਆਂ ਨੂੰ ਡਰ ਨਹੀਂ ਲੱਗਦਾ, ਧਨ ਵਿਚ ਵਾਧਾ ਹੁੰਦਾ ਹੈ ਤੇ ਘਰ ਵਿਚ ਸ਼ਾਂਤੀ ਬਣੀ ਰਹਿੰਦੀ ਹੈ।

ਖੂਬਸੂਰਤ ਪਹਾੜਾਂ ਵਿਚ ਬਿਆਸ ਦਰਿਆ ਦੇ ਕਿਨਾਰੇ ਸਥਿਤ ਸੁੰਦਰ ਸ਼ਹਿਰ ਕੁੱਲੂ (ਹਿਮਾਚਲ ਪ੍ਰਦੇਸ਼) ਦਾ ਦਸਹਿਰਾ ਬੜਾ ਮਸ਼ਹੂਰ ਹੈ ਪਰ ਉਥੇ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਬੁੱਤ ਨਹੀਂ ਸਾੜੇ ਜਾਂਦੇ। ਉਥੇ ਦਸਹਿਰਾ ਹਫਤਾ ਭਰ ਮਨਾਇਆ ਜਾਂਦਾ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਲੋਕ ਇਥੇ ਦਸਹਿਰਾ ਦੇਖਣ ਲਈ ਪਹੁੰਚਦੇ ਹਨ। ਕੁੱਲੂ ਵਾਦੀ ਦੇ ਲੋਕ ਬਹੁਤ ਹੀ ਸੁੰਦਰ ਤਰੀਕੇ ਨਾਲ ਆਪਣੇ ਪਿੰਡ ਵਿਚ ਆਪਣੇ ਦੇਵੀ-ਦੇਵਤੇ ਦੀ ਪਾਲਕੀ ਤਿਆਰ ਕਰਦੇ ਹਨ। ਆਪਣੇ ਦੇਵੀ-ਦੇਵਤੇ ਦੀ ਮੂਰਤੀ ਪਾਲਕੀ ਵਿਚ ਰੱਖ ਕੇ ਉਸ ਨੂੰ ਮੋਢਿਆਂ 'ਤੇ ਚੁੱਕ ਕੇ ਆਪਣੇ ਪਿੰਡ ਤੋਂ ਪੈਦਲ ਚੱਲ ਕੇ ਕੁੱਲੂ ਸ਼ਹਿਰ ਤੱਕ ਜਾਂਦੇ ਹਨ। ਸ਼ਰਧਾਲੂ ਨੱਚਦੇ-ਟੱਪਦੇ ਹੋਏ ਬੈਂਡ ਵਾਜਿਆਂ ਸਮੇਤ ਕੁੱਲੂ ਦੇ ਬਾਜ਼ਾਰਾਂ ਵਿਚੋਂ ਦੀ ਗੁਜ਼ਰਦੇ ਹੋਏ ਰਘੂਨਾਥ ਜੀ ਦੇ ਮੰਦਰ ਵਿਚ ਪਹੁੰਚਦੇ ਹਨ ਅਤੇ ਪੂਜਾ ਅਰਚਨਾ ਕਰਦੇ ਹਨ। ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਤੇ ਵੱਖ-ਵੱਖ ਗਾਇਕ, ਕਲਾਕਾਰ ਇਸ ਮੇਲੇ ਵਿਚ ਸ਼ਾਮਲ ਹੋਣ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਕਈ ਪ੍ਰਾਈਵੇਟ ਤੇ ਸਰਕਾਰੀ ਅਦਾਰਿਆਂ ਵਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਂਦੀਆਂ ਹਨ ਜਿਥੇ ਵਾਜਬ ਰੇਟਾਂ 'ਤੇ ਵਸਤੂਆਂ ਮਿਲਦੀਆਂ ਹਨ। ਇਥੇ ਇੱਕ ਖਾਸੀਅਤ ਹੈ ਕਿ ਦਸਹਿਰੇ ਵਿਚ ਕੋਈ ਵੀ ਵਿਅਕਤੀ ਸ਼ਰਾਬ ਪੀ ਕੇ ਜਾਂ ਨਸ਼ਾ ਕਰ ਕੇ ਨਹੀਂ ਆਉਂਦਾ। ਇਹ ਸਾਰਾ ਨਜ਼ਾਰਾ ਵੇਖਣਯੋਗ ਹੁੰਦਾ ਹੈ।

ਸਮੁੱਚੇ ਦੇਸ਼ ਵਿਚ ਦਸਹਿਰੇ ਵਾਲੇ ਦਿਨ ਖਰੀਦਦਾਰੀ ਕਰਨੀ ਵਧੀਆ ਮੰਨੀ ਜਾਂਦੀ ਹੈ। ਇਸ ਦਿਨ ਸੋਨਾ, ਚਾਂਦੀ ਤੇ ਵਾਹਨਾਂ ਦੀ ਖਰੀਦਦਾਰੀ ਬਹੁਤ ਜ਼ਿਆਦਾ ਵਧੀਆ ਮੰਨੀ ਜਾਂਦੀ ਹੈ। ਬਹੁਤ ਲੋਕ ਇਸ ਦਿਨ ਨਵੇਂ ਕੰਮ ਦਾ ਆਰੰਭ ਕਰਨਾ ਸ਼ੁਭ ਮੰਨਦੇ ਹਨ। ਵਪਾਰੀ ਲੋਕ ਇਸ ਦਿਨ ਨਵੇਂ ਵਹੀ ਖਾਤੇ ਸ਼ੁਰੂ ਕਰਨਾ ਸ਼ੁਭ ਸਮਝਦੇ ਹਨ। ਦਸਹਿਰੇ ਦੇ ਮੇਲੇ ਤੋਂ ਵਾਪਸੀ 'ਤੇ ਲੋਕ ਜਲੇਬੀਆਂ, ਪਕੌੜੇ, ਪਟਾਕੇ, ਲੜੀਆਂ ਆਦਿ ਦੀ ਖਰੀਦੋ-ਫਰੋਖਤ ਕਰਦੇ ਹਨ। ਦਸਹਿਰੇ ਪਿੱਛੇ ਇਤਿਹਾਸਕ, ਰਾਜਨੀਤਿਕ ਤੇ ਸਮਾਜਿਕ ਕਾਰਨਾਂ ਦਾ ਅਧਿਐਨ ਕਰਨ ਦੀ ਆਮ ਆਦਮੀ ਜ਼ਰੂਰਤ ਨਹੀਂ ਸਮਝਦਾ। ਉਸ ਲਈ ਤਾਂ ਦਸਹਿਰਾ ਕੁੱਝ ਮਿੰਟਾਂ ਦਾ ਮਨੋਰੰਜਨ ਬਣ ਕੇ ਰਹਿ ਗਿਆ ਹੈ।

**ਚਲੋ... ਦਸਹਿਰੇ ਦੇ ਬਹਾਨੇ ਆਪਸੀ ਭਾਈਚਾਰਕ ਸਾਂਝ ਤਾਂ ਪੈਦਾ ਹੁੰਦੀ ਹੈ। ਦਸਹਿਰਾ ਮਨਾਉਣਾ ਸਾਡੇ ਲਈ ਫੇਰ ਵੀ ਸਫਲ ਹੀ ਸਮਝਿਆ ਜਾ ਸਕਦਾ ਹੈ, ਜੇਕਰ ਦਸਹਿਰਾ ਅਸੀਂ ਆਪਸੀ ਪ੍ਰੇਮ, ਸਦਭਾਵਨਾ ਨਾਲ ਮਿਲ ਕੇ ਮਨਾਈਏ। ਸਮਾਜ ਵਿਚੋਂ ਨਫਰਤ, ਪਾਪ, ਜਬਰ-ਜ਼ੁਲਮ, ਹੰਕਾਰ ਦਾ ਖਾਤਮਾ ਕਰਨ ਅਤੇ ਸਰਬੱਤ ਦਾ ਭਲਾ ਕਰਨ ਦਾ ਯਤਨ ਕਰੀਏ।**

# ਪੁਰਖਿਆਂ ਦੀ ਧਰਤੀ-ਮਧ ਏਸ਼ੀਆ-2



ਕਜ਼ਾਖਸਤਾਨ ਦੀ ਰਾਜਧਾਨੀ ਅਲਮਾ ਅੱਤਾ ਦਾ ਇਕ ਦਿਲਕਸ਼ ਨਜ਼ਾਰਾ।

***ਸੋਵੀਅਤ ਸੰਘ ਵੇਲੇ ਰੂਸ ਨਾਲ ਨੇੜਿਉਂ ਜੁੜੇ ਰਹੇ, ਦਿੱਲੀ ਵੱਸਦੇ ਕਰਨਜੀਤ ਸਿੰਘ ਨੇ ਯਾਦਾਂ ਦੇ ਰੂਪ ਵਿਚ ਉਸ ਦੌਰ ਬਾਬਤ ਬੜਾ ਕੁਝ ਲਿਖਿਆ ਹੈ। ਇਨ੍ਹਾਂ ਲਿਖਤਾਂ ਵਿਚੋਂ ਉਥੋਂ ਦੇ ਵੱਖ-ਵੱਖ ਹਾਲਾਤ ਉਜਾਗਰ ਹੁੰਦੇ ਹਨ। ਇਨ੍ਹਾਂ ਲਿਖਤਾਂ ਨੂੰ ਅੱਜ ਨਾਲ ਜੋੜ ਕੇ ਦੇਖਦਿਆਂ ਇਨ੍ਹਾਂ ਦੇ ਬੜੇ ਡੂੰਘੇ ਅਰਥ ਨਿੱਕਲਦੇ ਹਨ। ਇਸ ਲੇਖ ਵਿਚ ਉਨ੍ਹਾਂ ਮੱਧ ਏਸ਼ੀਆ ਦੇ ਮੁਲਕਾਂ ਬਾਰੇ ਜ਼ਿਕਰ ਕੀਤਾ ਹੈ। ਇਸ ਲੇਖ ਦੀ ਦੂਜੀ ਅਤੇ ਆਖਰੀ ਕਿਸ਼ਤ ਹਾਜ਼ਰ ਹੈ।***

1980 ਦਾ ਅਪਰੈਲ ਮਹੀਨਾ। ਇਸ ਵਾਰ ਮੱਧ ਏਸ਼ੀਆ ਦੇ ਤੀਜੇ ਗਣਰਾਜ ਕਜ਼ਾਖਸਤਾਨ ਜਾਣ ਦਾ ਪ੍ਰੋਗਰਾਮ ਬਣ ਗਿਆ। 21 ਅਪਰੈਲ ਦੀ ਸ਼ਾਮ ਪੱਤਰਕਾਰ ਮੰਡਲੀ ਅਲਮਾ ਅੱਤਾ (ਹੁਣ ਅਲਮਾਤੀ) ਪਹੁੰਚ ਗਈ। ਕਜ਼ਾਖਸਤਾਨ ਸੋਵੀਅਤ ਯੂਨੀਅਨ ਦਾ ਸਭ ਤੋਂ ਵੱਡਾ ਗਣਰਾਜ ਸੀ ਜਿਹੜਾ ਪੂਰਬ ਤੋਂ ਪੱਛਮ ਵੱਲ 2 ਹਜ਼ਾਰ ਮੀਲ ਅਤੇ ਉਤਰ ਤੋਂ ਦੱਖਣ ਵੱਲ ਇਕ ਹਜ਼ਾਰ ਮੀਲ ਤੱਕ ਫੈਲਿਆ ਹੋਇਆ ਹੈ। ਇਕ ਪਾਸੇ ਕੈਸਪੀਅਨ ਸਾਗਰ ਤੋਂ

**ਕਰਨਜੀਤ ਸਿੰਘ**

ਅਲਵਾਈ ਪਰਬਤ ਤੱਕ ਅਤੇ ਦੂਜੇ ਪਾਸੇ ਸਾਇਬੇਰੀਆ ਤੋਂ ਪਾਮੀਰ ਦੀਆਂ ਚੋਟੀਆਂ ਤੱਕ। ਕਰਨਜੀਤ ਸਿੰਘ (ਲੇਖਕ) ਅਤੇ ਉਸ ਦੇ ਸਾਥੀਆਂ ਨੇ ਪਹਿਲਾ ਕਦਮ ਅਲਮਾ ਅੱਤਾ ਯਾਨੀ ਕਜ਼ਾਖਸਤਾਨ ਦੀ ਰਾਜਧਾਨੀ ਵਿਚ ਰੱਖਿਆ।

ਇਸ ਸ਼ਹਿਰ ਨੂੰ 1929 ਵਿਚ ਰਾਜਧਾਨੀ ਬਣਨ ਦਾ ਮਾਣ ਪ੍ਰਾਪਤ ਹੋਇਆ ਸੀ। 1917 ਦੇ ਇਨਕਲਾਬ ਤੋਂ ਪਹਿਲਾਂ ਇਸ ਥਾਂ ਫੌਜੀਆਂ ਦੀ ਛਾਉਣੀ ਹੋਇਆ ਕਰਦੀ ਸੀ। ਇਸ ਗਣਰਾਜ ਵਿਚ ਅਤਿ ਵਾਲਾ ਮੌਸਮ ਰਹਿੰਦਾ ਹੈ ਜਿਥੇ ਸਾਲ ਵਿਚ 270 ਦਿਨ ਧੁੱਪ ਅਤੇ ਗਰਮੀ ਪੈਂਦੀ ਹੈ। ਤਾਪਮਾਨ ਆਮ ਕਰ ਕੇ 45 ਡਿਗਰੀ ਸੈਲਸੀਅਸ ਤਕ ਰਹਿੰਦਾ ਹੈ ਜਿਹੜਾ ਸਰਦੀ ਦੇ ਮਹੀਨਿਆਂ ਵਿਚ 35-40 ਡਿਗਰੀ ਸੈਲਸੀਅਸ ਮਾਈਨਸ ਤੱਕ ਡਿੱਗ ਜਾਂਦਾ ਹੈ। ਇਸ ਇਲਾਕੇ ਵਿਚ ਪਾਣੀ ਦੀ ਬਹੁਤ ਘਾਟ ਹੈ, ਇਸ ਲਈ ਸਰਦੀਆਂ ਵਿਚ ਪਾਣੀ ਦਾ ਭੰਡਾਰ ਕਰਨ ਲਈ ਬਰਫ਼ ਇਕੱਠੀ ਕੀਤੀ ਜਾਂਦੀ ਹੈ। ਸਾਰੇ ਕਜ਼ਾਖਸਤਾਨ ਦੀ ਜ਼ਮੀਨ ਇਕੋ ਜਿਹੀ ਨਹੀਂ, ਇਸ ਲਈ ਉਤਪਾਦਨ ਅਤੇ ਜੀਵਨ ਢੰਗ ਵਿਚ ਥੋੜ੍ਹਾ-ਥੋੜ੍ਹਾ ਅੰਤਰ ਹੈ। ਕੇਂਦਰੀ ਹਿੱਸਾ ਰੇਗਿਸਤਾਨੀ ਅਤੇ ਅਰਧ-ਰੇਗਿਸਤਾਨੀ ਹੈ, ਇਸ ਲਈ ਇਥੇ ਪਸ਼ੂ ਪਾਲਣ ਦਾ ਕੰਮ ਵਧੇਰੇ ਹੁੰਦਾ ਹੈ; ਭੇਡਾਂ, ਘੋੜੇ, ਊਠ ਵਗੈਰਾ। ਦੱਖਣੀ ਹਿੱਸਾ ਸਿੰਜਾਈ ਵਾਲਾ ਹੈ; ਇਸ ਲਈ ਇਥੇ ਖੇਤੀ ਹੁੰਦੀ ਹੈ। ਮੁੱਖ ਫਸਲ ਕਪਾਹ। ਅਲਮਾ ਅੱਤਾ ਦੇ ਆਸ-ਪਾਸ ਚੌਲਾਂ ਦੀ ਫ਼ਸਲ ਹੁੰਦੀ ਹੈ। ਚੀਨੀ ਲਈ ਚੁਕੰਦਰ, ਸਿਗਰਟ ਬੀੜੀ ਲਈ ਤਮਾਕੂ ਪੈਦਾ ਕੀਤਾ ਜਾਂਦਾ ਹੈ।

ਇਹ ਅਤੇ ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਗੱਲਾਂ ਕਜ਼ਾਖਸਤਾਨ ਦੇ ਖੇਤੀਬਾੜੀ ਵਿਭਾਗ ਦੇ ਉਪ ਮੰਤਰੀ ਕੁਰਮਾਨੋਵ ਗਾਬੀਦਿਨ ਸਾਖਮਾਨੋਵਿਚ ਨੇ ਮੁਲਾਕਾਤ ਸਮੇਂ ਦੱਸੀਆਂ। ਇਹ 22 ਅਪਰੈਲ ਸਵੇਰ ਦੀ ਗੱਲ ਹੈ।

ਮੰਤਰੀ ਤੋਂ ਬਾਅਦ ਮਿੱਤਰਤਾ ਭਵਨ ਵਿਚ ਮਿੱਤਰਤਾ ਸਭਾ ਦੇ ਸਰਗਰਮ ਮੈਂਬਰਾਂ ਨਾਲ ਮੁਲਾਕਾਤ ਹੋਈ ਜਿਸ ਵਿਚ ਕਵੀ ਅਤੇ ਨਾਟਕਕਾਰ ਸ਼ਾਨਕੀਨੋਵ ਵੀ ਸ਼ਾਮਲ ਸੀ। ਉਸ ਨੇ ਜਦੋਂ ਦਸਿਆ ਕਿ ਕਜ਼ਾਖਸਤਾਨ ਦੀ ਅਦਬੀ ਦੁਨੀਆ ਦੇ ਲੋਕਾਂ ਨੂੰ ਭਾਰਤ ਦੇ ਉਘੇ ਲੇਖਕਾਂ ਜਿਵੇਂ ਟੈਗੋਰ, ਪ੍ਰੇਮ ਚੰਦ, ਕ੍ਰਿਸ਼ਨ ਚੰਦਰ, ਵਲਾਥੋਲ, ਮੁਲਕਰਾਜ ਆਨੰਦ, ਸੁਭਾਸ਼ ਮੁਖਰਜੀ ਬਾਰੇ ਜਾਣਕਾਰੀ ਹੈ ਤੇ ਇਹਨਾਂ ਵਿਚੋਂ ਕਈ ਉਹਨਾਂ ਦੇ ਮਹਿਮਾਨ ਬਣ ਚੁੱਕੇ ਹਨ ਤਾਂ ਕਰਨਜੀਤ ਸਿੰਘ ਦੇ ਮਨ ਵਿਚ ਆਇਆ ਕਿ ਸਾਡਾ ਪਿਆਰਾ ਬੰਨੇ ਭਾਈ ਤਾਂ ਸਾਡੇ ਲੇਖਕਾਂ ਨੂੰ ਜੋੜਦਾ ਇਸੇ ਅਲਮਾ ਅੱਤਾ ਵਿਚ ਸਾਥੋਂ ਸਦਾ ਲਈ ਵਿਛੜ ਗਿਆ ਸੀ, 1975 ਵਿਚ ਐਫਰੋ-ਏਸ਼ੀਅਨ ਕਾਨਫਰੰਸ ਦੇ ਮੌਕੇ। ਕਰਨਜੀਤ ਵੱਲੋਂ ਬੰਨੇ ਭਾਈ ਦੇ ਆਖਰੀ ਪਲਾਂ ਬਾਰੇ ਪੁੱਛਣ 'ਤੇ ਸ਼ਾਨਕੀਨੋਵ ਨੇ ਦੱਸਿਆ ਕਿ ਜ਼ਹੀਰ ਸਾਹਿਬ ਦੇ ਆਖਰੀ ਸ਼ਬਦ ਸਨ: "ਮੈਂ ਘੋੜੇ ਵਾਂਗ ਦੁਨੀਆ ਦਾ ਚੱਕਰ ਲਾ ਕੇ ਆਇਆ ਹਾਂ। ਮੈਨੂੰ ਫਖਰ ਹੈ ਕਿ ਫਰਾਬੀ ਦੀ ਧਰਤੀ 'ਤੇ ਮੈਂ ਪ੍ਰਾਣ ਤਿਆਗ ਰਿਹਾ ਹਾਂ।" ਫਰਾਬੀ ਕਜ਼ਾਖਿਸਤਾਨ ਦਾ ਉਤਕ੍ਰਿਸ਼ਟ ਸ਼ਾਇਰ ਸੀ, ਇਹ ਲਫਜ਼ ਉਸ ਨੇ ਅਲੀਮ ਜਾਨਵ (ਸੰਸਾਰ ਪ੍ਰਸਿੱਧ ਕਜ਼ਾਖ ਲੇਖਕ) ਨੂੰ ਆਖੇ ਸਨ।

ਮਿੱਤਰਤਾ ਭਵਨ ਵਿਚ ਭਾਰਤੀ ਪੱਤਰਕਾਰਾਂ ਦੀ ਟੋਲੀ ਨੂੰ ਦੱਸਿਆ ਗਿਆ ਕਿ ਕਜ਼ਾਖਸਤਾਨ ਦੇ ਭਾਰਤੀ ਪ੍ਰਾਂਤ ਕੇਰਲ ਨਾਲ ਵਿਸ਼ੇਸ਼ ਮਿੱਤਰਤਾ ਵਾਲਾ ਸਬੰਧ ਕਾਇਮ ਹੈ। ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਪ੍ਰੋਫੈਸਰ ਅਤੇ ਡੀਨ ਨੇ ਦਸਿਆ ਕਿ ਉਹ 1857 ਦੀ ਭਾਰਤ ਦੀ ਆਜ਼ਾਦੀ ਦੀ ਪਹਿਲੀ ਜੰਗ ਬਾਰੇ ਬਹੁਤ ਕੁਝ ਜਾਣਦੇ ਹਨ ਅਤੇ ਝਾਂਸੀ ਦੀ ਰਾਣੀ ਲਕਸ਼ਮੀ ਬਾਈ ਦੀ ਬੜੀ ਇੱਜ਼ਤ ਕਰਦੇ ਹਨ। ਸਬਬ ਦੀ ਗੱਲ ਹੈ ਕਿ ਅੱਜ ਜਦੋਂ (2007 ਵਿਚ) ਇਹ ਗੱਲ ਲਿਖੀ ਜਾ ਰਹੀ ਹੈ, ਸਾਰੇ ਦੇਸ (ਭਾਰਤ) ਵਿਚ ਆਜ਼ਾਦੀ ਦੀ ਪਹਿਲੀ ਜੰਗ ਦੀ 150ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ।

23 ਅਪਰੈਲ ਦੀ ਸ਼ਾਮ ਨੂੰ ਵਲਾਦੀਮੀਰ ਲਾਨਕਿਨ ਭਾਰਤੀ ਮਿੱਤਰਾਂ ਨੂੰ ਲੇਖਕ-ਘਰ ਦਿਖਾਣ ਵਾਸਤੇ ਲੈ ਗਿਆ। ਬੜਾ ਖੂਬਸੂਰਤ ਹਾਲ ਜਿਥੇ ਮੇਜ਼ਾਂ ਕੁਰਸੀਆਂ 'ਤੇ ਬੈਠੇ ਪੱਤਰਕਾਰ, ਲੇਖਕ ਤੇ ਕਲਾਕਾਰ ਲੋਕ ਚਾਹ-ਕਾਫੀ ਪੀ ਰਹੇ ਸਨ, ਕੋਈ ਵਾਈਨ ਦੀ ਬੋਤਲ ਲਈ ਬੈਠੇ ਸਨ। ਕਰਨਜੀਤ ਨੂੰ ਦਿੱਲੀ ਦੇ ਕਾਫੀ ਹਾਊਸ ਦੀ ਯਾਦ ਤਾਜ਼ਾ ਹੋ ਗਈ। ਸੰਸਾਰ ਪ੍ਰਸਿੱਧ ਕਜ਼ਾਖ ਲੇਖਕ ਅਲੀਮ ਜਾਨਵ ਨਾਲ ਭਾਰਤੀ ਮੰਡਲੀ ਦੀ ਇਥੇ ਅਚਾਨਕ ਮੁਲਾਕਾਤ ਹੋ ਗਈ। ਅਸਲ ਵਿਚ ਕਿਸੇ ਮੇਜ਼ 'ਤੇ ਬੈਠੇ ਅਲੀਮ ਜਾਨਵ ਨੇ ਦੋ ਸਰਦਾਰਾਂ ਦੀਆਂ ਪੱਗਾਂ ਤੋਂ ਅੰਦਾਜ਼ਾ ਲਾ ਲਿਆ ਸੀ ਕਿ ਇਹ ਭਾਰਤੀ ਮਹਿਮਾਨ ਹਨ। ਉਹ ਦੌੜਿਆ ਆਇਆ ਤੇ ਆਪਣੀ ਜਾਣ-ਪਛਾਣ ਕਰਾਈ ਤੇ ਨਿਵੇਕਲੀ ਮੇਜ਼ 'ਤੇ ਲਿਆ ਬਿਠਾਇਆ। ਉਸ ਦੇ ਇਸ਼ਾਰੇ ਨੂੰ ਸਮਝਦਿਆਂ ਵੇਟਰ ਨੇ ਕਾਨੀਅਕ ਦੀ ਬੋਤਲ ਮੇਜ਼ 'ਤੇ ਲਿਆ ਰੱਖੀ ਤੇ ਨਾਲ ਹੀ ਜ਼ਾਕੂਸਕਾ (ਨਮਕੀਨ)। ਕੋਈ ਇਕ-ਡੇਢ ਘੰਟਾ ਉਸ ਨਾਲ ਸਾਹਿਤ ਦੀਆਂ, ਸੰਸਾਰ ਰਾਜਨੀਤੀ ਦੀਆਂ, ਸੋਵੀਅਤ ਪ੍ਰਣਾਲੀ ਦੀਆਂ ਗੱਲਾਂ ਹੁੰਦੀਆਂ ਰਹੀਆਂ। ਉਸ ਨੂੰ ਇਸ ਗੱਲ ਦਾ ਤਿੱਖਾ ਅਹਿਸਾਸ ਸੀ ਕਿ ਇਹ ਸੋਵੀਅਤ ਰਾਜ-ਪ੍ਰਣਾਲੀ ਦੀ ਸਭਿਆਚਾਰਕ ਨੀਤੀ ਦਾ ਹੀ ਫਲ ਹੈ ਕਿ ਉਹ ਪਛੜੀ ਹੋਈ ਘਟ ਵਿਕਸਤ ਜ਼ਬਾਨ ਦਾ ਲੇਖਕ ਹੋ ਕੇ ਵੀ ਸੰਸਾਰ ਭਰ ਵਿਚ ਨਾਮਣਾ ਖੱਟ ਸਕਿਆ ਹੈ।

ਕਜ਼ਾਖਸਤਾਨ ਦੇ ਲੋਕ ਵੀ ਕਿਰਗੀਜ਼ੀਆ ਦੇ ਲੋਕਾਂ ਵਾਂਗ ਘੁਮੱਕੜ ਕਬੀਲੇ ਹੁੰਦੇ ਸਨ ਜਿਨ੍ਹਾਂ ਨੂੰ ਖਾਨਾਬਦੋਸ਼ ਵੀ ਕਹਿ ਲਿਆ ਜਾਂਦਾ ਹੈ। ਇਸ ਲਈ ਇਹਨਾਂ ਕੋਲ ਲੋਕਧਾਰਾ ਦਾ ਭਰਪੂਰ ਖਜ਼ਾਨਾ ਸੀ ਜਿਹੜਾ ਵਿਸ਼ਿਸ਼ਟ ਸਾਹਿਤ ਦਾ ਆਧਾਰ ਬਣਿਆ। ਇਹ ਆਪਣੇ ਵੱਖ-ਵੱਖ ਕਬੀਲਿਆਂ ਦੇ ਸਰਦਾਰਾਂ ਨੂੰ 'ਰੇਗਿਸਤਾਨ ਦੇ ਫਿਲਾਸਫਰ' ਆਖਿਆ ਕਰਦੇ ਸਨ। ਕਜ਼ਾਖ਼ ਸਾਹਿਤਕਾਰ ਮੁਖਤਾਰ ਆਵਾਜ਼ਫ ਨੂੰ ਆਧੁਨਿਕ ਕਜ਼ਾਖ ਸਾਹਿਤ ਦਾ ਪਿਤਾਮਾ ਮੰਨਦੇ ਹਨ ਜਿਸ ਨੇ ਨਾਵਲ ਲਿਖ ਕੇ ਗਲਪ ਪਰੰਪਰਾ ਦੀ ਬੁਨਿਆਦ ਰਖੀ। ਕਜ਼ਾਖ ਕਵੀ ਆਬਾਈ ਕੁਨਾਨਬਾਯੇਵ ਰੂਸੀ ਸਾਹਿਤ ਦੇ ਪਿਤਾਮਾ ਅਲੈਕਸਾਂਦਰ ਪੁਸ਼ਕਿਨ ਦਾ ਸਮਕਾਲੀ ਸੀ। ਇਸ ਦੀ ਕਵਿਤਾ ਹਿੰਦੀ ਵਿਚ ਅਨੁਵਾਦ ਹੋ ਚੁੱਕੀ ਹੈ। ਕੁਝ ਫੁਟਕਲ ਕਵਿਤਾਵਾਂ ਪੰਜਾਬੀ ਵਿਚ ਵੀ ਅਨੁਵਾਦ ਹੋ ਕੇ ਛਪ ਚੁੱਕੀਆਂ ਹਨ।

ਕਜ਼ਾਖਸਤਾਨ ਦੀ ਫੇਰੀ ਦਾ ਜਦੋਂ ਪੱਕਾ ਫੈਸਲਾ ਹੋ ਗਿਆ ਤਾਂ ਕਰਨਜੀਤ ਆਪਣੇ ਸਾਥੀਆਂ ਸਮੇਤ ਇਸ ਦੀ ਤਿਆਰੀ ਵਿਚ ਰੁਝ ਗਿਆ।

*ਜਿਹੜੀ ਗੱਲ ਕਦੇ ਭੁੱਲਣ ਵਾਲੀ ਨਹੀਂ ਤੇ ਜਿਹੜਾ ਪਹਿਲਾ ਦ੍ਰਿਸ਼ ਸਦਾ ਲਈ ਕਰਨਜੀਤ ਦੇ ਮਸਤਕ ਵਿਚ ਟਿਕ ਗਿਆ, ਉਹ ਸੀ ਸਾਂਝੇ ਫਾਰਮ ਦੇ ਕਿਸਾਨ ਦੀ ਦਾਅਵਤ। ਜਦੋਂ ਫਾਰਮ ਵੇਖਣ ਤੇ ਉਸ ਦੇ ਪ੍ਰਬੰਧਕਾਂ ਨਾਲ ਫਾਰਮ ਬਾਰੇ ਰਸਮੀ ਗੱਲਬਾਤ ਦਾ ਕੰਮ ਨਿਪਟ ਗਿਆ ਤਾਂ ਮੰਡਲੀ ਨੂੰ ਕਿਹਾ ਗਿਆ ਕਿ ਉਸ ਕਿਸਾਨ ਦੀ ਇੱਛਾ ਹੈ ਕਿ ਉਹ ਸਭ ਉਸ ਦੇ ਘਰ ਖਾਣੇ ਲਈ ਚੱਲਣ। ਉਸ ਨੇ ਸਾਰੀ ਤਿਆਰੀ ਤਾਂ ਪਹਿਲਾਂ ਹੀ ਕੀਤੀ ਹੋਈ ਸੀ; ਇਹ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ ਕਿ ਇਹ ਕਿਸਾਨ ਜਿਸ ਨੂੰ ਅਸਲ ਵਿਚ ਗਡਰੀਆ ਜਾਂ ਆਜੜੀ ਕਹਿਣਾ ਚਾਹੀਦਾ ਹੈ, ਆਪਣਾ ਮਾਲ ਮੋਟਰਸਾਈਕਲ ਉਤੇ ਸਵਾਰ ਹੋ ਕੇ ਚਾਰਦਾ ਹੈ। ਆਖਰ ਛੇ ਲੱਖ ਹੈਕਟੇਅਰ ਵਿਚ ਫੈਲਿਆ ਹੋਇਆ ਇਹ ਫਾਰਮ ਸੀ ਜਿਸ ਦੀ ਸਾਢੇ ਪੰਜ ਲੱਖ ਹੈਕਟੇਅਰ ਭੋਇੰ ਵਿਚ ਖੇਤੀ ਨਹੀਂ ਸੀ ਹੁੰਦੀ।*

ਵੈਸੇ ਉਸ ਨੇ ਕਿਹੜੇ ਘੋੜੇ ਬੀੜਨੇ ਸਨ ਪਰ ਪ੍ਰਗਤੀ ਪ੍ਰਕਾਸ਼ਨ ਦੇ ਪੰਜਾਬੀ ਵਿਭਾਗ ਦੇ ਸੰਪਾਦਕ ਨਾਲ ਗੱਲ ਕਰ ਕੇ ਅਨੁਵਾਦ ਦਾ ਇੰਨਾ ਕੁ ਕੰਮ ਜ਼ਰੂਰ ਨਿਪਟਾਉਣਾ ਸੀ ਜਿਸ ਨਾਲ ਉਸ ਦੇ ਬਾਅਦ ਬਾਕੀ ਸਾਥੀਆਂ ਨੂੰ ਹਫਤੇ ਭਰ ਦਾ ਰੁਝੇਵਾਂ ਮਿਲ ਜਾਏ। ਤਾਂਹੀਉਂ ਇਕ ਦਿਨ ਲਾਨਕਿਨ ਦਾ ਫੋਨ ਆਇਆ:

"ਕਰਨਜੀਤ ਜੀ, ਕੁਝ ਗਿਫਟ ਵਗੈਰਾ ਕਾ ਇੰਤਜ਼ਾਮ ਕਰ ਲੀਜੀਏ। ਆਪ ਲੋਕ ਵਹਾਂ ਰਾਜਕੀ ਮਹਿਮਾਨ ਹੋਂਗੇ।"

"ਵੁਹ ਕੈਸੇ ਭਾਈ?" ਕਰਨਜੀਤ ਦਾ ਸਵਾਲ ਸੀ।

"ਖਬਰ ਮਿਲੀ ਹੈ ਕਿ ਚਿੰਮਕਿੰਦ ਜ਼ਿਲ੍ਹੇ ਦੇ ਏ.ਪੀ.ਐਨ. ਇੰਚਾਰਜ ਨੂੰ ਲਿਖੀ ਚਿੱਠੀ ਕਾਮਰੇਡ ਕੁਨਾਯੇਵ ਦੇ ਦਫਤਰ ਪਹੁੰਚ ਗਈ। ਉਸ ਨੇ ਚਿੱਠੀ ਪਰ ਦਸਤਖ਼ਤ ਕਰ ਦੀਏ। ਬਸ ਆਪ ਸਰਕਾਰੀ ਮਹਿਮਾਨ ਹੋ ਗਏ।" ਉਸ ਨੇ ਦਸਿਆ।

ਕੁਨਾਯੇਵ ਕਜ਼ਾਖ਼ਸਤਾਨ ਦੀ ਕਮਿਊਨਿਸਟ ਪਾਰਟੀ ਦਾ ਸਕੱਤਰ ਅਤੇ ਰਾਜ ਦਾ ਪ੍ਰਮੁਖ ਅਧਿਕਾਰੀ ਸੀ। ਇਹ ਖ਼ਬਰ ਸੁਣ ਕੇ ਕਰਨਜੀਤ ਨੇ ਜੋ ਕੁਝ ਵੀ ਘਰ ਵਿਚੋਂ ਅਜਿਹੀ ਭਾਰਤੀ ਚੀਜ਼ ਮਿਲੀ ਜੋ ਸੁਗਾਤ ਵਜੋਂ ਪੇਸ਼ ਕੀਤਾ ਜਾ ਸਕੇ, ਆਪਣੇ ਸਾਮਾਨ ਵਿਚ ਪੈਕ ਕਰ ਲਈ ਸੀ।

ਜਿਹੜੀ ਗੱਲ ਕਦੇ ਭੁੱਲਣ ਵਾਲੀ ਨਹੀਂ ਤੇ ਜਿਹੜਾ ਪਹਿਲਾ ਦ੍ਰਿਸ਼ ਸਦਾ ਲਈ ਕਰਨਜੀਤ ਦੇ ਮਸਤਕ ਵਿਚ ਟਿਕ ਗਿਆ, ਉਹ ਸੀ ਸਾਂਝੇ ਫਾਰਮ ਦੇ ਕਿਸਾਨ ਦੀ ਦਾਅਵਤ। ਜਦੋਂ ਫਾਰਮ ਵੇਖਣ ਤੇ ਉਸ ਦੇ ਪ੍ਰਬੰਧਕਾਂ ਨਾਲ ਫਾਰਮ ਬਾਰੇ ਰਸਮੀ ਗੱਲਬਾਤ ਦਾ ਕੰਮ ਨਿਪਟ ਗਿਆ ਤਾਂ ਮੰਡਲੀ ਨੂੰ ਕਿਹਾ ਗਿਆ ਕਿ ਉਸ ਕਿਸਾਨ ਦੀ ਇੱਛਾ ਹੈ ਕਿ ਉਹ ਸਭ ਉਸ ਦੇ ਘਰ ਖਾਣੇ ਲਈ ਚੱਲਣ। ਉਸ ਨੇ ਸਾਰੀ ਤਿਆਰੀ ਤਾਂ ਪਹਿਲਾਂ ਹੀ ਕੀਤੀ ਹੋਈ ਸੀ; ਇਹ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ ਕਿ ਇਹ ਕਿਸਾਨ ਜਿਸ ਨੂੰ ਅਸਲ ਵਿਚ ਗਡਰੀਆ ਜਾਂ ਆਜੜੀ ਕਹਿਣਾ ਚਾਹੀਦਾ ਹੈ, ਆਪਣਾ ਮਾਲ ਮੋਟਰਸਾਈਕਲ ਉਤੇ ਸਵਾਰ ਹੋ ਕੇ ਚਾਰਦਾ ਹੈ। ਆਖਰ ਛੇ ਲੱਖ ਹੈਕਟੇਅਰ ਵਿਚ ਫੈਲਿਆ ਹੋਇਆ ਇਹ ਫਾਰਮ ਸੀ ਜਿਸ ਦੀ ਸਾਢੇ ਪੰਜ ਲੱਖ ਹੈਕਟੇਅਰ ਭੋਇੰ ਵਿਚ ਖੇਤੀ ਨਹੀਂ ਸੀ ਹੁੰਦੀ। ਇਹ ਸਿਰਫ ਚਰਾਂਦ ਹੀ ਸੀ। ਕਰਨਜੀਤ ਅਤੇ ਉਸ ਦੇ ਸਭ ਸਾਥੀ ਆਪਣੇ ਮੇਜ਼ਬਾਨਾਂ ਨਾਲ ਕਿਸਾਨ ਦੇ ਸਰਕਾਰੀ ਫਲੈਟ ਵਿਚ ਪਹੁੰਚੇ। ਦਰਮਿਆਨੇ ਆਕਾਰ ਦਾ ਸੁਹਣਾ ਸਜਿਆ ਹੋਇਆ ਫਲੈਟ ਸੀ। ਇਕ ਕਮਰੇ ਵਿਚ ਸੋਫ਼ਾ ਕੁਰਸੀਆਂ ਵੀ ਸਨ ਪਰ ਉਹਨਾਂ ਨਾਲ ਫਰਸ਼ ਉਤੇ ਗੱਦੇ ਰੱਖ ਕੇ ਚਿੱਟੀਆਂ ਚੱਦਰਾਂ ਵਿਛਾਈਆਂ ਹੋਈਆਂ ਸਨ ਅਤੇ ਗਾਓਦੁੰਮ ਤਕੀਏ ਰੱਖੇ ਹੋਏ ਸਨ।

ਮਹਿਮਾਨ ਮੰਡਲੀ ਨੇ ਸਿਸ਼ਟਾਚਾਰੀ ਹੋਣ ਦਾ ਸਬੂਤ ਦਿੰਦਿਆਂ ਮੇਜ਼ਬਾਨਾਂ ਦੇ ਨਾਲ ਹੀ ਗੱਦਿਆਂ ਉਤੇ ਬੈਠਣਾ ਮੁਨਾਸਿਬ ਸਮਝਿਆ। ਸਭ ਲੋਕ ਗੋਲ ਦਾਇਰੇ ਦੀ ਸ਼ਕਲ ਵਿਚ ਬਹਿ ਗਏ ਤੇ ਕੁਝ ਹਿੱਸਾ ਜੋ ਰਸਤੇ ਲਈ ਛੱਡ ਦਿੱਤਾ ਗਿਆ ਸੀ, ਉਸ ਦੀ ਸੇਧ ਵਿਚ ਦਾਇਰੇ ਵਿਚਾਲੇ ਇਕ ਆਦਮੀ ਦੇ ਬੈਠਣ ਲਈ ਵਿਸ਼ੇਸ਼ ਥਾਂ ਰਾਖਵੀਂ ਸੀ। ਪਤਾ ਲੱਗਾ ਕਿ ਇਥੇ ਸਾਕੀ ਬੈਠੇਗਾ ਜਿਸ ਨੂੰ ਕਜ਼ਾਖ਼ੀ ਭਾਸ਼ਾ ਵਿਚ 'ਬਾਊਰਸਾਕ' ਕਹਿੰਦੇ ਹਨ। ਇਸ ਦਾ ਕੰਮ ਹੈ ਮਹਿਮਾਨਾਂ ਨੂੰ ਖੁਆਉਣਾ ਅਤੇ ਪਿਆਉਣਾ। ਉਹ ਹਰ ਇਕ ਦਾ ਜਾਮ ਭਰਦਾ, ਹਰ ਇਕ ਵੱਲ ਨਿੱਕ-ਸੁੱਕ ਵਾਲੀ ਤਸ਼ਤਰੀ ਵਧਾਉਂਦਾ। ਮਹਿਫਲ ਸ਼ੁਰੂ ਕਰਨ ਤੋਂ ਪਹਿਲਾਂ ਉਹ ਇਕ ਤਸ਼ਤਰੀ ਵਿਚ ਅੱਗ ਉਤੇ ਸੇਕ ਕੇ ਭੁੰਨੀ ਲੇਲੇ ਦੀ ਸਿਰੀ ਅਤੇ ਛੁਰੀ ਆਇਆ, ਤੇ ਇਹ ਪੁੱਛ ਕੇ ਕਿ ਮਹਿਮਾਨਾਂ ਵਿਚ ਸਭ ਤੋਂ ਵੱਡਾ ਕੌਣ ਹੈ, ਤਸ਼ਤਰੀ ਪ੍ਰੀਤਮ ਸਿੰਘ ਮਨਚੰਦਾ ਅੱਗੇ ਰੱਖ ਦਿਤੀ। ਫਿਰ ਉਸ ਨੇ ਬੇਨਤੀ ਕੀਤੀ ਕਿ ਬਜ਼ੁਰਗਵਾਰ ਛੁਰੀ ਨਾਲ ਸਿਰੀ ਵਿਚੋਂ ਮਾਸ ਦਾ ਟੁਕੜਾ ਕੱਟ ਕੇ ਸਭ ਨੂੰ ਫੜਾਈ ਜਾਣ ਜੋ ਮਨਚੰਦਾ ਕਰੀ ਗਿਆ। ਬਾਅਦ ਵਿਚ ਪਤਾ ਲੱਗਾ ਕਿ ਕਜ਼ਾਖ਼ ਲੋਕ-ਵਿਸ਼ਵਾਸ ਅਨੁਸਾਰ ਸਿਰੀ ਵਿਚੋਂ ਹਾਸਿਲ ਹੋਇਆ ਟੁਕੜਾ ਪ੍ਰਾਪਤ ਕਰਨ ਵਾਲੇ ਦੀ ਕਿਸਮਤ ਦਾ ਸੂਚਕ ਵੀ ਹੁੰਦਾ ਹੈ। ਕਈ ਘੰਟਿਆਂ ਤੱਕ ਇਹ ਦਾਅਵਤ ਚਲਦੀ ਰਹੀ। ਰਿਵਾਜ ਅਨੁਸਾਰ ਟੋਸਟ ਵੀ ਪੇਸ਼ ਕੀਤੇ ਜਾਂਦੇ ਰਹੇ ਅਤੇ ਵਿਚ-ਵਿਚ ਗੱਪ-ਸ਼ੱਪ ਤੇ ਚੁਟਕਲੇ/ਲਤੀਫੇ ਵੀ ਸੁਣੇ-ਸੁਣਾਏ ਜਾਂਦੇ ਰਹੇ; ਤੇ ਅਖੀਰ ਸੁਗਾਤਾਂ ਦੇ ਵਟਾਂਦਰੇ ਨਾਲ ਇਸ ਮਹਿਫਲ ਦੀ ਸਮਾਪਤੀ ਹੋਈ।

ਸੁਗਾਤ ਵਜੋਂ ਮਿਲੀ ਭੇਡ ਦੀ ਖੱਲ ਦੀ ਬਣੀ ਹੋਈ ਫਾਈਲ ਜਿਸ ਉਤੇ ਕਜ਼ਾਖਸਤਾਨ ਦੀ ਛਾਪ ਹੈ, ਕਰਨਜੀਤ ਕੋਲ ਅਜੇ ਤੱਕ ਮੌਜੂਦ ਹੈ ਜਿਸ ਵਿਚ ਉਹ ਜ਼ਰੂਰੀ ਕਾਗਜ਼ਾਤ ਸਾਂਭ ਰੱਖਦਾ ਹੈ।

ਦੋ-ਤਿੰਨ ਦਿਨ ਅਲਮਾ ਅੱਤਾ ਅਤੇ ਆਸ ਪਾਸ ਦੀਆਂ ਕੁਝ ਥਾਵਾਂ ਦੇਖਣ ਤੋਂ ਬਾਅਦ ਭਾਰਤੀ ਪੱਤਰਕਾਰ ਚਿੰਮਕਿੰਦ ਪਹੁੰਚਣ ਲਈ ਹਵਾਈ ਜਹਾਜ਼ ਵਿਚ ਜਾ ਸਵਾਰ ਹੋਏ। ਅਲਮ ਅੱਤਾ ਤੋਂ ਕੋਈ ਤਿੰਨ ਘੰਟੇ ਦੀ ਫਲਾਈਟ ਸੀ। ਬਾਅਦ ਦੁਪਹਿਰ ਤਿੰਨ-ਸਾਢੇ ਤਿੰਨ ਵਜੇ ਦਾ ਵਕਤ ਹੋਵੇਗਾ, ਜਦੋਂ ਹਵਾਈ ਜਹਾਜ਼ ਚਿੰਮਕਿੰਦ ਹਵਾਈ ਅੱਡੇ ਉਤੇ ਉਤਰ ਰਿਹਾ ਸੀ ਤਾਂ ਕਰਨਜੀਤ ਨੇ ਖਿੜਕੀ ਵਿਚੋਂ ਬਾਹਰ ਦੇਖਿਆ, ਕੁਝ ਸਕੂਲੀ ਬੱਚੇ ਭਾਰਤ ਅਤੇ ਸੋਵੀਅਤ ਯੂਨੀਅਨ ਦੀਆਂ ਝੰਡੀਆਂ ਲਹਿਰਾਉਂਦੇ ਕਤਾਰ ਵਿਚ ਖੜ੍ਹੇ ਸਨ। ਦੂਜੇ ਪਾਸੇ ਉਹਨਾਂ ਦੇ ਸਾਹਮਣੇ ਕੁਝ ਬੱਚੇ ਫੁੱਲਾਂ ਦੇ ਗੁਲਦਸਤੇ ਹੱਥਾਂ ਵਿਚ ਫੜੀ ਭਾਰਤੀ ਮਹਿਮਾਨ ਦੇ ਸਵਾਗਤ ਲਈ ਹਾਜ਼ਰ ਸਨ। ਹਵਾਈ ਜਹਾਜ਼ ਵਿਚੋਂ ਮਹਿਮਾਨਾਂ ਦੇ ਉਤਰਦਿਆਂ ਹੀ ਬੱਚਿਆਂ ਨੇ ਝੰਡੀਆਂ ਲਹਿਰਾ ਕੇ ਦੋਹਾਂ ਦੇਸ਼ਾਂ ਦੀ ਦੋਸਤੀ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਹਰ ਮਹਿਮਾਨ ਨੂੰ ਗੁਲਦਸਤਾ ਪੇਸ਼ ਕੀਤਾ ਗਿਆ ਤੇ ਇਸ ਤੋਂ ਮਗਰੋਂ ਸਥਾਨਕ ਆਗੂਆਂ ਨੇ ਬੜੇ ਨਿੱਘ ਨਾਲ ਹੱਥ ਮਿਲਾ ਕੇ ਸਭ ਨੂੰ ਜੀ ਆਇਆਂ ਨੂੰ ਆਖਿਆ। ਲਾਨਕਿਨ ਨੇ ਹਰ ਆਗੂ ਨਾਲ ਕਰਨਜੀਤ ਅਤੇ ਸਾਥੀਆਂ ਦੀ ਸੰਖੇਪ ਜਾਣ-

*(ਬਾਕੀ ਅਗਲੇ ਸਫੇ 'ਤੇ)*

ਪਛਾਣ ਕਰਾਈ ਅਤੇ ਉਹ ਅਗਵਾਨੀ ਕਰ ਕੇ ਹਵਾਈ ਅੱਡੇ ਤੋਂ ਬਾਹਰ ਲੈ ਗਏ।

ਬਾਹਰ ਲਾਲ ਝੰਡੇ ਵਾਲੀਆਂ ਕਾਲੀਆਂ ਕਾਰਾਂ ਖੜ੍ਹੀਆਂ ਸਨ। ਹਰ ਮਹਿਮਾਨ ਲਈ ਵੱਖਰੀ ਕਾਰ (ਸੀ) ਅਤੇ ਮਿੰਟਾਂ-ਸਕਿੰਟਾਂ ਵਿਚ ਕਾਰਾਂ ਦਾ ਕਾਫਲਾ ਹੋਟਲ ਵੱਲ ਤੁਰ ਪਿਆ। ਸਭ ਤੋਂ ਅੱਗੇ ਮਲੀਸ਼ਿਆ ਦੀ ਐਸਕੋਰਟ ਗੱਡੀ ਅਤੇ ਪਿੱਛੇ ਮਹਿਮਾਨਾਂ ਦੀਆਂ ਕਾਰਾਂ, ਉਸ ਤੋਂ ਪਿੱਛੋਂ ਐਂਬੂਲੈਂਸ ਤੇ ਉਸ ਤੋਂ ਪਿੱਛੇ ਇਕ ਹੋਰ ਸਕਿਉਰਿਟੀ ਕਾਰ।

ਹੋਟਲ ਵਿਚ ਸਭ ਨੂੰ ਉਹਨਾਂ ਦੇ ਆਪੋ-ਆਪਣੇ ਕਮਰੇ ਵਿਚ ਪਹੁੰਚਾਇਆ ਗਿਆ। ਸਾਮਾਨ ਬਾਅਦ ਵਿਚ ਸੇਵਾਦਾਰ ਰੱਖ ਗਏ। ਕਰਨਜੀਤ ਅਜੇ ਸੋਚ ਹੀ ਰਿਹਾ ਸੀ ਕਿ ਸਾਮਾਨ ਖੋਲ੍ਹ ਕੇ ਕੱਪੜੇ ਬਦਲੇ ਕਿ ਸੁਨੇਹਾ ਮਿਲ ਗਿਆ, "ਮੂੰਹ ਹੱਥ ਧੋ ਕੇ ਫੌਰਨ ਤਿਆਰ ਹੋ ਜਾਓ। ਜ਼ਿਲ੍ਹਾ ਪਾਰਟੀ ਸਕੱਤਰ ਨਾਲ ਮੀਟਿੰਗ ਦਾ ਵਕਤ ਹੋ ਗਿਆ ਹੈ", ਤੇ ਕੁਝ ਹੀ ਮਿੰਟਾਂ ਵਿਚ ਭਾਰਤੀ ਮੰਡਲੀ ਜ਼ਿਲ੍ਹਾ ਪਾਰਟੀ ਸਕੱਤਰ ਦੇ ਦਫਤਰ ਵਿਚ ਉਹਦੀਆਂ ਗੱਲਾਂ ਸੁਣ ਰਹੀ ਸੀ:

"ਕਜ਼ਾਖਸਤਾਨ ਦੇ ਕੁਲ 19 ਜ਼ਿਲ੍ਹੇ ਹਨ। ਫਾਸਲਾ ਬਹੁਤ ਜ਼ਿਆਦਾ ਹੈ, ਇਸ ਲਈ ਹਵਾਈ ਸੇਵਾ ਨਾਲ ਸਭ ਨੂੰ ਇਕ ਦੂਜੇ ਨਾਲ ਜੋੜਿਆ ਗਿਆ ਹੈ। ਸਾਡੀ ਹੋਣੀ ਵਿਚ ਲੈਨਿਨ ਦਾ ਬੜਾ ਵੱਡਾ ਹੱਥ ਹੈ। ਉਸ ਦਾ ਸੋਵੀਅਤ ਫੈਡਰੇਸ਼ਨ ਦਾ ਵਿਚਾਰ ਉਚੀ ਸੋਚ ਦਾ ਨਤੀਜਾ ਸੀ। ਕਜ਼ਾਖਸਤਾਨ ਦੀ ਪ੍ਰਗਤੀ ਅਸਾਵੀਂ ਹੈ ਕਿਉਂਕਿ ਪ੍ਰਕਿਰਤੀ ਅਲੱਗ-ਅਲੱਗ ਹੈ।" ਤੇ ਉਸ ਨੇ ਆਪਣੇ ਇਲਾਕੇ ਦੀ ਜ਼ਰਾਇਤੀ, ਸਨਅਤੀ, ਵਿਦਿਅਕ ਤੇ ਹੋਰ ਪੱਖਾਂ ਦੀ ਤਰੱਕੀ ਦੀ ਲੰਮੀ ਕਹਾਣੀ ਸ਼ੁਰੂ ਕਰ ਲਈ। ਉਹਦੇ ਦਫਤਰ ਵਿਚੋਂ ਨਿਕਲੇ ਤਾਂ ਗੂੜ੍ਹੀ ਸ਼ਾਮ ਪੈ ਚੁੱਕੀ ਸੀ। ਹੋਟਲ ਵਾਪਸ ਆ ਕੇ ਵੀ ਆਰਾਮ ਕਰਨ ਦਾ ਕੋਈ ਮੌਕਾ ਨਹੀਂ ਸੀ ਮਿਲਿਆ। ਕਮਰੇ ਵਿਚ ਜਾਣ ਤੋਂ ਪਹਿਲਾਂ ਹੀ ਸਭ ਨੂੰ ਰੈਸਤੋਰਾਂ ਵਿਚ ਪੁੱਜਣ ਦਾ ਆਦੇਸ਼ ਮਿਲ ਗਿਆ ਸੀ।

ਆਖਰ ਪੱਤਰਕਾਰ ਮੰਡਲੀ ਰਾਜਕੀ ਮਹਿਮਾਨ ਸੀ, ਇਸ ਲਈ ਖਾਣੇ ਦਾ ਬੜਾ ਲੰਮਾ-ਚੌੜਾ ਰਸਮੀ ਇੰਤਜ਼ਾਮ ਕੀਤਾ ਗਿਆ ਸੀ। ਖਾਣੇ ਵਿਚ ਮੇਜ਼ਬਾਨਾਂ ਵਿਚ ਨੋਵੋਸਤੀ ਦੇ ਕੁਝ ਬੰਦਿਆਂ ਤੋਂ ਇਲਾਵਾ ਕਮਿਊਨਿਸਟ ਪਾਰਟੀ, ਸ਼ਹਿਰ ਦੀ ਸੋਵੀਅਤ ਤੇ ਮਿੱਤਰਤਾ ਸਭਾ ਦੇ ਚੋਣਵੇਂ ਸਾਥੀ ਵੀ ਬੁਲਾਏ ਗਏ ਸਨ। ਟੋਸਟ 'ਤੇ ਟੋਸਟ ਪੇਸ਼ ਕੀਤੇ ਜਾ ਰਹੇ ਸਨ ਅਤੇ ਮਹਿਮਾਨਾਂ ਵਲੋਂ ਜਵਾਬ ਵਿਚ ਟੋਸਟ ਪੇਸ਼ ਕੀਤੇ ਜਾ ਰਹੇ ਸਨ। ਟੋਸਟ ਦੋ-ਹਰਫ਼ੀ ਹੋਣ ਦੀ ਥਾਂ ਲੰਮੀ ਤਕਰੀਰ ਬਣ ਰਹੇ ਸਨ ਕਿਉਂਕਿ ਹਰ ਵਿਅਕਤੀ ਆਪਣੇ ਵਿਭਾਗ ਜਾਂ ਖਾਸ ਵਿਸ਼ੇ ਨਾਲ ਸਬੰਧਿਤ ਉਚੇਚੀ ਜਾਣਕਾਰੀ ਦੇਣਾ ਜ਼ਰੂਰੀ ਸਮਝਦਾ ਸੀ। ਕਰਨਜੀਤ ਨੂੰ ਯਾਦ ਹੈ ਕਿ ਇਕ ਮਿੱਤਰ ਨੇ ਕਜ਼ਾਖ ਸਭਿਆਚਾਰ ਦੀ ਗੱਲ ਕਰਦਿਆਂ ਆਪਣੇ ਜੀਵਨ ਵਿਚ ਘੋੜੇ ਦੀ ਖਾਸ ਅਹਿਮੀਅਤ ਉਤੇ ਬੜਾ ਜ਼ੋਰ ਦਿੱਤਾ ਸੀ: "ਅਸੀਂ ਘੋੜੀ ਦਾ ਦੁੱਧ ਪੀਂਦੇ ਹਾਂ, ਘੋੜੇ ਦਾ ਮਾਸ ਖਾਂਦੇ ਹਾਂ, ਘੋੜੇ ਦੀ ਸਵਾਰੀ ਕਰਦੇ ਹਾਂ, ਘੋੜੇ ਨਾਲ ਹਲ ਚਲਾਉਂਦੇ ਸਾਂ, ਆਦਿ। ਘੋੜਾ ਸਾਡੇ ਲਈ ਸਭ ਕੁਝ ਹੈ, ਸਾਡੀ ਮਾਂ, ਸਾਡਾ ਪਿਓ, ਸਾਡਾ ਭਰਾ।" ਉਹ ਨਸ਼ੇ ਦੇ ਲੋਰ ਵਿਚ ਉਚਾ ਬੋਲ ਰਿਹਾ ਸੀ ਤੇ ਕਰਨਜੀਤ ਨੂੰ ਮੋਹਨ ਸਿੰਘ ਦੀ ਉਹ ਨਜ਼ਮ ਯਾਦ ਆ ਰਹੀ ਸੀ ਜਿਸ ਵਿਚ ਉਹ ਕਹਿੰਦਾ ਹੈ:

ਲੋਹਾ ਸਾਡਾ ਪਿਓ
ਅਸੀਂ ਲੋਹੇ ਦੇ ਪੁੱਤਰ
ਲੋਹਾ ਸਾਡੀ ਮਾਂ
ਅਸੀਂ ਲੋਹੇ ਦੇ ਜਾਏ।
ਲੋਹਾ ਸਾਡਾ ਇਸ਼ਟ
ਅਸੀਂ ਲੋਹੇ ਦੇ ਪੁਜਾਰੀ
ਲੋਹਾ ਸਾਡੀ ਪੱਤ
ਅਸੀਂ ਲੋਹੇ ਪਰਣਾਏ।

ਖਾਣੇ ਤੋਂ ਬਾਅਦ ਕਰਨਜੀਤ ਨੇ ਆਪਣੇ ਉਸ ਮੇਜ਼ਬਾਨ ਨੂੰ ਸਿਫਾਰਸ਼ ਕੀਤੀ ਸੀ ਕਿ ਉਸ ਨੂੰ ਘੋੜੇ ਦਾ ਮਾਸ ਚਖਾਇਆ ਜਾਵੇ। ਕਰਨਜੀਤ ਦੀ ਇਹ ਆਦਤ ਸੀ, ਉਹ ਜਿਥੇ ਵੀ ਜਾਂਦਾ, ਉਥੋਂ ਦੇ ਸਥਾਨਕ ਭੋਜਨ ਦਾ ਸਵਾਦ ਚੱਖਣ ਦੀ ਪੂਰੀ ਕੋਸ਼ਿਸ਼ ਕਰਦਾ। ਮੇਜ਼ਬਾਨ ਦਾ ਕਹਿਣਾ ਸੀ ਕਿ ਕਰਨਜੀਤ ਘੋੜੇ ਦਾ ਮਾਸ ਨਹੀਂ ਖਾ ਸਕੇਗਾ, ਨਾਲੇ ਉਹ ਆਪ ਵੀ ਅੱਜਕੱਲ੍ਹ ਨਹੀਂ ਖਾਂਦੇ। ਉਹ ਪਰੰਪਰਾ ਦੀ ਗੱਲ ਕਰ ਰਿਹਾ ਸੀ ਪਰ ਕਰਨਜੀਤ ਦੀ ਜ਼ਿਦ ਉਤੇ ਉਸ ਨੇ ਹੋਟਲ ਵਾਲਿਆਂ ਨੂੰ ਆਖਿਆ ਸੀ ਕਿ ਜੇ ਹੋ ਸਕੇ ਤਾਂ ਕਰਨਜੀਤ ਦੀ ਖਾਹਿਸ਼ ਜ਼ਰੂਰ ਪੂਰੀ ਕੀਤੀ ਜਾਵੇ; ਤੇ ਅਗਲੀ ਸਵੇਰ ਨਾਸ਼ਤੇ ਨਾਲ ਘੋੜੇ ਦੇ ਮਾਸ ਦੀ ਸਲਾਮੀ ਮੇਜ਼ ਉਤੇ ਰੱਖੀ ਗਈ ਸੀ। ਉਸ ਦਾ ਰੰਗ ਲਾਲ ਸੁਰਖ ਸੀ ਜਿਵੇਂ ਲਹੂ ਹੁੰਦਾ ਹੈ। ਕਰਨਜੀਤ ਨੇ ਉਹ ਸਲਾਮੀ ਖਾਧੀ ਸੀ। ਸਵਾਦ ਮਾੜਾ ਨਹੀਂ ਸੀ।

ਨਾਸ਼ਤੇ ਮਗਰੋਂ ਬੀਅਰ ਫੈਕਟਰੀ ਦੇਖਣ ਜਾਣ ਦਾ ਪ੍ਰੋਗਰਾਮ ਸੀ। ਬੀਅਰ ਫੈਕਟਰੀ ਦਿਖਾ ਰਿਹਾ ਫੈਕਟਰੀ ਦਾ ਡਾਇਰੈਕਟਰ ਬੜੇ ਉਤਸ਼ਾਹ ਨਾਲ ਦੱਸ ਰਿਹਾ ਸੀ ਕਿ ਕਜ਼ਾਖਸਤਾਨ ਦੇ ਕਿਸੇ ਸਮੇਂ ਦੇ ਵਾਗੀਆਂ ਦੇ ਬੱਚੇ ਅੱਜ ਸਿਆਣੇ ਇੰਜਨੀਅਰ ਹਨ, ਮਕੈਨਿਕ ਹਨ, ਡਾਕਟਰ ਹਨ। ਫੈਕਟਰੀ ਦੇਖਣ ਤੋਂ ਮਗਰੋਂ ਡਾਇਰੈਕਟਰ ਦੇ ਦਫਤਰ ਵਿਚ ਬੀਅਰ ਦਾ ਇਕ-ਇਕ ਮਘ ਸਾਰਿਆਂ ਨੇ ਪੀ ਕੇ ਉਸ ਦੀ ਤਾਰੀਫ ਕੀਤੀ। ਜ਼ਾਹਿਰ ਹੈ ਕਿ ਉਹ ਜਰਮਨ ਬੀਅਰ ਦਾ ਮੁਕਾਬਲਾ ਤਾਂ ਨਹੀਂ ਸੀ ਕਰ ਸਕਦੀ। ਜਰਮਨ ਬੀਅਰ ਦਾ ਜਨਮ-ਸਥਾਨ ਹੈ।

ਦੂਸਰੇ ਦਿਨ ਸਵੇਰੇ ਚਿੰਮਕਿੰਦ ਤੋਂ ਪੱਤਰਕਾਰਾਂ ਦਾ ਇਹ ਕਾਫਲਾ ਸੜਕ ਰਸਤੇ ਪੁਰਾਤਨ ਸ਼ਹਿਰ ਤੁਰਕਿਸਤਾਨ ਲਈ ਰਵਾਨਾ ਹੋਇਆ। ਹੁਣ ਹਰ ਬੰਦੇ ਕੋਲ ਵੱਖਰੀ ਕਾਰ ਨਹੀਂ ਸੀ। ਕਾਰਨ ਇਹ ਸੀ ਕਿ ਮੰਡਲੀ ਕੋਲ ਦੁਭਾਸ਼ੀਆ ਇਕ ਸੀ, ਇਸ ਲਈ ਫੈਸਲਾ ਕੀਤਾ ਗਿਆ ਕਿ ਦੋ ਕਾਰਾਂ ਵਿਚ ਸਫਰ ਕੀਤਾ ਜਾਵੇਗਾ ਤੇ ਵਲਾਦੀਮੀਰ ਲਾਨਕਿਨ ਕਦੇ ਇਕ ਕਾਰ ਵਿਚ ਬੈਠੇਗਾ ਤੇ ਕਦੀ ਦੂਸਰੀ ਵਿਚ ਅਤੇ ਇੰਜ ਗੱਲਾਂ-ਬਾਤਾਂ ਕਰਦਿਆਂ ਦੋ-ਢਾਈ ਸੌ ਕਿਲੋਮੀਟਰ ਦਾ ਸਫਰ ਸੌਖਾ ਕੱਟ ਜਾਏਗਾ। ਤੁਰਕਿਸਤਾਨ ਤੱਕ ਪੁੱਜਣ ਲਈ ਤਿੰਨ ਤਹਿਸੀਲਾਂ ਵਿਚੋਂ ਲੰਘਣਾ ਸੀ ਅਤੇ ਕਰਨਜੀਤ ਨੇ ਦੇਖਿਆ ਕਿ ਚਿੰਮਕਿੰਦ ਤੋਂ ਐਸਕੋਰਟ ਗੱਡੀਆਂ ਇਕ ਤਹਿਸੀਲ ਦੀ ਹੱਦ ਤੱਕ ਨਾਲ ਗਈਆਂ ਅਤੇ ਅਗਾਂਹ ਦੂਜੀ ਤਹਿਸੀਲ ਦੀਆਂ ਗੱਡੀਆਂ ਨਾਲ ਹੋ ਤੁਰਦੀਆਂ ਤੇ ਉਹਨਾਂ ਤੋਂ ਅਗਾਂਹ ਤੀਜੀ ਤਹਿਸੀਲ ਦੀਆਂ ਗੱਡੀਆਂ ਦੇ ਸੁਪਰਦ ਕਰ ਦਿੱਤਾ। ਐਂਬੂਲੈਂਸ ਗੱਡੀ ਅਤੇ ਸਕਿਉਰਿਟੀ ਕਾਰ ਹਰ ਵਕਤ ਕਾਫਲੇ ਦੇ ਨਾਲ ਰਹੀ। ਇਹ ਵੀ.ਆਈ.ਪੀ. ਮਹਿਮਾਨਾਂ ਵਾਲਾ ਸਲੂਕ ਸੀ। ਕਰਨਜੀਤ ਨੂੰ ਪਹਿਲੀ ਵਾਰੀ ਇਹ ਅਹਿਸਾਸ ਹੋਇਆ ਕਿ ਵੀ.ਆਈ.ਪੀ. ਲੋਕ ਇਕ ਤਰ੍ਹਾਂ ਨਾਲ ਬੰਦੀ ਹੀ ਹੁੰਦੇ ਹਨ।

ਤੁਰਕਿਸਤਾਨ 11ਵੀਂ ਸਦੀ ਦੇ ਅਖੀਰ ਵਿਚ ਵਸਿਆ ਕਸਬਾ ਹੈ। ਉਸ ਜ਼ਮਾਨੇ ਵਿਚ ਇਹ ਕਾਰਵਾਨਾਂ ਦਾ ਅੱਡਾ ਹੋਇਆ ਕਰਦਾ ਸੀ। ਤੁਰਕਿਸਤਾਨ ਸੋਵੀਅਤ ਦੇ ਚੇਅਰਮੈਨ ਨੇ ਦੱਸਿਆ ਸੀ ਕਿ ਪਹਿਲੀਆਂ ਵਿਚ ਉਜ਼ਬੇਕ ਜਾਂ ਕਜ਼ਾਖ ਆਦਿ ਜਾਤੀਆਂ ਨਹੀਂ ਸਨ, ਸਭ ਤੁਰਕ ਹੀ ਅਖਵਾਉਂਦੇ ਸਨ। ਸ਼ਹਿਰ ਦੇ ਚਾਰ-ਚੁਫੇਰੇ ਦੂਰ ਦੂਰ ਤੱਕ ਸਤੇਪੀ ਦਾ ਮੈਦਾਨ ਵਿਛਿਆ ਹੋਇਆ ਸੀ। ਕਰਨਜੀਤ ਨੇ ਰੂਸੀ ਨਾਵਲਾਂ ਕਹਾਣੀਆਂ ਵਿਚ ਸਤੇਪੀ ਦਾ ਜ਼ਿਕਰ ਪੜ੍ਹਿਆ ਹੋਇਆ ਸੀ ਪਰ ਅੱਜ ਉਹ ਚਿੰਮਕਿੰਦ ਤੋਂ ਲੈ ਕੇ ਤੁਰਕਿਸਤਾਨ ਤੱਕ ਕਾਰ ਦਾ ਸਫਰ ਕਰਦਿਆਂ ਸਤੇਪੀ ਨੂੰ ਅੱਖੀਂ ਦੇਖਦਾ ਆਇਆ ਸੀ। ਦੂਰ-ਦੂਰ ਜਿਥੋਂ ਤੱਕ ਵੀ ਨਜ਼ਰ ਜਾਂਦੀ ਸੀ, ਨਾ ਕੋਈ ਰੁੱਖ ਨਜ਼ਰ ਆਉਂਦਾ, ਨਾ ਝਾੜ। ਆਬਾਦੀ ਤਾਂ ਕਜ਼ਾਖਸਤਾਨ ਵਿਚ ਹੈ ਹੀ ਬੜੀ ਥੋੜ੍ਹੀ। ਇਸੇ ਲਈ ਕਜ਼ਾਖ ਸਰਕਾਰ ਉਸ ਔਰਤ ਨੂੰ ਹੀਰੋ ਮਦਰ ਦੀ ਉਪਾਧੀ ਦਿੰਦੀ ਸੀ ਜਿਹੜੀ ਦਸ ਬੱਚਿਆਂ ਨੂੰ ਜਨਮ ਦੇਵੇ।

14ਵੀਂ ਸਦੀ ਵਿਚ ਤੁਰਕਿਸਤਾਨ ਦੇ ਨੇੜੇ ਕੁਝ ਹੋਰ ਨਗਰ ਵੀ ਵਸ ਗਏ ਜਿਹੜੇ ਕਾਰਵਾਨਾਂ ਦੇ ਅੱਡੇ ਹੀ ਸਨ। ਇਸਲਾਮ ਦੇ ਇਥੇ ਆਉਣ ਮਗਰੋਂ ਖਵਾਜਾ ਅਹਿਮਦ ਯਸਵੀ ਇਸ ਇਲਾਕੇ ਵਿਚ ਸੂਫੀ ਸ਼ਾਇਰ ਹੋਇਆ ਹੈ। ਯਸਵੀ ਦਾ ਅਰਥ ਹੈ ਰੇਗਿਸਤਾਨ। ਯਸਵੀ ਦਾ ਜਨਮ ਅਤਰਾਰ ਸ਼ਹਿਰ ਵਿਚ ਹੋਇਆ। ਉਸ ਦਾ ਇੰਤਕਾਲ ਹੋ ਜਾਣ ਮਗਰੋਂ ਤੈਮੂਰ ਨੇ ਤੁਰਕਿਸਤਾਨ ਵਿਚ ਵੱਡਾ ਮਕਬਰਾ ਬਣਵਾਇਆ ਜਿਸ ਨਾਲ ਇਲਾਕੇ ਦੀ ਆਬਾਦੀ ਵਿਚ ਸਾਂਝ ਦਾ ਕੇਂਦਰ ਹੋਂਦ ਵਿਚ ਆ ਗਿਆ। ਇਸ ਦੇ ਨਾਲ ਹੀ ਪੁਰਾਤਨ ਹਮਾਮ ਵੀ ਬਣਾਇਆ ਹੋਇਆ ਹੈ। ਮਕਬਰਾ ਬਣਨ ਨਾਲ ਸ਼ਹਿਰ ਦੀ ਸਭਿਆਚਾਰਕ ਮਹਾਨਤਾ ਵਧ ਗਈ। ਕਦੇ ਪਛੜਿਆ ਹੋਇਆ ਇਲਾਕਾ ਹੁਣ ਹਰ ਲਿਹਾਜ਼ ਨਾਲ ਉਨਤ ਕਿਹਾ ਜਾ ਸਕਦਾ ਸੀ। ਕਰਨਜੀਤ ਹੋਰਾਂ ਨੂੰ ਉਥੇ ਪ੍ਰੈਸਿੰਗ ਮਸ਼ੀਨਾਂ ਤਿਆਰ ਕਰਨਾ ਵਾਲਾ ਕਾਰਖਾਨਾ ਦੇਖਣ ਦਾ ਮੌਕਾ ਮਿਲਿਆ। ਉਹਨਾਂ ਨੂੰ ਦਸਿਆ ਗਿਆ ਸੀ ਕਿ ਇਥੋਂ ਦੀਆਂ ਬਣੀਆਂ ਮਸ਼ੀਨਾਂ ਭਾਰਤ ਭੇਜੀਆਂ ਜਾਂਦੀਆਂ ਹਨ। ਜਦੋਂ ਉਹ ਕਾਰਖਾਨੇ ਦਾ ਚੱਕਰ ਲਾ ਰਹੇ ਸਨ ਤਾਂ ਉਹਨਾਂ ਦੇਖਿਆ, ਇਕ ਭਰ ਜੋਬਨ ਖੂਬਸੂਰਤ ਮੁਟਿਆਰ ਮੋਖਨਾਚੋਵਾ ਖਰਾਦ ਉਤੇ ਪੁਰਜ਼ਿਆਂ ਨੂੰ ਝਰੀਆਂ ਪਾ ਰਹੀ ਸੀ। ਇਹ ਵੀ ਪਤਾ ਲੱਗਾ ਕਿ ਉਹ ਕਾਰਖਾਨਾ-ਸਮੂਹ 1941 ਵਿਚ ਦੇਸ਼ ਦੇ ਯੂਰਪੀ ਭਾਗ ਵਿਚੋਂ ਚੁੱਕ ਕੇ ਇਥੇ ਲਿਆਂਦਾ ਗਿਆ ਸੀ। ਉਦੋਂ ਇਹ ਛੋਟਾ ਜਿਹਾ ਕਾਰਖਾਨਾ ਸੀ।



ਕਜ਼ਾਖਸਤਾਨ ਵਿਚ ਸਥਿਤ ਲੱਕੜ ਦਾ ਬਣਿਆ ਜ਼ੇਨਕੋਵ ਚਰਚ।

ਹੋਰ ਵੀ ਬੜਾ ਕੁਝ ਦੇਖਣ ਨੂੰ ਮਿਲਿਆ। ਇਲਾਕਾ ਬਹੁਤਾ ਰੇਗਿਸਤਾਨੀ ਹੈ ਜਿਥੇ ਵਿਗਿਆਨੀਆਂ ਨੇ ਚਰਾਂਦਾਂ ਵਿਚ ਖਾਸ ਕਿਸਮ ਦੀ ਘਾਹ ਤਿਆਰ ਕੀਤੀ ਹੈ ਜਿਹੜੀ ਸੋਕੇ ਨਾਲ ਮਰਦੀ ਨਹੀਂ। ਕਰਾਕੁਲ ਭੇਡਾਂ ਜ਼ਿਆਦਾ ਪਾਲੀਆਂ ਜਾਂਦੀਆਂ ਹਨ ਜਿਨ੍ਹਾਂ ਦੀ ਉਨ ਬੜੀ ਉਤਮ ਅਤੇ ਮਹਿੰਗੀ ਵਿਕਣ ਵਾਲੀ ਹੈ। ਵੈਸੇ ਤੁਰਕਿਸਤਾਨ ਨੇੜੇ ਹੀ ਸੀਰ ਨਾਂ ਦੀ ਨਦੀ ਵਹਿੰਦੀ ਹੈ ਜਿਸ ਦੇ ਪਾਣੀ ਨੂੰ ਸਿੰਜਾਈ ਲਈ ਵਰਤ ਕੇ ਕੁਝ ਜ਼ਮੀਨ ਵਿਕਸਤ ਕੀਤੀ ਹੋਈ ਸੀ।

ਇਸ ਫੇਰੀ ਦਾ ਹੋਰ ਤਾਂ ਬੜਾ ਕੁਝ ਕਰਨਜੀਤ ਨੂੰ ਭੁੱਲ ਗਿਆ ਹੈ ਪਰ ਜਿਹੜੀ ਚੀਜ਼ ਕਦੇ ਨਹੀਂ ਭੁਲ ਸਕਦੀ, ਉਹ ਹੈ ਰਾਜਕੀ ਭੋਜ ਦਾ ਆਨੰਦ। ਪੱਤਰਕਾਰਾਂ ਨੂੰ ਤੁਰਕਿਸਤਾਨ ਦੀ ਸੋਵੀਅਤ ਦੇ ਭਵਨ ਵਿਚ ਠਹਿਰਾਇਆ ਗਿਆ ਜਿਸ ਦੇ ਕਮਰੇ ਕਿਸੇ ਪੰਜ ਤਾਰਾ ਹੋਟਲ ਨਾਲੋਂ ਘੱਟ ਸੁੰਦਰ ਅਤੇ ਆਰਾਮਦੇਹ ਨਹੀਂ ਸਨ। ਸ਼ਾਮ ਦੇ 7 ਕੁ ਰਾਤ ਦਾ ਖਾਣਾ ਸ਼ੁਰੂ ਹੋਇਆ ਜਿਹੜਾ ਹਸਬ-ਮਾਮੂਲ ਰਾਤ ਦੇ ਇਕ ਵਜੇ ਤੱਕ ਚਲਦਾ ਰਿਹਾ। ਤਰ੍ਹਾਂ-ਤਰ੍ਹਾਂ ਦੀ ਸ਼ਰਾਬ, ਵੰਨ-ਸਵੰਨੇ ਭੋਜਨ ਅਤੇ ਦੋਹਾਂ ਦੇਸਾਂ ਦੀ ਮਿੱਤਰਤਾ, ਸੰਸਾਰ ਅਮਨ, ਇਕ-ਦੂਜੇ ਦੀ ਤਰੱਕੀ ਤੇ ਖੁਸ਼ਹਾਲੀ ਦੀਆਂ ਕਾਮਨਾਵਾਂ ਤੋਂ ਲੈ ਕੇ ਨਿਜੀ ਸਿਹਤਯਾਬੀ ਤੇ ਖੁਸ਼ੀ ਖੁਸ਼ਹਾਲੀ ਤੱਕ, ਜਾਮ ਛਲਕਾਏ ਗਏ, ਭਾਸ਼ਨ ਦਿੱਤੇ ਗਏ। ਡਾਈਨਿੰਗ ਹਾਲ ਵਿਚੋਂ ਨਿਕਲ ਕੇ ਬਾਹਰ ਵਿਹੜੇ ਵਿਚ ਆਏ ਤੇ ਜਦੋਂ ਕਰਨਜੀਤ ਨੇ ਉਪਰ ਅਸਮਾਨ ਵੱਲ ਨਿਗਾਹ ਮਾਰੀ ਤਾਂ ਉਸ ਨੂੰ ਇਕ ਵਾਰੀ ਤਾਂ ਆਪਣਾ ਬਚਪਨ ਤੇ ਆਪਣਾ ਪਿੰਡ ਯਾਦ ਆ ਗਿਆ ਸੀ। ਬਿਲਕੁਲ ਉਜਲਾ ਅਸਮਾਨ ਤੇ ਐਨ ਸਿਰ ਉਤੇ ਸੱਤ ਤਾਰਿਆਂ ਦੀ ਝਿਲਮਿਲ ਜਿਸ ਨੂੰ ਉਹ ਸਪਤਰਿਸ਼ੀ ਆਖਦੇ ਹੁੰਦੇ ਸਨ।

"ਮੇਰਾ ਤਾਂ ਦਿਲ ਕਰਦੈ, ਮੇਰਾ ਬਿਸਤਰਾ ਬਾਹਰ ਲਗਵਾ ਦਿੱਤਾ ਜਾਏ।" ਕਰਨਜੀਤ ਨੇ ਇੱਛਾ ਪ੍ਰਗਟ ਕੀਤੀ।

ਪਾਰਟੀ ਸਕੱਤਰ ਨੇ ਹੱਸ ਕੇ ਜਵਾਬ ਦਿੱਤਾ, "ਮਾਫ ਕਰਨਾ, ਤੁਹਾਡੀ ਹਿਫਾਜ਼ਤ ਦੀ ਜ਼ਿੰਮੇਵਾਰੀ ਸਾਡੇ ਸਿਰ ਹੈ।" ਕਰਨਜੀਤ ਸਹਿਵਨ ਹੀ ਸੋਚ ਰਿਹਾ ਸੀ, "ਹਿਫਾਜ਼ਤ ਦੀ ਜ਼ਿੰਮੇਵਾਰੀ ਜਾਂ ਸਾਡੇ ਉਤੇ ਨਿਗਾਹ ਰਖਣ ਦੀ ਮਜਬੂਰੀ?" ਆਖਰ ਉਹ ਬਦੇਸ਼ੀ ਸਨ ਅਤੇ ਕਿਹੜਾ ਦੇਸ਼ ਹੈ ਜਿਹੜਾ ਬਦੇਸ਼ੀਆਂ ਉੱਤੇ ਨਿਗਾਹ ਨਾ ਰੱਖਦਾ ਹੋਵੇ। ਕੋਈ ਕਿਸੇ ਤਰ੍ਹਾਂ, ਕੋਈ ਕਿਸੇ ਤਰ੍ਹਾਂ।

ਸ਼ੁਭ ਰਾਤਰੀ ਆਖ ਕੇ ਮਹਿਮਾਨ ਜਦੋਂ ਆਪੋ-ਆਪਣੇ ਕਮਰੇ ਵਿਚ ਪਹੁੰਚੇ ਤਾਂ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਹਰ ਇਕ ਦੇ ਸਿਰਹਾਣੇ ਛੋਟੀ ਜਿਹੀ ਮੇਜ਼ ਹੈ ਜਿਸ ਉਤੇ ਇਕ ਬੋਤਲ ਵੋਦਕਾ ਅਤੇ ਤਿੰਨ ਬੋਤਲਾਂ ਬੀਅਰ ਦੀਆਂ ਰੱਖੀਆਂ ਹੋਈਆਂ ਹਨ। ਸ਼ਰਾਬ ਹਰ ਇਕ ਨੇ ਏਨੀ ਪੀ ਲਈ ਹੋਈ ਸੀ ਕਿ ਹਰ ਕਿਸੇ ਦੇ ਪੈਰ ਵੀ ਥਿੜਕ ਰਹੇ ਸਨ ਅਤੇ ਜ਼ਬਾਨ ਵੀ। ਚਿੰਮਕਿੰਦ ਜ਼ਿਲ੍ਹੇ ਵਿਚ ਇਹ ਮੰਡਲੀ ਤਿੰਨ ਰਾਤਾਂ ਰਹੀ ਸੀ। ਇਹਨਾਂ ਲੋਕਾਂ ਨੂੰ ਜਿੰਨੀ ਸ਼ਰਾਬ ਇਥੇ ਪਿਆਈ ਗਈ ਜਾਂ ਉਹਨਾਂ ਨੂੰ ਪੀਣੀ ਪਈ, ਉਸ ਦਾ ਕੋਈ ਅੰਦਾਜ਼ਾ ਕਰਨਾ ਮੁਸ਼ਕਿਲ ਹੈ ਪਰ ਇਸ ਮੰਡਲੀ ਵਿਚ ਪ੍ਰੀਤਮ ਸਿੰਘ ਮਨਚੰਦਾ ਵਰਗੇ ਸੂਰਮੇ ਪਿਅਕੜ ਵੀ ਸ਼ਾਮਲ ਸਨ ਜਿਸ ਨੇ ਤੜਕਸਾਰ ਤੱਕ ਆਪਣੇ ਕਮਰੇ ਦੀਆਂ ਸਭ ਬੋਤਲਾਂ ਖਾਲੀ ਕਰ ਦਿੱਤੀਆਂ ਸਨ।

ਦੋ ਰਾਤਾਂ ਤੁਰਕਿਸਤਾਨ ਵਿਚ ਗੁਜ਼ਾਰਨ ਮਗਰੋਂ ਤੀਜੇ ਦਿਨ ਸਵੇਰੇ ਇਹ ਕਾਫਲਾ ਸਵਖਤੇ ਹੀ ਚਿੰਮਕਿੰਦ ਲਈ ਰਵਾਨਾ ਹੋ ਪਿਆ ਅਤੇ ਜਦੋਂ ਮਹਿਮਾਨਾਂ ਨੂੰ ਤੁਰਕਿਸਤਾਨੀ ਤਹਿਸੀਲ ਦੀ ਹੱਦ ਪਾਰ ਕਰਾਉਣ ਦਾ ਵਕਤ ਨੇੜੇ ਆਇਆ ਤਾਂ ਮੇਜ਼ਬਾਨਾਂ ਨੇ ਗੱਡੀਆਂ ਰੁਕਵਾ ਲਈਆਂ। ਇਕ ਗੱਡੀ ਵਿਚੋਂ ਚਿੱਟੀਆਂ ਚਾਦਰਾਂ ਕੱਢ ਕੇ ਮੈਦਾਨ ਵਿਚ ਘਾਹ 'ਤੇ ਵਿਛਾਈਆਂ ਤੇ ਨਾਸ਼ਤੇ ਦਾ ਸਾਰਾ ਸਾਮਾਨ ਕਢਵਾ ਕੇ ਦਸਤਰਖਾਨ 'ਤੇ ਰਖਵਾ ਦਿੱਤਾ ਤੇ ਨਾਲ ਵੋਦਕਾ ਦੀਆਂ ਬੋਤਲਾਂ ਤੇ ਗਲਾਸ ਟਿਕਾ ਦਿੱਤੇ। ਕੋਈ ਇਕ ਘੰਟਾ ਅਲਵਿਦਾਈ ਜਾਮ ਪੇਸ਼ ਹੁੰਦੇ ਰਹੇ। ਰਸਤੇ ਵਿਚ ਸਾਂਝੇ ਫਾਰਮ ਵਿਚ ਥੋੜ੍ਹੀ ਦੇਰ ਰੁਕੇ। ਜਦੋਂ ਫਾਰਮ ਦਾ ਗੇੜਾ ਲਾ ਹਟੇ ਤਾਂ ਡਾਇਰੈਕਟਰ ਨੇ ਐਲਾਨ ਕੀਤਾ ਕਿ ਉਸ ਵੇਲੇ ਜ਼ਮੀਨ ਦੇ ਜਿਸ ਹਿੱਸੇ ਨੂੰ ਕਾਮੇ ਵਾਹੀ ਹੇਠ ਲਿਆ ਰਹੇ ਸਨ, ਇਸ ਦਾ ਨਾਂ 'ਹਿੰਦੁਸਤਾਨ' ਰੱਖ ਦਿੱਤਾ ਗਿਆ ਹੈ। ਇਥੇ ਦੁਪਹਿਰ ਦੇ ਖਾਣੇ ਦਾ ਇੰਤਜ਼ਾਮ ਕੀਤਾ ਗਿਆ ਸੀ। ਫੇਰ ਉਹੀ ਟੋਸਟ ਤੇ ਜਾਮ ਅਤੇ ਅਖੀਰ ਸੁਗਾਤਾਂ ਦਾ ਵਟਾਂਦਰਾ। ਬੜੇ ਖੂਬਸੂਰਤ ਲਾਲ ਰੰਗ ਦੇ ਪਲੱਸ਼ ਦੇ ਗਾਊਨ ਤੇ ਨਮਦੇ ਦੀਆਂ ਬਣੀਆਂ ਕਜ਼ਾਖ਼ ਟੋਪੀਆਂ ਜਿਨ੍ਹਾਂ ਦੀ ਸ਼ਕਲ ਰੂਮੀ ਟੋਪੀ ਵਰਗੀ ਸੀ। ਜਦੋਂ ਪੱਤਰਕਾਰ ਮੰਡਲੀ ਚਿੰਮਕਿੰਦ ਆਪਣੇ ਹੋਟਲ ਪਹੁੰਚੀ ਤਾਂ ਸ਼ਾਮ ਦਾ ਘੁਸਮੁਸਾ ਹੋ ਚੁੱਕਾ ਸੀ। ਕਮਰਿਆਂ ਵਿਚ ਜਾਣ ਤੋਂ ਪਹਿਲਾਂ ਹੀ ਸਭ ਨੂੰ ਕਹਿ ਦਿੱਤਾ ਗਿਆ ਕਿ ਫਟਾਫਟ ਹਵਾਈ ਅੱਡੇ ਪਹੁੰਚਣ ਦੀ ਤਿਆਰੀ ਕਰੋ। ਕਮਰਿਆਂ ਵਿਚ ਜਾ ਕੇ ਦੇਖਿਆ ਤਾਂ ਬੀਅਰ ਫੈਕਟਰੀ ਵਾਲਿਆਂ ਨੇ ਹਰ ਕਮਰੇ ਵਿਚ ਸੁਗਾਤ ਵਜੋਂ ਇਕ-ਇਕ ਪੇਟੀ ਬੀਅਰ ਰਖਵਾਈ ਹੋਈ ਸੀ।

ਉਸੇ ਸਾਲ, ਭਾਵ 1980 ਵਿਚ ਅਕਤੂਬਰ ਮਹੀਨੇ ਮਧ ਏਸ਼ੀਆ ਦੇ ਚੌਥੇ ਰਾਜ ਕਿਰਗੀਜ਼ੀਆ ਦਾ ਟੂਰ ਬਣ ਗਿਆ। ਪੱਤਰਕਾਰ ਮੰਡਲੀ ਨੇ 25 ਤਾਰੀਖ ਸ਼ਾਮ ਨੂੰ ਕਿਰਗੀਜ਼ੀਆ ਦੀ ਰਾਜਧਾਨੀ ਫਰੂੰਜ਼ੇ ਦੇ ਅਲਾਤੂ ਹੋਟਲ ਵਿਚ ਜਾ ਡੇਰਾ ਲਾਇਆ। ਹੋਟਲ ਦੇ ਚਾਰ-ਚੁਫੇਰੇ ਹੀ ਨਹੀਂ, ਸਾਰੇ ਸ਼ਹਿਰ ਵਿਚ ਹਰਿਆਵਲ ਦਾ ਰਾਜ ਸੀ। ਅਗਲੇ ਦਿਨ ਸਵੇਰੇ ਸਭ ਤੋਂ ਪਹਿਲੀ ਮੁਲਾਕਾਤ ਕਿਰਗੀਜ਼ੀਆ ਦੇ ਖੇਤੀ ਮੰਤਰੀ ਆਲਮ ਬੇਗ ਨਾਲ ਉਹਦੇ ਦਫਤਰ ਵਿਚ ਹੋਈ। ਉਸ ਨਾਲ ਬਾਰਾਂ ਹੋਰ ਮੰਤਰੀ ਅਤੇ ਵਿਭਾਗੀ ਮੁਖੀਆਂ ਦਾ ਮੰਡਲ ਬਿਰਾਜਮਾਨ ਸੀ। ਸਭ ਨੇ ਕਿਰਗੀਜ਼ੀਆ ਦੀ ਸਰਬ-ਪੱਖੀ ਉਨਤੀ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਅਤੇ ਰਿਵਾਜ ਮੁਤਾਬਿਕ ਹਰ ਗੱਲ ਨੂੰ ਪ੍ਰਮਾਣਿਤ ਕਰਨ ਲਈ ਅੰਕੜੇ ਪੇਸ਼ ਕਰਨੇ ਜ਼ਰੂਰੀ ਸਮਝੇ। ਕਿਰਗੀਜ਼ੀਆ ਵਿਚ ਪਾਣੀ ਦੇ ਵਸੀਲੇ ਵੀ ਹਨ ਤੇ ਉਥੇ ਵੱਡੇ-ਵੱਡੇ ਸਿੰਜਾਈ ਪ੍ਰੋਜੈਕਟ ਉਸਾਰੇ ਗਏ ਸਨ। ਦੱਸਿਆ ਗਿਆ ਕਿ 65 ਫ਼ੀਸਦੀ ਜ਼ਮੀਨ ਸਿੰਜਾਈ ਹੇਠ ਸੀ।

ਕਰਨਜੀਤ ਨੂੰ ਯਾਦ ਹੈ, ਮੇਜ਼ ਉਤੇ ਵੱਡੀਆਂ-ਵੱਡੀਆਂ ਰਸੀਆਂ ਪੱਕੀਆਂ ਸੁਨਹਿਰੀ ਰੰਗ ਦੀਆਂ ਨਾਸ਼ਪਾਤੀਆਂ ਦੇਖ ਕੇ ਮਨਚੰਦੇ ਨੇ ਆਖਿਆ ਸੀ, "ਇਹੋ ਜਿਹੀਆਂ ਨਾਸ਼ਪਾਤੀਆਂ ਮਾਸਕੋ ਵਿਚ ਨਹੀਂ ਮਿਲਦੀਆਂ?"

"ਜਦੋਂ ਸਾਡੇ ਕੋਲ ਫਾਲਤੂ ਹੋਣਗੀਆਂ, ਮਾਸਕੋ ਵਾਲਿਆਂ ਨੂੰ ਭੇਜਾਂਗੇ।" ਮੰਤਰੀ ਨੇ ਆਖਿਆ ਸੀ।

ਕਰਨਜੀਤ ਨੂੰ ਮਹਿਸੂਸ ਹੋਇਆ ਕਿ ਉਸ ਨੇ ਆਖਿਆ ਹੈ: 'ਜਦੋਂ ਕਿਰਗੀਜ਼ੀਆ ਕੋਲ ਫਾਲਤੂ ਹੋਣਗੀਆਂ, ਰੂਸੀਆਂ ਨੂੰ ਭੇਜਾਂਗੇ।' ਇਸ ਕਿਸਮ ਦੇ ਜਾਤੀਗਤ ਵਿਤਕਰੇ ਵਖਰੇਵੇਂ ਦੀ ਨਪੀ-ਘੁਟੀ ਸੁਰ ਕਦੇ-ਕਦੇ ਪਹਿਲਾਂ ਵੀ ਕਰਨਜੀਤ ਮਹਿਸੂਸ ਕਰਦਾ ਰਿਹਾ ਸੀ, ਖਾਸ ਕਰ ਯਹੂਦੀਆਂ ਬਾਰੇ।

28 ਅਕਤੂਬਰ ਨੂੰ ਇਸ਼ਕ-ਅੱਤਾ ਸੈਨੀਟੋਰੀਅਮ ਦੇਖਣ ਗਏ ਤਾਂ ਜ਼ਿਲ੍ਹਾ ਪਾਰਟੀ ਸਕੱਤਰ ਅਬਦੁਲ ਕਾਦਰ ਕਿਨੇਸਰੀਏਵ ਨੇ ਜਦੋਂ ਆਖਿਆ, "ਤਰੱਕੀ ਦੇ ਅੰਕੜੇ ਅਤੇ ਅਮਲੇ-ਫੈਲੇ ਦੇ ਨਾਮ ਯਾਦ ਰੱਖਣਾ ਚੰਗੇ ਪ੍ਰਬੰਧਕ ਦਾ ਵੱਡਾ ਗੁਣ ਹੁੰਦਾ ਹੈ।" ਤਾਂ ਕਰਨਜੀਤ ਨੂੰ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਦਾ ਚੇਤਾ ਆ ਗਿਆ ਸੀ ਜਿਸ ਨੂੰ ਤਹਿਸੀਲ ਹੈਡਕੁਆਰਟਰ ਤੱਕ ਦੇ ਸਰਕਾਰੀ ਕਰਮਚਾਰੀਆਂ ਦੇ ਨਾਂ ਹੀ ਨਹੀਂ ਸਗੋਂ ਪੂਰਾ ਸਜ਼ਰਾ ਵੀ ਜ਼ਬਾਨੀ ਯਾਦ ਹੁੰਦਾ ਸੀ। ਪਹਾੜੀ ਚੋਟੀ 'ਤੇ ਸੰਘਣੇ ਰੁੱਖਾਂ ਦੇ ਜੰਗਲ ਵਿਚ ਬਣਿਆ ਇਹ ਸੈਨੀਟੋਰੀਅਮ 1919 ਵਿਚ ਬਣਿਆ ਸੀ। ਗਰਮ ਰਸਾਇਣੀ ਪਾਣੀ ਦਾ ਚਸ਼ਮਾ ਕਈ ਰੋਗਾਂ ਦੇ ਇਲਾਜ ਦਾ ਸਾਧਨ ਹੈ। ਇਸ ਪਾਣੀ ਵਿਚ ਸਲਫੇਟ, ਕਲੋਰਾਈਡ, ਸੋਡੀਅਮ, ਮੈਗਨੀਸ਼ੀਆ ਆਦਿ ਤੱਤ ਪ੍ਰਾਪਤ ਹੁੰਦੇ ਹਨ। ਸਿਹਤ ਸਹੂਲਤਾਂ ਤੋਂ ਇਲਾਵਾ ਇਥੇ ਸਭਿਆਚਾਰਕ ਭਵਨ, ਪੁਸਤਕਾਲਾ, ਸਿਨਮਾਘਰ, ਨਾਚ-ਮੰਚ ਆਦਿ ਆਧੁਨਿਕ ਪੱਧਰ ਦੇ ਮਨੋਰੰਜਨ ਸਾਧਨ ਵੀ ਮੌਜੂਦ ਸਨ। ਇਥੇ ਗਰੇਨਾਈਟ ਦੇ ਵੱਡੇ ਪੱਥਰ ਉਤੇ ਬੁੱਧ ਦੀ ਆਕ੍ਰਿਤੀ ਉਕਰੀ ਹੋਈ ਵੀ ਕਰਨਜੀਤ ਹੋਰਾਂ ਦੇਖੀ ਜਿਹੜੀ ਤੀਜੀ ਸਦੀ ਈਸਵੀ ਦੀ ਕਿਰਤ ਦੱਸੀ ਜਾਂਦੀ ਹੈ।

ਕਿਰਗੀਜ਼ ਲੇਖਕ, ਗਲਪਕਾਰ ਅਤੇ ਨਾਟਕਕਾਰ ਕਾਦਰ ਉਮਰਕੁਲੋਵ ਨਾਲ ਕਰਨਜੀਤ ਦੀ ਉਚੇਚੀ ਮੁਲਾਕਾਤ ਦਾ ਪ੍ਰਬੰਧ ਕੀਤਾ ਗਿਆ। ਕਾਦਰ ਨੇ ਦੱਸਿਆ ਕਿ ਸਮਾਜਵਾਦੀ ਇਨਕਲਾਬ ਤੋਂ ਪਹਿਲਾਂ ਕਿਰਗੀਜ਼ ਜ਼ਬਾਨ ਦਾ ਕੋਈ ਲਿਖਤੀ ਸਾਹਿਤ ਨਹੀਂ ਸੀ, ਸਿਰਫ ਲੋਕ ਸਾਹਿਤ ਹੀ ਮੌਜੂਦ ਸੀ ਜਿਸ ਦੀ ਲੰਮੀ ਮੌਖਿਕ ਪਰੰਪਰਾ ਹੈ। ਉਸ ਨੇ ਦੱਸਿਆ: "ਕਿਰਗੀਜ਼ ਵਿਚ 'ਮੱਨਾਸ' ਨਾਂ ਦਾ ਮਹਾਂਕਾਵਿ ਉਡੀਸੀ ਨਾਲੋਂ 16 ਗੁਣਾ ਵੱਡਾ ਹੈ ਜਿਸ ਦੇ 10 ਲੱਖ ਮਿਸਰੇ ਲੋਕਾਂ ਦੇ ਜ਼ਬਾਨੀ ਯਾਦ ਹਨ। ਜਿਵੇਂ ਕਹਾਣੀਆਂ ਸੁਣਾਉਣ ਵਾਲਿਆਂ ਨੂੰ ਦਾਸਤਾਨਗੋ ਆਖਿਆ ਜਾਂਦਾ ਹੈ, 'ਮੱਨਾਸ' ਸੁਣਾਉਣ ਵਾਲੇ ਮੱਨਾਸਚੀ ਅਖਵਾਉਂਦੇ ਹਨ।" ਉਹਦੇ ਕਹਿਣ ਮੁਤਾਬਿਕ, ਆਖਰੀ ਮੱਨਾਸਚੀ ਦੀ ਮੌਤ 12 ਕੁ ਸਾਲ ਪਹਿਲਾਂ ਹੋਈ ਸੀ। ਹੁਣ ਇਹ ਪੁਸਤਕ ਰੂਪ ਵਿਚ ਛਪ ਚੁੱਕਾ ਸੀ। ਉਸ ਨੇ ਇਹ ਵੀ ਦੱਸਿਆ, "ਸੋਵੀਅਤ ਰਾਜ ਨੇ ਉਹਨਾਂ ਨੂੰ ਲਿੱਪੀ ਦਿੱਤੀ ਅਤੇ ਪੜ੍ਹੇ ਲਿਖਿਆਂ ਦੀ ਪਹਿਲੀ ਪੀੜ੍ਹੀ ਨੇ ਅਨੁਵਾਦ ਦਾ ਕੰਮ ਕੀਤਾ ਜੋ ਇਕ ਤਰ੍ਹਾਂ ਸਕੂਲਿੰਗ ਹੀ ਸੀ। ਅੱਜ ਚੰਗੇਜ਼ ਆਇਤਮਾਤੋਵ ਵਰਗੇ ਕਿਰਗੀਜ਼ ਲੇਖਕ ਸੰਸਾਰ ਪ੍ਰਸਿੱਧੀ ਦੇ ਮਾਲਕ ਹਨ।"

ਸਭ ਤੋਂ ਵਧ ਦਿਲਚਸਪ ਅਤੇ ਵਿਲੱਖਣ ਗੱਲ ਇਹ ਪਤਾ ਲੱਗੀ ਕਿ ਕਿਰਗੀਜ਼ ਲੋਕਾਂ ਨੇ ਇਸਲਾਮ ਧਰਮ ਅਖਤਿਆਰ ਤਾਂ ਕਰ ਲਿਆ ਪਰ ਬੁਨਿਆਦੀ ਤੌਰ 'ਤੇ ਖਾਨਾਬਦੋਸ਼ ਹੋਣ ਕਾਰਨ ਸਾਰੇ ਗਣਰਾਜ ਵਿਚ ਇਕ ਵੀ ਮਸਜਿਦ ਨਹੀਂ ਅਤੇ ਉਹ ਸੂਰ ਦਾ ਮਾਸ ਤੱਕ ਵੀ ਖਾ ਲੈਂਦੇ ਹਨ। *(ਸਮਾਪਤ)*

***ਦੋ ਰਾਤਾਂ ਤੁਰਕਿਸਤਾਨ ਵਿਚ ਗੁਜ਼ਾਰਨ ਮਗਰੋਂ ਤੀਜੇ ਦਿਨ ਸਵੇਰੇ ਇਹ ਕਾਫਲਾ ਸਵਖਤੇ ਹੀ ਚਿੰਮਕਿੰਦ ਲਈ ਰਵਾਨਾ ਹੋ ਪਿਆ ਅਤੇ ਜਦੋਂ ਮਹਿਮਾਨਾਂ ਨੂੰ ਤੁਰਕਿਸਤਾਨੀ ਤਹਿਸੀਲ ਦੀ ਹੱਦ ਪਾਰ ਕਰਾਉਣ ਦਾ ਵਕਤ ਨੇੜੇ ਆਇਆ ਤਾਂ ਮੇਜ਼ਬਾਨਾਂ ਨੇ ਗੱਡੀਆਂ ਰੁਕਵਾ ਲਈਆਂ। ਇਕ ਗੱਡੀ ਵਿਚੋਂ ਚਿੱਟੀਆਂ ਚਾਦਰਾਂ ਕੱਢ ਕੇ ਮੈਦਾਨ ਵਿਚ ਘਾਹ 'ਤੇ ਵਿਛਾਈਆਂ ਤੇ ਨਾਸ਼ਤੇ ਦਾ ਸਾਰਾ ਸਾਮਾਨ ਕਢਵਾ ਕੇ ਦਸਤਰਖਾਨ 'ਤੇ ਰਖਵਾ ਦਿੱਤਾ ਤੇ ਨਾਲ ਵੋਦਕਾ ਦੀਆਂ ਬੋਤਲਾਂ ਤੇ ਗਲਾਸ ਟਿਕਾ ਦਿੱਤੇ। ਕੋਈ ਇਕ ਘੰਟਾ ਅਲਵਿਦਾਈ ਜਾਮ ਪੇਸ਼ ਹੁੰਦੇ ਰਹੇ। ਰਸਤੇ ਵਿਚ ਸਾਂਝੇ ਫਾਰਮ ਵਿਚ ਥੋੜ੍ਹੀ ਦੇਰ ਰੁਕੇ। ਜਦੋਂ ਫਾਰਮ ਦਾ ਗੇੜਾ ਲਾ ਹਟੇ ਤਾਂ ਡਾਇਰੈਕਟਰ ਨੇ ਐਲਾਨ ਕੀਤਾ ਕਿ ਉਸ ਵੇਲੇ ਜ਼ਮੀਨ ਦੇ ਜਿਸ ਹਿੱਸੇ ਨੂੰ ਕਾਮੇ ਵਾਹੀ ਹੇਠ ਲਿਆ ਰਹੇ ਸਨ, ਇਸ ਦਾ ਨਾਂ 'ਹਿੰਦੁਸਤਾਨ' ਰੱਖ ਦਿੱਤਾ ਗਿਆ ਹੈ। ਇਥੇ ਦੁਪਹਿਰ ਦੇ ਖਾਣੇ ਦਾ ਇੰਤਜ਼ਾਮ ਕੀਤਾ ਗਿਆ ਸੀ। ਫੇਰ ਉਹੀ ਟੋਸਟ ਤੇ ਜਾਮ ਅਤੇ ਅਖੀਰ ਸੁਗਾਤਾਂ ਦਾ ਵਟਾਂਦਰਾ। ਬੜੇ ਖੂਬਸੂਰਤ ਲਾਲ ਰੰਗ ਦੇ ਪਲੱਸ਼ ਦੇ ਗਾਊਨ ਤੇ ਨਮਦੇ ਦੀਆਂ ਬਣੀਆਂ ਕਜ਼ਾਖ ਟੋਪੀਆਂ ਜਿਨ੍ਹਾਂ ਦੀ ਸ਼ਕਲ ਰੂਮੀ ਟੋਪੀ ਵਰਗੀ ਸੀ। ਜਦੋਂ ਪੱਤਰਕਾਰ ਮੰਡਲੀ ਚਿੰਮਕਿੰਦ ਆਪਣੇ ਹੋਟਲ ਪਹੁੰਚੀ ਤਾਂ ਸ਼ਾਮ ਦਾ ਘੁਸਮੁਸਾ ਹੋ ਚੁੱਕਾ ਸੀ।***

# ਕੀ ਹੈ ਗੁਰਮੁਖੀ ਦੀ ਗਾਥਾ

***ਪੰਜਾਬੀ ਲਿਖਣ ਲਈ ਅੱਜ ਭਾਵੇਂ ਚਾਰ-ਚਾਰ ਲਿਪੀਆਂ (ਗੁਰਮੁਖੀ, ਸ਼ਾਹਮੁਖੀ, ਦੇਵਨਾਗਰੀ ਤੇ ਰੋਮਨ) ਦਾ ਇਸਤੇਮਾਲ ਕੀਤਾ ਜਾ ਸਕਦਾ ਹੈ ਪਰ ਭਾਸ਼ਾ ਵਿਗਿਆਨੀਆਂ ਦਾ ਆਖਣਾ ਹੈ ਕਿ ਉਚਾਰਨ ਅਤੇ ਹੋਰ ਕਈ ਪੱਖਾਂ ਤੋਂ ਗੁਰਮੁਖੀ ਲਿਪੀ, ਪੰਜਾਬੀ ਲਈ ਸਭ ਤੋਂ ਬਿਹਤਰ ਲਿਪੀ ਹੈ। ਇਸ ਲੇਖ ਵਿਚ ਵਿਕਰਮਜੀਤ ਸਿੰਘ ਤਿਹਾੜਾ ਨੇ ਗੁਰਮੁਖੀ ਦੇ ਸਫਰ ਬਾਰੇ ਚਰਚਾ ਕੀਤੀ ਹੈ।***

## ਕਲਾ ਪਰਿਕਰਮਾ

**ਵਿਕਰਮਜੀਤ ਸਿੰਘ ਤਿਹਾੜਾ**
ਫੋਨ: +91-98555-34961

ਗੁਰੂ ਸਾਹਿਬਾਨ ਦੀ ਵਰੋਸਾਈ ਗੁਰਮੁਖੀ ਲਿਪੀ ਦਾ ਅਜੋਕੇ ਸਥਾਨ ਤਕ ਪਹੁੰਚਣ ਦਾ ਸਫ਼ਰ ਆਸਾਨ ਨਹੀਂ ਹੈ। ਇਸ ਦਾ ਇਤਿਹਾਸ ਵੀ ਸਿੱਖ ਇਤਿਹਾਸ ਦੀ ਤਰ੍ਹਾਂ ਸਾਹਸ ਭਰਿਆ ਹੈ। ਗੁਰੂ ਸਾਹਿਬਾਨ ਨੇ ਗੁਰਮੁਖੀ ਨੂੰ ਪਿਆਰਿਆ। ਬਿਪਰ ਪ੍ਰਧਾਨ ਪ੍ਰਬੰਧ ਜੋ ਸਦੀਆਂ ਤੋਂ ਲੋਕ ਜ਼ਿਹਨ ਅਤੇ ਜੀਵਨ 'ਤੇ ਗਲਬਾ ਪਾਈ ਬੈਠਾ ਸੀ, ਉਸ ਨੂੰ ਕਿਵੇਂ ਵੀ ਇਹ ਮਨਜ਼ੂਰ ਨਹੀਂ ਸੀ। ਗੁਰਮੁਖੀ ਗੁਰਾਂ ਤੋਂ ਥਾਪੜਾ ਹਾਸਿਲ ਹੋਣ ਕਰਕੇ ਜੂਝਦੀ ਰਹੀ ਅਤੇ ਸਾਧਾਰਨ ਲੋਕ ਵਰਗ ਤਕ ਬਹੁਤ ਤੇਜ਼ੀ ਨਾਲ ਅੱਪੜਦੀ ਰਹੀ ਹੈ। ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਗੁਰਮੁਖੀ ਵੀ ਲੋਕ ਹਿਰਦਿਆਂ ਵਿਚ ਸਥਾਨ ਗ੍ਰਹਿਣ ਕਰਦੀ ਹੈ। ਗੁਰਬਾਣੀ ਜਿਹੀ ਇਲਾਹੀ ਦਾਤ ਅਤੇ ਬਖਸ਼ਿਸ਼ ਆਖ਼ਰ ਪ੍ਰਾਪਤ ਤਾਂ ਇਸੇ ਲਿਪੀ ਵਿਚ ਹੋਈ। ਸਦੀਆਂ ਬਾਅਦ ਸਾਧਾਰਨ ਲੋਕਾਂ ਨੇ ਕੁਝ ਮਹਿਸੂਸ ਕੀਤਾ ਸੀ, ਉਨ੍ਹਾਂ ਰੂਹਾਨੀਅਤ ਦੀਆਂ ਨਿੱਘੀਆਂ-ਕੋਮਲ ਰਮਜ਼ਾਂ ਨੂੰ ਜਾਣਿਆ ਤੇ ਜੀਵਨ ਦੇ ਅਰਥਾਂ ਨੂੰ ਵੀ ਸਮਝਿਆ।

ਗੁਰੂ ਸਾਹਿਬਾਨ ਵੱਲੋਂ ਸਥਾਪਿਤ ਕੇਂਦਰਾਂ- ਕਰਤਾਰਪੁਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਅੰਮ੍ਰਿਤਸਰ ਸਾਹਿਬ, ਆਨੰਦਪੁਰ ਸਾਹਿਬ, ਦਮਦਮਾ ਸਾਹਿਬ ਆਦਿ ਵਿਖੇ ਸਿੱਖ ਧਰਮ ਨੂੰ ਸਥਾਪਿਤ ਕਰਨ ਲਈ ਹੋਰ ਬਹੁਤ ਅਹਿਮ ਕਾਰਜ ਕੀਤੇ ਗਏ। ਇਸ ਦੇ ਨਾਲ ਹੀ ਗੁਰਮੁਖੀ ਲਈ ਵਿਸ਼ੇਸ਼ ਉਪਰਾਲੇ ਵੀ ਹੋਏ। ਇਨ੍ਹਾਂ ਸਥਾਨਾਂ 'ਤੇ ਪਹੁੰਚਣ ਵਾਲਾ ਜਗਿਆਸੂ ਗੁਰਮੁਖੀ ਦੀ ਦਾਤ ਵੀ ਹਾਸਿਲ ਕਰਦਾ। ਜਲਦੀ ਹੀ ਗੁਰਮੁਖੀ ਦੇ ਬਹੁਤ ਸਾਰੇ ਲਿਖਾਰੀ ਪੈਦਾ ਹੋ ਗਏ। ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸੰਸਥਾਵਾਂ ਜਿਵੇਂ ਮੰਜੀ ਅਤੇ ਮਸੰਦਾਂ ਦੀ ਸੰਸਥਾ ਨੇ ਗੁਰਮੁਖੀ ਨੂੰ ਦੂਰ-ਦੁਰੇਡੇ ਤਕ ਪਹੁੰਚਾਇਆ। ਬਿਪਰ ਦੀ ਕੈਦ ਤੋਂ ਮੁਕਤ ਹੋਣ ਲਈ ਹਰ ਮਨੁੱਖ ਚਾਅ ਨਾਲ ਗੁਰਮੁਖੀ ਸਿੱਖਦਾ ਅਤੇ ਗੁਰਾਂ ਦੀ ਇਲਾਹੀ ਬਾਣੀ ਨਾਲ ਜੁੜਦਾ।

ਗੁਰਮੁਖੀ ਉਨ੍ਹਾਂ ਲੋਕਾਂ ਲਈ ਜੀਣ-ਥੀਣ ਦਾ ਸਵਾਲ ਸੀ ਅਤੇ ਅੱਜ ਵੀ ਹੈ। ਗੁਰਾਂ ਦੇ ਨਾਂ 'ਤੇ ਜਿਊਂਦੇ ਪੰਜਾਬ ਦੀ ਗਾਥਾ ਗੁਰਮੁਖੀ ਲਿਪੀ ਨੇ ਸਿਰਜੀ। ਗੁਰਮੁਖੀ ਰਾਹੀਂ ਗੁਰਬਾਣੀ ਘਰ-ਘਰ ਤਕ ਪਹੁੰਚ ਰਹੀ ਸੀ ਅਤੇ ਅਜਿਹਾ ਮਹਾਨ ਇਤਿਹਾਸ ਸਿਰਜਿਆ ਗਿਆ ਕਿ ਗੁਰੂ ਕੇ ਸਿੱਖਾਂ ਦੀਆਂ ਬਾਤਾਂ ਘਰ-ਘਰ ਹੋਣ ਲੱਗੀਆਂ। ਇਸ ਧਰਤੀ ਦੇ ਜਾਇਆਂ ਨੇ ਗੁਰੂ ਨਾਨਕ ਦੇਵ ਜੀ ਵੱਲੋਂ ਬਖਸ਼ਿਸ਼ 'ਪਾਤਿਸ਼ਾਹੀ' ਦੇ ਦਾਅਵੇ ਨਾਲ ਇਸ ਧਰਤੀ 'ਤੇ ਮਿਸਾਲਾਂ ਕਾਇਮ ਕੀਤੀਆਂ। ਗੁਰੂ ਦਾ ਖਾਲਸਾ ਜੰਗਲਾਂ, ਬੇਲਿਆਂ ਵਿਚ ਗੁਜ਼ਾਰੇ ਕਰਦਾ ਵੀ ਚੜ੍ਹਦੀ ਕਲਾ ਵਿਚ ਰਿਹਾ। ਘੋੜਿਆਂ ਦੀਆਂ ਕਾਠੀਆਂ 'ਤੇ ਰਹਿੰਦੇ ਹੋਏ ਖਾਲਸੇ ਨੇ 'ਚੜ੍ਹਦੀ ਕਲਾ' ਵਾਲੇ ਖਾਲਸਈ ਬੋਲੇ ਸਿਰਜੇ। ਜੰਗ ਵਿਚ ਜੂਝਣ ਵਾਲਾ ਸਿੱਖ ਭਾਵੇਂ ਕਿਸੇ ਵੀ ਉਦੇਸ਼ ਨਾਲ ਲੜ ਰਿਹਾ ਸੀ ਪਰ ਜਦੋਂ ਉਹ ਪੰਜਾਬ ਅਤੇ ਇਸ ਧਰਤੀ ਦੀ ਹੋਂਦ, ਪਛਾਣ ਲਈ ਲੜ ਰਿਹਾ ਸੀ ਤਾਂ ਅਸਿੱਧੇ ਤੌਰ 'ਤੇ ਗੁਰਮੁਖੀ ਲਈ ਵੀ ਲੜ ਰਿਹਾ ਸੀ।

ਸਿੱਖ ਸੰਪਰਦਾਵਾਂ ਨਾਲ ਸਬੰਧਿਤ ਸਾਧੂਆਂ ਨੇ ਗੁਰਮੁਖੀ ਨੂੰ ਹਿੰਦੋਸਤਾਨ ਦੇ ਕੋਨੇ-ਕੋਨੇ ਤਕ ਪਹੁੰਚ ਦਿੱਤਾ। ਆਮ ਲੋਕਾਂ ਦੇ ਘਰਾਂ ਤਕ ਪਹੁੰਚ ਕੇ 'ਵਾਹਿਗੁਰੂ' ਦਾ ਆਵਾਜ਼ਾ ਦਿੰਦੇ ਹੋਏ ਗੁਰਮੁਖੀ ਦਾ ਬੀਜ ਅਗਲੇ ਦੀ ਝੋਲੀ ਪਾ ਆਉਂਦੇ। ਗੁਰਮੁਖੀ ਦੇ ਬੂਟੇ ਥਾਂ-ਥਾਂ ਲੱਗਦੇ ਗਏ ਅਤੇ ਇਨ੍ਹਾਂ ਦੀ ਛਾਂ ਹੇਠ ਪਲਣ ਵਾਲੇ ਜ਼ਾਲਮ ਹਕੂਮਤਾਂ ਅੱਗੇ ਹਿੱਕ ਡਾਹ ਕੇ ਜੂਝਦੇ ਰਹੇ। ਖਾਲਸਾ ਰਾਜ (1849 ਈਸਵੀ) ਦੀ ਸਮਾਪਤੀ ਤੋਂ ਬਾਅਦ ਬਰਤਾਨਵੀ ਹਕੂਮਤ ਸਮੇਂ ਅਤੇ ਉਸ ਤੋਂ ਬਾਅਦ ਵੀ ਵੱਡੀ ਗਿਣਤੀ ਵਿਚ ਪੰਜਾਬੀ ਲੋਕ ਦੁਨੀਆ ਦੇ ਵੱਖ-ਵੱਖ ਖਿੱਤਿਆਂ ਵਿਚ ਚਲੇ ਗਏ। ਸਮੁੰਦਰਾਂ ਪਾਰ ਜਾਂਦੇ ਮੁਸਾਫ਼ਰ ਬਣੇ ਪੰਜਾਬੀਆਂ ਨਾਲ ਗੁਰਮੁਖੀ ਨੇ ਵੀ ਨਵੀਆਂ ਧਰਤੀਆਂ 'ਤੇ ਪੈਰ ਪਸਾਰੇ। ਜਿੱਥੇ ਜਿੱਥੇ ਵੀ ਪੰਜਾਬ ਦੇ ਜਾਏ ਗਏ, ਗੁਰਮੁਖੀ ਵੀ ਉੱਥੇ-ਉੱਥੇ ਉਨ੍ਹਾਂ ਨਾਲ ਹੀ ਜਾਂਦੀ ਗਈ। ਮੁੱਢਲੇ ਸਮਿਆਂ ਵਿਚ ਚਾਹੇ ਉਨ੍ਹਾਂ ਨੂੰ ਆਪਣੀ ਹੋਂਦ, ਪਛਾਣ, ਧਰਮ ਆਦਿ ਲਈ ਬਹੁਤ ਸੰਘਰਸ਼ ਕਰਨਾ ਪਿਆ, ਫਿਰ ਵੀ ਮੁਖ ਗੁਰੂ ਵੱਲ ਹੀ ਰਹੇ। ਪੰਜਾਬ ਦੇ ਜਾਏ ਨਿੱਤ ਦੀਆਂ ਮੁਹਿੰਮਾਂ ਦੇ ਆਦੀ ਸਨ ਅਤੇ ਜੂਝਦੇ ਰਹੇ। ਗੁਰਮੁਖੀ ਪ੍ਰਤੀ ਉਨ੍ਹਾਂ ਦਾ ਪਿਆਰ, ਜਜ਼ਬਾਤ ਅਤੇ ਭਾਵਨਾ ਉਨ੍ਹਾਂ ਵੱਲੋਂ ਵਤਨੀ ਪਾਈਆਂ ਚਿੱਠੀਆਂ ਵਿਚੋਂ ਪ੍ਰਗਟ ਹੁੰਦੇ। ਆਜ਼ਾਦੀ ਦੀ ਲਹਿਰ ਚੱਲੀ ਤਾਂ ਗੁਰਮੁਖੀ ਅੱਖਰਾਂ ਵਿਚ ਪਰਚੇ ਨਿਕਲਣ ਲੱਗੇ। ਇਨ੍ਹਾਂ ਪਰਚਿਆਂ ਦੀ ਗੂੰਜ ਅੰਗਰੇਜ਼ਾਂ ਹਕੂਮਤ ਨੂੰ ਕੰਬਣੀ ਛੇੜ ਦਿੰਦੀ ਰਹੀ। ਗੁਰਮੁਖੀ ਦੇ ਜਾਏ ਮੂਹਰੇ ਹੋ ਕੇ ਜੂਝੇ ਅਤੇ ਸ਼ਹਾਦਤਾਂ ਦਿੱਤੀਆਂ।



> ***ਗੁਰਾਂ ਦੇ ਨਾਂ 'ਤੇ ਜੀਣ ਵਾਲਾ ਪੰਜਾਬ ਗੁਰਮੁਖੀ ਦੀ ਲੋਰੀ ਨਾਲ ਵੱਡਾ ਹੁੰਦਾ ਅਤੇ ਗੁਰਾਂ ਦੀ ਬਾਣੀ ਦੀ ਗੁੜ੍ਹਤੀ ਨਾਲ ਹੀ ਪਲਦਾ ਹੈ। ਮਹਾਨ ਇਤਿਹਾਸ ਅਤੇ ਵਿਰਸੇ ਦੇ ਮਾਲਕ ਗੁਰਮੁਖੀ ਬਾਝੋਂ ਕੱਖਾਂ ਤੋਂ ਵੀ ਹੌਲੇ ਹਨ। ਇਸ ਲਈ ਲੋੜ ਹੈ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਗੁਰਮੁਖੀ ਅੱਖਰਾਂ ਦਾ ਗਹਿਣਾ ਪਹਿਨਾਈਏ...। ਫਿਰ ਭਾਵੇਂ ਤੱਤੀਆਂ ਹਵਾਵਾਂ ਵੀ ਕਿਉਂ ਨਾ ਵਗਣ... ਗੁਰਮੁਖੀ ਦੇ ਬੂਟੇ ਦੀ ਹਰਿਆਵਲ ਸਦਾ ਬਰਕਰਾਰ ਰਹੇਗੀ।***

ਭਾਰਤ ਆਜ਼ਾਦ ਹੋਇਆ ਪਰ ਪੰਜਾਬ ਵੰਡਿਆ ਗਿਆ। 1947 ਦੀ ਵੰਡ ਤੋਂ ਬਾਅਦ ਵੀ ਵਾਰ-ਵਾਰ ਵੰਡਿਆ ਗਿਆ। ਇਸ ਵੰਡ ਦਾ ਸੰਤਾਪ ਜਿੱਥੇ ਲੱਖਾਂ ਲੋਕਾਂ ਨੇ ਭੁਗਤਿਆ, ਉੱਥੇ ਗੁਰਮੁਖੀ ਨੇ ਵੀ ਭੁਗਤਿਆ। ਘਰ-ਬਾਰ ਛੱਡ, ਜਾਨਾਂ ਗੁਆਉਂਦੇ, ਲੁਟਾਉਂਦੇ ਪੰਜਾਬੀਆਂ ਕੋਲ ਇੱਕੋ ਸਵਾਲ ਸੀ ਕਿ ਪੰਜਾਬ ਉਨ੍ਹਾਂ ਲਈ ਪਰਾਇਆ ਕਿਵੇਂ ਹੋ ਸਕਦਾ ਹੈ। ਪੰਜ-ਆਬਾਂ ਦੀ ਧਰਤੀ ਦੇ ਪਾਣੀ ਕਿਵੇਂ ਵੰਡੇ ਜਾ ਸਕਦੇ ਹਨ ਅਤੇ ਕਿਵੇਂ ਰੂਹ ਸਰੀਰ ਤੋਂ ਵਿਛੜ ਸਕਦੀ ਹੈ। ਬਹੁਤ ਸਾਰੇ ਲੋਕਾਂ ਨੇ ਆਪਣੀ ਧਰਤੀ ਨੂੰ ਚੁਣਿਆ ਅਤੇ ਆਪਣੀ ਮਿੱਟੀ ਵਿਚ ਸਮਾ ਗਏ। ਪੰਜਾਬ ਸਿਆਸਤ ਦੀ ਭੇਟ ਚੜ੍ਹ ਗਿਆ। ਵੰਡ ਤੋਂ ਬਾਅਦ ਲਹਿੰਦੇ ਪੰਜਾਬ ਤੋਂ ਗੁਰਮੁਖੀ ਜਿਵੇਂ ਜੁਦਾ ਹੋ ਗਈ ਹੋਵੇ। ਉਂਜ, ਚੜ੍ਹਦੇ ਪੰਜਾਬ ਵਿਚ ਵੀ ਗੁਰਮੁਖੀ ਦਾ ਹਾਲ ਕੋਈ ਬਿਹਤਰ ਨਾ ਰਿਹਾ। ਅਜੇ ਵੰਡ ਦੇ ਜ਼ਖਮਾਂ 'ਤੇ ਬੂਰ ਵੀ ਨਹੀਂ ਆਇਆ ਸੀ ਕਿ ਪੰਜਾਬੀ ਸੂਬੇ ਲਈ ਮੋਰਚਾ ਲੱਗ ਗਿਆ। ਚੜ੍ਹਦਾ ਪੰਜਾਬ ਫਿਰ ਵੰਡਿਆ ਗਿਆ। ਗੁਰਮੁਖੀ ਤੋਂ ਬਹੁਤ ਸਾਰੇ ਉਸ ਦੇ ਆਪਣੇ ਹੀ ਮੁਖ ਫੇਰ ਗਏ। ਭੈੜੀ ਸਿਆਸਤ ਦੀ ਗ੍ਰਿਫ਼ਤ ਵਿਚ ਆਏ ਲੋਕ ਇੱਕ ਦੂਜੇ ਲਈ ਬੇਗਾਨੇ ਹੋ ਗਏ। ਗੁਰਮੁਖੀ ਦੇ ਪਿਆਰ ਭਰੇ ਰਿਸ਼ਤੇ ਨੂੰ ਦਫ਼ਨਾ ਦਿੱਤਾ। ਗੁਰਮੁਖੀ ਤੋਂ ਬੇਮੁਖ ਹੋ ਅੰਗਰੇਜ਼ੀ-ਹਿੰਦੀ ਅਤੇ ਹੋਰ ਭਾਸ਼ਾਵਾਂ ਅਪਣਾਉਣ ਦੀ ਦੌੜ ਚੱਲ ਪਈ।

ਨੌਕਰੀਆਂ, ਸਟੇਟਸਾਂ ਅਤੇ ਆਪਣੇ ਆਪ ਨੂੰ ਅਗਾਂਹਵਧੂ ਸਾਬਤ ਕਰਨ ਦੀ ਦੌੜ ਨੇ ਗੁਰਮੁਖੀ ਲਈ ਘਰਾਂ ਵਿਚ ਰਹਿਣਾ ਵੀ ਔਖਾ ਕਰ ਦਿੱਤਾ ਹੈ। ਦਫ਼ਤਰਾਂ ਵਿਚ ਤਾਂ ਸ਼ਹਿਰੀ ਬਾਬੂਆਂ ਅਤੇ ਪਰਵਾਸੀਆਂ ਦੇ ਪ੍ਰਭਾਵ ਨੇ ਪਹਿਲਾਂ ਹੀ ਕਾਰਾ ਕਰ ਦਿੱਤਾ ਸੀ। ਸਕੂਲਾਂ ਵਿਚ ਪੜ੍ਹਦੇ ਬੱਚਿਆਂ ਨੂੰ ਜਦੋਂ ਪੰਜਾਬੀ ਬੋਲਣ 'ਤੇ ਜੁਰਮਾਨਾ ਲੱਗਦਾ ਹੈ ਤਾਂ ਸੋਚਦਾ ਹਾਂ, ਗੁਰਮੁਖੀ ਦੇ ਜਾਏ ਗੁਰਮਖੀ ਬਿਨਾ ਕਿਵੇਂ ਜੀਅ ਸਕਣਗੇ? ਇਹ ਤਾਂ ਭਵਿੱਖ ਦਾ ਸਵਾਲ ਹੈ ਪਰ ਇਸ ਦਾ ਜਵਾਬ ਨਿਸ਼ਚਿਤ ਇਹੀ ਹੈ ਕਿ ਇਹੀ ਅੰਤ ਹੋਵੇਗਾ।

ਗੁਰਾਂ ਦੇ ਨਾਂ 'ਤੇ ਜੀਣ ਵਾਲਾ ਪੰਜਾਬ ਗੁਰਮੁਖੀ ਦੀ ਲੋਰੀ ਨਾਲ ਵੱਡਾ ਹੁੰਦਾ ਅਤੇ ਗੁਰਾਂ ਦੀ ਬਾਣੀ ਦੀ ਗੁੜ੍ਹਤੀ ਨਾਲ ਹੀ ਪਲਦਾ ਹੈ। ਮਹਾਨ ਇਤਿਹਾਸ ਅਤੇ ਵਿਰਸੇ ਦੇ ਮਾਲਕ ਗੁਰਮੁਖੀ ਬਾਝੋਂ ਕੱਖਾਂ ਤੋਂ ਵੀ ਹੌਲੇ ਹਨ। ਇਸ ਲਈ ਲੋੜ ਹੈ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਗੁਰਮੁਖੀ ਅੱਖਰਾਂ ਦਾ ਗਹਿਣਾ ਪਹਿਨਾਈਏ...। ਫਿਰ ਭਾਵੇਂ ਤੱਤੀਆਂ ਹਵਾਵਾਂ ਵੀ ਕਿਉਂ ਨਾ ਵਗਣ... ਗੁਰਮੁਖੀ ਦੇ ਬੂਟੇ ਦੀ ਹਰਿਆਵਲ ਸਦਾ ਬਰਕਰਾਰ ਰਹੇਗੀ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 15 ਅਕਤੂਬਰ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-555



**ਨੂੰਹ ਰਾਣੀ ਤਾਂ ਡਿਨਰ ਬਣਾਵੇ ਸੱਸ ਕਰਦੀ ਏ ਪਾਠ**
**ਦਾਦੀ ਦੀ ਗੋਦੀ ਵਿਚ ਬੈਠਾ ਪੋਤਾ ਬਣ ਕੇ ਰਾਠ!**

## ਕੈਪਸ਼ਨ ਮੁਕਾਬਲਾ-553



ਖਿੜੀਆਂ ਕਪਾਹਾਂ ਵੇਖ ਕੇ,
ਖਿੜ ਗਈਆਂ ਵਰਾਛਾਂ,
ਲਗਦੈ ਪੂਰੀਆਂ ਹੋਣੀਆਂ
ਹੁਣ ਮਨ ਦੀਆਂ ਆਸਾਂ।
ਹਿੰਮਤ ਕਰ ਕੇ ਚਿੱਟਾ ਸੋਨਾ
ਸਾਂਭਿਆ ਜਾਏ,
ਹੱਲਾ ਕਿਸੇ ਕਰੋਪੀ ਦਾ
ਕਿਤੇ ਬੋਲ ਨਾ ਜਾਏ।
ਸਕੀਮਾਂ ਰਹਿ ਨਾ ਜਾਣ
ਕਿਤੇ ਧਰੀਆਂ ਧਰਾਈਆਂ,
ਘਰ ਦਾ ਕੰਮ ਨਿਬੇੜ
ਚੁਗਣ ਮੁਟਿਆਰਾਂ ਆਈਆਂ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦੁਰ ਨਗਰ ਬਠਿੰਡਾ।***
***ਫੋਨ: 94176-49275***

---

ਚਿੱਟੀਆਂ ਕਪਾਹ ਦੀਆਂ ਫੁੱਟੀਆਂ
ਖਿੜ ਟੀਂਡਿਉਂ ਬਾਹਰ ਆਵਣ।
ਨਾਲ ਤਾਰਿਆਂ ਸਜਿਆ ਜਾਪੇ
ਖੇਤ ਤਾਈਂ ਅਸਮਾਨ ਬਨਾਵਣ।
ਸ਼ਹਿਰਨ ਕੁੜੀਆਂ ਵੀ ਖਿੜ ਗਈਆਂ
ਚੋਗੀਆਂ ਬਣ ਤਸਵੀਰ ਖਿਚਾਵਣ।
***-ਜਗਮੀਤ ਸਿੰਘ ਪੰਧੇਰ***
***ਫੋਨ: 204-296-3177***

---

ਫੋਟੋ ਸੈਸ਼ਨ ਚਲਦੇ ਰਹਿਣ
ਲੀਡਰਾਂ ਅਤੇ ਕਲਾਕਾਰਾਂ ਦੇ।
ਫੈਸ਼ਨਾਂ ਨੇ ਪੱਟੀ ਦੁਨੀਆਂ,
ਫਸਲਾਂ 'ਤੇ ਬਹਾਰਾਂ ਨੇ।
ਬੰਦਿਆਂ ਵਾਂਗੂੰ ਮੌਸਮ ਬਦਲੇ,
ਵੱਟ ਉਤੇ ਜ਼ਿਮੀਂਦਾਰਾਂ ਨੇ
ਕੰਕ ਮਰ ਕੇ ਕੋਈ ਰਾਜ਼ੀ ਨੀਂ
ਗਲ ਪਏ ਰਹਿਣ ਸਰਕਾਰਾਂ ਦੇ।
**-ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂ (ਪਟਿਆਲਾ)**
***ਫੋਨ: 98784-69639***

---

ਸ਼ੌਂਕ ਭਾਵੇਂ ਫੋਟੋ ਲਈ ਹੀ ਹੋਵੇ
ਪਰ ਹਕੀਕਤ ਹੈ,
ਖਿੜੀ ਹੋਵੇ ਕਪਾਹ ਦੀ ਫੁੱਟੀ
ਪੈ ਰਹੀ ਹੋਵੇ ਸੂਰਜ ਦੀ ਕਿਰਨ
ਇਕ ਵੱਖਰਾ ਹੀ ਹੈ ਨਜ਼ਾਰਾ।
ਚੁਗ ਰਹੀ ਸੁਆਣੀ,
ਹੱਥ ਪਾਉਂਦੀ ਜਦ ਫੁੱਟੀ ਨੂੰ
ਭਰੀ ਹੋਈ ਵਿਚੋਂ ਵੜੇਵਿਆਂ ਨਾਲ
ਸੰਭਲ ਸੰਭਲ ਰੱਖਦੀ ਝੋਲੀ 'ਚ
ਮਹਿਸੂਸ ਕਰਦੀ ਨਰਮ ਨਰਮ ਛੋਹ
ਨਾਲ ਤਾਅਨਾ ਵੀ ਹੈ ਨਣਾਨ ਨੂੰ
ਕਹੀਂ ਵੀਰੇ ਨੂੰ
'ਖਿੜਿਆ ਰਹੇ ਕਪਾਹ ਦੀ ਫੁੱਟੀ ਵਾਂਗ'।
***-ਦਰਸ਼ਨ ਪਾਲ ਦੋਸਾਂਝ***

*To Advertise with Punjab Times Call:*
**847-359-0746**
*E-mail:punjabtimes1@gmail.com*
*Visit us on the web:www.punjabtimesusa.com*

# ਧੰਨੁ ਧੰਨੁ ਰਾਮਦਾਸ ਗੁਰੁ

**ਪ੍ਰਕਾਸ਼ ਪੁਰਬ ਨੂੰ ਸਮਰਪਿਤ**

15ਵੀਂ ਸਦੀ ਵਿਚ ਉੱਭਰਿਆ ਸਿੱਖ ਧਰਮ ਨਵੀਨ ਅਤੇ ਵਿਲੱਖਣ ਕਦਰਾਂ-ਕੀਮਤਾਂ ਦਾ ਤਰਜ਼ਮਾਨ ਰਿਹਾ ਹੈ। ਇਸ ਦੇ ਰਹਿਬਰਾਂ ਨੇ ਜਿੱਥੇ ਸਦੀਵੀਂ ਤੌਰ 'ਤੇ ਉਸ ਮਾਲਕ ਨੂੰ ਹਿਰਦੇ ਵਿਚ ਵਸਾਉਣ ਦੀ ਗੱਲ ਕੀਤੀ ਹੈ ਉਥੇ ਕਿਰਤ ਨੂੰ ਵਡਿਆਉਂਦਿਆਂ ਹੋਇਆਂ ਇਸ ਨੂੰ ਆਪਸ ਵਿਚ ਵੰਡ ਕੇ ਛਕਣ ਦੀ ਹਾਮੀ ਵੀ ਚੰਗੀ ਤਰ੍ਹਾਂ ਭਰੀ ਹੈ। ਗੁਰੂ ਸਾਹਿਬਾਨ ਨੇ ਆਪੋ-ਆਪਣੇ ਸਮਿਆਂ ਵਿਚ ਕੁਝ ਅਜਿਹੀਆਂ ਕਲਿਆਣਕਾਰੀ ਪਿਰਤਾਂ ਪਾਈਆਂ ਹਨ, ਜੋ ਇਸ ਜਗ ਨੂੰ 'ਸਚੈ ਕੀ ਹੈ ਕੋਠੜੀ' ਮੰਨ ਕੇ ਮਨੁੱਖ ਨੂੰ ਸੱਚਾ ਅਤੇ ਸੁੱਚਾ ਵਿਹਾਰ ਕਰਨ ਲਈ ਪ੍ਰੇਰਦੀਆਂ ਰਹਿੰਦੀਆਂ ਹਨ। ਇਹ ਪਿਰਤਾਂ ਮਨੁੱਖ ਨੂੰ ਅੰਧਕਾਰਮਈ ਪੈਂਡਿਆਂ ਤੋਂ ਮੁੜ ਕੇ ਉਜਿਆਰੇ ਮਾਰਗ ਦਾ ਪਾਂਧੀ ਬਣਾਉਂਦੀਆਂ ਆ ਰਹੀਆਂ ਹਨ।

**ਰਮੇਸ਼ ਬੱਗਾ ਚੋਹਲਾ**
**ਫੋਨ: 94631-32719**

ਸਿੱਖ ਧਰਮ ਵਿਸ਼ੇਸ਼ ਰੂਪ ਵਿਚ ਆਪਸੀ ਮੁਹੱਬਤ, ਸਦਭਾਵਨਾ ਅਤੇ ਸਹਿਣਸ਼ੀਲਤਾ ਵਾਲੀ ਸੁਰ ਪੈਦਾ ਕਰਨ ਵਾਲਾ ਇਕ ਅਜਿਹਾ ਧਰਮ ਹੈ, ਜੋ ਸੰਸਾਰ ਦੇ ਚੋਣਵੇਂ ਧਰਮਾਂ ਵਿਚ ਅਹਿਮ ਸਥਾਨ ਰੱਖਦਾ ਹੈ।

ਇਹ ਧਰਮ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਿਰਧਾਰਤ ਕੀਤੀ ਜੀਵਨ-ਜਾਚ ਅਨੁਸਾਰ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ" ਦੇ ਅਨੁਸਾਰ ਇੱਕੋ (ਨਾਨਕ) ਜੋਤ ਵਿਚੋਂ ਨੌਂ ਗੁਰੂ ਸਾਹਿਬਾਨ ਦੇ ਰਾਹੀਂ ਪ੍ਰਫੁੱਲਿਤ ਹੋਇਆ ਹੈ। ਇਨ੍ਹਾਂ ਗੁਰੂ ਸਾਹਿਬਾਨ ਦੇ ਵਿਸ਼ੇਸ਼ ਉਪਰਾਲਿਆਂ ਸਦਕਾ ਸਿੱਖ ਧਰਮ ਨੇ ਇਕ ਨਵੀਨ ਅਤੇ ਆਦਰ ਪੂਰਵਕ ਜੀਵਨ-ਜੁਗਤ ਜਿਵੇਂ ਭਗਤੀ ਤੋਂ ਸ਼ਕਤੀ ਦਾ ਸੁਮੇਲ, ਵਰਣ ਵੰਡ ਨੂੰ ਰੱਦ ਕਰਨ ਵਾਲੀ ਇਨਕਲਾਬੀ ਸੋਚ, ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੀ ਗੁਰਬਾਣੀ, ਅਤੇ ਮਿਲ-ਬੈਠ ਕੇ ਦੁਬਿਧਾ ਦੂਰ ਕਰਨ ਵਾਲੀ ਪਹੁੰਚ ਨਾਲ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਹੈ। ਇਸ ਤਰ੍ਹਾਂ ਦੀ ਕਾਮਨਾ ਕਰਨ ਵਾਲਿਆਂ ਵਿਚ ਹੀ ਸ਼ਾਮਿਲ ਸਨ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ।

ਸ੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਦਾ ਬਚਪਨ ਦਾ ਨਾਮ ਭਾਈ ਜੇਠਾ ਸੀ, ਦਾ ਜਨਮ 24 ਸਤੰਬਰ 1534 ਈ: ਨੂੰ ਚੂਨਾ ਮੰਡੀ ਲਾਹੌਰ ਦੇ ਵਸਨੀਕ ਭਾਈ ਹਰਿਦਾਸ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ। ਪਲੇਠਾ ਪੁੱਤਰ ਹੋਣ ਕਰਕੇ ਇਨ੍ਹਾਂ ਦਾ ਨਾਮ ਭਾਈ ਜੇਠਾ ਜੀ ਹੋ ਗਿਆ। ਜਿਸ ਦਿਨ ਭਾਈ ਜੇਠਾ ਜੀ ਦਾ ਜਨਮ ਹੋਇਆ ਉਸ ਵਕਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੁਨਿਆਵੀ ਉਮਰ ਲਗਭਗ 65 ਸਾਲ, ਸ੍ਰੀ ਗੁਰੂ ਅਮਰਦਾਸ ਜੀ ਦੀ 55 ਸਾਲ ਅਤੇ ਭਾਈ ਲਹਿਣਾ ਜੀ ਦੀ 30 ਸਾਲ ਸੀ। ਭਾਵੇਂ ਚਾਰੇ ਗੁਰੂ ਸਾਹਿਬਾਨ ਜਿਸਮਾਨੀ ਤੌਰ 'ਤੇ ਮੌਜੂਦ ਸਨ ਪਰ ਮਿਲਾਪ ਅਜੇ ਪਹਿਲੀ ਪਾਤਸ਼ਾਹੀ ਅਤੇ ਭਾਈ ਲਹਿਣਾ ਜੀ ਦਾ ਹੀ ਹੋਇਆ ਸੀ।

ਭਾਈ ਜੇਠਾ ਜੀ ਅਜੇ ਬਚਪਨ ਦੀਆਂ ਦਹਿਲੀਜ਼ਾਂ ਉਪਰ ਹੀ ਵਿਚਰ ਰਹੇ ਸਨ ਕਿ ਪਹਿਲਾਂ ਮਾਤਾ ਜੀ ਅਤੇ ਫਿਰ ਪਿਤਾ ਸ੍ਰੀ ਹਰਿਦਾਸ ਜੀ ਇਸ ਦੁਨੀਆ ਤੋਂ ਕੂਚ ਕਰ ਗਏ। ਜਦੋਂ ਆਪ ਦੁਨਿਆਵੀ ਤੌਰ 'ਤੇ ਯਤੀਮ ਹੋ ਗਏ ਤਾਂ ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਲਾਹੌਰ ਤੋਂ ਦੋਹਤੇ ਦੇ ਆਪਣੇ ਨਾਨਕੇ ਘਰ ਆਉਣ ਦੀ ਖ਼ਬਰ ਸਾਰੇ ਪਿੰਡ ਵਿਚ ਫੈਲ ਗਈ। ਪਿੰਡ ਦੇ ਬਹੁਤ ਸਾਰੇ ਨੇਕ ਪੁਰਸ਼ ਅਤੇ ਔਰਤਾਂ ਬਾਲਕ ਜੇਠੇ ਦਾ ਧੀਰ ਧਰਾਉਣ ਲਈ ਆਉਣ ਲੱਗੇ। ਇਨ੍ਹਾਂ ਧੀਰ ਧਰਾਉਣ ਵਾਲਿਆਂ ਵਿਚ ਸ੍ਰੀ (ਗੁਰੂ) ਅਮਰਦਾਸ ਜੀ ਵੀ ਸਨ। ਉਨ੍ਹਾਂ ਦੇ ਕੋਮਲ ਹਿਰਦੇ 'ਤੇ ਭਾਈ ਜੇਠਾ ਜੀ ਦੀ ਦੁਖਦਾਈ ਸਥਿਤੀ ਦਾ ਬੜਾ ਡੂੰਘਾ ਅਸਰ ਹੋਇਆ। ਇਸ ਅਸਰ ਕਰਕੇ ਉਨ੍ਹਾਂ ਦੀ ਆਪਸੀ ਨੇੜਤਾ ਕਾਫੀ ਵਧਣ ਲੱਗ ਪਈ।

ਭਾਈ ਜੇਠਾ ਜੀ ਆਪਣੇ ਨਾਨਕੇ ਘਰ ਰਹਿ ਕੇ ਘੁੰਙਣੀਆਂ ਵੇਚਣ ਦੀ ਕਾਰ ਕਰਿਆ ਕਰਦੇ ਸਨ ਅਤੇ ਇਨ੍ਹਾਂ ਦੀ ਵੱਟਕ ਨਾਲ ਆਪਣੀ ਅਤੇ ਨਾਨੀ ਜੀ ਦੀ ਉਦਰ-ਜਵਾਲਾ ਸ਼ਾਂਤ ਕਰਿਆ ਕਰਦੇ ਸਨ। ਇਸ ਸਮੇਂ ਦੌਰਾਨ ਸ੍ਰੀ (ਗੁਰੂ) ਅਮਰਦਾਸ ਜੀ ਜਦੋਂ ਕਦੇ ਖਡੂਰ ਸਾਹਿਬ ਤੋਂ ਬਾਸਰਕੇ ਆਉਂਦੇ ਤਾਂ ਉਹ ਭਾਈ ਜੇਠਾ ਜੀ ਨੂੰ ਜ਼ਰੂਰ ਮਿਲਦੇ ਅਤੇ ਘੰਟਿਆਂਬੱਧੀ ਦੁਨਿਆਵੀ ਅਤੇ ਇਲਾਹੀ ਗੱਲਾਂ ਹੁੰਦੀਆਂ ਰਹਿੰਦੀਆਂ।

ਜਦੋਂ ਗੋਂਦੇ ਖੱਤਰੀ ਦੀ ਬੇਨਤੀ 'ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਨਗਰ ਵਸਾਇਆ ਤਾਂ ਉਨ੍ਹਾਂ ਦੇ ਕਈ ਰਿਸ਼ਤੇਦਾਰ ਅਤੇ ਸਨੇਹੀ ਵੀ ਗੋਇੰਦਵਾਲ ਸਾਹਿਬ ਆ ਗਏ। ਗੁਰੂ ਦਰਸ਼ਨਾਂ ਦੀ ਤਾਂਘ ਭਾਈ ਜੇਠਾ ਜੀ ਨੂੰ ਵੀ ਇੱਥੇ ਲੈ ਆਈ। ਉਸ ਵਕਤ ਉਨ੍ਹਾਂ ਦੀ ਆਯੂ ਕੋਈ 12 ਕੁ ਸਾਲ ਦੀ ਸੀ। ਅਵਸਥਾ ਭਾਵੇਂ ਅਜੇ ਬਾਲਪਨ ਵਾਲੀ ਹੀ ਸੀ ਪਰ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਭਾਵ ਸਦਕਾ ਸੂਝ ਵਿਚ ਪਕਿਆਈ ਆ ਰਹੀ ਸੀ। ਇਸ ਪਕਿਆਈ ਸਦਕਾ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀ ਰੰਗਤ ਭਾਈ ਜੇਠਾ ਜੀ 'ਤੇ ਖੂਬ ਚੜ੍ਹਨ ਲੱਗੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ 10-12 ਸਾਲ ਆਪਣੀ ਨਿਗਰਾਨੀ ਵਿਚ ਰੱਖਿਆ ਅਤੇ ਉਨ੍ਹਾਂ ਸਾਰੇ ਗੁਣਾਂ ਨੂੰ ਵਾਚਿਆ ਸੀ ਜੋ ਕਿਸੇ ਉਚੇਚੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਜ਼ਰੂਰੀ ਹੁੰਦੇ ਹਨ। ਗੁਰੂ ਸਾਹਿਬ ਨੇ ਇਨ੍ਹਾਂ ਗੁਣਾਂ ਦੀ ਕਦਰ ਕਰਦਿਆਂ 22 ਫੱਗਣ ਸੰਮਤ 1610 ਨੂੰ ਆਪਣੀ ਲਾਡਲੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਇਸ ਬਖ਼ਸ਼ਿਸ਼ ਨਾਲ ਭਾਈ ਜੇਠਾ ਜੀ ਗੁਰੂ-ਦਰਬਾਰ ਦੇ ਨਾਲ-ਨਾਲ ਗੁਰੂ-ਪਰਿਵਾਰ ਦੇ ਅੰਗ ਬਣ ਗਏ।

ਜਦੋਂ 1557 ਈ: ਵਿਚ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜਿਕ ਬਰਾਬਰੀ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਸਮਾਜ ਵਿਚੋਂ ਛੂਤ-ਛਾਤ ਖਤਮ ਕਰਨ ਦਾ ਬੀੜਾ ਚੁੱਕਿਆ ਤਾਂ ਕੁਝ ਗੁਰੂ-ਘਰ ਦੇ ਦੋਖੀਆਂ ਅਤੇ ਸਮਾਜ ਵਿਰੋਧੀਆਂ ਕੋਲੋਂ ਇਹ ਗੱਲ ਬਰਦਾਸ਼ਤ ਨਾ ਹੋ ਸਕੀ। ਉਨ੍ਹਾਂ ਵਿਚੋਂ ਕਿਸੇ ਨੇ ਅਕਬਰ ਬਾਦਸ਼ਾਹ ਕੋਲ ਜਾ ਕੇ ਗੁਰੂਕਿਆਂ ਦੇ ਖ਼ਿਲਾਫ਼ ਕੰਨ ਭਰ ਦਿੱਤੇ। ਆਪਣੀ ਸ਼ੰਕਾ ਨਵਿਰਤੀ ਅਤੇ ਤਸੱਲੀ ਲਈ ਬਾਦਸ਼ਾਹ ਨੇ ਗੁਰੂ ਦਰਬਾਰ ਵੱਲ ਸੱਦਾ-ਪੱਤਰ ਭੇਜ ਦਿੱਤਾ। ਬਿਰਧ ਸਰੀਰ ਹੋਣ ਕਰਕੇ ਤੀਸਰੇ ਪਾਤਸ਼ਾਹ ਨੇ ਗੁਰੂ-ਘਰ ਦੀ ਵਕਾਲਤ ਲਈ ਭਾਈ ਜੇਠਾ ਜੀ ਦੀ ਡਿਊਟੀ ਲਗਾ ਦਿੱਤੀ। ਭਾਈ ਜੇਠਾ ਜੀ ਨੇ ਸਿੱਖੀ ਦੇ ਸਿਧਾਂਤਾਂ ਦੀ ਇੰਨੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਕਿ ਅਕਬਰ ਦੇ ਸਭ ਭਰਮ-ਭੁਲੇਖੇ ਦੂਰ ਹੋ ਗਏ।

ਦੁਨਿਆਵੀ ਪੱਖੋਂ ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਾਮਾਦ ਸਨ ਪਰ ਇਸ ਰਿਸ਼ਤੇ ਦਾ ਉਨ੍ਹਾਂ ਦੇ ਮਨ ਵਿਚ ਰੱਤੀ ਭਰ ਵੀ ਗੁਮਾਨ ਨਹੀਂ ਸੀ। ਬਾਉਲੀ ਸਾਹਿਬ ਦੇ ਨਿਰਮਾਣ-ਕਾਰਜ ਸਮੇਂ ਉਹ ਵੀ ਇਕ ਨਿਮਾਣੇ ਸਿੱਖ ਵਾਂਗ ਸਿਰ 'ਤੇ ਟੋਕਰੀ ਢੋਅ ਕੇ ਸੇਵਾ ਕਰਿਆ ਕਰਦੇ ਸਨ। ਇਕ ਦਿਨ ਜਦੋਂ ਉਹ ਤਨ-ਮਨ ਨਾਲ ਸੇਵਾ ਵਿਚ ਲੀਨ ਸਨ ਤਾਂ ਲਾਹੌਰ ਤੋਂ ਉਨ੍ਹਾਂ ਦੇ ਸ਼ਰੀਕੇ-ਭਾਈਚਾਰੇ ਦੇ ਕੁਝ ਲੋਕ ਹਰਿਦੁਆਰ ਆਦਿ ਤੀਰਥਾਂ-ਸਥਾਨਾਂ ਦੇ ਦਰਸ਼ਨਾਂ ਲਈ ਜਾਂਦੇ ਹੋਏ ਸ੍ਰੀ ਗੋਇੰਦਵਾਲ ਵਿਖੇ ਆ ਗਏ। ਜਦੋਂ ਉਨ੍ਹਾਂ ਨੇ ਤੱਕਿਆ ਕਿ ਭਾਈ ਜੇਠਾ ਮਜ਼ਦੂਰਾਂ ਵਾਂਗੂ ਸਿਰ 'ਤੇ ਟੋਕਰੀ ਚੁੱਕੀ ਜਾ ਰਿਹਾ ਹੈ ਤਾਂ ਖ਼ਾਹਮਖ਼ਾਹ ਹੀ ਕ੍ਰੋਧਿਤ ਹੋ ਉੱਠੇ। ਕ੍ਰੋਧ ਵਿਚ ਆ ਕੇ ਉਹ ਸ਼ਿਸ਼ਟਾਚਾਰ ਦਾ ਪੱਲਾ ਵੀ ਛੱਡ ਬੈਠੇ। ਭਰੇ-ਪੀਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗੇ, "ਸਾਡੇ ਭਰਾ ਜੇਠੇ ਕੋਲੋਂ ਮਜ਼ਦੂਰੀ ਕਰਵਾ ਕੇ ਤੁਸੀਂ ਸਾਡੇ ਮਾਨ-ਸਤਿਕਾਰ ਨੂੰ ਢਾਹ ਲਗਾਈ ਹੈ। ਤੁਹਾਡੇ ਇਸ ਵਤੀਰੇ ਨਾਲ ਸਾਨੂੰ ਬੜੀ ਨਮੋਸ਼ੀ ਹੋਈ ਹੈ।"

ਆਪਣੇ ਸ਼ਰੀਕੇ-ਭਾਈਚਾਰੇ ਦੀਆਂ ਖਰਵੀਆਂ ਗੱਲਾਂ ਕਾਰਨ ਭਾਈ ਜੇਠਾ ਜੀ ਨੇ ਤੀਸਰੇ ਪਾਤਸ਼ਾਹ ਕੋਲੋਂ ਹੱਥ ਜੋੜ ਕੇ ਮੁਆਫੀ ਮੰਗ ਲਈ ਅਤੇ ਕਹਿਣ ਲੱਗੇ, "ਸੱਚੇ ਪਾਤਸ਼ਾਹ ਇਹ ਸਾਰੇ ਅਣਜਾਣ ਹਨ, ਇਨ੍ਹਾਂ ਦੀਆ ਕੌੜੀਆਂ-ਕੁਸੈਲੀਆਂ ਅਤੇ ਮਨ ਦੀ ਮੈਲੀਆਂ ਗੱਲਾਂ ਨੂੰ ਲੇਖੇ ਵਿਚ ਨਾ ਲਿਆਉਣਾ।" ਇਸ ਤਰ੍ਹਾਂ ਕਰ ਕੇ ਭਾਈ ਸਾਹਿਬ ਨੇ ਜਿੱਥੇ ਆਪਣੇ ਸ਼ਰੀਕੇ ਦੀ ਰੱਖ ਦਿਖਾਈ ਉਥੇ ਗੁਰੂ ਸਾਹਿਬ ਦੀ ਪ੍ਰਸੰਨਤਾ ਦੇ ਪਾਤਰ ਵੀ ਬਣ ਗਏ।

ਪਰਵਾਰਕ ਪੱਖੋਂ ਆਪ ਜੀ ਦੇ ਘਰ ਤਿੰਨ ਪੁੱਤਰਾਂ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਅਤੇ ਸ੍ਰੀ (ਗੁਰੂ) ਅਰਜਨ ਦੇਵ ਜੀ (ਪੰਚਮ ਪਾਤਸ਼ਾਹ) ਨੇ ਜਨਮ ਲਿਆ। ਬਾਬਾ ਪ੍ਰਿਥੀ ਚੰਦ ਭਾਵੇਂ ਘਰ ਦਾ ਵੱਡਾ ਪੁੱਤਰ ਸੀ ਪਰ ਆਪਣੇ ਲਾਲਚੀ ਅਤੇ ਵਡਿਆਈ ਖੋਰੇ ਸੁਭਾਅ ਕਾਰਨ ਆਪਣੇ ਗੁਰੂ-ਪਿਤਾ ਦੀਆਂ ਖੁਸ਼ੀਆਂ (ਗੁਰਗੱਦੀ) ਲੈਣ ਤੋਂ ਵਾਂਝਾ ਰਹਿ ਗਿਆ। ਇਸ ਵਾਂਝੇਪਨ ਕਾਰਨ ਹੀ ਉਹ ਸਾਰੀ ਹਯਾਤੀ ਈਰਖਾ ਅਤੇ ਦਵੈਤ ਦੀ ਅੱਗ ਵਿਚ ਸੜਦਾ ਰਿਹਾ ਅਤੇ ਨਾਨਕ ਨਾਮ-ਲੇਵਾ ਸੰਗਤਾਂ ਦੀ ਨਫ਼ਰਤ ਦਾ ਪਾਤਰ ਬਣਦਾ ਰਿਹਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਲਗਾਇਆ ਸਿੱਖੀ ਦਾ ਬੂਟਾ ਜਿਵੇਂ-ਜਿਵੇਂ ਜੋਬਨ 'ਤੇ ਹੋਈ ਜਾ ਰਿਹਾ ਸੀ ਇਸ ਦੀ ਮਹਿਕ ਵੀ ਦੂਰ-ਦੁਰਾਡੇ ਤਕ ਫੈਲਦੀ ਜਾ ਰਹੀ ਸੀ ਭਾਵ ਗੁਰੂ ਸਾਹਿਬਾਨ ਦੇ ਪਰਉਪਕਾਰੀ ਉਪਰਾਲਿਆਂ ਸਦਕਾ ਸਿੱਖਾਂ ਦੀ ਤਾਦਾਦ ਵਿਚ ਕਾਫ਼ੀ ਵਾਧਾ ਹੋਈ ਜਾ



ਰਿਹਾ ਸੀ। ਇਸ ਵਾਧੇ ਕਾਰਨ ਹੀ ਸਿੱਖੀ ਦਾ ਪ੍ਰਚਾਰ ਕੇਂਦਰ ਸ੍ਰੀ ਗੋਇੰਦਵਾਲ ਸਾਹਿਬ ਤੋਂ ਗੁਰੂ ਕੇ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਲੈ ਜਾਣ ਦੀ ਵਿਉਂਤਬੰਦੀ ਕੀਤੀ ਗਈ। ਇਸ ਵਿਉਂਤਬੰਦੀ ਨੂੰ ਅਮਲੀ ਰੂਪ ਦੇਣ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਦਿੱਤੀ ਗਈ। ਆਪ ਜੀ ਨੇ ਇਹ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਈ ਜਿਸ ਦੀ ਬਦੌਲਤ 'ਗੁਰੂ ਕਾ ਚੱਕ' ਇਕ ਚੰਗੀ ਰੌਣਕ ਵਾਲਾ ਨਗਰ ਬਣ ਗਿਆ।

ਸ੍ਰੀ ਗੁਰੂ ਅਮਰਦਾਸ ਜੀ ਹੁਣ ਸਰੀਰਕ ਰੂਪ ਵਿਚ ਕਾਫੀ ਬਿਰਧ ਹੋ ਚੁੱਕੇ ਸਨ। ਆਪਣਾ ਸੱਚਖੰਡ ਵਾਪਸੀ ਸਮਾਂ ਨੇੜੇ ਆਇਆ ਜਾਣ ਕੇ ਉਨ੍ਹਾਂ ਨੇ ਗੁਰੂ-ਘਰ ਦੀ ਮਰਯਾਦਾ ਅਨੁਸਾਰ ਸੰਮਤ 1631 ਦੇ ਭਾਦਰੋਂ ਮਹੀਨੇ ਵਿਚ ਸਮੂਹ ਸੰਗਤ ਅਤੇ ਆਪਣੇ ਪਰਿਵਾਰ ਦੇ ਸਨਮੁਖ ਭਾਈ ਜੇਠਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਚੌਥਾ (ਗੁਰਗੱਦੀ ਦੇ ਕੇ) ਵਾਰਸ ਥਾਪ ਕੇ ਸ੍ਰੀ ਗੁਰੂ ਰਾਮਦਾਸ ਜੀ ਬਣਾ ਦਿੱਤਾ।

ਗੁਰਿਆਈ ਦੀ ਬਖ਼ਸ਼ਿਸ਼ ਕੋਈ ਛੋਟੀ ਜਾਂ ਸਧਾਰਨ ਗੱਲ ਨਹੀਂ ਸੀ ਕਿਉਂਕਿ ਸ੍ਰੀ ਗੁਰੂ ਰਾਮਦਾਸ ਨੂੰ ਉਹ ਰੱਬੀ ਤਖ਼ਤ ਦੀ ਪ੍ਰਾਪਤੀ ਹੋ ਗਈ ਸੀ ਜਿਸ ਦੇ ਅੱਗੇ ਰਾਜੇ-ਮਹਾਰਾਜਿਆਂ ਦਾ ਸੀਸ ਝੁਕਦਾ ਆ ਰਿਹਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਵਿਚੋਂ ਇਕ ਨਿਮਾਣੇ ਸਿੱਖ ਨੂੰ ਮਿਲੇ ਮਾਣ ਨੂੰ ਦੇਖ ਕੇ ਆਪ ਵੈਰਾਗ ਵਿਚ ਆ ਗਏ ਅਤੇ ਬੋਲ ਉਠੇ :

ਜੋ ਹਮਰੀ ਬਿਧਿ ਹੋਤੀ,ਮੇਰੇ ਸਤਿਗੁਰਾ!ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ,ਕੋਈ ਬਾਤ ਨ ਪੂਛਤਾ,ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ॥
(ਅੰਗ 167)

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਕਿਰਪਾ ਨਾਲ ਮਾਝੇ ਦਾ ਇਲਾਕਾ ਜਾਗ ਪਿਆ। ਇਸ ਜਾਗ ਕਾਰਨ ਗੁਰੂ ਸਾਹਿਬ ਨੇ ਸੋਚਿਆ ਕਿ ਇਸ ਕੇਂਦਰੀ ਸਥਾਨ (ਸ੍ਰੀ ਅੰਮ੍ਰਿਤਸਰ ਸਾਹਿਬ) 'ਤੇ ਇਕ ਸ਼ਾਨਦਾਰ ਧਾਰਮਿਕ ਸਥਾਨ ਉਸਾਰਿਆ ਜਾਵੇ ਜੋ ਵਧ ਰਹੀ ਸੰਗਤ ਦੀਆਂ ਰੂਹਾਨੀ ਜ਼ਰੂਰਤਾਂ ਨੂੰ ਪੂਰੀਆਂ ਕਰ ਸਕੇ। ਇਹ ਸਥਾਨ ਦਰਿਆ ਤੋਂ ਹਟਵਾਂ ਹੋ ਕੇ ਇੱਥੇ ਸਰੋਵਰ ਬਣਾਉਣ ਦੀ ਤਜਵੀਜ਼ ਵੀ ਬਣਾਈ ਗਈ। ਅਜਿਹਾ ਕਰਨ ਪਿੱਛੇ ਗੁਰੂ ਸਾਹਿਬ ਦਾ ਇਕ ਮਨੋਰਥ ਇਹ ਵੀ ਸੀ ਇਸ ਪਵਿੱਤਰ ਜਗ੍ਹਾ ਉਪਰ ਜਿੱਥੇ ਕੰਨਾਂ ਨੂੰ ਇਲਾਹੀ ਬਾਣੀ ਦੀਆਂ ਧੁਨਾਂ ਸੁਣਾਈ ਦੇਣ ਉਥੇ ਨਾਲ ਨੇਤਰਾਂ ਨੂੰ ਹਰਿ ਦੇ ਘਰ (ਹਰਿਮੰਦਰ ਸਾਹਿਬ) ਦੇ ਖੁੱਲ੍ਹੇ ਦਰਸ਼ਨ ਦੀਦਾਰੇ ਵੀ ਹੁੰਦੇ ਰਹਿਣ। ਇਸ ਤਜਵੀਜ਼ ਨੂੰ ਅਮਲੀ ਰੂਪ ਦੇਣ ਲਈ ਸ਼ਰਧਾਵਾਨ ਸੰਗਤਾਂ ਦੇ ਭਰਪੂਰ ਸਹਿਯੋਗ ਦੀ ਲੋੜ ਸੀ। ਜਿਵੇਂ-ਜਿਵੇਂ ਇਹ ਸਹਿਯੋਗ (ਤਨ, ਮਨ ਅਤੇ ਧਨ ਨਾਲ) ਮਿਲਦਾ ਗਿਆ ਤਿਵੇਂ-ਤਿਵੇਂ ਗੁਰੂ-ਘਰ ਦੇ ਕਾਰਜ ਵੀ ਸੰਵਰਦੇ ਰਹੇ। ਪਹਿਲਾਂ ਸਰੋਵਰ ਅਤੇ ਉਸ ਤੋਂ ਬਾਅਦ (ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ) ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋ ਗਈ। ਇਨ੍ਹਾਂ ਦੋ ਮਹਾਨ ਉਪਰਾਲਿਆਂ ਨਾਲ ਸਿੱਖ ਧਰਮ ਦੇ ਨਕਸ਼-ਨੁਹਾਰ ਹੋਰ ਵੀ ਨਿਖਰਨ ਲੱਗ ਪਏ।

ਜਿਵੇਂ ਤੀਸਰੇ ਪਾਤਸ਼ਾਹ ਨੇ ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਅਤੇ 52 ਪੀੜ੍ਹਿਆਂ ਦੀ ਸਥਾਪਨਾ ਕੀਤੀ ਸੀ। ਉਸ ਨੂੰ ਅੱਗੇ ਵਧਾਉਂਦਿਆਂ ਹੋਇਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਦਾ ਅਰੰਭ ਕੀਤਾ। ਇਹ ਮਸੰਦ ਜਿੱਥੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਸਿੱਖੀ ਦੇ ਸਿਧਾਂਤਾਂ ਦਾ ਪ੍ਰਚਾਰ ਕਰਿਆ ਕਰਦੇ ਸਨ ਉਥੇ ਨਾਲ ਹੀ ਗੁਰੂ ਕੇ ਪ੍ਰੇਮੀਆਂ ਤੋਂ ਮਾਇਆ ਇਕੱਠੀ ਕਰ ਕੇ ਗੁਰੂ ਕੀ ਗੋਲਕ ਤੱਕ ਵੀ ਪਹੁੰਚਾਇਆ ਕਰਦੇ ਸਨ।

ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਕੋਲ ਬਹੁਤ ਸਾਰੇ ਰੁਝੇਵੇਂ ਸਨ ਪਰ ਉਨ੍ਹਾਂ ਦੀ ਤਰਜੀਹ ਹਮੇਸ਼ਾਂ ਹੀ ਕਾਰ-ਸੇਵਾ ਵਿਚ ਬਣੀ ਰਹਿੰਦੀ ਸੀ। ਵਕਤ ਮਿਲਣ 'ਤੇ ਉਹ ਆਪ ਵੀ ਟੋਕਰੀ ਚੁੱਕ ਲੈਂਦੇ ਅਤੇ ਇੱਟਾਂ, ਗਾਰੇ ਅਤੇ ਚੂਨੇ ਆਦਿ ਦੀ ਹੱਥੀਂ ਸੇਵਾ ਕਰਿਆ ਕਰਦੇ ਸਨ। ਇਹ ਸਭ ਕੁਝ ਉਹ ਕਿਰਤ ਦੇ ਸਿਧਾਂਤ ਨੂੰ ਵਡਿਆਉਣ ਅਤੇ ਪਕਿਆਉਣ ਲਈ ਵੀ ਕਰਦੇ ਸਨ। ਇਸ ਤਰ੍ਹਾਂ ਕਰਦਿਆਂ ਇਕ ਦਿਨ ਉਹ ਵੀ ਆ ਗਿਆ ਜਿਸ ਦਿਨ ਸ੍ਰੀ ਗੁਰੂ ਰਾਮਦਾਸ ਜੀ ਅਤੇ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਚੱਜੀ ਅਗਵਾਈ ਅਤੇ ਸੰਗਤਾਂ ਦੇ ਭਰਵੇਂ ਸਹਿਯੋਗ ਸਦਕਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਸਵਰਗ ਦੀ ਝਲਕ (ਸੱਚਖੰਡ ਦੇ ਰੂਪ 'ਚ) ਦਿਖਾਈ ਦੇਣ ਲੱਗ ਪਈ। ਅਜੋਕੇ ਸਮੇਂ ਵੀ ਇਹ ਸਥਾਨ ਰੱਬੀ ਸਿਫ਼ਤ-ਸਲਾਹ ਦਾ ਇਕ ਪ੍ਰਮੁੱਖ ਕੇਂਦਰ ਹੈ।

ਗੁਰੂ ਪਰਿਵਾਰ ਦੇ ਤਿੰਨਾਂ ਸਾਹਿਬਜ਼ਾਦਿਆਂ ਵਿਚੋਂ ਸਭ ਤੋਂ ਛੋਟੇ ਸ੍ਰੀ (ਗੁਰੂ) ਅਰਜਨ ਦੇਵ ਜੀ ਦੀਨ ਅਤੇ ਦੁਨੀਆ ਦੇ ਮਾਮਲੇ ਵਿਚ ਸਭ ਤੋਂ ਵਧੇਰੇ ਯੋਗ ਸਾਬਤ ਹੋਏ। ਜਿੱਥੇ ਉਹ ਪਰਿਵਾਰਕ ਪੱਖ ਤੋਂ ਪੂਰੇ ਜ਼ਿੰਮੇਵਾਰ ਸਨ ਉਥੇ ਅਧਿਆਤਮਕ ਪੱਖ ਤੋਂ ਵੀ ਸਰਬ-ਕਲਾ ਸਮਰੱਥ ਦਿਖਾਈ ਦਿੰਦੇ ਸਨ। ਇਸ ਸਮਰੱਥਾ ਕਾਰਨ ਹੀ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਗੁਰਿਆਈ ਦਾ ਤਿਲਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਗਾਇਆ ਗਿਆ। ਗੁਰੂ ਪਿਤਾ ਵੱਲੋਂ ਵੱਡੇ ਪੁੱਤਰ (ਪ੍ਰਿਥੀ ਚੰਦ) ਨੂੰ ਅਣਡਿੱਠ ਕਰ ਕੇ ਸਭ ਤੋਂ ਛੋਟੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਕੇ ਘਰ ਦੀ ਵਡਿਆਈ (ਗੁਰਗੱਦੀ) ਦਿੱਤੇ ਜਾਣ ਦਾ ਪ੍ਰਿਥੀ ਚੰਦ ਵੱਲੋਂ ਡਟਵਾਂ ਵਿਰੋਧ ਕੀਤਾ ਗਿਆ ਪਰ ਸ੍ਰੀ ਗੁਰੂ ਰਾਮਦਾਸ ਜੀ ਵੱਲੋ 'ਤਖਤਿ ਬਹੈ ਤਖਤੈ ਕੀ ਲਾਇਕ' ਦੀ ਕਸਵੱਟੀ ਨੂੰ ਆਧਾਰ ਬਣਾ ਕੇ ਕੇਵਲ ਯੋਗਤਾ ਨੂੰ ਹੀ ਪਹਿਲ ਦਿੱਤੀ ਗਈ।

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਗੱਦੀ-ਨਸ਼ੀਨ ਬਣਾ ਕੇ ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਚਲੇ ਗਏ। ਕੁਝ ਦਿਨ ਇੱਥੇ ਟਿਕਾਣਾ ਕਰਨ ਤੋਂ ਬਾਅਦ ਅੱਸੂ ਮਹੀਨੇ ਦੇ ਦੂਜੇ ਦਿਨ ਮੁਤਾਬਕ ਸੰਮਤ 1638 (ਸਤੰਬਰ 1581 ਈ:) ਨੂੰ ਜੋਤੀ ਜੋਤ ਸਮਾ ਗਏ।

ਅਧਿਆਤਮਕ ਆਗੂ ਹੋਣ ਦੇ ਨਾਲ-ਨਾਲ ਸ੍ਰੀ ਗੁਰੂ ਰਾਮਦਾਸ ਜੀ ਇੱਕ ਉੱਚ ਕੋਟੀ ਦੇ ਬਾਣੀਕਾਰ ਵੀ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੇ 19 ਰਾਗਾਂ ਦੀ ਵਰਤੋਂ ਕਰਦਿਆਂ ਅਤੇ 11 ਹੋਰ ਰਾਗਾਂ ਸਮੇਤ ਕੁੱਲ 30 ਰਾਗਾਂ ਵਿਚ ਬਾਣੀ ਰਚੀ ਹੈ। ਇਹ ਬਾਣੀ ਬੜੇ ਹੀ ਅਦਬ ਅਤੇ ਸਤਿਕਾਰ ਨਾਲ ਪੜ੍ਹੀ/ਸੁਣੀ ਜਾਂਦੀ ਹੈ।

## ਮੌਡਰਨ ਟੱਪੇ

ਵਾਹਲਾ ਗਿੱਟ ਮਿੱਟ ਕਰਦੀ ਆ
ਨੂੰਹ ਰਹੇ ਟਿੱਕ ਟੌਕ 'ਤੇ
ਸੱਸ ਟਿੱਕ ਟਿੱਕ ਕਰਦੀ ਆ।

ਫੋਨ ਕੰਨ ਉੱਤੇ ਲਾ ਛੱਡਦੀ
ਕੰਮ ਘਰ ਦਾ ਮੁਕਾਉਂਦੀ ਨਾ
ਦਅਟਅ ਫੋਨ ਦਾ ਮੁਕਾ ਛੱਡਦੀ।

ਮੂੰਹ ਥੱਲੇ ਵੱਲ ਗੱਡੇ ਹੋਏ ਆ
ਸੋਫੇ ਉੱਤੇ ਬੈਠੀ ਫੈਮਲੀ
ਸਾਰੇ ਫੋਨਾਂ ਉੱਤੇ ਲੱਗੇ ਹੋਏ ਆ।

ਬਾਪੂ ਸੈਲਫੀਆਂ ਪਾਉਂਦਾ ਏ
ਗੋਡੇ ਭਾਵੇਂ ਨਹੀਂ ਚੱਲਦੇ
ਫੇਸਬੁੱਕ ਤਾਂ ਚਲਾਉਂਦਾ ਏ।

ਮੰਮੀ ਪੁੱਤ ਨੂੰ ਖਿਡਾਉਂਦੀ ਏ
ਅੱਗੇ ਬਾਤਾਂ ਪਾਉਂਦੀ ਸੀ
ਹੁਣ ਸਟੋਰੀਆਂ ਪਾਉਂਦੀ ਏ।

ਜਾਨ ਸੂਲੀ ਉੱਤੇ ਟੰਗਤੀ ਆ
ਬੈਂਕ ਵਾਲੇ ਕਿਸ਼ਤ ਮੰਗਦੇ
ਵੋਹਟੀ ਆਈ ਫੋਨ ਮੰਗਦੀ ਆ।

ਜਾਨ ਛੱਜ ਵਿਚ ਛੱਟਤੀ ਆ
ਬੈਂਕਾਂ ਨੇ ਵਿਆਜ ਚੱਕਤੇ
ਨਾਲੇ ਕਿਸ਼ਤ ਵੀ ਚੱਕਤੀ ਆ।

ਚਿੱਠੀ ਬੈਂਕ ਵਲੋਂ ਆ ਗਈ ਆ
ਫਐਮਇਣਟ ਘਰ ਦੀ ਵਧੀ
ਮੇਰਾ ਦਿਲ ਜਿਹਾ ਘਟਾ ਗਈ ਏ।

ਪਈਆਂ ਕੰਧਾਂ 'ਚ ਤਰੇੜਾਂ ਨੇ
ਛੋਟਿਆਂ ਨੂੰ ਖਾ ਜਾਣਾ
ਇਨ੍ਹਾਂ ਵੱਡਿਆਂ ਪਲੇਅਰਾਂ ਨੇ।

**-ਕੁਲਵੀਰ ਸਿੰਘ ਡਾਨਸੀਵਾਲ**
***ਫੋਨ: 778 863 2472***

# ਗਾਥਾ ਇਕ ਦੁਰਲੱਭ ਪੁਸਤਕ ਦੀ

ਦੱਖਣੀ ਭਾਰਤ ਦੇ ਨੀਲਗਿਰੀ ਪਹਾੜਾਂ ਦੇ ਜੰਗਲਾਂ ਦੀ ਜਾਈ ਸੀਤਾ ਰਤਨਮਲ ਦੀ ਲਿਖੀ ਪੁਸਤਕ 'ਬਿਯੌਂਡ ਦਿ ਜੰਗਲ' ਆਦਿਵਾਸੀ ਸਾਹਿਤ ਦੀ ਪਹਿਲੀ ਸਵੈ-ਜੀਵਨੀ ਹੈ। ਲੇਖਿਕਾ ਭਾਰਤ ਦੇ ਸਭ ਤੋਂ ਪ੍ਰਾਚੀਨ ਆਦਿਵਾਸੀ ਇਰੂਲਾ ਕਬੀਲੇ ਨਾਲ ਸਬੰਧਤ ਹੈ। ਇਰੂਲਾ ਦਾ ਅਰਥ ਹੈ ਕਾਲੀ ਸਿਆਹ ਰਾਤ। ਇਸ ਪੁਸਤਕ ਦਾ ਪ੍ਰਕਾਸ਼ਨ 1968 ਵਿਚ ਲੰਡਨ ਦੇ ਉਸ ਸਮੇਂ ਦੇ ਪ੍ਰਸਿੱਧ ਅਤੇ ਸਨਮਾਨਿਤ ਪ੍ਰਕਾਸ਼ਕ ਵਿਲੀਅਮ ਬਲੈਕਵੁੱਡ ਐਂਡ ਸਨਜ਼ ਨੇ ਕੀਤਾ ਸੀ। ਇਸ ਪੁਸਤਕ ਬਾਰੇ ਦੋ ਹੈਰਾਨਕੁਨ ਗੱਲਾਂ ਹਨ। ਇਕ ਤਾਂ ਇਹ ਕਿ ਇਹ ਕਿਤਾਬ ਹੁਣ ਸਾਹਿਤ ਜਗਤ ਦੀਆਂ ਦੁਰਲੱਭ ਪੁਸਤਕਾਂ ਦੀ ਸ਼੍ਰੇਣੀ ਵਿਚ ਦਰਜ ਹੋ ਚੁੱਕੀ ਹੈ। ਇਸ ਦੀ ਸਿਰਫ਼ ਇਕ

**ਜੰਗ ਬਹਾਦਰ ਗੋਇਲ**
**ਸੰਪਰਕ: 98151-23499**

ਕਾਪੀ ਕੋਲਕਾਤਾ ਦੀ ਨੈਸ਼ਨਲ ਲਾਇਬ੍ਰੇਰੀ ਵਿਚ ਪਈ ਹੈ। ਦੂਜੀ ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਸੀਤਾ ਰਤਨਮਲ ਬਾਰੇ ਕੋਈ ਜਾਣਕਾਰੀ ਕਿਧਰੇ ਵੀ ਉਪਲਬਧ ਨਹੀਂ ਹੈ। ਨਾ ਉਸ ਦੀ ਕੋਈ ਤਸਵੀਰ ਮਿਲਦੀ ਹੈ ਤੇ ਨਾ ਕੋਈ ਜੀਵਨ ਬਿਰਤਾਂਤ। ਕੋਈ ਸਮਕਾਲੀ ਲੇਖਕ ਏਨਾ ਗੁੰਮਨਾਮ ਕਿਵੇਂ ਹੋ ਸਕਦਾ ਹੈ ਕਿ ਉਸ ਦਾ ਕੋਈ ਅਤਾ-ਪਤਾ ਹੀ ਨਾ ਲੱਭੇ, ਉਹ ਵੀ ਅਜੋਕੇ ਸਮਿਆਂ ਵਿਚ ਜਦੋਂਕਿ ਕੰਪਿਊਟਰ/ ਮੋਬਾਈਲ ਦੀ ਸਕਰੀਨ 'ਤੇ ਉਂਗਲ ਰੱਖਦਿਆਂ ਹੀ ਸੂਚਨਾਵਾਂ ਦਾ ਹੜ੍ਹ ਆ ਜਾਂਦਾ ਹੈ।

ਮੈਨੂੰ ਸੀਤਾ ਰਤਨਮਲ ਦੀ ਪੁਸਤਕ 'ਬਿਯੌਂਡ ਦਿ ਜੰਗਲ' ਬਾਰੇ ਪਹਿਲੀ ਜਾਣਕਾਰੀ ਬਹੁਤ ਸਾਲ ਪਹਿਲਾਂ ਅੰਮ੍ਰਿਤਾ ਪ੍ਰੀਤਮ ਦੇ ਨਾਗਮਣੀ ਰਸਾਲੇ 'ਚ ਛਪੇ ਉਸ ਦੇ ਲੇਖ ਤੋਂ ਹਾਸਲ ਹੋਈ ਸੀ, ਜਿਸ ਵਿਚ ਉਸ ਨੇ ਗੁਜਰਾਤ ਯੂਨੀਵਰਸਿਟੀ ਦੀ ਪ੍ਰੋਫੈਸਰ ਰੰਜਨਾ ਹਰੀਸ਼ ਦੀ ਪੁਸਤਕ 'ਇੰਡੀਅਨ ਵਿਮੈਨ'ਜ਼ ਆਟੋਬਾਇਓਗ੍ਰਾਫੀਜ਼' ਦੀ ਚਰਚਾ ਕੀਤੀ ਸੀ। ਉਸ ਵਿਚ 1921 ਤੋਂ 1991 ਤਕ ਅੰਗਰੇਜ਼ੀ ਵਿਚ ਲਿਖੀਆਂ ਕੁੱਲ 23 ਜੀਵਨੀਆਂ ਦਾ ਵਰਣਨ ਹੈ, ਜਿਨ੍ਹਾਂ ਵਿਚ ਭਾਰਤ ਦੀਆਂ ਕਈ ਨਾਮਵਰ ਔਰਤਾਂ ਸ਼ਾਮਲ ਹਨ- ਮਹਾਰਾਣੀ ਗਾਇਤਰੀ ਦੇਵੀ, ਮਹਾਰਾਣੀ ਵਿਜਯ ਰਾਜੇ ਸਿੰਧੀਆ, ਕਪੂਰਥਲੇ ਦੀ ਮਹਾਰਾਣੀ ਬਰਿੰਦਾ, ਵਿਜੈ ਲਕਸ਼ਮੀ ਪੰਡਿਤ, ਨੈਨਤਾਰਾ ਸਹਿਗਲ, ਕਮਲਾ ਦਾਸ ਤੇ ਹੋਰ ਵੀ ਕਈ। ਅਜਿਹੀਆਂ ਉੱਘੀਆਂ ਔਰਤਾਂ ਵਿਚਕਾਰ ਇਕ ਅਤਿ ਸਾਧਾਰਨ ਆਦਿਵਾਸੀ ਲੇਖਿਕਾ ਸੀਤਾ ਰਤਨਮਲ ਦੀ ਸਵੈ-ਜੀਵਨੀ ਦਾ ਵੀ ਬਿਰਤਾਂਤ ਦਰਜ ਹੈ, ਜਿਸ ਨੂੰ ਕੋਈ ਨਹੀਂ ਜਾਣਦਾ, ਕੋਈ ਨਹੀਂ ਪਛਾਣਦਾ। ਮੇਰੇ ਮਨ ਅੰਦਰ ਇਸ ਨਾਯਾਬ ਪੁਸਤਕ ਨੂੰ ਪੜ੍ਹਨ ਦੀ ਜਗਿਆਸਾ ਪੈਦਾ ਹੋਈ ਪਰ ਉਸ ਤਕ ਪਹੁੰਚਣ ਦਾ ਕੋਈ ਵੀ ਹੀਲਾ-ਵਸੀਲਾ ਨਾ ਬਣ ਸਕਿਆ।

ਕੁਝ ਦਿਨ ਪਹਿਲਾਂ ਸਾਹਨੇਵਾਲ ਰਹਿੰਦੇ ਮੇਰੇ ਪੁਸਤਕ ਪ੍ਰੇਮੀ ਦੋਸਤ ਰਵੀ ਸ਼ਰਮਾ ਦਾ ਡਾਕ ਰਾਹੀਂ ਇਕ ਪਾਰਸਲ ਮੈਨੂੰ ਮਿਲਿਆ। ਖੋਲ੍ਹਿਆ ਤਾਂ ਵੇਖਿਆ- ਇਸ ਵਿਚ ਇਕ ਕਿਤਾਬ ਸੀ 'ਜੰਗਲ ਸੇ ਆਗੇ' ਜੋ ਸੀਤਾ ਰਤਨਾਲ ਦੀ ਸਵੈ-ਜੀਵਨੀ 'ਬਿਯੌਂਡ ਦਿ ਜੰਗਲ' ਦਾ ਹਿੰਦੀ ਵਿਚ ਸ਼ਾਨਦਾਰ ਅਨੁਵਾਦ ਹੈ। ਅਨੁਵਾਦਕ ਹਨ ਆਦਿਵਾਸੀ ਸਾਹਿਤ ਦੇ ਵਿਦਵਾਨ ਅਸ਼ਵਨੀ ਕੁਮਾਰ ਪੰਕਜ ਤੇ ਇਸ ਦਾ ਪ੍ਰਕਾਸ਼ਨ ਕੀਤਾ ਹੈ ਪਿਆਰਾ ਕੇਰਕੱਟਾ ਫਾਊਂਡੇਸ਼ਨ, ਰਾਂਚੀ ਨੇ। ਖ਼ੁਸ਼ੀ ਦੀ ਗੱਲ ਹੈ ਕਿ ਅੰਗਰੇਜ਼ੀ ਵਿਚ ਛਪੀ ਕਿਤਾਬ ਦੇ ਪੰਜਾਹ ਵਰ੍ਹੇ ਪੂਰੇ ਹੋਣ 'ਤੇ ਇਹ ਦੁਰਲੱਭ ਕਿਤਾਬ 2018 ਵਿਚ ਪਾਠਕਾਂ ਨੂੰ ਹਿੰਦੀ ਵਿਚ ਸੁਲੱਭ ਹੋਈ।

ਕੁਦਰਤ ਦੀ ਗੋਦ ਵਿਚ ਪਲਦੀ ਮਾਂ-ਵਿਹੂਣੀ ਸੀਤਾ ਆਪਣੇ 'ਅੱਪਾ' (ਪਿਤਾ) ਦੀ ਲਾਡਲੀ ਧੀ ਸੀ। ਨਿੱਕੀ ਹੁੰਦੀ ਨੇ ਉਸ ਨੇ ਸਿਰਫ਼ ਇਹ ਜਾਣਿਆ ਸੀ ਕਿ ਇਸ ਜੰਗਲ ਤੋਂ ਪਰ੍ਹਾਂ ਹੋਰ ਕੋਈ ਸੰਸਾਰ ਨਹੀਂ ਅਤੇ ਪਰਬਤ ਦੀ ਸਿਖਰਲੀ ਟੀਸੀ 'ਤੇ ਉਨ੍ਹਾਂ ਦਾ ਦੇਵਤਾ 'ਰੰਗਾ' ਨਿਵਾਸ ਕਰਦਾ ਹੈ, ਜੋ ਉਨ੍ਹਾਂ ਦਾ ਰੱਖਿਅਕ ਤੇ ਪਾਲਣਹਾਰ ਹੈ। ਜੰਗਲ ਤੋਂ ਬਾਹਰ ਕਿਤੇ ਹੋਰ ਜਾਣ ਦੀ ਦੇਵਤਾ ਰੰਗਾ ਨੇ ਸਖ਼ਤ ਮਨਾਹੀ ਕੀਤੀ ਹੋਈ ਹੈ। ਬਾਲੜੀ ਉਮਰ 'ਚ ਹੀ ਸੀਤਾ ਨੂੰ ਇੰਝ ਮਹਿਸੂਸ ਹੁੰਦਾ ਜਿਵੇਂ ਉੱਚੇ-ਉੱਚੇ ਪਹਾੜ ਉਹਨੂੰ ਬੁਲਾਉਂਦੇ ਹਨ ਤੇ ਉਨ੍ਹਾਂ ਤੋਂ ਪਾਰ ਜੋ ਕੁਝ ਹੈ, ਉਹ ਵੇਖਣ ਲਈ ਆਖਦੇ ਹਨ।

ਇਕ ਵਾਰੀ ਸੀਤਾ ਇਕੱਲੀ ਹੀ ਉਸ ਉੱਚੀ ਪਹਾੜੀ ਵੱਲ ਤੁਰ ਪਈ ਜਿੱਥੇ ਰੰਗਾ ਦਾ ਸਥਾਨ ਸੀ। ਸਫ਼ਰ ਦੌਰਾਨ ਉਸ ਨੇ ਇਕ ਜੰਗ ਖਾਧੇ ਲੋਹੇ ਦੇ ਪਹੀਏ ਨੂੰ ਵੇਖਿਆ, ਉਹ ਉਸ ਲਈ ਇਕ ਅਜੂਬਾ ਸੀ। ਦੂਜੇ ਦਿਨ ਉਹ ਆਪਣੀ ਸਹੇਲੀ ਮੁੰਡੀ ਨੂੰ ਇਹ ਅਦਭੁਤ ਚੀਜ਼ ਵਿਖਾਉਣ ਲਈ ਆਪਣੇ ਨਾਲ ਲੈ ਗਈ। ਉੱਥੋਂ ਮੁੜਦਿਆਂ ਸੀਤਾ ਇਕ ਡੂੰਘੇ ਟੋਏ ਵਿਚ ਡਿੱਗ ਪਈ। ਮੁੰਡੀ ਪਿੰਡ ਵੱਲ ਦੌੜੀ ਗਈ ਤੇ ਸੀਤਾ ਦੇ ਅੱਪਾ ਅਤੇ ਹੋਰ ਲੋਕਾਂ ਨੂੰ ਬੁਲਾ ਲਿਆਈ। ਬੜੀ ਮੁਸ਼ਕਲ ਨਾਲ ਸੀਤਾ ਨੂੰ ਟੋਏ ਵਿਚੋਂ ਕੱਢਿਆ ਗਿਆ। ਉਸ ਦੀਆਂ ਦੋਵੇਂ ਲੱਤਾਂ ਟੁੱਟ ਗਈਆਂ ਸਨ ਤੇ ਅੰਦਰਲਾ ਮਾਸ ਫਟ ਗਿਆ ਸੀ। ਪਿੰਡ ਦੇ ਵੈਦ ਨੇ ਮਿੱਟੀ ਦਾ ਲੇਪ ਕਰ ਕੇ ਪੈਰ ਬੰਨ੍ਹ ਦਿੱਤੇ ਪਰ ਆਰਾਮ ਨਾ ਆਇਆ। ਸੀਤਾ ਦੀ ਹਾਲਤ ਵਿਗੜਦੀ ਗਈ ਤੇ ਉਸ ਨੂੰ ਤੇਜ਼ ਬੁਖ਼ਾਰ ਚੜ੍ਹ ਗਿਆ। ਬਾਪ ਨੇ ਆਪਣੀ ਧੀ ਨੂੰ ਬਚਾਉਣ ਲਈ ਪਹਿਲੀ ਵੇਰਾਂ ਜੰਗਲ ਤੋਂ ਪਾਰ ਜਾਣ ਦਾ ਹੌਸਲਾ ਕੀਤਾ। ਪਿੰਡ ਦੇ ਲੋਕਾਂ ਨੇ ਉਸ ਦਾ ਡਟਵਾਂ ਵਿਰੋਧ ਕੀਤਾ ਤੇ ਉਸ ਨੂੰ ਬਾਹਰ ਜਾਣ ਤੋਂ ਵਰਜਿਆ ਪਰ ਉਸ ਨੇ ਉਨ੍ਹਾਂ ਦਾ ਕਿਹਾ ਨਹੀਂ ਮੰਨਿਆ। ਉਹ ਸੀਤਾ ਨੂੰ ਗੋਦੀ ਵਿਚ ਚੁੱਕ ਕੇ ਲੰਮਾ ਪੈਂਡਾ ਤੈਅ ਕਰ ਕੇ ਸ਼ਹਿਰ ਵੱਲ ਜਾਂਦੀ ਸੜਕ 'ਤੇ ਪਹੁੰਚਿਆ। ਇਕ ਰਹਿਮਦਿਲ ਬੈਲ ਗੱਡੀ ਵਾਲੇ ਨੇ ਉਨ੍ਹਾਂ ਨੂੰ ਆਪਣੇ ਨਾਲ ਬਿਠਾ ਲਿਆ ਤੇ ਕੂਨੂਰ ਸ਼ਹਿਰ ਪਹੁੰਚ ਕੇ ਉਨ੍ਹਾਂ ਨੂੰ ਹਸਪਤਾਲ ਅੱਗੇ ਉਤਾਰ ਦਿੱਤਾ। ਸੀਤਾ ਦੇ ਪਿਤਾ ਨੇ ਹਸਪਤਾਲ ਦਾ ਨਾਂ ਪਹਿਲੀ ਵੇਰਾਂ ਸੁਣਿਆ ਸੀ।


ਹਸਪਤਾਲ ਦੇ ਐਮਰਜੈਂਸੀ ਵਾਰਡ ਵਿਚ ਸੀਤਾ ਦਾ ਇਲਾਜ ਸ਼ੁਰੂ ਹੋ ਗਿਆ। ਉਸ ਦੇ ਪੈਰਾਂ 'ਤੇ ਪਲਾਸਟਰ ਚੜ੍ਹਾ ਦਿੱਤਾ ਗਿਆ ਤੇ ਜਨਰਲ ਵਾਰਡ ਵਿਚ ਬੈੱਡ ਅਲਾਟ ਕਰ ਦਿੱਤਾ ਗਿਆ। ਹਾਊਸ ਸਰਜਨ ਡਾਕਟਰ ਕ੍ਰਿਸ਼ਣਾ ਰਾਜਨ ਬਹੁਤ ਹੀ ਮਿੱਠੇ ਤੇ ਮਿਲਾਪੜੇ ਸੁਭਾਅ ਦਾ ਆਦਮੀ ਸੀ। ਜਦੋਂ ਉਹ ਸੀਤਾ ਦੇ ਪਲਾਸਟਰ ਦਾ ਨਿਰੀਖਣ ਕਰਨ ਆਇਆ ਤਾਂ ਉਸ ਨੇ ਹੱਸ ਕੇ ਨਰਸ ਨੂੰ ਕਿਹਾ, ''ਇਹ ਸਾਡੇ ਕੋਲ ਕਈ ਮਹੀਨਿਆਂ ਤੱਕ ਰਹੇਗੀ। ਚਲੋ, ਵੇਖਦੇ ਹਾਂ ਕਿ ਅਸੀਂ ਇਸ ਛੋਟੇ ਜਿਹੇ ਜੰਗਲੀ ਜੀਵ ਨੂੰ ਕੀ ਬਣਾ ਸਕਦੇ ਹਾਂ ਜੋ ਜੰਗਲ ਵਿਚ ਇਕ ਟੋਏ 'ਚ ਡਿੱਗ ਕੇ ਆਪਣੀਆਂ ਦੋਵੇਂ ਲੱਤਾਂ ਤੁੜਵਾ ਬੈਠਾ ਹੈ।''

ਸੀਤਾ ਨੂੰ ਡਾ. ਰਾਜਨ ਬਹੁਤ ਪਸੰਦ ਆਇਆ। ਉਹ ਹਰ ਰੋਜ਼ ਸਵੇਰ ਵੇਲੇ ਉਸ ਦੀ ਉਡੀਕ ਕਰਦੀ। ਉਹ ਖ਼ੁਸ਼ੀ-ਖ਼ੁਸ਼ੀ ਉਸ ਨਾਲ ਆਪਣੀ ਬੋਲੀ ਵਿਚ ਗੱਲਾਂ ਕਰਦੀ ਜਦੋਂਕਿ ਡਾ. ਰਾਜਨ ਤਾਮਿਲ ਜਾਂ ਅੰਗਰੇਜ਼ੀ ਵਿਚ। ਉਹ ਦੋਵੇਂ ਇਕ-ਦੂਜੇ ਦੀ ਭਾਸ਼ਾ ਨਹੀਂ ਸਮਝਦੇ ਸਨ ਪਰ ਦੋਵੇਂ ਹੀ ਇਕ-ਦੂਜੇ ਦੀਆਂ ਗੱਲਾਂ ਦੇ ਭਾਵ-ਅਰਥ ਸਮਝ ਜਾਂਦੇ ਸਨ। ਉਹ ਹਰ ਮੁਲਾਕਾਤ ਵਿਚ ਤਾਮਿਲ ਅਤੇ ਅੰਗਰੇਜ਼ੀ ਦੇ ਕੁਝ ਸ਼ਬਦ ਯਾਦ ਕਰ ਲੈਂਦੀ। ਹਸਪਤਾਲ ਵਿਚ ਰਹਿੰਦਿਆਂ ਉਸ ਨੇ ਕੰਮ ਚਲਾਊ ਤਾਮਿਲ ਤੇ ਅੰਗਰੇਜ਼ੀ ਸਿੱਖ ਲਈ ਸੀ। ਉਸ ਦਾ ਪਿਤਾ ਹਸਪਤਾਲ ਦੇ ਨੇੜੇ ਹੀ ਇਕ ਬਾਗ ਵਿਚ ਦਿਹਾੜੀ 'ਤੇ ਕੰਮ ਕਰਨ ਲੱਗਾ। ਲਗਪਗ ਛੇ ਮਹੀਨੇ ਬੀਤ ਗਏ।

ਹੌਲੀ-ਹੌਲੀ ਸੀਤਾ ਦੇ ਪੈਰਾਂ ਵਿਚ ਜਾਨ ਆਉਣ ਲੱਗੀ। ਆਖ਼ਰ ਉਹ ਦਿਨ ਵੀ ਆ ਗਿਆ ਜਦੋਂ ਉਸ ਨੂੰ ਹਸਪਤਾਲ 'ਚੋਂ ਛੁੱਟੀ ਮਿਲਣੀ ਸੀ। ਉਸ ਨੇ ਬੜੇ ਅਧਿਕਾਰ ਨਾਲ ਡਾਕਟਰ ਰਾਜਨ ਦੇ ਸਫ਼ੈਦ ਕੋਟ ਨੂੰ ਕੱਸ ਕੇ ਫੜਿਆ ਅਤੇ ਹੌਲੀ ਜਿਹੀ ਕਿਹਾ, ''ਮੈਂ ਤੁਹਾਨੂੰ ਫੇਰ ਮਿਲਣ ਆਵਾਂਗੀ, ਜ਼ਰੂਰ ਆਵਾਂਗੀ।''

ਪਿੰਡ ਜਾ ਕੇ ਸੀਤਾ ਦਿਨ ਵੇਲੇ ਦਰਖ਼ਤਾਂ ਹੇਠ ਨਰਮ ਘਾਹ 'ਤੇ ਪਈ ਖ਼ੁਦ ਨਾਲ ਗੱਲਾਂ ਕਰਦੀ ਰਹਿੰਦੀ। ਉਹ ਹਰ ਸਮੇਂ ਡਾ. ਰਾਜਨ ਨੂੰ ਯਾਦ ਕਰਦੀ। ਦਸ ਵਰ੍ਹਿਆਂ ਦੀ ਸੀਤਾ ਅਤੇ ਉਸ ਦੇ ਪਿਤਾ ਨੇ ਜਾਣ ਲਿਆ ਸੀ ਕਿ ਰੰਗਾ ਦੇਵਤਾ ਦੀ ਧਰਤੀ ਤੋਂ ਪਰ੍ਹਾਂ ਵੀ ਹੋਰ ਕੋਈ ਦੁਨੀਆ ਹੈ ਤੇ ਇਹ ਵੀ ਜਾਣ ਲਿਆ ਕਿ ਇਨ੍ਹਾਂ ਪਹਾੜੀਆਂ ਤੋਂ ਪਾਰ ਜਾਣ 'ਤੇ ਰੰਗਾ ਦੇਵਤਾ ਨਾਰਾਜ਼ ਨਹੀਂ ਹੁੰਦਾ...।

ਹਸਪਤਾਲ ਵਾਲੇ ਡਾਕਟਰ ਰਾਜਨ ਨੇ ਸਰਕਾਰ ਨਾਲ ਲਿਖਾ-ਪੜ੍ਹੀ ਕੀਤੀ ਕਿ ਜੰਗਲ ਦੇ ਇਕ ਆਦਿਵਾਸੀ ਇਰੂਲਾ ਕਬੀਲੇ ਦੀ ਕੁੜੀ ਉਸ ਦੇ ਇਲਾਜ ਅਧੀਨ ਰਹੀ ਹੈ। ਇਸ ਕਬੀਲੇ ਦਾ ਇਤਿਹਾਸ ਭਾਰਤ ਦੇ ਇਤਿਹਾਸ ਤੋਂ ਵੀ ਕਿਤੇ ਵੱਧ ਪੁਰਾਣਾ ਹੈ। ਕਬੀਲੇ ਦੇ ਇਸ ਅਣਜਾਣ ਪਿੰਡ ਦੇ ਵਿਕਾਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਖ਼ਤੋ-ਕਿਤਾਬਤ ਦਾ ਅਸਰ ਇਹ ਹੋਇਆ ਕਿ ਸਰਕਾਰ ਨੇ ਇਕ ਵਫ਼ਦ ਸਰਵੇਖਣ ਕਰਨ ਲਈ ਉਸ ਪਿੰਡ ਵਿਚ ਭੇਜਿਆ। ਇਸ ਵਫ਼ਦ ਦਾ ਮੁਖੀਆ ਸੀ ਫ਼ੌਜ ਦਾ ਸੇਵਾਮੁਕਤ ਅਫ਼ਸਰ, ਮੇਜਰ ਗਾਂਗੁਲੀ। ਉਸ ਦੇ ਨਾਲ ਦੋ




ਨੌਜਵਾਨ ਪ੍ਰਸ਼ਾਸਨਿਕ ਅਧਿਕਾਰੀ ਸਨ। ਸਾਰੇ ਪਿੰਡ ਵਿਚ ਸਿਰਫ਼ ਸੀਤਾ ਹੀ ਤਾਮਿਲ ਅਤੇ ਅੰਗਰੇਜ਼ੀ ਸਮਝ ਸਕਦੀ ਸੀ। ਉਹ ਆਪਣੇ ਲੋਕਾਂ ਅਤੇ ਵਫ਼ਦ ਦਰਮਿਆਨ ਪੁਲ ਬਣ ਗਈ ਤੇ ਦੁਭਾਸ਼ੀਏ ਵਜੋਂ ਸ਼ਾਨਦਾਰ ਭੂਮਿਕਾ ਨਿਭਾਈ। ਮੇਜਰ ਗਾਂਗੁਲੀ ਸੀਤਾ ਦੀ ਲਿਆਕਤ ਅਤੇ ਚੁਸਤੀ ਵੇਖ ਕੇ ਬਹੁਤ ਪ੍ਰਭਾਵਿਤ ਹੋਇਆ।

ਤਿੰਨ-ਚਾਰ ਮਹੀਨਿਆਂ ਬਾਅਦ ਕੂਨੂਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਦੇ ਦਫ਼ਤਰੋਂ ਇਕ ਖ਼ਾਕੀ ਵਰਦੀ ਵਾਲਾ ਹਰਕਾਰਾ ਸੀਤਾ ਦੇ ਘਰ ਪਾਰਸਲ ਲੈ ਕੇ ਪਹੁੰਚਿਆ। ਹਰਕਾਰੇ ਨੇ ਹੀ ਉਨ੍ਹਾਂ ਨੂੰ ਖ਼ਤ ਪੜ੍ਹ ਕੇ ਸੁਣਾਇਆ। ਮੇਜਰ ਗਾਂਗੁਲੀ ਦੀ ਸਿਫ਼ਾਰਸ਼ 'ਤੇ ਸੀਤਾ ਦੀ ਪੜ੍ਹਾਈ ਲਈ ਗ੍ਰਾਂਟ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ ਜਿਸ ਵਿਚ ਡੋਡਾ ਦੇ ਪਬਲਿਕ ਸਕੂਲ ਵਿਚ ਰਾਖਵੀਂ ਸੀਟ ਤੇ ਮੁਫ਼ਤ ਪੜ੍ਹਾਈ, ਖਾਣਾ-ਪੀਣਾ, ਰਹਿਣਾ-ਸਹਿਣਾ, ਕੱਪੜੇ-ਲਿੱਤੇ, ਬੂਟ-ਜੁਰਾਬਾਂ ਅਤੇ ਹੋਰ ਜ਼ਰੂਰੀ ਚੀਜ਼ਾਂ ਦੀ ਮੁਫ਼ਤ ਸਪਲਾਈ ਸ਼ਾਮਲ ਸੀ। ਜਦੋਂ ਸੀਤਾ ਦੇ ਸਕੂਲ ਜਾਣ ਦਾ ਦਿਨ ਨੇੜੇ ਆਇਆ ਤਾਂ ਸਾਰਾ ਪਿੰਡ ਵਿਰੋਧ ਵਿਚ ਖੜ੍ਹਾ ਹੋ ਗਿਆ। ਸੀਤਾ ਦੇ ਪਿਤਾ ਨੇ ਉਨ੍ਹਾਂ ਦੇ ਵਿਰੋਧ ਨੂੰ ਦਰਕਿਨਾਰ ਕਰ ਦਿੱਤਾ ਕਿਉਂਕਿ ਉਹ ਜੰਗਲ ਤੋਂ ਪਾਰ ਦੀ ਦੁਨੀਆਂ ਵੇਖ ਆਇਆ ਸੀ।

ਬਾਰਾਂ ਵਰ੍ਹਿਆਂ ਦੀ ਇਸ ਬੱਚੀ ਸੀਤਾ ਵਾਸਤੇ ਸਕੂਲ ਅਤੇ ਹੋਸਟਲ ਦੇ ਮੁਢਲੇ ਦਿਨ ਸੌਖੇ ਨਹੀਂ ਸਨ। ਖਾਂਦੇ-ਪੀਂਦੇ ਘਰਾਂ ਦੀਆਂ ਕੁੜੀਆਂ ਵਾਸਤੇ ਉਹ ਬਾਹਰਲੀ ਤੇ ਓਪਰੀ ਸ਼ੈਅ ਸੀ- ਇਕ ਜੰਗਲੀ ਜੀਵ। ਨੰਗੇ ਫਰਸ਼ 'ਤੇ ਸੌਣ ਵਾਲੀ ਕੁੜੀ ਨੂੰ ਗੱਦੇਦਾਰ ਬੈੱਡ 'ਤੇ ਨੀਂਦ ਨਹੀਂ ਸੀ ਆਉਂਦੀ। ਉਸ ਨੂੰ ਟੁੱਥ-ਬਰੁਸ਼ ਨਾਲ ਦੰਦ ਸਾਫ਼ ਕਰਨ ਦਾ ਤੇ ਵਾਲ ਵਾਹੁਣ ਦਾ ਚੱਜ ਨਹੀਂ ਸੀ। ਉਸ ਨੂੰ ਟੇਬਲ 'ਤੇ ਬਹਿ ਕੇ ਕਾਂਟੇ-ਛੁਰੀ ਨਾਲ ਖਾਣਾ ਬਹੁਤ ਔਖਾ ਲੱਗਦਾ ਸੀ। ਉਹ ਸਭ ਤੋਂ ਛੋਟੀ ਕਲਾਸ ਵਿਚ ਸਭ ਤੋਂ ਵੱਡੀ ਕੁੜੀ ਸੀ ਤੇ ਬੜੀ ਮੁਸ਼ਕਿਲ ਨਾਲ ਅੱਖਰ-ਗਿਆਨ ਹਾਸਲ ਕਰ ਰਹੀ ਸੀ। ਇਕ ਕੁਲੀਨ ਤੇ ਧਨਾਢ ਵਰਗ ਦੀ ਕੁੜੀ ਮਾਇਆ ਉਸ ਦੀ ਪੱਕੀ ਸਹੇਲੀ ਬਣ ਗਈ ਜਿਸ ਤੋਂ ਉਸ ਨੇ ਬਹੁਤ ਕੁਝ ਸਿੱਖਿਆ। ਸਕੂਲ ਦੀ ਸਪੋਰਟਸ ਟੀਚਰ ਨੇ ਉਸ ਦੀ ਅੰਤਰ ਸ਼ਕਤੀ ਨੂੰ ਪਛਾਣਿਆ ਤੇ ਉਸ ਨੂੰ ਸਪੋਰਟਸ ਵਾਲੇ ਪਾਸੇ ਪਾ ਕੇ ਸਕੂਲ ਦੀ ਸਭ ਤੋਂ ਤੇਜ਼ ਦੌੜਨ ਵਾਲੀ ਦੌੜਾਕ ਬਣਾਇਆ। ਉਸ ਨੇ ਖੇਡਾਂ ਅਤੇ ਦੌੜਾਂ ਵਿਚ ਕਈ ਮੈਡਲ ਹਾਸਲ ਕੀਤੇ। ਆਪਣੇ ਸਵੈ-ਭਰੋਸੇ ਅਤੇ ਆਤਮ-ਬਲ ਦੇ ਸਹਾਰੇ ਉਸ ਨੇ ਸਕੂਲ ਵਿਚ ਆਪਣੀ ਖ਼ਾਸ ਜਗ੍ਹਾ ਬਣਾਈ। ਜਦੋਂ ਲਿਖਣਾ ਸਿੱਖਿਆ ਤਾਂ ਸਭ ਤੋਂ ਪਹਿਲਾ ਖ਼ਤ ਉਸ ਨੇ ਡਾਕਟਰ ਰਾਜਨ ਨੂੰ ਲਿਖਿਆ- 'ਮੈਂ ਸਕੂਲ 'ਚ ਹਾਂ। ਮੈਂ ਪੜ੍ਹਨਾ ਜਾਣਦੀ ਹਾਂ। ਮੈਂ ਲਿਖਣਾ ਜਾਣਦੀ ਹਾਂ। ਮੈਂ ਤੁਹਾਨੂੰ ਮਿਲਣ ਤੇ ਤੁਹਾਨੂੰ ਵੇਖਣ ਆ ਸਕਦੀ ਹਾਂ। - ਸੀਤਾ।'

ਸਾਲ ਬਾਅਦ ਸਕੂਲ ਦਾ ਸੈਸ਼ਨ ਖ਼ਤਮ ਹੋਇਆ ਤਾਂ ਸੀਤਾ ਆਪਣੇ ਪਿੰਡ ਆ ਗਈ। ਕੁਝ ਦਿਨਾਂ ਬਾਅਦ ਉਸ ਨੇ ਆਪਣੇ ਪਿਤਾ ਨੂੰ ਕਿਹਾ ਕਿ ਉਹ ਕੂਨੂਰ ਜਾ ਕੇ ਡਾਕਟਰ ਰਾਜਨ ਨੂੰ ਮਿਲਣਾ ਚਾਹੁੰਦੀ ਹੈ। ਉਸ ਦੇ ਪਿਤਾ ਨੇ ਜਾਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਨਹੀਂ ਚਾਹੁੰਦਾ ਸੀ ਕਿ ਉਸ ਦੀ ਧੀ ਬ੍ਰਾਹਮਣ ਜਾਤੀ ਦੇ ਆਦਮੀ ਨਾਲ ਕੋਈ ਮੇਲ ਜੋਲ ਰੱਖੇ, ਪਰ ਆਖ਼ਰਕਾਰ ਉਸ ਨੂੰ ਆਪਣੀ ਲਾਡਲੀ ਧੀ ਦੀ ਜ਼ਿੱਦ ਅੱਗੇ ਝੁਕਣਾ ਪਿਆ। ਤੁਰਨ ਲੱਗੇ ਤਾਂ ਸੀਤਾ ਨੇ ਆਪਣੇ ਪਿਤਾ ਨੂੰ ਡਾਕਟਰ ਰਾਜਨ ਲਈ ਇਕ ਕਟਹਲ ਨਾਲ ਲੈ ਕੇ ਜਾਣ ਲਈ ਕਿਹਾ। ਉਸ ਦੇ ਪਿਤਾ ਨੇ ਕਿਹਾ, ''ਉਸ ਨੇ ਮੇਰੇ ਹੱਥੋਂ ਇਹ ਫਲ ਸਵੀਕਾਰ ਨਹੀਂ ਕਰਨਾ ਕਿਉਂਕਿ ਉਹ ਬ੍ਰਾਹਮਣ ਹੈ। ਫੇਰ ਵੀ ਮੈਂ ਲੈ ਚੱਲਦਾ ਹਾਂ।''

ਕੂਨੂਰ ਦੇ ਹਸਪਤਾਲ 'ਚ ਜਦੋਂ ਸੀਤਾ ਰਾਜਨ ਨੂੰ ਮਿਲੀ ਤਾਂ ਉਹ ਉਸ ਨੂੰ ਵੇਖ ਕੇ ਬਹੁਤ ਹੈਰਾਨ ਹੋਇਆ ਤੇ ਹੱਸ ਕੇ ਬੋਲਿਆ, ''ਤਾਂ ਤੂੰ ਉਹ ਸੀਤਾ ਹੈਂ ਜੋ ਇਕ ਛੋਟੇ ਜਿਹੇ ਜੰਗਲੀ ਜੀਵ ਵਾਂਗ ਇੱਥੇ ਆਈ ਸੀ, ਪਰ ਹੁਣ ਤਾਂ ਤੇਰਾ ਕਾਇਆ-ਕਲਪ ਹੋ ਚੁੱਕਾ ਹੈ। ਅੱਜ ਤੂੰ ਸਜੀ ਸੰਵਰੀ ਸਕੂਲੀ ਲੜਕੀ ਹੈਂ। ਵਿਦਿਆ ਵੀ ਕਿੰਨੀ ਕਰਾਮਾਤੀ ਹੁੰਦੀ ਹੈ- ਇਹ ਸਿਖਾਉਂਦੀ ਹੈ ਕਿ ਅਸੀਂ ਆਪਣੇ-ਆਪ ਨੂੰ ਕਿਵੇਂ ਬਦਲ ਸਕਦੇ ਹਾਂ।''

ਸੀਤਾ ਦਾ ਅੱਪਾ ਅਚੰਭਤ ਹੋ ਗਿਆ ਜਦੋਂ ਡਾਕਟਰ ਰਾਜਨ ਨੇ ਉਸ ਕੋਲੋਂ ਖ਼ੁਸ਼ੀ-ਖ਼ੁਸ਼ੀ ਤੇ ਧੰਨਵਾਦ ਸਹਿਤ ਕਟਹਲ ਸਵੀਕਾਰ ਕਰ ਲਿਆ।

ਸੀਤਾ ਲਗਾਤਾਰ ਡਾਕਟਰ ਰਾਜਨ ਨੂੰ ਸਕੂਲ 'ਚੋਂ ਚਿੱਠੀਆਂ ਲਿਖਦੀ ਰਹੀ ਤੇ ਉਹ ਵੀ ਉਸ ਦੀ ਹਰ ਚਿੱਠੀ ਦਾ ਜਵਾਬ ਦਿੰਦਾ ਜਿਸ ਵਿਚ ਇਕ ਪਿਤਾ ਵਰਗੀ ਨਸੀਹਤ ਤੇ ਫ਼ਿਕਰਮੰਦੀ ਹੁੰਦੀ। ਉਹ ਹਰ ਵਰ੍ਹੇ ਛੁੱਟੀਆਂ ਵਿਚ ਰਾਜਨ ਨੂੰ ਮਿਲਣ ਕੂਨੂਰ ਜਾਂਦੀ। ਸਾਲ ਬੀਤਦੇ ਗਏ ਤੇ ਸੀਤਾ ਨੇ ਬਚਪਨ ਦੀ ਦਹਿਲੀਜ਼ ਪਾਰ ਕਰ ਕੇ ਜਵਾਨੀ 'ਚ ਪੈਰ ਧਰ ਲਿਆ ਤੇ ਉਸ ਦੇ ਸਰੀਰ ਵਿਚ ਹੀ ਨਹੀਂ, ਉਸ ਦੀ ਸੋਚ ਵਿਚ ਵੀ ਵੱਡੇ ਪਰਿਵਰਤਨ ਪੈਦਾ ਹੋਣੇ ਸ਼ੁਰੂ ਹੋ ਗਏ। ਉਹ ਕਵਿਤਾਵਾਂ ਲਿਖਣ ਲੱਗ ਪਈ। ਉਸ ਨੇ ਡਿਕਨਜ਼, ਦਾਸਤੋਵਸਕੀ, ਟਾਲਸਟਾਏ ਤੇ ਟੈਗੋਰ ਦੇ ਨਾਵਲ/ਕਹਾਣੀਆਂ ਪੜ੍ਹੀਆਂ। ਡਾਕਟਰ ਰਾਜਨ ਵੱਲ ਉਸ ਦੀ ਸੋਚ ਬਦਲ ਗਈ ਸੀ। ਉਸ ਦੇ ਕਥਨ ਅਨੁਸਾਰ, 'ਡਾਕਟਰ ਰਾਜਨ ਬਾਰੇ ਮੈਂ ਵੱਖਰੇ ਢੰਗ ਨਾਲ ਸੋਚਣ ਲੱਗੀ ਸੀ, ਇਕ ਸਾਥੀ ਦੇ ਰੂਪ ਵਿਚ ਜਿਸ ਦਾ ਸਾਥ ਮੈਂ ਲੰਮੇ ਸਮੇਂ ਤੱਕ ਚਾਹੁੰਦੀ ਸੀ।' ਡਾਕਟਰ ਰਾਜਨ ਵੀ ਸੀਤਾ ਦੀ ਸੋਚ ਵਿਚ ਆਏ ਅੰਤਰ ਨੂੰ ਸਮਝ ਰਿਹਾ ਸੀ।

ਅਗਲੀ ਵੇਰਾਂ ਜਦੋਂ ਸਾਲਾਨਾ ਛੁੱਟੀਆਂ ਵਿਚ ਸੀਤਾ ਪਿੰਡ ਗਈ ਤਾਂ ਉਹ ਇਕ ਦਿਨ ਇਕੱਲੀ ਹੀ ਡਾਕਟਰ ਰਾਜਨ ਨੂੰ ਮਿਲਣ ਲਈ ਕੂਨੂਰ ਗਈ। ਡਾਕਟਰ ਨੇ ਪਹਿਲੀ ਵੇਰਾਂ ਬਰਾਬਰੀ ਦੇ ਪੱਧਰ 'ਤੇ ਉਸ ਦਾ ਸੁਆਗਤ ਕੀਤਾ। ਉਸ ਨੂੰ ਆਪਣੇ ਨਾਲ ਕਾਰ 'ਚ ਬਿਠਾ ਕੇ ਸ਼ਹਿਰ ਦੀ ਸੈਰ ਕਰਵਾਈ। ਉਸ ਨੇ ਸੀਤਾ ਨਾਲ ਆਪਣੇ ਬਾਰੇ ਇਸ ਤਰ੍ਹਾਂ ਗੱਲਾਂ ਕੀਤੀਆਂ ਜਿਵੇਂ ਉਹ ਉਸ ਦੇ ਬਹੁਤ ਨੇੜੇ ਹੋਵੇ। ਉਸ ਨੇ ਸੀਤਾ ਨੂੰ ਕਿਹਾ, ''ਸਾਡੀ ਬ੍ਰਾਹਮਣ ਜਾਤੀ ਦੇ ਲੋਕ ਆਪਣੇ-ਆਪ ਨੂੰ ਸ੍ਰੇਸ਼ਟ ਸਮਝ ਕੇ ਸਭ ਤੋਂ ਪਰ੍ਹਾਂ ਰਹਿੰਦੇ ਹਨ। ਉਨ੍ਹਾਂ ਨੂੰ ਬਦਲਣ ਦੀ ਕੋਸ਼ਿਸ਼ ਵਿਚ ਮੈਂ ਉਨ੍ਹਾਂ ਦੀਆਂ ਨਜ਼ਰਾਂ ਵਿਚ ਧਰਮ-ਧ੍ਰੋਹੀ ਬਣ ਚੁੱਕਾ ਹਾਂ। ਮੈਂ ਉਨ੍ਹਾਂ ਦੀ ਮਰਜ਼ੀ ਦੇ ਖ਼ਿਲਾਫ਼ ਡਾਕਟਰ ਬਣਨ ਦਾ ਰਾਹ ਚੁਣਿਆ ਤਾਂ ਜੋ ਮੈਂ ਸਮੁੱਚੀ ਮਨੁੱਖ ਜਾਤੀ ਨਾਲ ਜੁੜ ਸਕਾਂ ਪਰ ਇਹ ਵੀ ਇਕ ਸੱਚ ਹੈ ਕਿ ਮੈਂ ਆਪਣੇ ਆਦਿਮ ਸੰਸਕਾਰਾਂ ਤੋਂ ਮੁਕਤ ਨਹੀਂ ਹੋ ਸਕਿਆ।''

ਡਾਕਟਰ ਰਾਜਨ ਨੇ ਸੀਤਾ ਨੂੰ ਬੜੇ ਉਤਸ਼ਾਹ ਨਾਲ ਸ਼ਹਿਰ ਦੇ ਲਾਗੇ ਇਤਿਹਾਸਕ ਅਤੇ ਧਾਰਮਿਕ ਸਥਾਨ ਵਿਖਾਏ ਤੇ ਰੇਸਤਰਾਂ ਵਿਚ ਖਾਣਾ ਖਿਲਾਇਆ। ਉਨ੍ਹਾਂ ਦੋਹਾਂ ਨੇ ਬੜਾ ਖ਼ੁਸ਼ਨੁਮਾ ਸਮਾਂ ਇਕੱਠੇ ਬਿਤਾਇਆ। ਗੱਡੀ ਦਾ ਟਾਈਮ ਹੋਇਆ ਤਾਂ ਉਹ ਸੀਤਾ ਨੂੰ ਸਟੇਸ਼ਨ 'ਤੇ ਛੱਡਣ ਆਇਆ। ਵਿਦਾ ਹੋਣ ਵੇਲੇ ਡਾਕਟਰ ਨੇ ਉਸ ਨੂੰ ਇਕ ਪੈਕਟ ਭੇਟ ਕੀਤਾ। ਗੱਡੀ ਵਿਚ ਸੀਤਾ ਨੇ ਪੈਕਟ ਖੋਲ੍ਹਿਆ ਤਾਂ ਉਸ ਵਿਚ ਸੋਨੇ ਦੀ ਇਕ ਚੂੜੀ ਸੀ ਜਿਸ 'ਤੇ ਉਸ ਦਾ ਨਾਮ ਸੀਤਾ ਉਕਰਿਆ ਹੋਇਆ ਸੀ। ਉਸ ਨੇ ਇਸ ਨਾਯਾਬ ਸੌਗਾਤ ਨੂੰ ਚੁੰਮ ਕੇ ਆਪਣੀ ਕਲਾਈ ਵਿਚ ਪਾ ਲਿਆ। ਕੂਨੂਰ ਵਿਖੇ ਸੀਤਾ ਤੇ ਡਾਕਟਰ ਰਾਜਨ ਦੀ ਇਹ ਆਖ਼ਰੀ ਮੁਲਾਕਾਤ ਸੀ ਕਿਉਂਕਿ ਡਾਕਟਰ ਰਾਜਨ ਕੂਨੂਰ ਛੱਡ ਕੇ ਮਦਰਾਸ ਦੇ ਵੱਡੇ ਰਾਏਪੁਰਮ ਹਸਪਤਾਲ ਵਿਚ ਤਬਦੀਲ ਹੋ ਗਿਆ ਸੀ। ਡੋਡੋ ਬੋਰਡਿੰਗ ਸਕੂਲ 'ਚ ਆਪਣੀ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਸੀਤਾ ਨੇ ਡਾਕਟਰ ਰਾਜਨ ਦੇ ਅੰਗ-ਸੰਗ ਰਹਿਣ ਲਈ ਨਰਸਿੰਗ ਕੋਰਸ ਕਰਨ ਦਾ ਫ਼ੈਸਲਾ ਕੀਤਾ ਤੇ ਮਦਰਾਸ ਦੇ ਇਕ ਵੱਡੇ ਹਸਪਤਾਲ ਵਿਚ ਦਾਖ਼ਲਾ ਲੈ ਲਿਆ। ਉਹ ਜੰਗਲ ਤੋਂ ਪਹਿਲੀ ਵੇਰਾਂ ਇਕ ਵੱਡੇ ਸਾਰੇ ਭੀੜ-ਭੜੱਕੇ ਵਾਲੇ ਸ਼ਹਿਰ ਵਿਚ ਆਈ ਸੀ ਜਿੱਥੇ ਹਰ ਮੌਸਮ 'ਚ ਹੀ ਗਰਮੀ ਰਹਿੰਦੀ ਸੀ। ਬੇਸ਼ੱਕ ਉਸ ਲਈ ਅਜਿਹੇ ਸ਼ਹਿਰ 'ਚ ਰਹਿ ਕੇ ਨਰਸਿੰਗ ਦਾ ਕਠਿਨ ਕੋਰਸ ਪੂਰਾ ਕਰਨਾ ਆਸਾਨ ਨਹੀਂ ਸੀ ਪਰ ਉਸ ਨੇ ਤਾਂ ਦ੍ਰਿੜ੍ਹ ਨਿਸ਼ਚਾ ਕੀਤਾ ਹੋਇਆ ਸੀ। ਉਹ ਹਰ ਐਤਵਾਰ ਵਾਲੇ ਦਿਨ ਡਾਕਟਰ ਰਾਜਨ ਨੂੰ ਮਿਲਦੀ ਤੇ ਉਸ ਨਾਲ ਸ਼ਹਿਰ ਵੇਖਦੀ। ਉਹ ਹਫ਼ਤਾ ਭਰ ਐਤਵਾਰ ਦੀ ਉਡੀਕ ਕਰਦੀ। ਨਾਈਟ ਡਿਊਟੀ ਕਾਰਨ ਸਾਰੀ-ਸਾਰੀ ਰਾਤ ਜਾਗ-ਜਾਗ ਕੇ ਉਸ ਨੂੰ ਉਨੀਂਦਰਾ ਰੋਗ ਹੋ ਗਿਆ। ਉਸ ਦੀ ਸੋਚ ਹਰ ਪਲ ਰਾਜਨ 'ਤੇ ਹੀ ਕੇਂਦਰਿਤ ਰਹਿੰਦੀ। ਉਸ ਨੂੰ ਉਸ ਤੋਂ ਇਲਾਵਾ ਹੋਰ ਕੁਝ ਵਿਖਾਈ ਹੀ ਨਹੀਂ ਸੀ ਦਿੰਦਾ। ਪਰ ਉਹ ਜਦੋਂ ਵੀ ਉਸ ਨੂੰ ਮਿਲਦਾ, ਉਸ ਦੀ ਨੇੜਤਾ 'ਚ ਵੀ ਉਹ ਦੂਰੀ ਮਹਿਸੂਸ ਕਰਦੀ ਜੋ ਉਸ ਨੂੰ ਪ੍ਰੇਸ਼ਾਨ ਕਰਦੀ।

*(ਬਾਕੀ ਅਗਲੇ ਸਫੇ 'ਤੇ)*

# ਅਜੋਕੇ ਸਮੇਂ ਵਿਚ ਮਹਾਤਮਾ ਗਾਂਧੀ ਦੀ ਪ੍ਰਸੰਗਿਕਤਾ

ਮਹਾਤਮਾ ਗਾਂਧੀ ਅਜਿਹੇ ਜਨਤਕ ਆਗੂ ਸਨ ਜਿਨ੍ਹਾਂ ਨੇ ਬਰਤਾਨਵੀ ਹਕੂਮਤ ਵਿਰੁੱਧ ਅਹਿੰਸਕ ਲੜਾਈ ਲੜਦਿਆਂ ਰਾਸ਼ਟਰੀ ਅੰਦੋਲਨ ਦੀ ਅਗਵਾਈ ਕੀਤੀ। ਉਸੇ ਦੌਰਾਨ ਉਹ ਸਿਆਸੀ ਸੰਘਰਸ਼ਾਂ ਦਾ ਅਧਿਆਤਮਿਕ ਅਮਲਾਂ ਨਾਲ ਵੀ ਤਾਲਮੇਲ ਬਿਠਾ ਰਹੇ ਸਨ। ਉਨ੍ਹਾਂ ਖ਼ੁਦ ਇਸ ਪ੍ਰਕਿਰਿਆ ਨੂੰ 'ਸੱਚ ਦੇ ਨਾਲ ਮੇਰੇ ਪ੍ਰਯੋਗ' ਦਾ ਨਾਮ ਦਿੱਤਾ। ਇਹ ਆਪਣੇ ਆਪ ਵਿਚ ਵਿਲੱਖਣ ਅਤੇ ਅਦਭੁਤ ਅਮਲ ਸੀ ਜਿਸ ਨੂੰ ਆਧੁਨਿਕ ਦੁਨੀਆ ਦੀ ਹੋਰ ਕੋਈ ਵੀ ਮਹਾਨ ਹਸਤੀ ਇੰਨੀ ਸਫ਼ਲਤਾ ਨਾਲ ਨਹੀਂ ਨਿਭਾ ਸਕੀ।


ਮਹਾਤਮਾ ਗਾਂਧੀ ਅਤੇ ਕਾਰਲ ਮਾਰਕਸ ਇਸ ਯੁੱਗ ਦੀਆਂ ਦੋ ਮਹਾਨ ਹਸਤੀਆਂ ਮੰਨੀਆਂ ਗਈਆਂ ਹਨ ਜੋ ਸਮਾਜਿਕ ਤਬਦੀਲੀ ਲਈ ਇਕੋ ਜਿੰਨੀਆਂ ਪ੍ਰਤੀਬੱਧ ਹੋਣ ਦੇ ਬਾਵਜੂਦ ਬਿਲਕੁਲ ਹੀ ਵੱਖੋ-ਵੱਖਰੀ ਵਿਚਾਰਧਾਰਾ ਵਾਲੀਆਂ ਸਨ। ਪਰ

**ਕਰਮ ਬਰਸਟ**
**ਸੰਪਰਕ: 94170-73831**

ਭਾਰਤੀ ਮੂਲ ਦੇ ਉੱਘੇ ਅਮਰੀਕੀ ਚਿੰਤਕ ਅਕੀਲ ਬਿਲਗਰਾਮੀ ਨੇ ਇਨ੍ਹਾਂ ਸ਼ਖ਼ਸੀਅਤਾਂ ਵਿਚਕਾਰ ਕੁਝ ਮਹੱਤਵਪੂਰਨ ਸਮਾਨਤਾਵਾਂ ਦੀ ਪਛਾਣ ਕੀਤੀ ਹੈ। ਉਸ ਨੇ ਦਲੀਲ ਦਿੱਤੀ ਹੈ ਕਿ ਦੋਵਾਂ ਨੇ ਹੀ ਆਧੁਨਿਕਤਾ (ਸਰਮਾਏਦਾਰੀ ਨਿਜ਼ਾਮ) ਦੀ ਇਕੋ ਜਿਹੀ ਆਲੋਚਨਾ ਕੀਤੀ ਹੈ ਕਿਉਂਕਿ ਉਹ ਸਮਾਜ ਤੇ ਮਨੁੱਖ ਦੇ ਕੁਦਰਤ ਤੋਂ ਵਿਗੋਚੇ ਨੂੰ ਆਧੁਨਿਕਤਾ ਦੇ ਮੂਲ ਲੱਛਣ ਮੰਨਦੇ ਹਨ। ਉਸ ਦਾ ਲੇਖ 'ਗਾਂਧੀ, ਇਕ ਫਿਲਾਸਫ਼ਰ' ਮਹਾਤਮਾ ਗਾਂਧੀ ਬਾਰੇ ਨਵੀਂ ਜਾਣਕਾਰੀ ਪ੍ਰਦਾਨ ਕਰਦਾ ਹੈ। ਮਹਾਤਮਾ ਗਾਂਧੀ ਦੇ ਵਿਚਾਰਾਂ ਵਿਚ ਆਪਾ ਵਿਰੋਧ ਅਤੇ ਬੇਮੇਲਤਾ ਦੀ ਆਮ ਧਾਰਨਾ ਦੇ ਉਲਟ ਬਿਲਗਰਾਮੀ ਨੇ ਉਨ੍ਹਾਂ ਦੇ ਦਰਸ਼ਨ ਵਿਚ ਸੰਪੂਰਨ ਇਮਾਨਦਾਰੀ ਅਤੇ ਨੈਤਿਕ ਦ੍ਰਿੜ੍ਹਤਾ ਨੂੰ ਉਜਾਗਰ ਕੀਤਾ ਹੈ। ਬਿਲਗਰਾਮੀ ਖ਼ੁਦ ਨਾਸਤਿਕ ਚਿੰਤਕ ਹੋਣ ਦੇ ਬਾਵਜੂਦ, ਅਜੋਕੇ ਸਮਿਆਂ ਦੀਆਂ ਸਮਾਜਿਕ ਸਿਆਸੀ ਲਹਿਰਾਂ ਵਿਚ ਧਰਮ ਦੀ ਗੰਭੀਰ ਦਖ਼ਲਅੰਦਾਜ਼ੀ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕਰਦਾ। ਉਹ ਕਹਿੰਦਾ ਹੈ, "ਧਰਮ ਮੁੱਖ ਤੌਰ 'ਤੇ ਵਿਸ਼ਵਾਸ ਅਤੇ ਸਿਧਾਂਤ ਦਾ ਮਾਮਲਾ ਨਹੀਂ ਸਗੋਂ ਇਹ ਕਿਸੇ ਭਾਈਚਾਰੇ ਦੀਆਂ ਸਾਂਝੀਆਂ ਕਦਰਾਂ ਕੀਮਤਾਂ ਦੀ ਪ੍ਰਤਿਨਿਧਤਾ ਵੀ ਕਰਦਾ ਹੈ। ਕਈ ਵਾਰ ਇਹ ਅਜਿਹੇ ਪਰਿਪੇਖ ਪ੍ਰਦਾਨ ਕਰ ਸਕਦਾ ਹੈ ਜਿੱਥੇ 'ਇਕ ਮਜ਼ਬੂਤ ਮਜ਼ਦੂਰ ਅੰਦੋਲਨ' ਵਰਗੇ ਏਕਤਾ ਦੇ ਰੂਪ ਗਾਇਬ ਹੁੰਦੇ ਹਨ, ਅਤੇ ਕਈ ਵਾਰ ਇਹ ਕਿਸੇ ਰਾਜਸੀ ਸੱਭਿਅਕ ਸਮਾਜ ਅੰਦਰ ਮਨੁੱਖ ਲਈ ਨੈਤਿਕ ਦ੍ਰਿਸ਼ਟੀਕੋਣ ਪ੍ਰਦਾਨ ਕਰ ਸਕਦਾ ਹੈ ਜਿਵੇਂ ਕਿ ਇਸ ਨੇ ਵੀਹਵੀਂ ਸਦੀ ਦੇ ਅਖ਼ੀਰ 'ਚ ਲਾਤੀਨੀ ਅਮਰੀਕਾ ਦੇ ਧਾਰਮਿਕ ਅੰਦੋਲਨ ਦੌਰਾਨ ਕੀਤਾ ਸੀ।" ਇਸ ਨੇ ਰੋਮਨ ਕੈਥੋਲਿਕ ਧਾਰਮਿਕ ਵਿਸ਼ਵਾਸ ਨੂੰ ਲਾਗੂ ਕਰਦਿਆਂ ਗ਼ਰੀਬਾਂ ਤੇ ਦੱਬੇ-ਕੁਚਲੇ ਲੋਕਾਂ ਦੀ ਸਮਾਜਿਕ ਅਤੇ ਰਾਜਨੀਤਿਕ ਮਾਮਲਿਆਂ ਵਿਚ ਸ਼ਮੂਲੀਅਤ ਕਰਾ ਕੇ ਮਦਦ ਕਰਨ ਦੀ ਕੋਸ਼ਿਸ਼ ਕੀਤੀ ਸੀ।

ਇਸ ਵੇਲੇ ਚਿੰਤਕ, ਮਹਾਤਮਾ ਗਾਂਧੀ ਦੀਆਂ ਰਾਜਨੀਤਿਕ ਸਫ਼ਲਤਾਵਾਂ ਨੂੰ ਉਨ੍ਹਾਂ ਦੇ ਫਲਸਫ਼ੇ ਤੋਂ ਪੂਰੀ ਤਰ੍ਹਾਂ ਵੱਖ ਕਰ ਕੇ ਸੋਚਦੇ ਹਨ। ਉਨ੍ਹਾਂ ਨੂੰ ਅਜਿਹੀ ਇਤਿਹਾਸਕ ਸ਼ਖ਼ਸੀਅਤ ਵਜੋਂ ਐਂਗਿਆ ਜਾ ਰਿਹਾ ਹੈ, ਜਿਸ ਨੇ ਅਹਿੰਸਾ ਤੇ ਸੱਤਿਆਗ੍ਰਹਿ ਦਾ ਸੁਮੇਲ ਕਰ ਕੇ ਭਾਰਤੀ ਸਿਆਸਤ ਨੂੰ ਵੱਖਰੀ ਦਿਸ਼ਾ ਦਿੱਤੀ। ਮਹਾਤਮਾ ਗਾਂਧੀ ਨੂੰ ਉਨ੍ਹਾਂ ਦੇ ਫਲਸਫ਼ੇ ਤੋਂ ਅਲੱਗ ਕਰ ਕੇ ਦੇਖਣਾ ਬੇਤੁਕਾ ਨਜ਼ਰੀਆ ਹੋਵੇਗਾ। ਜੇ ਉਹ ਮੌਲਿਕ ਦਾਰਸ਼ਨਿਕ ਨਾ ਹੁੰਦੇ ਤਾਂ ਸਮੁੱਚੀ ਭਾਰਤੀ ਜਨਤਾ ਤੇ ਆਪਣੇ ਸਾਥੀਆਂ 'ਤੇ ਉਹ ਪ੍ਰਭਾਵ ਨਾ ਪਾ ਸਕਦੇ ਸਨ, ਜੋ ਉਹ ਪਾ ਸਕੇ। ਜੇਕਰ ਉਨ੍ਹਾਂ ਦੀਆਂ ਸਿਆਸੀ ਕਾਰਵਾਈਆਂ ਤੇ ਦਾਰਸ਼ਨਿਕ ਵਿਚਾਰ ਇਕਸੁਰ ਨਾ ਹੁੰਦੇ ਤਾਂ ਜਨਤਕ ਲਾਮਬੰਦੀ ਨਾ ਕਰ ਸਕਦੇ। ਉਨ੍ਹਾਂ ਵਲੋਂ ਦੇਸ਼ ਦੀ ਜਨਤਾ ਨੂੰ ਕੀਤੀ ਗਈ ਅਪੀਲ ਵਿਚ ਇਮਾਨਦਾਰੀ ਅਤੇ ਵਫ਼ਾਦਾਰੀ ਅਹਿਮ ਤੱਤ ਹੈ। ਬਹੁਤ ਸਾਰੇ ਲੋਕ ਦੇਸ਼ ਦੇ ਵਿਸ਼ਾਲ ਸਮੂਹਾਂ ਦੀ ਲਾਮਬੰਦੀ ਨੂੰ ਉਨ੍ਹਾਂ ਦੀ ਇਸ ਵਫ਼ਾਦਾਰੀ ਪ੍ਰਤੀ ਹੁੰਗਾਰੇ ਵਜੋਂ ਦੇਖਣ ਦੇ ਸਮਰੱਥ ਨਹੀਂ ਹੋ ਸਕੇ। ਉਹ ਲੋਕਾਂ ਦੇ ਹੁੰਗਾਰੇ ਨੂੰ ਗਾਂਧੀ ਜੀ ਦੇ ਦਾਰਸ਼ਨਿਕ ਨਜ਼ਰੀਏ ਵਿਚ ਨਿਹਿਤੇ ਦੀ ਬਜਾਏ ਉਨ੍ਹਾਂ ਦੀਆਂ ਸਿਆਸੀ ਜੁਗਤਾਂ ਵਿਚ ਦੇਖਣ ਲੱਗਦੇ ਹਨ। ਇਹ ਕੱਚਘਰੜ ਨਜ਼ਰੀਆ ਹੈ। ਇਹ ਨਜ਼ਰੀਆ ਜਨਤਕ ਸਿਆਸਤ ਪ੍ਰਤੀ ਗ਼ੈਰ-ਜਮਹੂਰੀ ਸਮਝ ਦਾ ਲਖਾਇਕ ਹੈ, ਇਕ ਅਜਿਹੀ ਜਨਤਕ ਸਿਆਸਤ ਜਿਸ ਵਿਚ ਵਿਸ਼ਾਲ ਜਨਸਮੂਹ ਆਪਮੁਹਾਰੇ ਸ਼ਾਮਲ ਹੋ ਜਾਂਦੇ ਹਨ।

ਭਾਰਤ ਅਤੇ ਵਿਦੇਸ਼ਾਂ ਵਿਚਲੇ ਖੱਬੇ ਪੱਖੀ ਗਾਂਧੀ ਦੇ ਅਮਲ ਤੇ ਫਲਸਫ਼ੇ ਦੀ ਲੰਬੇ ਸਮੇਂ ਤੋਂ ਕਰੜੀ ਆਲੋਚਨਾ ਕਰਦੇ ਆ ਰਹੇ ਹਨ। ਉਂਜ ਇਹ ਸੋਚਣਾ ਵੀ ਵਾਜਬ ਨਹੀਂ ਹੋਵੇਗਾ ਕਿ ਗਾਂਧੀ ਨੇ ਕੁਝ ਗੰਭੀਰ ਸਿਆਸੀ ਗ਼ਲਤੀਆਂ ਨਹੀਂ ਕੀਤੀਆਂ ਜਾਂ ਇਸ ਗੱਲ ਤੋਂ ਇਨਕਾਰ ਕਰਨਾ ਕਿ ਉਨ੍ਹਾਂ ਦੇ ਕਈ ਵਿਚਾਰ ਸਮਕਾਲੀ ਅਮਲ ਨਾਲ ਮੇਲ ਨਹੀਂ ਖਾਂਦੇ ਸਨ। ਖ਼ਾਸਕਰ ਚੌਰਾਚੌਰੀ ਦੀ ਘਟਨਾ ਤੋਂ ਬਾਅਦ ਆਪਹੁਦਰੇ ਢੰਗ ਨਾਲ ਅੰਦੋਲਨ ਵਾਪਸ ਲੈ ਲੈਣਾ; ਪਹਿਲੀ ਆਲਮੀ ਜੰਗ ਲਈ ਫ਼ੌਜੀ ਭਰਤੀ ਲਈ ਰੰਗਰੂਟ ਤਿਆਰ ਕਰਨੇ; ਭੀਮ ਰਾਓ ਅੰਬੇਡਕਰ ਨੂੰ ਦਲਿਤਾਂ ਪ੍ਰਤੀ ਲਏ ਪੈਂਤੜੇ ਤੋਂ ਮੋੜਣ ਲਈ ਜਾਂ ਸੁਭਾਸ਼ ਚੰਦਰ ਬੋਸ ਨੂੰ ਕਾਂਗਰਸ ਪਾਰਟੀ ਦਾ ਪ੍ਰਧਾਨ ਬਣਨ ਤੋਂ ਰੋਕਣ ਲਈ ਮਰਨ ਵਰਤ ਦਾ ਐਲਾਨ ਕਰਨ ਤਕ ਚਲੇ ਜਾਣਾ।



ਇਸ ਦੇ ਬਾਵਜੂਦ ਮਹਾਤਮਾ ਗਾਂਧੀ ਦੀਆਂ ਲਿਖਤਾਂ ਵਿਚੋਂ ਉਨ੍ਹਾਂ ਨੂੰ ਇਕ ਰੈਡੀਕਲ ਅਤੇ ਮੌਲਿਕ ਚਿੰਤਕ ਵਜੋਂ ਤਲਾਸ਼ਣ ਦੀ ਲੋੜ ਹੈ। ਉਹ ਵਿਚਾਰਧਾਰਕ ਬੇਮੇਲਤਾ ਦੇ ਬਾਵਜੂਦ ਦਿਲਚਸਪ ਅਤੇ ਮੌਲਿਕ ਚਿੰਤਕ ਸਨ। ਉਹ ਕੋਈ ਅਜਿਹੇ ਦਾਰਸ਼ਨਿਕ ਨਹੀਂ ਸਨ ਜੋ ਵਿਚਾਰਾਂ ਦੀ ਇਕਸਾਰਤਾ ਲਈ ਯਤਨ ਕਰਦਾ। ਉਨ੍ਹਾਂ ਦੇ ਫ਼ੈਸਲੇ ਫ਼ੌਰੀ ਹਾਲਾਤ ਦੇ ਅਨੁਕੂਲ ਹੁੰਦੇ ਸਨ। ਕਾਰਲ ਮਾਰਕਸ ਨੇ ਜਮਾਤੀ ਸਮਾਜ ਵਿਚ ਆਜ਼ਾਦੀ ਅਤੇ ਸਮਾਨਤਾ ਨੂੰ ਬੁਰਜੂਆ ਆਦਰਸ਼ਾਂ ਵਜੋਂ ਖ਼ਾਰਜ ਕਰ ਦਿੱਤਾ ਸੀ। ਇਉਂ ਹੀ ਮਹਾਤਮਾ ਗਾਂਧੀ ਨੇ ਉਦਾਰਵਾਦੀ ਧਾਰਨਾਵਾਂ ਅਤੇ ਉਨ੍ਹਾਂ ਨਿਯਮਾਂ ਤੇ ਸੰਸਥਾਵਾਂ ਪ੍ਰਤੀ ਉਦਾਸੀਨਤਾ ਦਿਖਾਈ ਜੋ ਅਜਿਹੇ ਵਿਚਾਰਾਂ ਨੂੰ ਬੁਲੰਦ ਕਰਨ ਵਾਲੇ ਸਨ। ਸੁਤੰਤਰਤਾ ਅਤੇ ਸਮਾਨਤਾ ਵਿਚਕਾਰ ਤਣਾਅ ਦੇ ਇਹ ਸਰੋਤ ਉਨ੍ਹਾਂ ਦੋਵਾਂ ਦੇ ਆਦਰਸ਼ਾਂ ਨੂੰ ਰੱਦ ਕਰਨ ਲਈ ਕੇਂਦਰੀ ਨੁਕਤੇ ਸਨ, ਪਰ ਉਨ੍ਹਾਂ ਦੋਵਾਂ ਨੇ ਗਿਆਨਵਾਦੀ ਆਧੁਨਿਕਤਾ ਦੇ ਇਨ੍ਹਾਂ ਆਦਰਸ਼ਾਂ ਨਾਲੋਂ ਵੀ ਵੱਧ ਬੁਨਿਆਦੀ, ਕਿਤੇ ਵੱਧ ਮਾਨਵਤਾਵਾਦੀ ਵਿਵਸਥਾ ਦੀ ਮੰਗ ਕੀਤੀ।

ਪ੍ਰਸਿੱਧ ਇਤਿਹਾਸਕਾਰ ਬਿਪਿਨ ਚੰਦਰ ਦਾ ਲੇਖ 'ਦਿ ਲੌਂਗ-ਟਰਮ ਡਾਇਨਾਮਿਕਸ: ਗਾਂਧੀਜੀ ਐਂਡ ਦਿ ਇੰਡੀਅਨ ਨੈਸ਼ਨਲ ਮੂਵਮੈਂਟ' ਮਹਾਤਮਾ ਗਾਂਧੀ ਦੀ ਅਗਵਾਈ ਵਾਲੀ ਰਾਸ਼ਟਰੀ ਲਹਿਰ ਨੂੰ ਇਸ ਦੋਸ਼ ਤੋਂ ਬਚਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਇਹ ਬੁਰਜੂਆ ਕਾਜ਼ ਹਿੱਤ ਚਲਾਇਆ ਗਿਆ ਗ਼ੈਰ-ਇਨਕਲਾਬੀ ਅੰਦੋਲਨ ਸੀ। ਗ੍ਰਾਮਸਕੀ ਦੇ 'ਪੈਂਤੜੇ ਦੀ ਜੰਗ' ਦੇ ਸਿਧਾਂਤ ਤੋਂ ਸੇਧ ਲੈਂਦਿਆਂ ਬਿਪਨ ਚੰਦਰ ਨੇ ਦਿਖਾਇਆ ਹੈ ਕਿ ਭਾਰਤੀ ਰਾਸ਼ਟਰੀ ਅੰਦੋਲਨ ਨੇ ਸਾਰੀਆਂ ਜਮਾਤਾਂ ਦੇ ਸਾਮਰਾਜ ਵਿਰੋਧੀ ਹਿੱਤਾਂ ਨੂੰ ਸੰਬੋਧਿਤ ਕੀਤਾ। ਇਹ ਵੀ ਕਿ ਗਾਂਧੀ ਦੀ ਸੰਘਰਸ਼-ਸੰਧੀ- ਸੰਘਰਸ਼ ਦੀ ਅਹਿੰਸਕ ਰਣਨੀਤੀ ਬੁਰਜੂਆ ਹਿੱਤਾਂ ਲਈ ਨਹੀਂ ਸੀ ਸਗੋਂ ਉਹ ਨੀਮ-ਜਮਹੂਰੀ, ਅਰਧ-ਚੌਧਰਵਾਦੀ ਬਸਤੀਵਾਦੀ ਰਾਜ ਵਿਰੁੱਧ ਬਹੁ-ਜਮਾਤੀ ਜਨਤਕ ਲਹਿਰ ਦੇ ਅਨੁਕੂਲ ਬਣਾਉਣ ਲਈ ਘੜੀ ਗਈ ਸੀ। ਚੱਲਦੇ ਸੰਘਰਸ਼ ਦੀ ਸਮੇਂ-ਸਮੇਂ 'ਤੇ ਵਾਪਸੀ ਨੇ ਉਨ੍ਹਾਂ ਦੇ ਬਹੁਤ ਸਾਰੇ ਸ਼ਾਗਿਰਦਾਂ ਨੂੰ ਪ੍ਰੇਸ਼ਾਨੀ ਜਾਂ ਗੁੱਸੇ ਵਿਚ ਵੀ ਪਾਇਆ, ਪਰ ਇਸ ਨੂੰ ਸਾਮਰਾਜਵਾਦ ਅੱਗੇ ਗੋਡੇ ਟੇਕਣਾ ਜਾਂ ਸਮਝੌਤਾ ਕਰਨ ਦੀ ਸੰਗਿਆ ਦੇਣਾ ਸਹੀ ਨਹੀਂ ਸੀ। ਇਸ ਦੇ ਉਲਟ ਉਹ ਆਤਮ ਨਿਰੀਖਣ ਅਤੇ ਸ਼ਕਤੀਆਂ ਦੇ ਪੁਨਰਗਠਨ ਲਈ ਲਏ ਰਣਨੀਤਕ ਪਿਛਲਮੋੜੇ ਵਾਲੇ ਪੈਂਤੜੇ ਸਨ ਤਾਂ ਕਿ ਜਨਤਕ ਸ਼ਕਤੀਆਂ ਨੂੰ ਹੋਰ ਬਿਹਤਰ ਢੰਗ ਨਾਲ ਲਾਮਬੰਦ ਕੀਤਾ ਜਾ ਸਕੇ।

ਬਹੁਤੇ ਵਿਚਾਰਵਾਨਾਂ ਲਈ ਮੰਜ਼ਿਲ ਅਤੇ ਸਾਧਨਾਂ ਵਿਚਕਾਰਲੇ ਆਪਾ-ਵਿਰੋਧਾਂ ਨੂੰ ਸਵੀਕਾਰ ਕਰਨ ਵਿਚ ਪ੍ਰੇਸ਼ਾਨੀ ਆਮ ਹੈ। ਮਹਾਤਮਾ ਗਾਂਧੀ ਸਮਾਜਿਕ ਅਤੇ ਸਿਆਸੀ ਚਿੰਤਕਾਂ ਵਿਚਕਾਰ ਅਜਿਹੇ ਇਕੱਲੇ ਵਿਅਕਤੀ ਜਾਪਦੇ ਹਨ ਜੋ ਮੰਜ਼ਿਲ ਅਤੇ ਸਾਧਨਾਂ ਵਿਚਕਾਰਲੇ ਕੱਟੜਮੁਖੀ ਵਿਰੋਧਾਭਾਸਾਂ ਨੂੰ ਸੰਪੂਰਨ ਤੌਰ 'ਤੇ ਰੱਦ ਕਰਦੇ ਹਨ। ਇਹ ਵੀ ਸੱਚ ਹੈ ਕਿ ਉਨ੍ਹਾਂ ਦਾ ਸਾਧਨਾਂ ਪ੍ਰਤੀ ਹੱਦ ਦਰਜੇ ਦਾ ਲਗਾਓ ਮਿੱਥੀ ਹੋਈ ਮੰਜ਼ਿਲ ਤਕ ਨੂੰ ਵੀ ਅਣਡਿੱਠ ਕਰ ਦਿੰਦਾ ਸੀ।

'ਹਿੰਦ ਸਵਰਾਜ' ਵਿਚ ਉਨ੍ਹਾਂ ਨੇ ਇਕ ਜਗ੍ਹਾ ਲਿਖਿਆ ਕਿ ਬਹੁਤ ਵੱਡੇ ਧਾਰਮਿਕ ਸਮਝੇ ਜਾਂਦੇ ਮਹਾਂਪੁਰਖਾਂ ਨੇ ਵੀ ਮੰਜ਼ਿਲ ਅਤੇ ਤੌਰ ਤਰੀਕਿਆਂ ਪ੍ਰਤੀ ਆਪਣੇ ਕੁਝ ਵਿਚਾਰਾਂ ਸਦਕਾ ਗੰਭੀਰ ਅਪਰਾਧ ਕੀਤੇ ਸਨ ਕਿਉਂਕਿ ਉਹ ਸਾਧਨਾਂ ਅਤੇ ਮੰਜ਼ਿਲ ਵਿਚਕਾਰ ਕੋਈ ਨੈਤਿਕ ਸਬੰਧ ਜਾਂ ਪਰਸਪਰ ਅੰਤਰ-ਨਿਰਭਰਤਾ ਨਹੀਂ ਦੇਖ ਸਕੇ।

ਮਹਾਤਮਾ ਗਾਂਧੀ ਨੇ ਰਾਜਨੀਤੀ ਅਤੇ ਅਧਿਆਤਮਿਕਤਾ ਵਿਚਕਾਰ ਕੋਈ ਵਖਰੇਵਾਂ ਨਹੀਂ ਕੀਤਾ। ਇਸ ਲਈ ਆਜ਼ਾਦੀ ਤੋਂ ਬਾਅਦ ਦੇ ਉਨ੍ਹਾਂ ਦੇ ਪ੍ਰੋਜੈਕਟ ਦੀ ਪੂਰੀ ਤਰ੍ਹਾਂ ਗੁੰਮਰਾਹਕੁਨ ਵਿਆਖਿਆ ਕੀਤੀ ਮਿਲਦੀ ਹੈ। ਗ਼ਲਤ ਵਿਆਖਿਆ ਦੇ ਨਤੀਜੇ ਜਲਦੀ ਹੀ ਸਪੱਸ਼ਟ ਹੋ ਗਏ ਸਨ। ਨਹਿਰੂ ਸਰਕਾਰ ਕੁਦਰਤੀ ਤੌਰ 'ਤੇ ਇਸ ਗੱਲ ਬਾਰੇ ਦੁਬਿਧਾ ਵਿਚ ਸੀ ਕਿ ਗਾਂਧੀਵਾਦੀ ਇਸ ਦੀਆਂ ਕਾਰਵਾਈਆਂ ਅਤੇ ਨੀਤੀਆਂ ਪ੍ਰਤੀ ਕਿਹੋ ਜਿਹੀ ਪ੍ਰਤੀਕਿਰਿਆ ਕਰਨਗੇ ਅਤੇ ਉਹ ਉਨ੍ਹਾਂ ਨਾਲ ਸਿੱਧੇ ਟਕਰਾਅ ਦਾ ਜੋਖ਼ਮ ਨਹੀਂ ਉਠਾ ਸਕਦੇ ਸਨ, ਇਸ ਲਈ ਉਹ ਕੁਝ (ਉਦਾਹਰਨ ਵਜੋਂ, ਜੇ.ਪੀ. ਨਰਾਇਣ) ਨੂੰ ਬੇਅਸਰ ਕਰਨ ਅਤੇ ਕੁਝ ਹੋਰਾਂ (ਮਿਸਾਲ ਵਜੋਂ ਰਾਮ ਮਨੋਹਰ ਲੋਹੀਆ) ਨੂੰ ਹਾਸ਼ੀਏ 'ਤੇ ਰੱਖਣ ਲਈ ਬੇਚੈਨ ਰਹਿੰਦੇ ਸਨ। ਇਸ ਤੋਂ ਇਲਾਵਾ ਉਹ ਬਹੁਤਿਆਂ ਦਾ ਦਿਲ ਜਿੱਤਣ ਅਤੇ ਬਾਕੀਆਂ ਨੂੰ ਭਾਰਤੀ ਰਾਜ ਭਾਗ ਵਿਚ ਸ਼ਾਮਲ ਕਰਨ ਲਈ ਤਿਆਰ ਰਹਿੰਦੇ ਸਨ। ਇਸ ਦੇ ਅਨੇਕਾਂ ਸਿਆਸੀ ਕਾਰਨ ਹੋ ਸਕਦੇ ਹਨ ਕਿਉਂਕਿ ਉਹ ਭਾਰਤ ਦੇ ਪੁਨਰ ਨਿਰਮਾਣ ਲਈ ਸਾਰੀਆਂ ਉਪਲੱਬਧ ਪ੍ਰਤਿਭਾਵਾਂ ਅਤੇ ਸਿਆਸੀ ਤੇ ਗ਼ੈਰ-ਸਿਆਸੀ ਸੰਗਠਨਾਂ ਦੇ ਸਹਿਯੋਗ ਦੀ ਲੋੜ ਸਮਝਦੇ ਸਨ।

ਮਹਾਤਮਾ ਗਾਂਧੀ ਨੇ ਹਿੰਦੋਸਤਾਨੀ ਸਿਆਸਤ ਵਿਚ ਪ੍ਰਵੇਸ਼ ਕੀਤਾ ਤਾਂ ਖੱਬੇ-ਪੱਖੀ ਕੁਝ ਪ੍ਰਸਿੱਧੀ ਪ੍ਰਾਪਤ ਕਰਨ ਵਿਚ ਸਫ਼ਲ ਹੋ ਰਹੇ ਸਨ ਕਿਉਂਕਿ ਉਹ 1917 ਦੇ ਰੂਸ ਵਿਚਲੇ ਮਹਾਨ ਅਕਤੂਬਰ ਇਨਕਲਾਬ ਤੋਂ ਪ੍ਰਭਾਵਿਤ ਸਨ। ਮਹਾਤਮਾ ਗਾਂਧੀ ਨੇ ਸਮਾਜਵਾਦੀ ਵਿਚਾਰਧਾਰਾ ਨੂੰ ਕਦੇ ਨਹੀਂ ਅਪਣਾਇਆ ਕਿਉਂਕਿ ਉਨ੍ਹਾਂ ਦਾ ਆਪਣਾ ਫਲਸਫ਼ਾ ਧਾਰਮਿਕ ਮੁਹਾਵਰੇ ਅਤੇ ਅਲੰਕਾਰ ਨਾਲ ਓਤ-ਪੋਤ ਸੀ। ਉਹ ਰੱਬ ਵਿਚ ਡੂੰਘਾ ਵਿਸ਼ਵਾਸ ਰੱਖਦੇ ਸਨ। ਬੇਸ਼ੱਕ ਖੱਬੇ-ਪੱਖੀ ਨੇਤਾਵਾਂ ਨੇ ਉਨ੍ਹਾਂ ਦੇ ਸਮਾਜਿਕ ਅਤੇ ਸਿਆਸੀ ਵਿਚਾਰਾਂ ਦੀ ਸ਼ਲਾਘਾ ਨਹੀਂ ਕੀਤੀ ਪਰ ਉਹ ਹਮੇਸ਼ਾ ਮਹਾਤਮਾ ਗਾਂਧੀ ਦੀਆਂ ਕਾਰਵਾਈਆਂ ਦਾ ਨੋਟਿਸ ਲੈਣ ਲਈ ਮਜਬੂਰ ਸਨ। ਸ਼ੁਰੂਆਤੀ ਦੌਰ ਵਿਚ ਭਾਰਤ ਅੰਦਰ ਖੱਬੇ-ਪੱਖੀ ਲਹਿਰ ਕਮਜ਼ੋਰ ਸੀ ਪਰ ਸਮੇਂ ਦੇ ਨਾਲ ਨਾਲ ਰੈਡੀਕਲ ਮਾਨਵਵਾਦ, ਕਮਿਊਨਿਜ਼ਮ ਅਤੇ ਸਮਾਜਵਾਦ ਦੇ ਰੂਪ ਵਿਚ ਇਸ ਦੀਆਂ ਤਿੰਨ ਵੱਡੀਆਂ ਵਿਚਾਰਧਾਰਾਵਾਂ ਉੱਭਰੀਆਂ। ਮਾਨਵਵਾਦੀ ਵਿਚਾਰਧਾਰਾ ਦੀ ਐੱਮ.ਐੱਨ. ਰਾਏ ਨੇ ਵਿਆਖਿਆ ਕੀਤੀ, ਜਿਸ ਨੇ ਆਪਣੀ ਵੱਖਰੀ ਸਿਆਸੀ ਪਾਰਟੀ ਸਥਾਪਤ ਕਰਨ ਲਈ ਮਾਰਕਸਵਾਦੀਆਂ ਨਾਲੋਂ ਵੱਖ ਹੋਣ ਦਾ ਫ਼ੈਸਲਾ ਕੀਤਾ ਸੀ। ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ 1925 ਵਿਚ ਹੋਈ ਅਤੇ ਡਾਂਗੇ ਇਸ ਦੇ ਪ੍ਰਮੁੱਖ ਨੇਤਾ ਸਨ। ਕਾਂਗਰਸ ਸੋਸ਼ਲਿਸਟ ਪਾਰਟੀ ਦੀ ਸਥਾਪਨਾ 1934 ਵਿਚ ਹੋਈ ਸੀ ਅਤੇ ਰਾਮ ਮਨੋਹਰ ਲੋਹੀਆ ਇਸ ਦੇ ਮੁੱਖ ਨੇਤਾਵਾਂ ਵਿਚੋਂ ਇਕ ਸਨ। ਆਜ਼ਾਦੀ ਨੂੰ ਲੈ ਕੇ ਖੱਬੇ-ਪੱਖੀਆਂ ਅਤੇ ਮਹਾਤਮਾ ਗਾਂਧੀ ਵਿਚਕਾਰ ਕਰੀਬੀ ਪਰ ਅਸਹਿਜ ਰਿਸ਼ਤਾ ਸੀ ਕਿਉਂਕਿ ਖੱਬੇਪੱਖੀਆਂ ਨੇ ਗਾਂਧੀ ਦੇ ਅਧਿਆਤਮਵਾਦ, ਟਰੱਸਟੀਸ਼ਿਪ ਅਤੇ ਵਿਕੇਂਦਰੀਕਰਨ ਸੰਕਲਪਾਂ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ। ਖੱਬੇਪੱਖੀ ਆਗੂ ਤਰੱਕੀ ਅਤੇ ਰਾਜਨੀਤੀ ਦੇ ਆਧੁਨਿਕਤਾਵਾਦੀ ਵਿਚਾਰਾਂ ਵਿਚ ਵਿਸ਼ਵਾਸ ਰੱਖਦੇ ਸਨ। ਉਹ ਆਜ਼ਾਦੀ ਦੀ ਲਹਿਰ ਵਿਚ ਕਈ ਵਾਰ ਸ਼ਾਮਲ ਅਤੇ ਬਾਹਰ ਹੁੰਦੇ ਰਹੇ। 1942 ਵਿਚ ਉਨ੍ਹਾਂ ਨੇ ਭਾਰਤ ਛੱਡੋ ਅੰਦੋਲਨ ਦਾ ਵਿਰੋਧ ਕੀਤਾ ਪਰ ਕਾਂਗਰਸ ਅੰਦਰਲੇ ਖੱਬੇਪੱਖੀਆਂ ਵਾਲਾ ਸਮਾਜਵਾਦੀ ਧੜਾ ਮਹਾਤਮਾ ਗਾਂਧੀ ਦੇ ਪੈਰੋਕਾਰ ਹੀ ਬਣਿਆ ਰਿਹਾ ਅਤੇ ਉਨ੍ਹਾਂ ਨੇ ਸਾਰੀਆਂ ਵੱਡੀਆਂ ਗਾਂਧੀਵਾਦੀ ਲਹਿਰਾਂ ਵਿਚ ਹਿੱਸਾ ਲਿਆ।

ਅਜਿਹਾ ਸਾਹਿਤ ਵੀ ਮਿਲਦਾ ਹੈ ਜੋ ਮਹਾਤਮਾ ਗਾਂਧੀ ਦੇ ਮਜ਼ਬੂਤ ਧਰਮ ਨਿਰਪੱਖ ਆਦਰਸ਼ਾਂ ਅਤੇ ਅਮਲਾਂ ਨੂੰ ਸਾਹਮਣੇ ਲਿਆਉਂਦਾ ਹੈ। ਉਹ ਇਸ ਦੋਸ਼ ਦਾ ਖੰਡਨ ਕਰਦਾ ਹੈ ਕਿ ਮਹਾਤਮਾ ਗਾਂਧੀ ਦੇ ਧਰਮ ਅਤੇ ਇਸ ਦੇ ਮੁਹਾਵਰੇ ਨੇ ਦੋ ਫ਼ਿਰਕਿਆਂ ਅੰਦਰ ਸ਼ੱਕ ਅਤੇ ਦੁਸ਼ਮਣੀ ਨੂੰ ਭੜਕਾਉਣ ਦਾ ਕੰਮ ਕੀਤਾ ਸੀ। ਪੁਨਰ-ਮੁਲਾਂਕਣ ਦਾ ਇਕ ਹੋਰ ਮਹੱਤਵਪੂਰਨ ਹਿੱਸਾ ਜਵਾਹਰ ਲਾਲ ਨਹਿਰੂ ਦੀ ਸ਼ਖ਼ਸੀਅਤ ਨਾਲ ਸਬੰਧਤ ਹੈ ਜਿਸ ਦੇ ਮਾਰਕਸਵਾਦ ਲਈ ਮੋਹ ਨੂੰ ਬਿਪਨ ਚੰਦਰ ਨੇ ਗਾਂਧੀਵਾਦੀ ਢਾਂਚੇ ਤੋਂ ਤੋੜ ਕੇ ਦਿਖਾਇਆ ਸੀ ਪਰ ਬਾਅਦ ਵਿਚ ਇਸ ਵਿਚਾਰ ਨੂੰ 'ਫੈਬੀਅਨਵਾਦ ਦੇ ਹਲਕੇ ਰੂਪ' ਤਕ ਪੇਤਲਾ ਕਰ ਦਿੱਤਾ ਗਿਆ। ਬਾਅਦ ਵਿਚ ਬਿਪਨ ਚੰਦਰ ਨੇ ਇਹ ਦਰਸਾਉਣ ਲਈ ਆਪਣੇ ਵਿਚਾਰਾਂ ਨੂੰ ਸੋਧ ਲਿਆ ਸੀ ਕਿ ਨਹਿਰੂ ਨੇ ਖ਼ੁਦ ਕਾਂਗਰਸ ਪਾਰਟੀ ਲਈ ਗਾਂਧੀਵਾਦੀ ਰਣਨੀਤੀ ਦਾ ਪੁਨਰ-ਮੁਲਾਂਕਣ ਕਰ ਲਿਆ ਸੀ ਤਾਂ ਕਿ ਪਾਰਟੀ ਜਥੇਬੰਦੀ ਨੂੰ ਇਸ ਦੇ ਅਸਲੀ ਜਮਹੂਰੀ ਆਦਰਸ਼ਾਂ ਨੂੰ ਪੂਰਾ ਕਰਨ ਲਈ ਸਮਾਜਵਾਦੀ ਦਿਸ਼ਾ ਵੱਲ ਮੋੜਿਆ ਜਾ ਸਕੇ। ਉਹ ਦੱਸਦਾ ਹੈ ਕਿ ਨਹਿਰੂ ਪਹਿਲੇ ਵਿਅਕਤੀਆਂ ਵਿਚੋਂ ਸਨ ਜਿਨ੍ਹਾਂ ਨੇ ਸਟਾਲਿਨਵਾਦੀ-ਮਾਰਕਸਵਾਦ ਦੀਆਂ ਬੇੜੀਆਂ ਨੂੰ ਤੋੜ ਕੇ ਇਹ ਮਹਿਸੂਸ ਕੀਤਾ ਕਿ ਭਾਰਤ ਵਿਚ ਸਮਾਜਵਾਦ ਤੋਂ ਬਿਨਾਂ ਕੋਈ ਸੱਚਾ ਲੋਕਤੰਤਰ ਨਹੀਂ ਹੋ ਸਕਦਾ, ਉੱਥੇ ਨਾਲ ਹੀ ਜਮਹੂਰੀਅਤ ਤੋਂ ਬਿਨਾਂ ਕੋਈ ਸਮਾਜਵਾਦ ਵੀ ਨਹੀਂ ਹੋ ਸਕਦਾ।

ਗਾਂਧੀਵਾਦ ਸਾਰੇ ਧਰਮਾਂ ਪ੍ਰਤੀ ਸਹਿਣਸ਼ੀਲ ਸੀ ਅਤੇ ਅੱਜ ਦੁਨੀਆ ਨੂੰ ਉਨ੍ਹਾਂ ਸਮਾਜਾਂ ਵਿਚ ਸੱਚੇ ਧਾਰਮਿਕ ਵਿਸ਼ਵਾਸ ਵਾਲੇ, ਨਾਸਤਿਕ ਅਤੇ ਸਹਿਣਸ਼ੀਲ ਲੋਕਾਂ ਦੀ ਜ਼ਰੂਰਤ ਹੈ। ਫ਼ਿਰਕਾਪ੍ਰਸਤੀ ਆਧੁਨਿਕ ਭਾਰਤ ਵਿਚ ਧਰਮ ਨਿਰਪੱਖਤਾ, ਜਮਹੂਰੀਅਤ ਅਤੇ ਭਾਈਚਾਰਕ ਏਕਤਾ ਵਰਗੇ ਤਿੰਨ ਨਰੋਏ ਤੱਤਾਂ ਨੂੰ ਤਬਾਹ ਕਰਨ ਵਿਚ ਲੱਗੀ ਹੋਈ ਹੈ। ਮਹਾਤਮਾ ਗਾਂਧੀ ਕੱਟੜ ਹਿੰਦੂ ਸਨ ਪਰ ਉਹ ਫ਼ਿਰਕੂ ਸਦਭਾਵਨਾ ਬਣਾਈ ਰੱਖਣ ਲਈ ਸੱਜੇਪੱਖੀ ਹਿੰਦੂਆਂ ਦੀਆਂ ਭਾਵਨਾਵਾਂ ਦੇ ਵਿਰੁੱਧ ਡਟੇ ਰਹਿਣ ਲਈ ਵੀ ਤਤਪਰ ਰਹਿੰਦੇ ਸਨ। ਉਨ੍ਹਾਂ ਨੇ ਫ਼ਿਰਕੂ ਸਦਭਾਵਨਾ ਲਈ ਲੜਾਈ ਲੜੀ ਅਤੇ ਅੰਤ ਵਿਚ ਇਸ ਲਈ ਆਪਣੀ ਜਾਨ ਵੀ ਕੁਰਬਾਨ ਕਰ ਦਿੱਤੀ। ਉਹ ਸ਼ਰਧਾਵਾਨ ਹਿੰਦੂ ਸਨ ਪਰ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਦੇ ਸਨ।

ਭਾਰਤ ਵਿਚ ਰਾਸ਼ਟਰੀ ਏਕਤਾ ਲਈ ਫ਼ਿਰਕਾਪ੍ਰਸਤੀ ਗੰਭੀਰ ਖ਼ਤਰਾ ਹੈ। ਧਾਰਮਿਕ ਕੱਟੜਤਾ ਨੇ ਭਾਰਤ ਵਿਚ ਫ਼ਿਰਕੂ ਤਣਾਅ ਅਤੇ ਦੰਗਿਆਂ ਦਾ ਰੂਪ ਲੈ ਲਿਆ ਹੈ। ਇਤਿਹਾਸਕ ਸਥਾਨਾਂ ਬਾਰੇ ਹਿੰਦੂਤਵੀ ਸ਼ਕਤੀਆਂ ਦੇ ਦਾਅਵਿਆਂ ਨੇ ਫ਼ਿਰਕੂ ਤਣਾਅ ਨੂੰ ਹੋਰ ਵਧਾ ਦਿੱਤਾ ਹੈ ਅਤੇ ਰਾਸ਼ਟਰੀ ਏਕਤਾ ਨੂੰ ਖ਼ਤਰੇ ਵਿਚ ਪਾਇਆ ਹੈ। ਪਿਛਲੇ ਕਈ ਦਹਾਕਿਆਂ ਤੋਂ ਭਾਰਤੀ ਸਟੇਟ ਧਰਮ-ਨਿਰਪੱਖਤਾ ਦੀ ਰਾਖੀ ਕਰਨ ਅਤੇ ਫ਼ਿਰਕੂ ਕੱਟੜਤਾ ਨੂੰ ਰੋਕਣ ਵਿਚ ਕਮਜ਼ੋਰ ਪੈਂਦੀ ਦਿਖਾਈ ਦੇ ਰਹੀ ਹੈ। ਇਸ ਲਈ ਇਸ ਔਖੇ ਸਮੇਂ ਵਿਚ ਇਕ ਹੋਰ ਮਹਾਤਮਾ ਗਾਂਧੀ ਦੀ ਲੋੜ ਹੈ।

## ਗਾਥਾ ਇਕ ਦੁਰਲੱਭ ਪੁਸਤਕ ਦੀ

*(ਪਿਛਲੇ ਸਫੇ ਦਾ ਬਾਕੀ)*

ਉਹ ਤਾਂ ਰਾਜਨ ਦੀਆਂ ਬਾਹਾਂ ਵਿਚ ਪਿਘਲ ਜਾਣ ਦੇ ਸੁਪਨੇ ਵੇਖਦੀ ਸੀ ਪਰ ਜਦੋਂ ਉਸ ਨੂੰ ਲੱਗਦਾ ਕਿ ਉਸ ਦਾ ਸੁਪਨਾ ਹਕੀਕਤ ਤੋਂ ਕੋਹਾਂ ਦੂਰ ਹੈ ਤਾਂ ਉਹ ਜਾਨਲੇਵਾ ਸਿਰ ਪੀੜ ਨਾਲ ਤੜਪ ਉੱਠਦੀ।

ਇਕ ਦਿਨ ਸੀਤਾ ਦੀ ਤਬੀਅਤ ਬਹੁਤ ਜ਼ਿਆਦਾ ਖ਼ਰਾਬ ਹੋ ਗਈ। ਡਾਕਟਰ ਰਾਜਨ ਨੂੰ ਸੂਚਿਤ ਕੀਤਾ ਗਿਆ ਤਾਂ ਉਹ ਉਸ ਨੂੰ ਆਪਣੇ ਦੋਸਤ ਡਾਕਟਰ ਰਾਉ ਦੇ ਕਲੀਨਿਕ ਲੈ ਗਿਆ। ਚੈੱਕਅਪ ਕਰਨ ਉਪਰੰਤ ਡਾਕਟਰ ਰਾਵ ਨੇ ਸੀਤਾ ਨੂੰ ਦੱਸਿਆ ਕਿ ਉਹ ਮਾਇਗ੍ਰੇਨ ਤੋਂ ਪੀੜਤ ਹੈ ਤੇ ਉਸ ਦੀ ਬਿਮਾਰੀ ਦੀ ਜੜ੍ਹ ਹੈ ਉਸ ਦੀ ਭਾਵਨਾਤਮਕ ਉਥਲ-ਪੁਥਲ। ਡਾਕਟਰ ਰਾਉ ਨੇ ਉਸ ਨੂੰ ਦਵਾਈ ਲਿਖ ਕੇ ਦੇ ਦਿੱਤੀ ਤੇ ਕਿਹਾ ਕਿ ਉਹ ਕਿਸੇ ਦਿਨ ਇਕੱਲੀ ਆ ਕੇ ਉਸ ਨੂੰ ਮਿਲੇ।

ਅਗਲੇ ਦਿਨ ਹੀ ਸੀਤਾ ਇਕੱਲੀ ਡਾਕਟਰ ਰਾਉ ਨੂੰ ਮਿਲਣ ਗਈ। ਡਾਕਟਰ ਰਾਉ ਨੇ ਉਸ ਨੂੰ ਬੜੀ ਅਪਣੱਤ ਨਾਲ ਸਮਝਾਇਆ, "ਡਾਕਟਰ ਰਾਜਨ ਤੇਰੇ ਨਾਲ ਬਹੁਤ ਪਿਆਰ ਕਰਦਾ ਹੈ, ਪਰ ਉਹ ਤੇਰੇ ਨਾਲ ਵਿਆਹ ਨਹੀਂ ਕਰਵਾ ਸਕਦਾ। ਭਾਵੇਂ ਉਹ ਬੜੀ ਖੁੱਲ੍ਹੀ ਸੋਚ ਦਾ ਤਰਕਸ਼ੀਲ ਆਦਮੀ ਹੈ ਤੇ ਆਪਣੀ ਜਾਤੀ ਦੇ ਲੋਕਾਂ ਦੀ ਧਾਰਮਿਕ ਕੱਟੜਤਾ ਦਾ ਸਖ਼ਤ ਵਿਰੋਧੀ ਹੈ। ਇਸ ਦੇ ਬਾਵਜੂਦ ਉਹ ਆਪਣੇ ਸੰਸਕਾਰਾਂ ਨਾਲ ਬੰਨ੍ਹਿਆ ਹੋਇਆ ਹੈ।"

"ਮੈਂ ਇਹ ਬਹੁਤ ਪਹਿਲਾਂ ਤੋਂ ਹੀ ਜਾਣਦੀ ਹਾਂ।" ਇਹ ਕਹਿ ਕੇ ਉਹ ਉੱਠ ਖਲੋਤੀ ਤੇ ਸੁਬਕਦੀ ਹੋਈ ਸੜਕ 'ਤੇ ਤੁਰਨ ਲੱਗੀ। ਉਸ ਦਾ ਸੁੰਦਰ ਸੁਪਨਾ ਟੁੱਟ ਕੇ ਬਿਖਰ ਚੁੱਕਾ ਸੀ। ਉਹ ਸੋਚ ਰਹੀ ਸੀ ਕਿ ਉਸ ਦੇ ਪਿੰਡ ਦੇ ਲੋਕ ਸ਼ਾਇਦ ਠੀਕ ਹੀ ਸੋਚਦੇ ਸਨ ਕਿ ਉਸ ਦੀ ਸ਼ਾਦੀ ਵੀ ਉਸ ਦੀ ਸਹੇਲੀ ਮੁੰਡੀ ਵਾਂਗ ਉਮਰ ਸਿਰ ਹੋ ਜਾਣੀ ਚਾਹੀਦੀ ਸੀ। 'ਕ੍ਰਿਸ਼ਨਾ ਰਾਜਨ ਅਤੇ ਮੈਂ ਸਰੀਰਕ ਰੂਪ ਵਿਚ ਮਿਲ ਨਹੀਂ ਸਕੇ ਤੇ ਨਾ ਹੀ ਸਾਡੀਆਂ ਦੋਹਾਂ ਦੀਆਂ ਆਤਮਾਵਾਂ ਇਕ ਹੋ ਸਕੀਆਂ! ਮੇਰੀ ਕੁੱਖ ਹਮੇਸ਼ਾ ਖ਼ਾਲੀ ਰਹੇਗੀ। ਮੇਰੀ ਜ਼ਿੰਦਗੀ ਦਾ ਮਕਸਦ ਖ਼ਤਮ ਹੋ ਚੁੱਕਾ ਹੈ।'

ਉਸ ਨੇ ਮਦਰਾਸ ਤੋਂ ਹਮੇਸ਼ਾ ਲਈ ਚਲੇ ਜਾਣ ਦਾ ਫ਼ੈਸਲਾ ਕੀਤਾ ਤੇ ਡਾਕਟਰ ਰਾਜਨ ਨੂੰ ਇਕ ਆਖ਼ਰੀ ਖ਼ਤ ਲਿਖਿਆ। ਰਾਜਨ ਨੇ ਉਸ ਨੂੰ ਆਪਣੀ ਯਾਤਰਾ ਸਿਰਫ਼ ਇਕ ਦਿਨ ਲਈ ਮੁਲਤਵੀ ਕਰਨ ਲਈ ਕਿਹਾ ਤਾਂ ਜੋ ਉਹ ਇਕੱਠੇ ਦੀਵਾਲੀ ਦਾ ਤਿਓਹਾਰ ਮਨਾ ਸਕਣ।

ਡਾਕਟਰ ਰਾਜਨ ਸੀਤਾ ਨੂੰ ਸ਼ਹਿਰ ਦੇ ਲਾਗੇ ਇਕ ਪਿੰਡ ਵਿਚ ਨਦੀ ਦੇ ਕੰਢੇ ਲੈ ਗਿਆ ਤੇ ਕਹਿਣ ਲੱਗਾ, "ਮੈਂ ਤੈਨੂੰ ਪਿਆਰ ਕਰਦਾ ਹਾਂ, ਸੀਤਾ! ਮੈਂ ਆਪਣੇ ਕੱਟੜ ਖ਼ਿਆਲਾਂ ਦੇ ਮਾਂ-ਬਾਪ ਨਾਲ ਬਗ਼ਾਵਤ ਕੀਤੀ ਸੀ। ਮੇਰੇ ਦਿਮਾਗ਼ ਦੇ ਇਕ ਹਿੱਸੇ ਨੇ ਅਤੀਤ ਦੀਆਂ ਕਈ ਚੀਜ਼ਾਂ ਨੂੰ ਖ਼ਾਰਿਜ ਕਰ ਦਿੱਤਾ ਸੀ ਪਰ ਮੇਰੇ ਦਿਮਾਗ਼ ਦਾ ਦੂਜਾ ਹਿੱਸਾ ਅਤੀਤ ਪ੍ਰਤੀ ਅਜੇ ਵੀ ਵਫ਼ਾਦਾਰ ਹੈ। ਮੈਂ ਤੈਨੂੰ ਹਮੇਸ਼ਾ ਪਿਆਰ ਕਰਦਾ ਰਹਾਂਗਾ, ਪਰ...!"

ਉਸ ਵੇਲੇ ਦੋਹਾਂ ਨੇ ਨਦੀ ਵਿਚ ਦੋ ਦੀਵੇ ਤਾਰੇ। ਸੀਤਾ ਵਾਲਾ ਦੀਵਾ ਸਿੱਧਾ ਤਰਦਾ ਗਿਆ ਤੇ ਡਾਕਟਰ ਵਾਲਾ ਕਿਤੇ ਅੜ ਕੇ ਘੁੰਮਣਘੇਰੀਆਂ ਖਾਣ ਲੱਗ ਪਿਆ। ਸੀਤਾ ਨੇ ਰੁੱਖ ਦੀ ਡੰਡੀ ਨਾਲ ਡਾਕਟਰ ਵਾਲੇ ਦੀਵੇ ਨੂੰ ਘੁੰਮਣਘੇਰੀ ਵਿਚੋਂ ਕੱਢਣਾ ਚਾਹਿਆ, ਪਰ ਡਾਕਟਰ ਨੇ ਕਿਹਾ, "ਇਹਨੂੰ ਇਸੇ ਤਰ੍ਹਾਂ ਰਹਿਣ ਦੇ, ਸੀਤਾ! ਇਹ ਮੈਂ ਹਾਂ- ਇਕੋ ਥਾਂ ਖਲੋਤਾ ਘੁੰਮਣਘੇਰੀਆਂ ਖਾ ਰਿਹਾ...!"

ਇਹ ਸੀਤਾ ਤੇ ਡਾਕਟਰ ਰਾਜਨ ਦੀ ਆਖ਼ਰੀ ਮੁਲਾਕਾਤ ਸੀ। ਸੀਤਾ ਮੁੜ ਕੇ ਆਪਣੇ ਕਬੀਲੇ ਵਿਚ ਚਲੀ ਗਈ, ਉਸ ਜੰਗਲ ਵਿਚ ਜਿਸ ਦੇ ਪਹਾੜਾਂ ਦੀ ਟੀਸੀ 'ਤੇ ਰੰਗਾ ਨਿਵਾਸ ਕਰਦਾ ਹੈ। ਉਹ ਜੰਗਲ ਤੋਂ ਪਾਰ ਦੀ ਦੁਨੀਆਂ ਵੇਖ ਆਈ ਸੀ। ਔਂਪਾ ਨੇ ਕੋਈ ਸਵਾਲ ਨਹੀਂ ਕੀਤਾ। ਅਗਲੇ ਦਿਨ ਉਹ ਰੰਗਾ ਦਾ ਆਸ਼ੀਰਵਾਦ ਪ੍ਰਾਪਤ ਕਰਨ

# ਭ੍ਰਿਸ਼ਟਾਚਾਰ ਵਿਰੁੱਧ ਲੜਾਈ ਸੁਖਾਲਾ ਕੰਮ ਨਹੀਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪ੍ਰਧਾਨ ਮੰਤਰੀ ਹੁੰਦਿਆਂ ਅਟਲ ਬਿਹਾਰੀ ਵਾਜਪਾਈ ਨੇ ਇੱਕ ਵਾਰ ਹਾਸੇ ਵਿਚ ਕਿਹਾ ਸੀ ਕਿ ਭਾਰਤ ਵਿਚ ਇਹੀ ਗੱਲ ਪਤਾ ਨਹੀਂ ਲੱਗਦੀ ਕਿ ਸੜਕ ਵਿਚ ਖੱਡੇ ਬਣ ਗਏ ਹਨ ਜਾਂ ਖੱਡਿਆਂ ਵਿਚ ਸੜਕ ਬਣਾਈ ਗਈ ਹੈ! ਅੱਜ ਏਦਾਂ ਦੀ ਗੱਲ ਪੰਜਾਬ ਬਾਰੇ ਜਾਪਦੀ ਹੈ ਕਿ ਪਤਾ ਨਹੀਂ ਪੰਜਾਬ ਵਿਚ ਹੱਦੋਂ ਬਾਹਰਾ ਭ੍ਰਿਸ਼ਟਾਚਾਰ ਹੈ ਜਾਂ ਭ੍ਰਿਸ਼ਟਾਚਾਰ ਵਿਚ ਪੰਜਾਬ ਫਸਿਆ ਪਿਆ ਹੈ! ਇੱਟ ਪੁੱਟਿਆਂ ਚੋਰ ਨਿਕਲਣ ਵਾਲਾ ਮੁਹਾਵਰਾ ਵੀ ਏਥੇ ਖੋਖਲਾ ਹੋ ਗਿਆ ਹੈ। ਭ੍ਰਿਸ਼ਟਾਚਾਰੀਏ ਇੱਟਾਂ ਓਹਲੇ ਲੁਕੇ ਨਹੀਂ, ਹਰ ਗਲੀ ਵਿਚ ਹਰ ਮੋੜ ਉੱਤੇ ਖੜੋਤੇ ਜਾਂ ਘੁੰਮਦੇ ਮਿਲ ਸਕਦੇ ਹਨ। ਛੇ ਮਹੀਨੇ ਗੁਜ਼ਾਰ ਚੁੱਕੀ ਅਤੇ ਬਾਕੀ ਸਾਢੇ ਚਾਰ ਸਾਲ ਸੁਖ-ਸਬੀਲੀਂ ਗੁਜ਼ਾਰਨ ਦੇ ਸੁਫਨੇ ਲੈਂਦੀ ਭਗਵੰਤ ਮਾਨ ਸਰਕਾਰ ਕਹਿੰਦੀ ਹੈ ਕਿ ਪੰਜਾਬ ਵਿਚ ਭ੍ਰਿਸ਼ਟਾਚਾਰ ਰਹਿਣ ਨਹੀਂ ਦੇਣਾ, ਪਰ ਇਹ ਦਾਅਵਾ ਉਹ ਸਿਰੇ ਚਾੜ੍ਹ ਸਕੇਗੀ, ਇਸ ਦਾ ਯਕੀਨ ਕਰਨਾ ਲੋਕਾਂ ਨੂੰ ਔਖਾ ਜਾਪਦਾ ਹੈ। ਭ੍ਰਿਸ਼ਟਾਚਾਰ ਸਾਡੇ ਪੰਜਾਬ ਵਿਚ ਆਜ਼ਾਦੀ ਮਿਲਦੇ ਸਾਰ ਸ਼ੁਰੂ ਹੋ ਗਿਆ ਸੀ, ਪਰ ਮੁੱਖ ਮੰਤਰੀ ਬੇਅੰਤ ਸਿੰਘ ਵਾਲੀ ਸਰਕਾਰ ਦੇ ਵਕਤ ਇਸ ਨੇ ਸਪੀਡ ਤੇਜ਼ ਕੀਤੀ ਤੇ ਉਸ ਤੋਂ ਬਾਅਦ ਦੀ ਹਰ ਸਰਕਾਰ ਦੇ ਦੌਰਾਨ ਇਹ ਅਗਲੇ ਤੋਂ ਅਗਲਾ ਗੇਅਰ ਬਦਲਦਾ ਇਸ ਪੱਧਰ ਤੱਕ ਪੁੱਜਿਆ ਪਿਆ ਹੈ ਕਿ ਇਸ ਦੇ ਖ਼ਤਮ ਹੋਣ ਦੀ ਗੱਲ ਕਿਧਰੇ ਰਹੀ, ਘਟਾਉਣ ਦਾ ਦਾਅਵਾ ਵੀ ਕੋਈ ਕਰੇ ਤਾਂ ਆਮ ਲੋਕ ਛੇਤੀ ਕੀਤੇ ਯਕੀਨ ਨਹੀਂ ਕਰਦੇ। ਜਿਸ ਕਿਸੇ ਵਿਭਾਗ ਅੰਦਰ ਭ੍ਰਿਸ਼ਟਾਚਾਰ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਸ਼ੁਰੂ ਹੋਣ ਲੱਗਦੀ ਹੈ, ਸ਼ੁਰੂ ਭਾਵੇਂ ਉਹ ਇੱਕ-ਦੋ ਜਣਿਆਂ ਤੋਂ ਹੁੰਦੀ ਹੈ, ਫਿਰ ਖਿਲਾਰਾ ਏਨਾ ਖਿਲਰ ਜਾਂਦਾ ਹੈ ਕਿ ਜੇ ਸਾਰੇ ਦੋਸ਼ੀ ਫੜੇ ਜਾਣ ਤਾਂ ਉਹ ਵਿਭਾਗ ਖਾਲੀ ਹੋਣ ਦੀ ਨੌਬਤ ਆ ਸਕਦੀ ਹੈ। ਏਦਾਂ ਦੇ ਹਾਲਾਤ ਵਿਚ ਕਿਸੇ ਨਾ ਕਿਸੇ ਥਾਂ ਜਾ ਕੇ ਜਾਂਚ ਕਰਤੇ ਵੀ ਇਹ ਕਹਿਣ ਲੱਗਦੇ ਹਨ ਕਿ 'ਕਿੰਨਿਆਂ ਕੁ ਨੂੰ ਫੜੀ ਜਾਵਾਂਗੇ!'

ਸਾਡੇ ਸਾਹਮਣੇ ਇੱਕ ਕਿੱਸਾ ਪੰਜਾਬ ਦੇ ਜੰਗਲਾਤ ਵਿਭਾਗ ਦਾ ਖੁੱਲ੍ਹਿਆ ਸੀ। ਕੈਪਟਨ ਅਮਰਿੰਦਰ ਸਿੰਘ ਦੇ ਵਕਤ ਦਾ ਜੰਗਲਾਤ ਮੰਤਰੀ ਫਸਿਆ, ਫਿਰ ਅਗਲੇ ਕਾਂਗਰਸੀ ਮੁੱਖ ਮੰਤਰੀ ਚਰਨਜੀਤ ਸਿੰਘ ਦੇ ਵਕਤ ਦਾ ਜੰਗਲਾਤ ਮੰਤਰੀ ਵੀ ਇਸ ਦੀ ਜਾਂਚ ਹੇਠ ਆ ਗਿਆ। ਇੱਕ ਨੂੰ ਅਗੇਤੀ ਜ਼ਮਾਨਤ ਮਿਲ ਗਈ ਤੇ ਦੂਸਰਾ ਕੁਝ ਸਮਾਂ ਜੇਲ੍ਹ ਵਿਚ ਕੱਟਣ ਮਗਰੋਂ ਜ਼ਮਾਨਤ ਕਰਵਾ ਕੇ ਬਾਹਰ ਆ ਗਿਆ। ਜਾਂਚ ਅਜੇ ਤੱਕ ਚੱਲੀ ਜਾਂਦੀ ਹੈ, ਜਿਸ ਵਿਚ ਬੀਤੇ ਦਿਨੀਂ ਪੰਜਾਬ ਦੇ ਜੰਗਲਾਤ ਵਿਭਾਗ ਦਾ ਮੰਤਰੀ ਤੇ ਇੰਚਾਰਜ ਸੈਕਟਰੀ ਤੋਂ ਬਾਅਦ ਦਾ ਸਭ ਤੋਂ ਵੱਡਾ ਅਫਸਰ ਫੜਿਆ ਗਿਆ ਹੈ। ਉਸ ਮਗਰੋਂ ਕਈ ਫਰਮਾਂ ਦੇ ਮਾਲਕ ਵੀ ਫਸਦੇ ਜਾਪਦੇ ਹਨ ਤੇ ਵਿਭਾਗ ਦੇ ਕਈ ਛੋਟੇ ਜਾਂ ਵੱਡੇ ਅਫਸਰ ਵੀ ਤੇ ਏਜੰਟਾਂ ਨੂੰ ਜੋੜ ਕੇ ਪੰਜਾਹ ਕੁ ਲੋਕ ਤਾਂ ਏਸੇ ਚੱਕਰ ਵਿਚ ਫਸ ਜਾਣਗੇ। ਪਰਾਲੀ ਸੰਭਾਲਣ ਵਾਸਤੇ ਕੇਂਦਰ ਸਰਕਾਰ ਤੋਂ ਮਿਲੀ ਰਕਮ ਨਾਲ ਕਿਸਾਨਾਂ ਵਾਸਤੇ ਖਰੀਦੀਆਂ ਗਈਆਂ ਮਸ਼ੀਨਾਂ ਦੇ ਕੇਸ ਵਿਚ ਕਈ ਜ਼ਿਲ੍ਹਿਆਂ ਦੇ ਅਧਿਕਾਰੀ ਵੀ ਫਸਦੇ ਸੁਣੀਂਦੇ ਹਨ, ਕਈ ਡੀਲਰ ਅਤੇ ਏਜੰਟ ਵੀ ਤੇ ਕੁਝ ਕਿਸਾਨ ਵੀ ਇਸ ਵਿਚ 'ਕਾਣੇ ਕੀਤੇ' ਨਿਕਲੇ ਹਨ, ਜਦ ਕਿ ਜਾਂਚ ਦੇ ਦੌਰਾਨ ਪਿਛਲੀ ਸਰਕਾਰ ਦੇ ਖੇਤੀ ਮਹਿਕਮੇ ਨੂੰ ਸੰਭਾਲਣ ਵਾਲਾ ਮੰਤਰੀ ਅਤੇ ਉਸ ਦੇ ਸਾਥੀ ਵੀ ਫਸ ਸਕਦੇ ਸਨ।

ਬਹੁਤ ਵੱਡਾ ਮਾਮਲਾ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦਾ ਹੈ, ਜਿਸ ਵਿਚ ਇੱਕ ਛੋਟੇ ਜਿਹੇ ਕਾਰੋਬਾਰੀਏ ਨੂੰ ਪਹਿਲਾਂ ਲੁਧਿਆਣੇ ਵਿਚ



ਲੇਬਰ ਦਾ ਠੇਕਾ ਦਿਵਾਇਆ ਗਿਆ, ਕਮਾਊ-ਪੁੱਤ ਸਾਬਤ ਹੋਇਆ ਤਾਂ ਸਾਰੇ ਲੁਧਿਆਣੇ ਜ਼ਿਲ੍ਹੇ ਦੇ ਠੇਕੇ ਓਸੇ ਕੋਲ ਚਲੇ ਗਏ ਤੇ ਫਿਰ ਪੰਜਾਬ ਭਰ ਦੇ ਠੇਕੇ ਓਸੇ ਨੂੰ ਮਿਲ ਗਏ। ਸਿਰਫ ਬਠਿੰਡਾ ਜ਼ਿਲ੍ਹਾ ਉਸ ਦੀ ਪਹੁੰਚ ਤੋਂ ਬਾਹਰ ਰਹਿ ਗਿਆ ਸੀ। ਉਸ ਦੇ ਕੰਮਾਂ ਦੀ ਪੜਤਾਲ ਹੋਣ ਲੱਗੀ ਤਾਂ ਪਤਾ ਲੱਗਾ ਕਿ ਮੰਡੀਆਂ ਤੋਂ ਫਸਲ ਦੀ ਚੁਕਾਈ ਵਾਸਤੇ ਜਿਹੜੇ ਟਰੱਕ ਵਰਤੇ ਦੱਸੇ ਸਨ, ਉਹ ਜਾਅਲੀ ਨਿਕਲੇ ਸਨ। ਬਿੱਲਾਂ ਉੱਤੇ ਲਿਖੇ ਹੋਏ ਨੰਬਰ ਮੋਟਰ ਸਾਈਕਲਾਂ ਤੇ ਸਕੂਟਰਾਂ ਦੇ ਸਨ। ਪਹਿਲਾਂ ਇਹ ਭੇਤ ਲੁਧਿਆਣੇ ਵਿਚ ਖੁੱਲ੍ਹਾ ਤੇ ਫਿਰ ਪੰਜਾਬ ਦੀਆਂ ਕਈ ਮੰਡੀਆਂ ਵਿਚੋਂ ਇਹੋ ਜਾਅਲੀ ਨੰਬਰਾਂ ਪਲੇਟਾਂ ਲੱਭਣ ਲੱਗ ਪਈਆਂ। ਵਿਜੀਲੈਂਸ ਅਧਿਕਾਰੀ ਇਸ ਘਪਲੇ ਦੀ ਬਾਕੀ ਜਾਂਚ ਦਾ ਕੰਮ ਕਰਨ ਦੀ ਥਾਂ ਜਾਅਲੀ ਨੰਬਰਾਂ ਵਾਲੇ ਟਰੱਕਾਂ ਤੇ ਉਨ੍ਹਾਂ ਦੇ ਮਾਲਕਾਂ ਦੀ ਜਾਂਚ ਕਰਨ ਦੇ ਕੰਮ ਵਿਚ ਰੁੱਝ ਗਏ। ਜਦੋਂ ਸਾਰੇ ਟਰੱਕਾਂ ਵਾਲੇ ਲੋਕ ਫੜੇ ਗਏ, ਜੇ ਉਹ ਸਾਰੇ ਸਚਮੁੱਚ ਫੜੇ ਗਏ ਤਾਂ ਪੰਜਾਬ ਵਿਚ ਇਹ ਗਿਣਤੀ ਹਜ਼ਾਰਾਂ ਤੱਕ ਪਹੁੰਚ ਸਕਦੀ ਹੈ, ਏਨੇ ਲੋਕਾਂ ਨੂੰ ਗ੍ਰਿਫਤਾਰ ਕਰਨਾ ਅਤੇ ਉਨ੍ਹਾਂ ਦੇ ਕੇਸ ਅਦਾਲਤ 'ਚ ਪੇਸ਼ ਕਰਨੇ ਹੋਰ ਔਖੇ ਹੋਣਗੇ। ਓਧਰ, ਇਹ ਖਬਰ ਵੀ ਆ ਗਈ ਹੈ ਕਿ ਇਸ ਘਪਲੇ ਦੀਆਂ ਫਾਈਲਾਂ ਚੰਡੀਗੜ੍ਹ ਵਿਚ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੀ ਜਿਸ ਬ੍ਰਾਂਚ ਵਿਚ ਸਨ, ਓਥੋਂ ਉਹ ਗਾਇਬ ਕਰ ਦਿੱਤੀਆਂ ਗਈਆਂ ਹਨ। ਸਮਝ ਲਵੋ ਕਿ ਕੇਸ ਦਾ ਅੱਧਾ ਭੱਠਾ ਬੈਠ ਚੁੱਕਾ ਹੈ।

ਵਿਜੀਲੈਂਸ ਬਿਊਰੋ ਨੂੰ ਪਿਛਲੇ ਸਮੇਂ ਵਿਚ ਪੰਜਾਬ ਦੀਆਂ ਸਰਕਾਰਾਂ ਨੇ ਹਰ ਮਾਮਲੇ ਵਿਚ ਵਰਤਿਆ ਹੈ, ਪਰ ਕੁਝ ਸ਼ਰਾਰਤੀ ਲੋਕ ਵੀ ਉਸ ਦੀ ਵਰਤੋਂ ਨਾਲੋਂ ਬਹੁਤੀ ਦੁਰਵਰਤੋਂ ਕਰਦੇ ਹਨ। ਉਹ ਹਰ ਕਿਸੇ ਨਾਲ ਗੱਲ ਕਰਦੇ ਵਕਤ ਉਸ ਦੀ ਰਿਕਾਰਡਿੰਗ ਕਰ ਕੇ ਨਵੇਂ ਮੁੱਖ ਮੰਤਰੀ ਵੱਲੋਂ ਜਾਰੀ ਕੀਤੇ ਗਏ ਵ੍ਹਟਸਐਪ ਨੰਬਰ ਉੱਤੇ ਪੋਸਟ ਕਰਦੇ ਹਨ ਤੇ ਜਦੋਂ ਉਸ ਵਿਅਕਤੀ ਦੇ ਖ਼ਿਲਾਫ ਕਾਰਵਾਈ ਸ਼ੁਰੂ ਹੁੰਦੀ ਹੈ ਤਾਂ ਸੌਦੇਬਾਜ਼ੀ ਵਿਚ ਕਮਾਈ ਦਾ ਰਾਹ ਕੱਢਦੇ ਹਨ। ਇਸ ਦੀ ਇੱਕ ਮਿਸਾਲ ਇਸ ਹਫਤੇ ਓਦੋਂ ਮਿਲੀ, ਜਦੋਂ ਇੱਕ ਵਿਅਕਤੀ ਕਿਸੇ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿਚ ਫੜਾਉਣ ਦੇ ਬਾਅਦ ਉਸ ਨੂੰ ਓਸੇ ਕੇਸ ਤੋਂ ਬਚਾਉਣ ਲਈ ਪੁਲੀਸ ਅਫਸਰਾਂ ਦੇ ਨਾਂਅ ਉੱਤੇ ਰਿਸ਼ਵਤ ਮੰਗਦਾ ਕਾਬੂ ਆ ਗਿਆ ਹੈ। ਇਸ ਤਰ੍ਹਾਂ ਦੇ ਕਈ ਕੇਸ ਪੰਜਾਬ ਵਿਚ ਸਾਹਮਣੇ ਆ ਚੁੱਕੇ ਹਨ, ਜਦੋਂ ਕਿਸੇ ਨੂੰ ਘੇਰ ਕੇ ਜਾਂਚ ਦੇ ਨਾਂਅ ਉੱਤੇ ਤੰਗ ਕੀਤਾ ਗਿਆ ਅਤੇ ਫਿਰ ਉਸ ਕੋਲੋਂ ਮੋਟੀ ਰਕਮ ਝਪਟੀ ਗਈ। ਪਿਛਲੇ ਹਫਤੇ ਇਕ ਪੁਲੀਸ ਅਫਸਰ ਨੂੰ ਏਦਾਂ ਦੇ ਕੇਸ ਵਿਚ ਰਾਜਸਥਾਨ ਤੋਂ ਫੜ ਕੇ ਲਿਆਂਦਾ ਗਿਆ ਅਤੇ ਉਸ ਵੱਲੋਂ ਏਦਾਂ ਕਮਾਈ ਹੋਈ ਰਕਮ ਉਸ ਦੀ ਨਿਸ਼ਾਨਦੇਹੀ ਉੱਤੇ ਉਸ ਦੇ ਰਿਸ਼ਤੇਦਾਰਾਂ ਦੇ ਘਰੋਂ ਕਢਵਾਈ ਗਈ ਹੈ। ਏਦਾਂ ਕਰਨ ਵਾਲਾ ਉਹ ਇੱਕਾ-ਦੁੱਕਾ ਨਹੀਂ, ਬਹੁਤ ਸਾਰੇ ਹੋਰ ਵੀ ਸੁਣੀਂਦੇ ਹਨ।

ਇਨ੍ਹਾਂ ਸਾਰੇ ਕੇਸਾਂ ਨਾਲੋਂ ਵੱਧ ਭ੍ਰਿਸ਼ਟਾਚਾਰ ਸਮਾਜ ਭਲਾਈ ਦੀਆਂ ਸਕੀਮਾਂ ਵਿਚ ਫੈਲਿਆ ਹੋਇਆ ਹੈ। ਹਰਿਆਣੇ ਦੀ ਸਰਕਾਰ ਨੇ ਜਦੋਂ ਬੁਢਾਪਾ, ਵਿਧਵਾ ਅਤੇ ਅੰਗਹੀਣ ਪੈਨਸ਼ਨਾਂ ਦੀ ਪੜਤਾਲ ਕਰਵਾਈ ਤਾਂ ਇਕਾਨਵੇਂ ਹਜ਼ਾਰ ਜਾਅਲੀ ਕੇਸ ਨਿਕਲ ਆਏ ਸਨ। ਹੈਰਾਨੀ ਦੀ ਗੱਲ ਇਹ ਸੀ ਕਿ ਇੱਕ ਹਜ਼ਾਰ ਤੋਂ ਵੱਧ ਏਦਾਂ ਦੇ ਕੇਸ ਨਿਕਲੇ, ਜਿਨ੍ਹਾਂ ਵਿਚ ਕਿਸੇ ਬੰਦੇ ਦੀ ਬੁਢਾਪਾ ਪੈਨਸ਼ਨ ਓਦੋਂ ਮਨਜ਼ੂਰ ਹੋਈ, ਜਦੋਂ ਉਹ ਮਰ ਚੁੱਕਾ ਸੀ ਅਤੇ ਉਸ ਦੇ ਵਾਰਸ ਆਪਣੇ ਪਿੰਡ ਦੇ ਕਿਸੇ ਵੱਡੇ ਬੰਦੇ ਅਤੇ ਬੈਂਕ ਮੈਨੇਜਰ ਨਾਲ ਮਿਲ ਕੇ ਹਰ ਮਹੀਨੇ ਕਢਵਾਈ ਜਾਂਦੇ ਸਨ। ਇਸ ਜਾਂਚ ਦੌਰਾਨ ਕੁਝ ਉਹ ਵਿਅਕਤੀ ਵੀ ਮਰੇ ਹੋਏ ਲਿਖ ਦਿੱਤੇ ਗਏ, ਜਿਹੜੇ ਬਜ਼ੁਰਗੀ ਹੰਢਾਅ ਰਹੇ ਸਨ ਅਤੇ ਪੈਨਸ਼ਨਾਂ ਦੇ ਹੱਕਦਾਰ ਸਨ। ਪੰਜਾਬ ਵਿਚ ਸਮਾਜ ਭਲਾਈ ਵਿਭਾਗ ਬਹੁਤ ਪਹਿਲਾਂ ਤੋਂ ਏਦਾਂ ਦੇ ਕੰਮਾਂ ਵਿਚ ਬਦਨਾਮ ਹੈ ਕਿ ਜਾਇਜ਼ ਹੱਕ ਬਣਦੇ ਵਾਲੇ ਲੋਕਾਂ ਨੂੰ ਪੈਨਸ਼ਨਾਂ ਇਸ ਲਈ ਨਹੀਂ ਦੇਂਦਾ ਕਿ ਉਨ੍ਹਾਂ ਦਾ ਕੋਈ ਸਿਫਾਰਸ਼ੀ ਨਹੀਂ ਹੁੰਦਾ ਅਤੇ ਉਹ ਰਿਸ਼ਵਤ ਵੀ ਦੇਣ ਜੋਗੇ ਨਹੀਂ ਹੁੰਦੇ, ਪਰ ਸਿਆਸੀ ਪਹੁੰਚ ਵਾਲੇ ਪਰਿਵਾਰਾਂ ਦੇ ਲੋਕਾਂ ਵਾਸਤੇ ਜਵਾਨੀ ਵਿਚ ਵੀ ਬੁਢਾਪਾ ਪੈਨਸ਼ਨ ਮਨਜ਼ੂਰ ਕਰ ਦੇਂਦਾ ਹੈ। ਅੱਜ ਜਾਂਚ ਕਰਵਾ ਲਈ ਜਾਵੇ ਤਾਂ ਹਰਿਆਣੇ ਦੇ ਇਕਾਨਵੇਂ ਹਜ਼ਾਰ ਤੋਂ ਵੱਧ ਅਜਿਹੇ ਕੇਸ ਪੰਜਾਬ ਵਿਚ ਮਿਲ ਜਾਣਗੇ, ਜਿਨ੍ਹਾਂ ਦੇ ਪੈਨਸ਼ਨਾਂ ਲੈਣ ਵਾਲੇ ਮਰ ਚੁੱਕੇ ਹਨ, ਪਰ ਪੈਨਸ਼ਨਾਂ ਚੱਲਦੀਆਂ ਹਨ। ਏਦਾਂ ਦੇ ਕੇਸਾਂ ਵਿਚ ਕਿਸੇ ਵੇਲੇ ਫੜੋ-ਫੜਾਈ ਹੋਈ ਤਾਂ ਏਨੇ ਲੋਕ ਫੜਨੇ ਪੈਣਗੇ ਕਿ ਜੇਲ੍ਹਾਂ ਵਿਚ ਰੱਖਣ ਜੋਗੀ ਥਾਂ ਹੀ ਪੰਜਾਬ ਸਰਕਾਰ ਨੂੰ ਨਹੀਂ ਮਿਲ ਸਕਣੀ।

ਜਿਸ ਗੱਲ ਉੱਤੇ ਵੱਡਾ ਅੜਿੱਕਾ ਪੈਂਦਾ ਹੈ, ਉਹ ਇਹ ਕਿ ਦੇਸ਼ ਦੀ ਸਰਕਾਰ ਚਲਾਉਣੀ ਹੋਵੇ ਜਾਂ ਪੰਜਾਬ ਦੀ, ਹਰ ਕਿਸੇ ਨੂੰ ਆਪਣੇ ਨਾਲ ਬੰਦੇ ਚਾਹੀਦੇ ਹਨ ਅਤੇ ਜਦੋਂ ਕੋਈ ਬੰਦਾ ਸਰਕਾਰ ਦੀ ਮਦਦ ਕਰਦਾ ਹੋਵੇ ਤਾਂ ਕਿਸੇ ਵੀ ਤਰ੍ਹਾਂ ਦਾ ਭ੍ਰਿਸ਼ਟਾਚਾਰ ਕਰਦਾ ਰਹੇ, ਉਸ ਦਾ ਲਿਹਾਜ਼ ਕੇਂਦਰ ਤੇ ਰਾਜ ਸਰਕਾਰ ਦੋਵੇਂ ਕਰਦੀਆਂ ਹਨ। ਕੇਂਦਰ ਵਾਲੀ ਸਰਕਾਰ ਨੇ ਜਿਹੜੇ ਲੋਕਾਂ ਦੇ ਖ਼ਿਲਾਫ ਖੁਦ ਜ਼ੋਰ-ਸ਼ੋਰ ਨਾਲ ਜਾਂਚ ਸ਼ੁਰੂ ਕੀਤੀ ਕਿ ਉਹ ਵੱਡੇ ਭ੍ਰਿਸ਼ਟਾਚਾਰੀ ਹਨ, ਪਹਿਲੀ ਪਾਰਟੀ ਛੱਡ ਕੇ ਭਾਜਪਾ ਵਿਚ ਆਉਂਦੇ ਸਾਰ ਉਨ੍ਹਾਂ ਦੇ ਸਾਰੇ ਐਬ ਭੁਲਾ ਕੇ ਕੇਸ ਠੱਪ ਦਿੱਤੇ ਗਏ। ਆਂਧਰਾ ਪ੍ਰਦੇਸ਼ ਵਿਚੋਂ ਰਾਜ ਸਭਾ ਵਾਲੇ ਦੋ ਮੈਂਬਰਾਂ ਦਾ ਕਿੱਸਾ ਸਭ ਨੂੰ ਪਤਾ ਹੈ, ਜਿਹੜੇ ਤੇਲਗੂ ਦੇਸਮ ਪਾਰਟੀ ਨਾਲ ਸੰਬੰਧਤ ਸਨ ਤੇ ਭਾਜਪਾ ਦੇ ਸੀਨੀਅਰ ਬੁਲਾਰੇ ਜੀ ਵੀ ਐੱਲ ਨਰਸਿਮਹਾ ਰਾਓ ਨੇ ਰਾਜ ਸਭਾ ਦੇ ਚੇਅਰਮੈਨ, ਜਿਹੜਾ ਉਪ ਰਾਸ਼ਟਰਪਤੀ ਹੁੰਦਾ ਹੈ, ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਇਨ੍ਹਾਂ ਉੱਤੇ ਕਰੋੜਾਂ ਰੁਪਏ ਦੇ ਫਰਾਡ ਦੇ ਦੋਸ਼ ਹਨ। ਜਦੋਂ ਜਾਂਚ ਕਰਵਾਈ ਜਾਣ ਲੱਗੀ ਤਾਂ ਦੋਵੇਂ ਜਣੇ ਦਿੱਲੀ ਆਏ ਅਤੇ ਭਾਜਪਾ ਵਿਚ ਸ਼ਾਮਲ ਹੋ ਗਏ, ਉਸ ਦੇ ਬਾਅਦ ਉਨ੍ਹਾਂ ਖ਼ਿਲਾਫ ਕਾਰਵਾਈ ਦੀ ਫਾਈਲ ਠੱਪ ਕਰ ਦਿੱਤੀ ਗਈ, ਨਰਸਿਮਹਾ ਰਾਓ ਓਸੇ ਰਾਜ ਸਭਾ ਵਿਚ ਉਨ੍ਹਾਂ 'ਭ੍ਰਿਸ਼ਟ' ਪਾਰਲੀਮੈਂਟ ਮੈਂਬਰਾਂ ਦੇ ਨਾਲ ਬੈਠਾ ਦਿਖਾਈ ਦੇਂਦਾ ਰਿਹਾ। ਪੰਜਾਬ ਦੀ ਆਮ ਆਦਮੀ ਪਾਰਟੀ ਨਾਲ ਜੁੜੇ ਕੁਝ ਲੋਕ ਵੀ ਏਦਾਂ ਦੀ ਨੇੜਤਾ ਦਾ ਲਾਭ ਲੈਣ ਲੱਗ ਪਏ ਹਨ ਤਾਂ ਲੋਕ ਇਸ ਨੂੰ ਚੰਗਾ ਨਹੀਂ ਮੰਨਣਗੇ। ਭ੍ਰਿਸ਼ਟਾਚਾਰੀਆਂ ਦੀ ਢਾਣੀ ਅਮਰ-ਵੇਲ ਵਰਗੀ ਹੁੰਦੀ ਹੈ, ਇਹ ਜਿਹੜੇ ਰੁੱਖ ਨਾਲ ਚੰਬੜ ਜਾਵੇ, ਹੌਲੀ-ਹੌਲੀ ਉਹ ਰੁੱਖ ਆਪਣੀ ਜਕੜ ਵਿਚ ਲੈ ਲੈਂਦੀ ਹੈ। ਇਸ ਕਰਕੇ ਸਰਕਾਰ ਕੇਂਦਰ ਵਾਲੀ ਹੋਵੇ ਜਾਂ ਪੰਜਾਬ ਦੀ, ਦੋਵਾਂ ਨੂੰ ਸਿਰਫ ਐਲਾਨਾਂ ਵਿਚ ਨਹੀਂ, ਅਮਲਾਂ ਵਿਚ ਵੀ ਕੁਝ ਇਸ ਤਰ੍ਹਾਂ ਕਰ ਕੇ ਵਿਖਾਉਣਾ ਹੋਵੇਗਾ ਕਿ ਲੋਕਾਂ ਨੂੰ ਭ੍ਰਿਸ਼ਟਾਚਾਰ ਤੋਂ ਛੁਟਕਾਰਾ ਮਿਲਣ ਦੀ ਆਸ ਸਿਰੇ ਚੜ੍ਹਦੀ ਦਿਸੇ। ਬਦਕਿਸਮਤੀ ਨਾਲ ਅਜੇ ਤੱਕ ਇਹੋ ਜਿਹਾ ਭਰੋਸਾ ਹੋ ਸਕਣ ਵਾਲਾ ਕੰਮ ਐਲਾਨਾਂ ਵਿਚ ਭਾਵੇਂ ਬਹੁਤ ਹੈ, ਅਮਲ ਵਿਚ ਬਹੁਤਾ ਨਹੀਂ ਹੋ ਰਿਹਾ।

ਅਖੀਰਲੀ ਗੱਲ ਇਹ ਹੈ ਕਿ ਅਦਾਲਤੀ ਪ੍ਰਬੰਧ ਵੀ ਇਸ ਤਰ੍ਹਾਂ ਦਾ ਹੈ ਕਿ ਉਹ ਆਮ ਲੋਕਾਂ ਨਾਲੋਂ ਅਪਰਾਧੀਆਂ ਨੂੰ ਵੱਧ ਸੁਖਾਵਾਂ ਬਣਦਾ ਜਾਂਦਾ ਹੈ। ਆਮ ਆਦਮੀ ਉੱਤੇ ਕੇਸ ਬਣ ਜਾਵੇ ਤਾਂ ਮਿਹਨਤ ਦੀ ਕਮਾਈ ਖਾਣ ਵਾਲੇ ਨਾਗਰਿਕ ਨੂੰ ਹੇਠਲੀਆਂ ਅਦਾਲਤਾਂ ਦੇ ਵਕੀਲਾਂ ਦੀਆਂ ਫੀਸਾਂ ਵੀ ਦੇਣੀਆਂ ਮੁਸ਼ਕਲ ਹੁੰਦੀਆਂ ਹਨ, ਪਰ ਭ੍ਰਿਸ਼ਟਾਚਾਰ ਕਰਨ ਵਾਲੇ ਬੰਦੇ ਹੇਠਲੀਆਂ ਅਦਾਲਤਾਂ ਵਿਚੋਂ ਸ਼ੁਰੂ ਕਰਦੇ ਅਤੇ ਜ਼ਮਾਨਤ ਨਾ ਮਿਲੇ ਤਾਂ ਸੈਸ਼ਨ ਕੋਰਟ, ਫਿਰ ਹਾਈ ਕੋਰਟ ਤੇ ਲੋੜ ਪਵੇ ਤਾਂ ਸੁਪਰੀਮ ਕੋਰਟ ਤੱਕ ਜਾ ਪਹੁੰਚਦੇ ਹਨ। ਆਮ ਲੋਕ ਇਹ ਗੱਲ ਨਹੀਂ ਜਾਣਦੇ ਕਿ ਸੁਪਰੀਮ ਕੋਰਟ ਦੇ ਸੀਨੀਅਰ ਵਕੀਲਾਂ ਦੀ ਸਿਰਫ ਇੱਕ ਪੇਸ਼ੀ ਦੀ ਫੀਸ ਪੰਝੀ ਲੱਖ ਤੱਕ ਜਾਂ ਇਸ ਤੋਂ ਵੱਧ ਹੋ ਸਕਦੀ ਹੈ ਤੇ ਜੇ ਕਿਸੇ ਸਧਾਰਨ ਨਾਗਰਿਕ ਨੇ ਮੱਧ ਦਰਜੇ ਦਾ ਵਕੀਲ ਵੀ ਓਥੇ ਜਾ ਕੇ ਕਰਨਾ ਹੋਵੇ ਤਾਂ ਇੱਕ ਪੇਸ਼ੀ ਦੇ ਦਸ-ਬਾਰਾਂ ਲੱਖ ਦੇਣੇ ਆਮ ਗੱਲ ਹੈ। ਏਨੀਆਂ ਫੀਸਾਂ ਆਮ ਆਦਮੀ ਨਹੀਂ ਭਰ ਸਕਦਾ, ਦੇਸ਼ ਦੀ ਸਿਖਰਲੀ ਪੌੜੀ ਤੱਕ ਪੁੱਜਣਾ ਵੀ ਉਨ੍ਹਾਂ ਭ੍ਰਿਸ਼ਟਾਚਾਰੀਆਂ ਲਈ ਸੌਖਾ ਹੋ ਜਾਂਦਾ ਹੈ, ਜਿਨ੍ਹਾਂ ਨੇ ਨੋਟ ਕਮਾਏ ਵੀ ਬੇਰਹਿਮੀ ਨਾਲ ਹੁੰਦੇ ਹਨ ਅਤੇ ਖਰਚ ਕਰਨ ਵੇਲੇ ਵੀ ਉਹ 'ਮਾਲ-ਇ-ਮੁਫਤ, ਦਿਲ-ਇ-ਬੇਰਹਿਮ' ਦੇ ਫਾਰਮੂਲੇ ਮੁਤਾਬਕ ਕੋਈ ਝਿਜਕ ਵਿਖਾਏ ਬਿਨਾਂ ਚੱਲਣ ਦੀ ਜੁਰਅੱਤ ਕਰ ਸਕਦੇ ਹਨ।

ਅੱਜ ਦੇ ਦੌਰ ਵਿਚ ਲੋਕਤੰਤਰ ਨੂੰ ਬਾਕੀ ਸਾਰੇ ਪ੍ਰਬੰਧਾਂ ਨਾਲੋਂ ਵਧੀਆ ਰਾਜ-ਪ੍ਰਬੰਧ ਕਿਹਾ ਜਾਂਦਾ ਹੈ, ਪਰ ਔਕੜ ਇਹ ਹੈ ਕਿ ਇਸ ਵਿਚ ਸਿਆਸੀ ਅਗੇਤ ਲਈ ਦੋਸ਼ੀਆਂ ਨਾਲ ਲਿਹਾਜ਼ ਦਾ ਅਮਲ ਇਸ ਪ੍ਰਬੰਧ ਨੂੰ ਕਲੰਕਿਤ ਕਰਨ ਲੱਗਾ ਰਹਿੰਦਾ ਹੈ। ਕੋਈ ਚੰਗੇ ਤੋਂ ਚੰਗਾ ਅਦਾਰਾ ਵੀ ਹੋਵੇ, ਜਦੋਂ ਉਸ ਵਿਚ ਕਿਸੇ ਚੋਣ ਜਾਂ ਹੋਰ ਅਗੇਤ ਵਾਸਤੇ ਦੋਹ ਧਿਰਾਂ ਦੀ ਟੱਕਰ ਹੋਵੇ ਤਾਂ ਆਪਣੇ ਵੱਲ ਬਹੁ-ਗਿਣਤੀ ਕਰਨ ਲਈ ਬਦਨਾਮ ਤੋਂ ਬਦਨਾਮ ਬੰਦਾ ਵੀ ਨਾਲ ਲਾਉਣ ਤੋਂ ਸ਼ਰਮ ਕੋਈ ਨਹੀਂ ਕਰਦਾ। ਇਸ ਖੇਡ ਨੇ ਬਹੁਤ ਚੰਗੀਆਂ ਚੱਲਦੀਆਂ ਸਮਾਜ ਸੇਵੀ ਸੰਸਥਾਵਾਂ, ਬਹੁਤ ਵਧੀਆ ਯੂਨੀਅਨਾਂ ਅਤੇ ਬਹੁਤ ਸਤਿਕਾਰ ਵਾਲੇ ਧਾਰਮਿਕ ਅਦਾਰਿਆਂ ਵਿਚ ਵੀ ਭ੍ਰਿਸ਼ਟਾਚਾਰ ਦਾ ਹੜ੍ਹ ਲਿਆ ਛੱਡਿਆ ਹੈ। ਆਮ ਲੋਕ ਜਿਨ੍ਹਾਂ ਥਾਂਵਾਂ ਉੱਤੇ ਆਪਣੇ ਜਾਣੇ-ਅਣਜਾਣੇ ਵਿਚ ਕੀਤੇ ਗਏ ਪਾਪਾਂ ਦੀ ਭੁੱਲ ਬਖ਼ਸ਼ਾਉਣ ਜਾਇਆ ਕਰਦੇ ਸਨ, ਭ੍ਰਿਸ਼ਟਾਚਾਰ ਦੀ ਲਾਗ ਜਦੋਂ ਓਥੋਂ ਤੱਕ ਵੀ ਪੁੱਜਣ ਲੱਗ ਪਈ ਤਾਂ ਆਮ ਲੋਕ ਆਸ ਕਿੱਥੋਂ ਰੱਖਣਗੇ! ਏਦਾਂ ਦੇ ਹਾਲਾਤ ਵਿਚ ਪੰਜਾਬ ਦੀ ਗੱਲ ਕਰਨੀ ਹੋਵੇ ਜਾਂ ਭਾਰਤ ਦੀ, ਅਟਲ ਬਿਹਾਰੀ ਵਾਜਪਾਈ ਦੇ ਸੜਕ ਤੇ ਖੱਡਿਆਂ ਦੀ ਗੱਲ ਕਹਿਣ ਵਾਂਗ ਇਹੋ ਪਤਾ ਨਹੀਂ ਲੱਗਦਾ ਕਿ ਦੇਸ਼ ਵਿਚ ਭ੍ਰਿਸ਼ਟਾਚਾਰ ਆ ਗਿਆ ਹੈ ਜਾਂ ਭ੍ਰਿਸ਼ਟਾਚਾਰ ਵਿਚ ਦੇਸ਼ ਦਾ ਨਕਸ਼ਾ ਉਲੀਕਿਆ ਗਿਆ ਹੈ।

# ਸੂਖ਼ਮ ਸੰਵਾਦ - ਔਰਤ



ਕੰਵਲ ਭੱਟੀ
ਸਿਨਸਨੈਟੀ ਓਹਾਇਓ

1. ਘੁੰਡ ਤੋਂ ਜੀਨ ਤੱਕ ਦਾ ਸਫ਼ਰ ਸੌਖਾ ਨਹੀਂ ਸੀ ਪਰ ਜਦੋਂ ਬਦਲਾਅ ਆਉਂਦਾ ਤਾਂ ਉਸਨੂੰ ਲੈ ਕੇ ਆਉਣ ਵਿਚ ਕੀ ਔਖਿਆਈ ਆਈ? ਉਸਨੂੰ ਭੁੱਲ ਜਾਂਦੇ ਹਾਂ। ਘਰ ਦੀ ਚਾਰ ਦੀਵਾਰੀ ਨੂੰ ਛੱਡ ਬਾਹਰਲੇ ਮਾਹੌਲ ਵਿਚ ਵਿਚਰਨ ਨੂੰ ਜਦੋਂ ਔਰਤ ਨੇ ਤਵੱਜੋਂ ਦਿੱਤੀ ਤਾਂ ਸਮਾਜ ਦੇ ਸਰੀਰਕ, ਮਾਨਸਿਕ ਤੇ ਆਰਥਿਕ ਹਾਲਾਤ ਬਦਲੇ।

ਔਰਤ ਮਾਨਸਿਕ ਤੌਰ 'ਤੇ ਆਜ਼ਾਦ ਨਹੀਂ ਹੋਈ, ਉਦੋਂ ਤੋਂ ਹੁਣ ਤੱਕ ਉਸਦੀ ਡੋਰ ਆਪਣੇ ਪਤੀ ਤੇ ਬੱਚਿਆਂ ਨਾਲ ਬੰਨ੍ਹੀ ਹੋਈ ਹੈ। ਔਰਤ ਇਕੱਲੀ ਰਹਿ ਨਹੀਂ ਸਕਦੀ ਤੇ ਨਾ ਹੀ ਉਹ ਰਹਿਣਾ ਚਾਹੁੰਦੀ ਹੈ। ਕ੍ਰਾਂਤੀਕਾਰੀ ਵਿਚਾਰਾਂ ਦੇ ਨਾਲ ਨਾਲ ਉਸਦੀ ਹਰ ਸੋਚ ਆਪਣੇ ਪਰਿਵਾਰ ਤੱਕ ਆ ਕੇ ਮੁੱਕਦੀ ਹੈ। ਫਿਰ ਭਾਵੇਂ ਉਹ ਦੋ ਰੁਪਏ ਦੀ ਚੀਜ਼ ਦੀ ਖਰੀਦ ਹੋਵੇ ਭਾਵੇਂ ਦੋ ਹਜ਼ਾਰ ਦੀ।

2. ਇੱਕ ਔਰਤ ਦੀ ਸਭ ਤੋਂ ਵੱਡੀ ਖ਼ੂਬੀ ਜਾਂ ਕਹਿ ਲਈਏ ਉਸ ਨੂੰ ਰੱਬ ਦਾ ਮਿਲਿਆ ਵਰਦਾਨ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਤੋਂ ਕਦੇ ਨਹੀਂ ਭੱਜਦੀ। ਗੱਲ ਭਾਵੇਂ ਕੋਝੀ ਮੰਨ ਲਈਏ ਭਾਵੇਂ ਤੁਲਨਾਤਮਕ ਮੰਨ ਲਈਏ। ਇੱਕ ਮਰਦ, ਪਤਨੀ ਤੇ ਬੱਚੇ ਛੱਡ ਕੇ ਭਾਵੇਂ ਚਲਾ ਜਾਵੇ ਪਰ ਇੱਕ ਸੰਸਕਾਰੀ ਔਰਤ ਗ਼ਰੀਬੀ ਤੇ ਭੁੱਖਮਰੀ ਨਾਲ ਲੜਦੀ ਲੜਦੀ ਜ਼ਿਲਤ ਭਰੀ ਜ਼ਿੰਦਗੀ ਜਿਊਂ ਲਵੇਗੀ, ਪਰ ਮਾੜੇ ਹਾਲਾਤ ਵਿਚ ਨਾ ਪਤੀ ਦਾ ਸਾਥ ਛੱਡੇਗੀ, ਨਾ ਆਪਣੇ ਬੱਚਿਆਂ ਨੂੰ ਵਿਲਕਣ ਲਈ ਛੱਡੇਗੀ। ਚੜ੍ਹਦੀ ਜਵਾਨੀ ਦਾ ਵਿਧਵਾਪਣ



ਸਭ ਤੋਂ ਭਿਆਨਕ ਹੁੰਦਾ ਪਰ ਆਪਣੇ ਬੱਚਿਆਂ ਨੂੰ ਦੇਖ ਦੇਖ ਕੇ ਉਹ ਵੀ ਕੱਟ ਲਵੇਗੀ।

3. ਬੇ-ਆਸੀ ਹੋਈ ਔਰਤ ਜਦੋਂ ਬਗ਼ਾਵਤ ਬਾਰੇ ਸੋਚਦੀ ਹੈ ਤਾਂ ਉਸਦੇ ਮਾਂ ਦੇ ਬੋਲੇ ਬੋਲ, 'ਧੀਏ ਚੁੱਪ ਕਰ ਕੇ ਹੀ ਉਹ ਸਮਾਂ ਨਿਕਲਦਾ'। ਉਸ ਦੇ ਮਨ ਦੇ ਵਲਵਲਿਆਂ ਨੂੰ ਜ਼ੰਜੀਰ ਪਾ ਦਿੰਦੇ ਨੇ। ਅੰਦਰੋਂ ਜਦੋਂ ਉਸ ਦਾ ਆਤਮ-ਵਿਸ਼ਵਾਸ, ਸਵੈ ਮਾਣ, ਤੇ ਅਗਾਂਹਵਧੂ ਵਿਚਾਰਾਂ ਨੂੰ ਜਦੋਂ ਢੋਈ ਨਹੀਂ ਮਿਲਦੀ ਤਾਂ ਉਹ ਹਨੇਰੀ 'ਚ ਉਡਦੇ ਸੁੱਕੇ ਪੱਤਿਆਂ ਵਾਂਗ ਬਿਖਰ ਜਾਂਦੀ ਹੈ। ਆਪਣੀਆਂ ਸੱਧਰਾਂ ਦੀ ਮੜ੍ਹੀ ਆਪਣੇ ਸੀਨੇ ਵਿਚ ਬਣਾ ਕੇ ਉਹੀ ਚੁੱਪ ਦਾ ਪੰਧ ਤੈਅ ਕਰਦੀ ਹੈ। ਇਹੀ ਚੁੱਪ ਉਸ ਦੀ ਸਿਆਣਪ ਮੰਨੀ ਜਾਣ ਲੱਗਦੀ ਹੈ। ਜਦੋਂ ਕੁਝ ਗਲਤ ਹੁੰਦਾ ਸੀ, ਜਿਹਨੂੰ ਪਹਿਲਾਂ ਭੱਜ ਕੇ ਰੋਕਦੀ ਸੀ, ਫਿਰ ਇੰਝ ਸੋਚ ਲੈਂਦੀ ਹੈ, 'ਜਿਸਦੀ ਅੱਖ ਦੁੱਖੂ, ਆਪੇ ਸੂਰਮਾ ਪਾਊ'। ਮਜਬੂਰੀ ਵੱਸ ਪੈਦਾ ਹੋਈ ਚੁੱਪ ਨੂੰ ਜਦੋਂ ਉਸਦੀ ਸਿਆਣਪ ਮੰਨ ਲਿਆ ਜਾਂਦਾ ਤਾਂ ਹੌਲੀ-ਹੌਲੀ ਉਹੀ ਚੁੱਪ ਉਸਨੂੰ ਭਾਉਣ ਲੱਗਦੀ ਹੈ ਤੇ ਉਹ ਸੱਧਰਾਂ ਮਾਰ ਕੇ ਜੀਉਣਾ ਸਿੱਖ ਜਾਂਦੀ ਹੈ। ਚਲੋ ਉਸਦੀ ਦਲੀਲ ਕਰਕੇ ਉਸਦੇ ਆਤਮ ਸਨਮਾਨ ਨੂੰ, ਜੋ ਠੇਸ ਲੱਗਦੀ ਹੈ, ਤਿੱਖੇ ਬੋਲ, ਜੋ ਕਿਰਚ ਵਾਂਗ ਉਸਦੇ ਸੀਨੇ ਲੱਗਦੇ ਹਨ, ਤੋਂ ਨਿਜ਼ਾਤ ਮਿਲਣ ਲੱਗ ਜਾਂਦੀ ਹੈ।

4. ਔਰਤ ਨੂੰ ਹਰਾਉਣ ਦਾ ਸਭ ਤੋਂ ਸੌਖਾ ਹਥਿਆਰ ਹੈ, ਉਸਦੇ ਚਰਿੱਤਰ 'ਤੇ ਉਂਗਲ ਚੁੱਕਣਾ। ਹਰ ਔਰਤ ਅੰਦਰ ਇੱਕ ਇਸ ਤਰ੍ਹਾਂ ਜਵਾਲਾਮੁਖੀ ਹੁੰਦਾ, ਜਦੋਂ ਫੱਟਦਾ, ਸਭ ਤਹਿਸ-ਨਹਿਸ ਕਰ ਦਿੰਦਾ, ਜਿਸਦਾ ਸਾਹਮਣਾ ਸ਼ਕਤੀਸ਼ਾਲੀ ਇਨਸਾਨ ਵੀ ਨਹੀਂ ਕਰ ਪਾਉਂਦਾ। ਸਹੀ ਹੋਣ ਦੇ ਬਾਵਜੂਦ ਉਸਦੇ ਚਰਿੱਤਰ ਪ੍ਰਤੀ ਬੋਲੇ ਕੋਝੇ ਬੋਲ, ਉਸਨੂੰ ਹਰਾ ਦਿੰਦੇ ਨੇ। ਇਹ ਸਮਾਜ ਦਾ ਨਿਯਮ ਹੈ, ਜੇਕਰ ਔਰਤ ਨੂੰ ਚਰਿੱਤਰਹੀਣ ਸਾਬਤ ਕਰਨਾ ਤਾਂ ਸਬੂਤ ਦੀ ਲੋੜ ਨਹੀਂ, ਜੇ ਸੁਘੜ-ਸਿਆਣੀ ਸਾਬਤ ਕਰਨਾ ਤਾਂ ਪ੍ਰਮਾਣ ਚਾਹੀਦਾ ਹੈ।

# ਪੰਜਾਬੀ ਟ੍ਰਿਬਿਊਨ ਤੋਂ ਪੰਜਾਬ ਟਾਈਮਜ਼ ਤੱਕ: ਕਥਾ ਇਕ ਅਨੋਖੇ ਸਫ਼ਰ ਦੀ

ਪੰਜਾਬ ਟਾਈਮਜ਼ ਦੇ ਪਹਿਲੀ ਅਕਤੂਬਰ 2022 ਦੇ ਅੰਕ ਵਿਚ ਗੁਲਜ਼ਾਰ ਸਿੰਘ ਸੰਧੂ ਦਾ ਅਮੋਲਕ ਸਿੰਘ ਜੰਮੂ ਬਾਰੇ ਲਿਖੀ ਪੁਸਤਕ ਦੇ ਹਵਾਲੇ ਨਾਲ ਲਿਖਿਆ ਲੇਖ ਪੜ੍ਹ ਕੇ ਅਜ ਤੋਂ 30-40 ਸਾਲ ਪਹਿਲਾਂ ਵਾਲੇ ਪੱਤਰਕਾਰਾਂ ਦੀ ਯਾਦ ਤਾਜਾ ਹੋ ਗਈ। ਸੁਰਿੰਦਰ ਤੇਜ ਵਲੋਂ ਅਮੋਲਕ ਸਿੰਘ ਜੰਮੂ ਬਾਰੇ ਸੰਪਾਦਿਤ ਕੀਤੀ ਪੁਸਤਕ

**ਕਮਲਜੀਤ ਸਿੰਘ**
**ਫੋਨ: 510-284-7106**
**ਫਰੀਮਾਂਟ (ਅਮਰੀਕਾ)**

(ਅਮੋਲਕ ਹੀਰਾ: ਯਾਦਾਂ ਤੇ ਯੋਗਦਾਨ) ਤੋਂ ਪਤਾ ਲਗਦਾ ਹੈ ਕਿ ਅਮੋਲਕ ਸਿੰਘ ਨੇ ਅਮਰੀਕ ਆ ਕੇ ਸਪਤਾਹਿਕ ਅਖਬਾਰ ਸ਼ੁਰੂ ਕਰਕੇ ਪੰਜਾਬ ਦੀ ਰਾਜਨੀਤੀ, ਸਾਹਿਤ ਅਤੇ ਸਭਿਆਚਾਰ ਦਾ ਪ੍ਰਚਮ ਬੁਲੰਦ ਕੀਤਾ ਅਤੇ ਆਪਣੀ ਨਾਮੁਰਾਦ ਬਿਮਾਰੀ ਦੇ ਬਾਵਜੂਦ ਆਖਰੀ ਸਾਹ ਤਕ ਆਪਣੇ ਮਿਸ਼ਨ 'ਤੇ ਪੂਰੀ ਸ਼ਿਦਤ ਨਾਲ ਪਹਿਰਾ ਦਿਤਾ।

ਇਹ ਅਮੋਲਕ ਸਿੰਘ ਜੰਮੂ ਹੀ ਸੀ, ਜਿਸ ਨੇ ਇਸ ਬਿਗਾਨੀ ਧਰਤੀ 'ਤੇ ਪੰਜਾਬੀ ਪੱਤਰਕਾਰੀ ਦੀਆਂ ਨੀਹਾਂ ਰਖੀਆਂ ਤੇ ਇਸ ਨੂੰ ਪੰਜਾਬੀ ਟ੍ਰਿਬਿਊਨ ਦੇ ਮਿਆਰ 'ਤੇ ਖੜਾ ਰਖਿਆ। ਗੁਲਜ਼ਾਰ ਸੰਧੂ ਨੇ ਆਪਣੇ ਹੋਰ ਸਹਿਕਰਮੀਆਂ ਦਾ ਹਵਾਲਾ ਦੇ ਕੇ ਚਾਰ ਦਹਾਕੇ ਪਹਿਲਾਂ ਵਾਲੀ ਸਿਆਸਤ ਅਤੇ ਪੱਤਰਕਾਰਾਂ 'ਤੇ ਮੁੜ ਨਜ਼ਰ ਮਾਰਨ ਦਾ ਮੌਕਾ ਦਿਤਾ ਹੈ। ਇਹ ਕਿਤਾਬ ਅਮਰੀਕਾ ਵਿਚ ਪੰਜਾਬੀ ਬੋਲੀ ਦੇ ਸਫਰ ਵਿਚ ਮੀਲ ਪੱਥਰ ਵਾਂਗ ਯਾਦ ਕੀਤੀ ਜਾਵੇਗੀ।

ਪੁਸਤਕ ਪੜ੍ਹ ਕੇ 'ਪੰਜਾਬੀ ਟ੍ਰਿਬਿਊਨ' ਬਾਰੇ ਅਨੇਕਾਂ ਯਾਦਾਂ ਤਾਜਾ ਹੋ ਗਈਆਂ ਹਨ ਅਤੇ ਉਸ ਦੇ ਸਾਰੇ ਸਟਾਫ ਮੈਂਬਰਾਂ ਨੂੰ ਪ੍ਰਣਾਮ ਕਹਿਣ ਦਾ ਮਨ ਕਰ ਆਇਆ ਹੈ। ਸਾਲ 1978 ਦਾ ਇਹ ਉਹ ਸਮਾਂ ਸੀ, ਜਦੋਂ ਪੰਜਾਬੀ ਪ੍ਰੈਸ (ਖਾਸ ਕਰਕੇ ਜਲੰਧਰ ਤੋਂ ਛਪਣ ਵਾਲੀ ਪ੍ਰੈਸ) ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਰਹੀ ਸੀ। ਪੰਜਾਬੀ ਵਿਚ ਛਪਣ ਵਾਲੇ ਅਖਬਾਰ ਸਿੱਖ ਧਰਮ ਅਤੇ ਹਿੰਦੀ ਪ੍ਰੈਸ ਰਾਸ਼ਟਰਵਾਦ ਦੇ ਸਹਾਰੇ ਆਪਣਾ ਕਾਰੋਬਾਰ ਵਧਾਉਣ ਵਿਚ ਰੁਝੇ ਹੋਏ ਸਨ। ਇਸੇ ਦੌੜ ਵਿਚ 'ਜੱਗਬਾਣੀ' ਅਤੇ 'ਹਿੰਦੀ ਅਜੀਤ' ਨੇ ਜਨਮ ਲਿਆ ਸੀ। ਪੇਂਡੂ ਜਾਂ ਉਹ ਪਾਠਕ, ਜਿਨ੍ਹਾਂ ਨੂੰ ਮੁਤਾਸਰ ਕੀਤਾ ਜਾ ਸਕਦਾ ਸੀ, ਇਨ੍ਹਾਂ ਵਿਉਪਾਰੀ ਪੱਤਰਕਾਰਾਂ ਦੇ ਨਿਸ਼ਾਨੇ 'ਤੇ ਸਨ।



ਪੰਜਾਬ ਟਾਈਮਜ਼ ਨਾਈਟ 2013 ਮੌਕੇ ਅਦਾਰਾ ਪੰਜਾਬ ਟਾਈਮਜ਼ ਦੇ ਸੰਪਾਦਕ ਸ. ਅਮੋਲਕ ਸਿੰਘ ਜੰਮੂ ਦੇ ਨਾਲ ਹਾਜ਼ਰ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ।

ਇਸ ਮਾਹੌਲ ਵਿਚ 'ਪੰਜਾਬੀ ਟ੍ਰਿਬਿਊਨ' ਨੇ ਜਨਮ ਲੈ ਕੇ ਪਾਠਕ ਨੂੰ ਸਮਤੋਲ, ਨਿਰਪੱਖ ਅਤੇ ਗੈਰ ਵਪਾਰਕ ਸੇਧ ਦੇਣ ਦੀ ਕੋਸ਼ਿਸ਼ ਕੀਤੀ, ਜਿਸ ਦਾ ਹਿੱਸਾ ਉਹ ਸਾਰੀਆਂ ਸ਼ਖਸੀਅਤਾਂ ਬਣੀਆਂ, ਜਿਸ ਦਾ ਜ਼ਿਕਰ ਗੁਲਜ਼ਾਰ ਸਿੰਘ ਸੰਧੂ ਨੇ ਕੀਤਾ ਹੈ। ਇਨ੍ਹਾਂ ਸ਼ਖਸੀਅਤਾਂ ਵਿਚ ਅਮੋਲਕ ਸਿੰਘ ਜੰਮੂ ਨੂੰ ਯਾਦ ਕਰਨਾ ਬਣਦਾ ਹੀ ਸੀ, ਜੋ ਆਪਣੇ ਨਿਰਪੱਖ ਅਤੇ ਗੈਰ-ਵਪਾਰਕ ਨਜ਼ਰੀਏ 'ਤੇ ਡਟਿਆ ਰਿਹਾ। ਅੱਜ ਅਮਰੀਕਾ ਅਤੇ ਕੈਨੇਡਾ ਵਿਚ 'ਪੰਜਾਬ ਟਾਈਮਜ਼' ਨੂੰ ਉਹੀ ਇੱਜਤ-ਮਾਣ ਹਾਸਲ ਹੈ, ਜੋ 'ਪੰਜਾਬੀ ਟ੍ਰਿਬਿਊਨ' ਨੂੰ ਮਿਲਿਆ ਸੀ। ਹੁਣ ਤਾਂ ਅਮਰੀਕਾ ਵਿਚ 'ਪੰਜਾਬ ਟਾਈਮਜ਼' ਤੋਂ ਬਿਨਾ ਹੋਰ ਕੋਈ ਪੰਜਾਬੀ ਅਖਬਾਰ ਛਪਦਾ ਨਹੀਂ, ਪਰ ਕਰੋਨਾ ਤੋਂ ਪਹਿਲਾਂ ਜਿਹੜੇ ਛਪਦੇ ਵੀ ਸਨ, ਉਹ ਵਪਾਰਕ ਟੀਚੇ ਨੂੰ ਮੁਖ ਰਖ ਕੇ ਭੜਕਾਊ ਸਮੱਗਰੀ ਨੂੰ ਵੇਚਣ ਦਾ ਜਰੀਆ ਬਣਦੇ ਸਨ। ਇਨ੍ਹਾਂ ਪਰਚਿਆਂ ਵਿਚ ਕਾਮ-ਵਾਸਨਾ ਭਰੀਆਂ ਕਹਾਣੀਆਂ, ਤਸਵੀਰਾਂ ਅਤੇ ਜਾਦੂ-ਟੂਣੇ ਦੇ ਇਸ਼ਤਿਹਾਰ ਆਮ ਹੁੰਦੇ ਅਤੇ ਕੁਝ ਇਕ ਧਰਮ ਦੀ ਕੱਟੜਤਾ ਜਾਂ ਦੂਸਰੇ ਧਰਮਾਂ 'ਤੇ ਕੀਟਾ-ਕਟਾਖਸ਼ ਕਰਨ ਨੂੰ ਧਾਰਮਕ ਸਥਾਨਾਂ ਨਾਲ ਜੁੜੇ ਲੋਕਾਂ ਤੋਂ ਇਸ਼ਤਿਹਾਰ ਲੈਣ ਦਾ ਸੋਮਾ ਸਮਝਦੇ।

ਸੁਰਿੰਦਰ ਤੇਜ ਨੇ ਜਿਹੜੀ ਚੋਣ ਕੀਤੀ ਹੈ, ਉਸ ਵਿਚ ਅਮੋਲਕ ਨੇ ਆਪਣੇ ਸੰਘਰਸ਼ ਦੇ ਸਾਲਾਂ ਨੂੰ ਬੜੇ ਸਜੀਵ ਅੰਦਾਜ਼ ਵਿਚ ਪੇਸ਼ ਕੀਤਾ ਹੈ ਅਤੇ ਆਪਣੇ ਸੰਘਰਸ਼ ਦੀ ਸਾਰੀ ਕੜਵਾਹਟ ਦੇ ਬਾਵਜੂਦ 'ਟ੍ਰਿਬਿਊਨ' ਦੇ ਆਪਣੇ ਸਾਰੇ ਸਾਥੀਆਂ ਬਾਰੇ ਬੜੇ ਖੁਲ੍ਹੇ ਮਨ ਨਾਲ ਜਾਣਕਾਰੀ ਦਿਤੀ ਹੈ। ਪੁਸਤਕ ਦਾ ਤੀਸਰਾ ਹਿੱਸਾ ਵਿਸ਼ੇਸ਼ ਤੌਰ 'ਤੇ ਦਿਲਚਸਪ ਹੈ, ਜਿਸ ਵਿਚ 'ਪੰਜਾਬ ਟਾਈਮਜ਼' ਵਿਚ ਸਮੇਂ ਸਮੇਂ ਸਿਰ ਛਪੇ ਉਮਦਾ ਲੇਖ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਲੇਖਾਂ ਵਿਚੋਂ ਐਸ ਵਾਈ ਐਲ ਨਹਿਰੀ ਵਿਵਾਦ ਬਾਰੇ ਸ. ਪਾਲ ਸਿੰਘ ਢਿਲੋਂ ਦਾ ਲੇਖ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ। ਇਹ ਵਿਵਾਦ ਅਜ ਵੀ ਜਾਰੀ ਹੈ ਅਤੇ ਮੈਂ ਕਾਮਨਾ ਕਰਦਾ ਹਾਂ ਕਿ ਹਿੰਦੁਸਤਾਨ ਦੇ ਰਹਿਬਰ ਅਜ ਵੀ ਉਸ ਤੋਂ ਸੇਧ ਲੈ ਸਕਦੇ ਹਨ। ਇਸੇ ਤਰ੍ਹਾਂ ਸ. ਕਪੂਰ ਸਿੰਘ ਦਾ ਅਨੰਦਪੁਰ ਸਾਹਿਬ ਦੇ ਮਤੇ ਬਾਰੇ ਡਾ ਜਸਬੀਰ ਸਿੰਘ ਆਹਲੂਵਾਲੀਆ ਦਾ ਜਾਣਕਾਰੀ ਭਰਪੂਰ ਲੇਖ ਪੜ੍ਹ ਕੇ ਉਸ ਸਮੇਂ ਦੇ ਸੁਰਜੀਤ ਸਿੰਘ ਬਰਨਾਲਾ ਵਰਗੇ ਅਕਾਲੀ ਨੇਤਾਵਾਂ ਦੀ ਅਕਲ 'ਤੇ ਹੈਰਾਨੀ ਹੁੰਦੀ ਹੈ ਕਿ ਸ. ਕਪੂਰ ਸਿੰਘ ਨੇ ਅਕਾਲੀ ਆਗੂਆਂ ਨੂੰ ਬੇਵਕੂਫ ਕਿੰਜ ਬਣਾਇਆ।

ਕਿਤਾਬ ਮੈਂ ਪਹਿਲਾਂ ਹੀ ਪੜ੍ਹ ਲਈ ਸੀ ਪਰ ਗੁਲਜ਼ਾਰ ਸੰਧੂ ਦਾ ਲੇਖ ਪੜ੍ਹ ਕੇ ਉਸ ਨੂੰ ਨਵੇਂ ਸਿਰਿਓਂ ਪੜ੍ਹਣ ਦਾ ਮਨ ਕਰ ਆਇਆ ਹੈ। 'ਪੰਜਾਬੀ ਟ੍ਰਿਬਿਊਨ' ਨਾਲ ਜੁੜੇ ਲੋਕਾਂ ਵਿਚ ਗੁਰਦਿਆਲ ਬੱਲ ਦਾ ਨਾਂ ਪੜ੍ਹ ਕੇ ਦਿਮਾਗੀ ਨਸਾਂ ਤਣਾਓਮੁਕਤ ਹੋ ਗਈਆਂ, ਕਿਉਂਕਿ ਉਸਦੇ ਮਲੰਗਪੁਣੇ ਨੇ ਜਿੰਦਗੀ ਨੂੰ ਸੌਖਿਆਂ ਜੀਣ ਦਾ ਸਾਥ ਨਹੀਂ ਛਡਿਆ। ਉਸ ਦੀ ਗੱਲ-ਬਾਤ ਵਿਚ ਅਜ ਵੀ ਮਲੰਗਪੁਣਾ, ਬੇਫਿਕਰੀ, ਧਾਮਿਕ ਕੱਟੜਤਾ ਤੋਂ ਦੂਰ ਸੋਚ ਅਤੇ ਤਰਕ ਭਰੀ ਦਲੀਲ ਦੀ ਖੁਸ਼ਬੋ ਮੌਜੂਦ ਹੈ। ਪੁਸਤਕ ਪੜ੍ਹ ਕੇ ਸਭ ਤੋਂ ਵੱਧ ਹੈਰਾਨੀ ਮੈਨੂੰ ਇਸ ਗੱਲ 'ਤੇ ਹੋਈ ਕਿ ਬੱਲ ਵਰਗੇ ਬੰਦੇ ਦੀ ਕਰਮਜੀਤ ਵਰਗੇ ਇਨਸਾਨ ਨਾਲ ਕਿਵੇਂ ਨਿਭੀ ਗਈ। ਪੰਜਾਬੀਆਂ ਦੇ ਇਨੇ ਭਾਰੀ ਦਹਿਸ਼ਤ ਤੇ ਵਹਿਸ਼ਤ ਦੇ ਦੌਰ 'ਚੋਂ ਲੰਘਣ ਦੇ ਬਾਵਜੂਦ ਕਰਮਜੀਤ ਨੇ ਅਜਕਲ੍ਹ ਫੇਸਬੁਕ 'ਤੇ ਪੋਸਟਾਂ ਪਾ ਪਾ ਕੇ ਅੰਮ੍ਰਿਤਪਾਲ ਸਿੰਘ ਦਾ ਝੰਡਾ ਪੂਰੇ ਜਾਹੋ-ਜਲਾਲ ਨਾਲ ਚੁਕਿਆ ਹੋਇਆ ਹੈ।

ਗੁਰਮੁਖੀ ਅਖਬਾਰਾਂ ਨੂੰ ਬੇਭਰੋਸਗੀ, ਹੇਠਲੇ ਦਰਜੇ ਦਾ ਰੁਤਬਾ ਅਤੇ ਗੈਰ ਦਿਆਨਤਦਾਰੀ ਦਾ ਲੇਬਲ ਦੇਣ ਵਿਚ ਇਨ੍ਹਾਂ ਅਖਬਾਰਾਂ ਦੀ ਸੰਪਾਦਕੀ ਨੀਤੀ ਜਿੰਮੇਵਾਰ ਹੈ/ਸੀ, ਜਿਸ ਨੂੰ ਗੁਲਜ਼ਾਰ ਸੰਧੂ ਨੇ ਸੰਪਾਦਕ ਦੇ ਤੌਰ 'ਤੇ ਅਤੇ ਅਮਰੀਕਾ ਵਿਚ ਅਮੋਲਕ ਸਿੰਘ ਨੇ ਇਹ ਲੇਬਲ ਲਾਹੁਣ ਵਿਚ ਹਿੱਸਾ ਪਾਇਆ। ਸੁਰਿੰਦਰ ਤੇਜ ਮੁਬਾਰਕ ਅਤੇ ਧੰਨਵਾਦ ਦਾ ਹੱਕਦਾਰ ਹੈ।

# ਲੇਖਕ ਤੇ ਪਾਠਕ ਦੋਵੇਂ ਧਿਰਾਂ ਨਾਲ ਨਿਆਂ ਕਰਨ ਵਾਲੇ ਸ਼ਬਦ ਚਿੱਤਰ – 'ਅੰਦਰੇਟੇ ਦਾ ਜੋਗੀ'

ਬੜਾ ਔਖਾ ਕੰਮ ਹੈ ਆਪਣੇ ਸਮਕਾਲੀ ਲੇਖਕਾਂ, ਕਲਾਕਾਰਾਂ ਤੇ ਸਾਹਿਤ ਚਿੰਤਕਾਂ ਦੇ ਸ਼ਬਦ ਚਿੱਤਰ ਲਿਖਣੇ। ਅੱਜ ਦਾ ਸੁਚੇਤ ਪਾਠਕ ਕਿਸੇ ਸਾਹਿਤਕਾਰ ਜਾਂ ਕਲਾਕਾਰ ਦੇ ਜੀਵਨ ਦੇ ਦਿਸਦੇ ਤੇ ਬਾਹਰੀ ਯਥਾਰਥ ਦੇ ਵੇਰਵੇ ਲਿਖ ਦੇਣ ਨਾਲ ਹੀ ਸਤੁੰਸ਼ਟ ਨਹੀਂ ਹੋ ਜਾਂਦਾ ਸਗੋਂ ਉਹ ਸਬੰਧਤ ਅਦਬੀ ਸ਼ਖ਼ਸੀਅਤ ਦੇ ਜੀਵਨ ਦੀਆਂ ਉਨ੍ਹਾਂ ਲੁਕਵੀਆਂ ਪਰਤਾਂ ਬਾਰੇ ਵੀ ਵੱਧ ਤੋਂ ਵੱਧ ਜਾਣਕਾਰੀ ਹਾਸਲ ਕਰਨਾ ਚਾਹੁੰਦਾ ਹੈ, ਜਿਹੜੀ ਆਮ ਤੌਰ 'ਤੇ ਜਨਤਕ ਨਹੀਂ ਹੋਈ ਹੁੰਦੀ। ਪਾਠਕਾਂ ਦੇ ਸੁਹਜ-ਸੁਆਦ ਦੀ ਮੰਗ ਅਨੁਸਾਰ ਜੇ ਸ਼ਬਦ ਚਿੱਤਰ ਲੇਖਕ ਉਸ ਦੇ ਅੰਤਰੀਵੀ ਯਥਾਰਥ ਨੂੰ ਇਮਾਨਦਾਰੀ ਨਾਲ ਪੇਸ਼ ਕਰਦਾ ਹੈ ਤਾਂ ਉਸਦੇ ਸਮਾਜਿਕ ਅਕਸ ਨੂੰ ਨੁਕਸਾਨ ਪਹੁੰਚਣ ਦਾ ਖਦਸ਼ਾ ਪੈਦਾ ਹੋ ਜਾਂਦਾ ਹੈ ਅਤੇ ਜੇ ਉਹ ਸਿਰਫ਼ ਲੇਖਕ ਦੀ ਸ਼ਾਨ ਵਿਚ ਕਸੀਦੇ ਹੀ ਪੜ੍ਹਦਾ ਹੈ ਤਾਂ ਇਹ ਗੱਲ ਪਾਠਕ ਨੂੰ ਪਸੰਦ ਨਹੀਂ ਆਉਂਦੀ। ਇਸ ਲਈ ਸ਼ਬਦ ਚਿੱਤਰ ਲਿਖਣ ਵੇਲੇ ਉਸ ਨੂੰ ਪਾਠਕਾਂ ਦੀਆਂ

**ਪੁਸਤਕ ਚਰਚਾ**

**ਨਿਰੰਜਣ ਬੋਹਾ**
**ਫੋਨ: 91-89682-82700**

ਸੂਹਜ ਬਿਰਤੀਆਂ ਤੇ ਸਬੰਧਤ ਸ਼ਖ਼ਸੀਅਤ ਦੀ ਅੰਤਰੀਵਤਾ ਦੀ ਬਿਆਨੀ ਵਿਚਕਾਰ ਇਕ ਵਿਸ਼ੇਸ਼ ਪ੍ਰਕਾਰ ਦਾ ਸਤੁੰਲਨ ਬਣਾ ਕੇ ਰੱਖਣਾ ਪੈਂਦਾ ਹੈ। ਪ੍ਰੇਮ ਸਿੰਘ ਮਾਨ ਵਲੋਂ ਸੰਨ 2020 ਵਿਚ ਪ੍ਰਕਾਸ਼ਿਤ ਕਰਵਾਏ ਸ਼ਬਦ ਚਿੱਤਰ ਸੰਗ੍ਰਹਿ 'ਅੰਦਰੇਟੇ ਦਾ ਜੋਗੀ' ਦੀ ਚਰਚਾ ਕਾਫੀ ਸੁਣੀ ਸੀ ਕਿ ਇਸ ਵਿਚਲੇ ਸ਼ਬਦ ਚਿੱਤਰ ਆਪਣੇ ਨਾਲ ਸਬੰਧਤ ਲੇਖਕਾਂ ਤੇ ਪਾਠਕਾਂ ਦੋਵਾਂ ਧਿਰਾਂ ਨਾਲ ਨਿਆਂ ਕਰਨ ਵਾਲੇ ਹਨ ਪਰ ਇਹ ਪੁਸਤਕ ਪੜ੍ਹਨ ਦਾ ਸੁਭਾਗ ਮੈਨੂੰ ਹੁਣ ਸੰਨ 2022 ਵਿਚ ਇਸ ਦੇ ਦੂਜੇ ਐਡੀਸ਼ਨ ਛਪਣ 'ਤੇ ਹੀ ਮਿਲਿਆ ਹੈ। ਇਸ ਦੇਰੀ ਦਾ ਮੈਨੂੰ ਇਕ ਲਾਭ ਵੀ ਹੋਇਆ ਹੈ ਕਿ ਇਸ ਵਿਚੋਂ ਮੈਨੂੰ ਅਮਰੀਕ ਗਿੱਲ, ਹਰਕੀਰਤ ਕੌਰ ਚਾਹਲ ਤੇ ਗੁਰਬਖਸ਼ ਭੰਡਾਲ ਵਰਗੀਆਂ ਫਿਲਮ ਜਗਤ ਤੇ ਸਾਹਿਤ ਨਾਲ ਸਬੰਧਤ ਉਨ੍ਹਾਂ ਨਾਮਵਰ ਸ਼ਖ਼ਸੀਅਤਾਂ ਬਾਰੇ ਲਿਖੇ ਉਹ ਸ਼ਬਦ ਚਿੱਤਰ ਵੀ ਪੜ੍ਹਨ ਨੂੰ ਮਿਲ ਗਏ ਹਨ ਜੋ ਇਸਦੇ ਪਹਿਲੇ ਐਡੀਸ਼ਨ ਵਿਚ ਸ਼ਾਮਲ ਨਹੀਂ ਸਨ।

ਆਪਣੇ ਸਮਕਾਲੀ ਲੇਖਕਾਂ ਤੇ ਅਦੀਬਾਂ ਬਾਰੇ ਸ਼ਬਦ ਚਿੱਤਰ ਲਿਖਣ ਦਾ ਪ੍ਰੇਮ ਮਾਨ ਦਾ ਆਪਣਾ ਵੱਖਰਾ ਹੀ ਅੰਦਾਜ਼ ਹੈ। ਜੇ ਕਿਸੇ ਲੇਖਕ ਦੇ ਅੰਤਰ ਮਨ ਦਾ ਐਕਸਰੇਅ ਲੈਣ ਦੀ ਮੁਹਾਰਤ ਵੇਖਣੀ ਹੋਵੇ ਤਾਂ ਉਹ ਇਸ ਪੁਸਤਕ ਵਿਚ ਸ਼ਾਮਿਲ ਅਮਰੀਕ ਗਿੱਲ, ਬਲਵੀਰ ਮੋਮੀ, ਦਲਜੀਤ ਮੋਖਾ, ਜਗਤਾਰ, ਪ੍ਰੇਮ ਪ੍ਰਕਾਸ਼ ਤੇ ਅਜੇ ਤਨਵੀਰ ਬਾਰੇ ਲਿਖੇ ਸ਼ਬਦ ਚਿੱਤਰਾਂ ਵਿਚੋਂ ਵੇਖੀ ਜਾ ਸਕਦੀ ਹੈ। ਰਮਤੇ ਜੋਗੀਆਂ ਵਰਗੀ ਸੀਰਤ ਵਾਲੇ ਚਿੱਤਰਕਾਰ ਸੋਭਾ ਸਿੰਘ, ਗੁਰਬਖਸ਼ ਸਿੰਘ ਭੰਡਾਲ, ਚਰਨ ਸਿੰਘ ਸਫਰੀ, ਚਾਨਣ ਗੋਬਿੰਦਪੁਰੀ ਤੇ ਦੀਪਕ ਜੈਤੋਈ ਦੇ ਮਨ ਨੂੰ ਫਰੋਲਣ ਸੰਬੰਧੀ ਵੀ ਉਸ ਯਥਾ ਸੰਭਵ ਕੋਸ਼ਿਸ਼ ਕੀਤੀ ਹੈ ਪਰ ਉਸ ਦੇ ਦਿਲ ਅੰਦਰਲੀ ਇਨ੍ਹਾਂ ਅਦਬੀ ਸ਼ਖ਼ਸੀਅਤਾ ਪ੍ਰਤੀ ਅਥਾਹ ਸਤਿਕਾਰ ਦੀ ਭਾਵਨਾ ਨੇ ਉਸ ਨੂੰ ਉਹ ਖੁੱਲ੍ਹ ਨਹੀਂ ਲੈਣ ਦਿੱਤੀ ਜਿਹੜੀ ਉਸ ਨੇ ਆਪਣੀ ਦੋਸਤੀ ਦੇ ਦਾਇਰੇ ਵਿਚ ਆਉਂਦੇ ਲੇਖਕਾਂ ਦੇ ਸ਼ਬਦ ਚਿੱਤਰ ਲਿਖਣ ਵੇਲੇ ਲਈ ਹੈ।

ਪ੍ਰੇਮ ਮਾਨ ਦੀ ਮਾਨਸਿਕ ਨੇੜਤਾ ਜਿੱਥੇ ਆਪਣੇ ਤੋਂ ਵੱਡਿਆਂ ਤੇ ਆਪਣੇ ਹਾਣੀਆਂ ਨਾਲ ਹੈ ਉੱਥੇ ਅਜੇ ਤਨਵੀਰ ਵਰਗੇ ਪੁੱਤਰਾਂ ਦੇ ਹਾਣ ਦੇ ਪ੍ਰਤਿਭਾਵਾਨ ਲੇਖਕਾਂ ਲਈ ਵੀ ਉਸਦੇ ਮਨ ਦੇ ਸਾਰੇ ਦਰ ਦਰਵਾਜ਼ੇ ਖੁੱਲ੍ਹੇ ਹਨ। ਚਿੱਤਰਕਾਰ ਸੋਭਾ ਸਿੰਘ ਬਾਰੇ ਲਿਖਿਆ ਉਸਦਾ ਸ਼ਬਦ ਚਿੱਤਰ ਭਾਵੇਂ ਉਸ ਨਾਲ ਦਸੰਬਰ 1971 ਵਿਚ ਹੋਈ ਚਾਰ ਪੰਜ ਘੰਟੇ ਦੀ ਮੁਲਾਕਾਤ 'ਤੇ ਹੀ ਆਧਾਰਿਤ ਹੈ ਪਰ ਇਸ ਵਿਚ ਸੋਭਾ ਸਿੰਘ ਵਲੋਂ ਮੁਨਸ਼ੀ ਪ੍ਰੇਮ ਚੰਦ, ਨਾਵਲਕਾਰ ਨਾਨਕ ਸਿੰਘ, ਧਨੀ ਰਾਮ ਚਾਤ੍ਰਿਕ ਤੇ ਮਹਿੰਦਰ ਸਿੰਘ ਰੰਧਾਵਾ ਬਾਰੇ ਕੀਤੀਆਂ ਦਿਲਚਸਪ ਟਿੱਪਣੀਆਂ ਉਸ ਸਮੇਂ ਦੇ ਸਾਹਿਤਕ ਇਤਿਹਾਸ ਤੇ ਸਾਹਿਤਕ ਵਰਤਾਰਿਆਂ ਨੂੰ ਚਿਰਜੀਵੀ ਬਣਾਉਣ ਵਾਲੀਆਂ ਹਨ।

ਕਿਸੇ ਲੇਖਕ ਦਾ ਸ਼ਬਦ ਚਿੱਤਰ ਲਿਖਦਿਆਂ ਉਸ ਦੇ ਸਮਾਜਿਕ ਅਕਸ, ਸੁਭਾਅ, ਵਰਤੋਂ ਵਿਹਾਰ ਤੇ ਅੰਤਰੀਵੀ ਸੋਚ ਨੂੰ ਕਸੀਦ ਕੇ ਉਸਦਾ ਅਰਕ ਕੱਢਣ ਸਬੰਧੀ ਉਹ ਪੂਰੀ ਮੁਹਾਰਤ ਰੱਖਦਾ ਹੈ। ਇਹ ਕਾਰਜ ਉਸ ਵਲੋਂ ਲਿਖੇ ਇਕ-ਦੋ ਵਾਕ ਹੀ ਕਰ ਦਿੰਦੇ ਹਨ ਤੇ ਫਿਰ ਉਹ ਸ਼ਬਦ ਚਿੱਤਰ ਨਾਲ ਸਬੰਧਤ ਸ਼ਖ਼ਸੀਅਤ ਬਾਰੇ ਆਪਣੇ ਬਣਾਏ ਵਿਚਾਰਾਂ ਦੀਆਂ ਬਹੁਤ ਸਾਰੀਆਂ ਪੁਸ਼ਟੀ ਮੂਲਕ ਉਦਾਹਰਨਾਂ ਤਲਾਸ਼ ਕਰ ਕੇ ਆਪਣੀ ਲਿਖਤ ਨੂੰ ਵਿਸਥਾਰ ਦਿੰਦਾ ਹੈ। ਅਜਿਹਾ ਕਰਦਿਆਂ ਉਸ ਸ਼ਖ਼ਸੀਅਤ ਦੇ ਹੋਰ ਬਹੁਤ ਸਾਰੇ ਪਸਾਰ ਵੀ ਸਹਿਜ



ਲੇਖਕ ਪ੍ਰੇਮ ਮਾਨ

ਰੂਪ ਵਿਚ ਹੀ ਸਾਹਮਣੇ ਆ ਜਾਂਦੇ ਹਨ। ਅਕਸਰ ਉਸ ਵੱਲੋਂ ਵਰਤੇ ਇਕ-ਦੋ ਵਾਕ ਹੀ ਸਾਰੇ ਸ਼ਬਦ ਚਿੱਤਰ ਦਾ ਨਿਚੋੜ ਹੋ ਨਿੱਬੜਦੇ ਹਨ। ਕਈ ਵਾਰ ਉਸ ਦੀ ਕਲਮ ਦੀ ਨੋਕ ਹੇਠ ਆਏ ਲੇਖਕਾਂ ਤੇ ਕਲਾਕਾਰਾਂ ਦਾ ਆਪਣਾ ਇਕਬਾਲੀਆ ਬਿਆਨ ਵੀ ਇਸ ਕਾਰਜ ਵਿਚ ਉਸ ਦੀ ਮਦਦ ਕਰ ਦਿੰਦਾ ਹੈ। ਇਸ ਸਬੰਧੀ ਕੁਝ ਉਦਾਹਰਨਾਂ ਪੇਸ਼ ਹਨ:

ਉਨ੍ਹਾਂ ਨੂੰ ਮਿਲ ਕੇ ਇੰਜ ਲੱਗਾ ਜਿਵੇਂ ਕਿਸੇ ਅਸਲੀ ਸੰਤ ਮਹਾਤਮਾ ਦੇ ਦਰਸ਼ਨ ਹੋ ਗਏ ਹੋਣ। ਉਨ੍ਹਾਂ ਦੇ ਘਰ ਵਿਚ ਪੈਰ ਪਾ ਕੇ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਕਿਸੇ ਵੀਰਾਨ ਜਗ੍ਹਾ ਤੋਂ ਆ ਕੇ ਕਿਸੇ ਹੱਸਦੇ-ਵੱਸਦੇ, ਹਾਸਿਆਂ ਭਰੇ, ਸੁਗੰਧੀਆਂ ਭਰੇ ਤੇ ਖੁਸ਼ਬੂਆਂ ਭਰੇ ਸਥਾਨ 'ਤੇ ਆ ਗਏ ਹੋਈਏ।

(ਅੰਦਰੇਟੇ ਦਾ ਜੋਗੀ)

ਅਮਰੀਕ ਬਹੁਤ ਸੱਚਾ-ਸੁੱਚਾ ਇਨਸਾਨ ਹੈ, ਜ਼ਿੰਦਗੀ ਵਿਚ ਅੱਜ ਵਾਲੇ ਮੁਕਾਮ 'ਤੇ ਪਹੁੰਚ ਕੇ ਵੀ ਉਹ ਸਧਾਰਣ ਜ਼ਿੰਦਗੀ ਬਤੀਤ ਕਰਦਾ ਹੈ ਤੇ ਨਿਮਰਤਾ ਨਾਲ ਰਹਿੰਦਾ ਹੈ।

(ਮਜ਼ਾਕ ਨਾਲ ਆਪਣੇ ਆਪ ਨੂੰ ਮਹਾਂ ਫਰਾਡ ਕਹਿਣ ਵਾਲਾ ਅਮਰੀਕ ਗਿੱਲ)

ਹਰ ਇਨਸਾਨ ਨੂੰ ਕਿਥਾਰਸ਼ਿਜ ਦੀ ਲੋੜ ਹੁੰਦੀ ਹੈ। ਕੋਈ ਲਿਖ ਕੇ ਆਪਣੇ ਦਿਲ ਦੀ ਭੜਾਸ ਕੱਢ ਲੈਂਦਾ ਹੈ, ਕੋਈ ਖੇਡ ਕੇ, ਕੋਈ ਲੜ ਕੇ, ਕੋਈ ਕਿਸੇ ਹੋਰ ਵਸੀਲੇ ਨਾਲ। ਜਦੋਂ ਸਾਡੇ ਕੋਲ ਕਿਥਾਰਸਿਜ਼ ਦਾ ਸਾਧਨ ਨਾ ਹੋਵੇ ਤਾਂ ਅਸੀਂ ਡਿਪਰੈਸ਼ਨ ਵਿਚ ਆ ਕੇ ਮਾਨਸਿਕ ਰੋਗੀ ਬਣ ਜਾਂਦੇ ਹਾਂ।

(ਵੱਖਰਾ ਤੇ ਅੱਥਰਾ ਬਲਬੀਰ ਮੋਮੀ)

ਮੈਨੂੰ ਨੇਕ, ਰਹਿਮ ਦਿਲ ਅਤੇ ਸ਼ਾਂਤੀ ਪਸੰਦ ਲੋਕ ਹੀ ਚੰਗੇ ਲੱਗਦੇ ਨੇ, ਜੋ ਸੁਆਰਥ ਤੋਂ ਦੂਰ ਹੋਣ। ਮੇਰੀ ਦੋਸਤੀ ਵਿਚ ਹਊਮੈ, ਹੰਕਾਰ ਅਤੇ ਚਤੁਰਾਈ ਲਈ ਕੋਈ ਥਾਂ ਨਹੀਂ। ਮੈਂ ਦੋਸਤੀ ਲਈ ਜਾਨ ਹਾਜ਼ਰ ਕਰਨ ਦੀ ਹਿੰਮਤ ਰੱਖਦੀ ਹਾਂ ਅਤੇ ਲੁਕਵੇਂ ਰੂਪ ਵਿਚ ਸਿਰਫ਼ ਪਿਆਰ ਅਤੇ ਸਤਿਕਾਰ ਦੀ ਉਮੀਦ ਤੋਂ ਬਿਨਾਂ ਕੁਝ ਨਹੀਂ ਚਾਹੁੰਦੀ।

(ਵਿਲੱਖਣ ਤੇ ਰੌਚਕ ਸ਼ੈਲੀ ਵਾਲੀ ਲੇਖਿਕਾ ਹਰਕੀਰਤ ਕੌਰ ਚਾਹਲ)

ਦਲਜੀਤ ਇਨਸਾਫ਼ ਪਸੰਦ ਇਨਸਾਨ ਸੀ, ਉਹ ਹੱਦ ਦਰਜੇ ਦਾ ਇਮਾਨਦਾਰ ਅਤੇ ਸੱਚਾ ਇਨਸਾਨ ਸੀ। ਉਸ ਵਿਚ ਕਿਸੇ ਵਿਰੁੱਧ ਕੋਈ ਈਰਖਾ ਨਹੀਂ ਸੀ। ਉਹ ਕਦੇ ਵੀ ਕਿਸੇ ਦੇ ਸੂਲਾਂ ਨਹੀਂ ਸੀ ਚੋਭਦਾ ਤੇ ਕਦੇ ਵੀ ਕਿਸੇ ਦੋਸਤ ਦੀ ਪਿੱਠ ਵਿਚ ਛੁਰਾ ਨਹੀਂ ਸੀ ਮਾਰਦਾ।

(ਸੰਤਾਲੀ ਸਾਲ ਦੀ ਯਾਰੀ ਤੋੜਨ ਵਾਲਾ ਦਲਜੀਤ ਮੋਖਾ)

ਜ਼ਿੰਦਗੀ ਤੋਂ ਬਹੁਤ ਸ਼ਤੁੰਸਟ ਹਾਂ ਤੇ ਸ਼ੁਕਰਗੁਜ਼ਾਰ ਹਾਂ, ਬਹੁਤ ਕੁਝ ਦਿੱਤਾ ਹੈ ਜ਼ਿੰਦਗੀ ਨੇ ਤੇ ਇਸ ਦੀਆਂ ਨਿਆਮਤਾਂ ਨਾਲ ਮਾਲਾ-ਮਾਲ ਹਾਂ।

(ਕਾਵਿਕ ਵਾਰਤਕ ਦਾ ਵਧੀਆ ਲੇਖਕ ਡਾ. ਗੁਰਬਖਸ਼ ਸਿੰਘ ਭੰਡਾਲ)

ਉਸ ਮੀਟਿੰਗ ਵਿਚ ਡਾਕਟਰ ਜਗਤਾਰ ਇਕ ਵਧੀਆ ਅਤੇ ਸਹਿਜਮਈ ਇਨਸਾਨ ਲੱਗਿਆ ਸ਼ਾਇਦ ਉਮਰ ਨਾਲ ਡਾਕਟਰ ਜਗਤਾਰ ਕੁਝ ਬਦਲ ਗਿਆ ਸੀ।

(ਜੁਗਾੜਬੰਦੀ ਤੋਂ ਉਪਰ ਉੱਠ ਕੇ ਲਿਖਣ ਵਾਲਾ ਡਾ. ਜਗਤਾਰ)

'ਲਕੀਰ' ਨੂੰ ਵੇਚਣ ਨਾਲ ਹੋਰ ਤਾਂ ਕੋਈ ਫਰਕ ਨਹੀਂ ਸੀ ਪੈਣਾ, ਬੱਸ ਹੁਣ ਜਨਾਨੀਆਂ ਨੇ ਨਹੀਂ ਮਿਲਣ ਆਇਆ ਕਰਨਾ, ਪਹਿਲਾਂ 'ਲਕੀਰ' ਵਿਚ ਛਪਣ ਲਈ ਜਨਾਨੀਆਂ ਮਿਲਣ ਆਈਆਂ ਰਹਿੰਦੀਆਂ ਸਨ। ... ਮੈਂ ਲਕੀਰ ਵਿਚ ਜਨਾਨੀਆਂ ਤੇ 25 ਸਾਲ ਤੋਂ ਘੱਟ ਉਮਰ ਦੇ ਮੁੰਡਿਆਂ ਨੂੰ ਛਾਪਣ ਵਿਚ ਹਮੇਸ਼ਾ ਹੀ ਤਰਜੀਹ ਦਿੱਤੀ ਹੈ।

(ਰੌਚਕ ਸੁਭਾਅ ਵਾਲਾ ਗਿਆਨ ਦਾ ਭੰਡਾਰ-ਪ੍ਰੇਮ ਪ੍ਰਕਾਸ਼)

ਉਨ੍ਹਾਂ ਦੇ ਚਿਹਰੇ 'ਤੇ ਮਹੇਸ਼ਾ ਸਾਦਗੀ ਅਤੇ ਮਾਸੂਮੀਅਤ ਦੀ ਝਲਕ ਰਹਿੰਦੀ ਸੀ। ਮੈਨੂੰ ਉਮੀਦ ਨਹੀਂ ਕਿ ਉਹ ਕਦੇ ਵੀ ਜ਼ਿੰਦਗੀ ਵਿਚ ਗੁੱਸੇ ਵਿਚ ਆਏ ਹੋਣ ਜਾਂ ਉੱਚਾ ਬੋਲੇ ਹੋਣ।

ਦੀਪਕ ਜੀ ਇਕ ਬਹੁਤ ਹੀ ਸਧਾਰਣ, ਦਰਵੇਸ਼ ਸਾਂਈ ਅਤੇ ਫਕੀਰਾਂ ਜਿਹੇ ਇਨਸਾਨ ਸਨ...

(ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਚਾਨਣ ਗੋਬਿੰਦਪੁਰੀ ਅਤੇ ਦੀਪਕ ਜੈਤੋਈ)

ਪ੍ਰੇਮ ਮਾਨ ਨੇ ਉਨ੍ਹਾਂ ਹੀ ਅਦੀਬਾਂ ਦੇ ਸ਼ਬਦ ਚਿੱਤਰ ਲਿਖੇ ਹਨ, ਜਿਨ੍ਹਾਂ ਦੇ ਜੀਵਨ ਦੇ ਸਵੇਰਿਆਂ ਤੇ ਹਨੇਰਿਆਂ ਬਾਰੇ ਉਹ ਬਹੁਤ ਕੁਝ ਜਾਣਦਾ ਹੈ। ਉਹ ਕਿਸੇ ਸ਼ਖਸ ਅੰਦਰਲੇ ਗੁਣਾਂ ਦੀ ਪ੍ਰਸ਼ੰਸਾ ਕਰਨ ਵੇਲੇ ਸ਼ਬਦਾਂ ਦੀ ਕੰਜੂਸੀ ਬਿਲਕੁਲ ਨਹੀਂ ਕਰਦਾ। ਭਾਵੇਂ ਉਸ ਦੀ ਕਿਸੇ ਮਾੜੀ ਆਦਤ ਦਾ ਬਿਆਨ ਉਹ ਸਹਿੰਦੇ-ਸਹਿੰਦੇ ਸ਼ਬਦਾਂ ਵਿਚ ਹੀ ਕਰਦਾ ਹੈ ਪਰ ਕਰਦਾ ਜ਼ਰੂਰ ਹੈ। ਉਹ ਜਗਤਾਰ ਵਰਗੇ ਪ੍ਰੋਢ ਤੇ ਸਮਰੱਥ ਗ਼ਜ਼ਲਕਾਰ ਦਾ ਤਹਿ ਦਿਲੋਂ ਸਤਿਕਾਰ ਕਰਦਾ ਹੈ ਪਰ ਉਸ ਦੇ ਸੁਭਾਅ ਵਿਚਲੀ ਕੁੜੱਤਣ ਦੀ ਗੱਲ ਫਿਰ ਵੀ ਉਸਦੀ ਜ਼ੁਬਾਨ 'ਤੇ ਆਉਣੋਂ ਰਹਿ ਨਹੀਂ ਹੁੰਦੀ।

ਜਦੋਂ ਉਹ ਦਲਜੀਤ ਮੋਖਾ ਦਾ ਸ਼ਬਦ ਚਿੱਤਰ ਉਲੀਕਦਿਆਂ ਆਖਦਾ ਹੈ, "ਦਲਜੀਤ ਵਿਚ ਵੀ ਮੇਰੇ ਵਾਂਗ ਵੀ ਈਰਖਾ ਅਤੇ ਹੰਕਾਰ ਬਿਲਕੁਲ ਨਹੀਂ ਸੀ" ਤਾਂ ਮੈਨੂੰ ਲੱਗਦਾ ਹੈ ਕਿ ਉਸ ਨੂੰ ਆਪਣੇ ਤੇ ਦਲਜੀਤ ਦੋਵਾਂ ਬਾਰੇ ਕੀਤੇ ਈਰਖਾ ਤੇ ਹੰਕਾਰ ਰਹਿਤ ਹੋਣ ਦੇ ਦਾਅਵੇ ਤੋਂ ਪਹਿਲਾਂ 'ਲਗਭਗ' ਸ਼ਬਦ ਦੀ ਵਰਤੋਂ ਕਰ ਲੈਣੀ ਚਾਹੀਦੀ ਸੀ। ਬੰਦਾ ਆਖਿਰ ਬੰਦਾ ਹੈ, ਘੱਟ ਜਾਂ ਵੱਧ ਰੂਪ ਵਿਚ ਹਰੇਕ ਬੰਦਾ ਇਨ੍ਹਾਂ ਨਕਾਰਾਤਮਕ ਪ੍ਰਵਿਰਤੀਆਂ ਦਾ ਕਿਸੇ ਨਾ ਕਿਸੇ ਵੇਲੇ ਸ਼ਿਕਾਰ ਜ਼ਰੂਰ ਹੁੰਦਾ ਹੈ। ਕੁੱਲ ਮਿਲਾ ਕੇ ਇਹ ਸ਼ਬਦ ਚਿੱਤਰ ਸੰਗ੍ਰਹਿ ਹਰ ਲਿਹਾਜ਼ ਨਾਲ ਪੜ੍ਹਨ, ਸਾਂਭਣ ਤੇ ਸੁਆਗਤ ਕਰਨ ਯੋਗ ਹੈ।

# ਖੇਤੀ ਸੰਕਟ ਅਤੇ ਛੋਟੇ ਕਿਸਾਨਾਂ ਦੀ ਹੋਣੀ

ਪੰਜਾਬ ਦੇ ਛੋਟੇ ਕਿਸਾਨਾਂ ਦੀ ਖੇਤੀ ਲਾਹੇਵੰਦੀ ਨਾ ਰਹਿਣ ਕਾਰਨ ਉਹ ਖੇਤੀ ਵਿਚੋਂ ਬਾਹਰ ਨਿਕਲ ਰਹੇ ਹਨ। ਜਿਸ ਕਿਸਾਨ ਨੂੰ ਖੇਤੀ 'ਚੋਂ ਬਾਹਰ ਨਿਕਲਣ ਦਾ ਜੋ ਵੀ ਰਸਤਾ ਮਿਲਦਾ ਹੈ, ਉਹ ਉਸੇ ਰਸਤੇ ਜਾ ਤੁਰ ਪੈਂਦਾ ਹੈ। ਦੂਜੇ ਪਾਸੇ ਬੇਜ਼ਮੀਨੇ ਦਲਿਤ ਕਿਸਾਨਾਂ/ਖੇਤ ਮਜ਼ਦੂਰਾਂ ਵਿਚ ਭੂਮੀ ਦੀ ਮੰਗ ਵਧ ਰਹੀ ਹੈ। ਉਹ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰਨ ਦਾ ਯਤਨ ਕਰ ਰਹੇ ਹਨ। ਇਹ ਸਥਿਤੀ ਵਿਰੋਧਾਭਾਸੀ ਨਜ਼ਰ ਆਉਂਦੀ ਹੈ ਪਰ ਇਹ ਪੰਜਾਬ ਦੇ ਖੇਤੀ ਅਰਥਚਾਰੇ ਦੀ ਸਚਾਈ ਬਣਦੀ ਲਗਦੀ ਹੈ।

ਪਿਛਲੇ 20-25 ਸਾਲਾਂ ਤੋਂ ਵੱਧ ਸਮੇਂ ਤੋਂ ਛੋਟੇ ਅਤੇ ਸੀਮਾਂਤ ਕਿਸਾਨ ਪੰਜਾਬ ਵਿਚ ਖੇਤੀ ਤੋਂ ਬਾਹਰ ਹੋ ਰਹੇ ਹਨ। ਇਨ੍ਹਾਂ ਦੀ ਗਿਣਤੀ ਹਰ ਸਾਲ ਕਈ ਹਜ਼ਾਰ ਬਣਦੀ ਹੈ। ਪਿੱਛੇ ਰਹਿ ਗਏ ਐਸੇ ਕਿਸਾਨ ਆਪਣੀ ਹੋਂਦ ਬਚਾਉਣ ਵਾਸਤੇ ਜੂਝ ਰਹੇ ਹਨ। ਬਹੁਤੇ ਕਿਸਾਨ ਕਰਜ਼ੇ ਦੇ ਬੋਝ ਹੇਠ ਦੱਬੇ ਪਏ ਹਨ। ਕਰਜ਼ੇ ਦੇ ਮੱਕੜਜਾਲ ਵਿਚ



ਸੁੱਚਾ ਸਿੰਘ ਗਿੱਲ
ਫੋਨ: +91-98550-82857

ਫਸੇ ਕਿਸਾਨ ਹਰ ਰੋਜ਼ ਆਤਮ-ਹੱਤਿਆਵਾਂ ਕਰ ਰਹੇ ਹਨ। ਇਸ ਵਰਤਾਰੇ ਨੂੰ 1997 ਤੋਂ ਬਾਅਦ ਨੈਸ਼ਨਲ ਕਰਾਇਮ ਰਿਕਾਰਡ ਬਿਊਰੋ ਆਪਣੀਆਂ ਰਿਪੋਰਟਾਂ ਵਿਚ ਦੇਸ਼ ਸਾਹਮਣੇ ਲਗਾਤਾਰ ਪੇਸ਼ ਕਰ ਰਿਹਾ ਹੈ। ਇਨ੍ਹਾਂ ਰਿਪੋਰਟਾਂ ਵਿਚ ਦਰਜ ਗਿਣਤੀ ਅਸਲ ਨਾਲੋਂ ਕਈ ਕਾਰਨਾਂ ਕਰਕੇ ਘੱਟ ਦਰਸਾਈ ਜਾਂਦੀ ਹੈ ਪਰ ਇਸ ਨਾਲ ਇਸ ਵਰਤਾਰੇ ਦੀ ਸਰਕਾਰੀ ਤੌਰ 'ਤੇ ਤਸਦੀਕ ਹੋ ਜਾਂਦੀ ਹੈ। ਵੱਖ-ਵੱਖ ਸਰਵੇਖਣਾਂ ਵਿਚ ਇਨ੍ਹਾਂ ਆਤਮ-ਹਤਿਆਵਾਂ ਦਾ ਮੁੱਖ ਕਾਰਨ ਕਿਸਾਨਾਂ ਸਿਰ ਵਧ ਰਿਹਾ ਕਰਜ਼ਾ ਹੀ ਮੰਨਿਆ ਜਾਂਦਾ ਹੈ।

ਸਰਵੇਖਣ ਸੰਕੇਤ ਦਿੰਦੇ ਹਨ ਕਿ ਐਸੇ ਕਿਸਾਨਾਂ ਦੀ ਸਾਲਾਨਾ ਆਮਦਨ ਉਨ੍ਹਾਂ ਦੇ ਸਾਲਾਨਾ ਖਰਚੇ ਤੋਂ ਕਾਫੀ ਘੱਟ ਹੈ। ਇਹ ਪਾੜਾ ਹਰ ਸਾਲ ਵਧਦਾ ਜਾਂਦਾ ਹੈ ਅਤੇ ਕਿਸਾਨ ਕਰਜ਼ੇ ਦੇ ਮੱਕੜਜਾਲ ਵਿਚ ਹੋਰ ਫਸਦੇ ਜਾਂਦੇ ਹਨ। ਇਸੇ ਕਰਕੇ ਕਿਸਾਨ ਜਥੇਬੰਦੀਆਂ ਫ਼ਸਲਾਂ ਦੇ ਵੱਧ ਭਾਅ ਬਾਰੇ ਅੰਦੋਲਨ ਕਰਦੀਆਂ ਹਨ ਤਾਂ ਕਿ ਕਿਸਾਨਾਂ ਦੀ ਆਮਦਨ ਵਧਾਈ ਜਾ ਸਕੇ ਪਰ ਕੇਂਦਰ ਸਰਕਾਰ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਵਾਸਤੇ ਵਾਜਬ ਭਾਅ ਨਿਸ਼ਚਿਤ ਕਰਕੇ ਅਦਾਇਗੀ ਕਰਨ ਨੂੰ ਤਿਆਰ ਨਹੀਂ ਹੈ। ਕਿਸਾਨ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿਚ ਏਸੇ ਕਰਕੇ ਫਸੇ ਹੋਏ ਹਨ ਕਿ ਕੇਂਦਰ ਸਰਕਾਰ ਇਨ੍ਹਾਂ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਕੇ ਇਸ ਦੀ ਖ਼ਰੀਦ ਪੰਜਾਬ ਵਿਚ ਯਕੀਨੀ ਬਣਾਉਂਦੀ ਹੈ। ਇਸ ਫ਼ਸਲੀ ਚੱਕਰ ਨੇ ਭੂਮੀ ਦੀ ਉਪਜਾਊ ਸ਼ਕਤੀ ਉਤੇ ਵੀ ਬੁਰਾ ਅਸਰ ਪਾਇਆ ਹੈ। ਪਹਿਲਾਂ ਜਿੰਨਾ ਝਾੜ ਲੈਣ ਵਾਸਤੇ ਜ਼ਿਆਦਾ ਖਾਦਾਂ ਪਾਉਣੀਆਂ ਪੈਂਦੀਆਂ ਹਨ। ਵਧ ਰਹੇ ਖਰਚੇ ਸਰਕਾਰ ਵਲੋਂ ਤੈਅ ਕੀਮਤਾਂ ਨਾਲ ਪੂਰੇ ਨਹੀਂ ਹੁੰਦੇ। ਮੌਸਮ ਦੀ ਮਾਰ ਕਿਸਾਨਾਂ ਦੀ ਪ੍ਰੇਸ਼ਾਨੀ ਹੋਰ ਵਧਾ ਦਿੰਦੀ ਹੈ।

ਇਨ੍ਹਾਂ ਹਾਲਤਾਂ ਨੇ ਛੋਟੇ ਅਤੇ ਸੀਮਾਂਤ ਕਿਸਾਨਾਂ ਦਾ ਖੇਤੀ ਵਿਚ ਟਿਕੇ ਰਹਿਣਾ ਮੁਸ਼ਕਿਲ ਬਣਾ ਦਿੱਤਾ ਹੈ। ਭਾਰਤ ਦੀ ਖੇਤੀ ਵਿਚ ਆਮ ਕਰਕੇ ਅਤੇ ਪੰਜਾਬ ਦੀ ਖੇਤੀ ਵਿਚ ਖਾਸ ਤੌਰ 'ਤੇ ਸਰਮਾਏਦਾਰੀ ਖੇਤੀ ਦਾ ਵਿਕਾਸ ਹੋਣ ਸਮੇਂ ਇਕ ਖਾਸ ਮੁਸ਼ਕਿਲ ਪੈਦਾ ਹੋ ਗਈ ਹੈ ਜੋ ਦਿਨੋ-ਦਿਨ ਵਧ ਰਹੀ ਹੈ। ਇਹ ਮੁਸ਼ਕਿਲ ਖੇਤੀ ਤੋਂ ਬਾਹਰ ਦੇ ਸੈਕਟਰ ਨਾਲ ਸਬੰਧਿਤ ਹੈ। ਪਛਮੀ ਦੇਸ਼ਾਂ ਖਾਸਕਰ ਯੂਰਪ ਅਤੇ ਉੱਤਰੀ ਅਮਰੀਕਾ ਵਿਚ ਖੇਤੀ ਵਿਚ ਸਰਮਾਏਦਾਰੀ ਦੇ ਵਿਕਾਸ ਸਮੇਂ ਉਦਯੋਗਿਕ ਖੇਤਰ ਵਿਚ ਵਿਕਾਸ ਬੜੀ ਤੇਜ਼ੀ ਨਾਲ ਹੋ ਰਿਹਾ ਸੀ ਜੋ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਕਰ ਰਿਹਾ ਸੀ। ਇਸ ਕਰਕੇ ਜਦੋਂ ਛੋਟੇ ਕਿਸਾਨਾਂ ਨੂੰ ਸਰਮਾਏਦਾਰੀ ਖੇਤੀ ਨੇ ਬਾਹਰ ਕੱਢਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੂੰ ਉਦਯੋਗਿਕ ਇਕਾਈਆਂ ਵਿਚ ਰੁਜ਼ਗਾਰ ਮਿਲਦਾ ਗਿਆ। ਉਦਯੋਗਿਕ ਇਕਾਈਆਂ ਵਿਚ ਵਧ ਰਹੀ ਕਿਰਤ ਦੀ ਮੰਗ ਕਾਰਨ ਉਨ੍ਹਾਂ ਨੂੰ ਉਜਰਤ ਐਨੀ ਕੁ ਮਿਲ ਜਾਂਦੀ ਸੀ ਜਿਸ ਨਾਲ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਗੁਜ਼ਾਰਾ ਚਲ ਸਕਦਾ ਸੀ।



ਹੁਣ ਜਦੋਂ ਪੰਜਾਬ ਦੀ ਖੇਤੀ ਵਿਚ ਸਰਮਾਏਦਾਰੀ ਸਿਸਟਮ ਭਾਰੂ ਹੋ ਗਿਆ ਹੈ, ਇਸ ਕਾਰਨ ਖੇਤੀ ਵਿਚੋਂ ਬਾਹਰ ਹੋ ਰਹੇ ਗਰੀਬ ਕਿਸਾਨਾਂ ਨੂੰ ਖੇਤੀ ਤੋਂ ਬਾਹਰ ਰੁਜ਼ਗਾਰ ਨਹੀਂ ਮਿਲ ਰਿਹਾ। ਹਰੇ ਇਨਕਲਾਬ ਦੇ ਸ਼ੁਰੂ ਦੇ ਸਾਲਾਂ ਵਿਚ ਕੁਝ ਛੋਟੀਆਂ ਤੇ ਦਰਮਿਆਨੀਆਂ ਉਦਯੋਗਿਕ ਇਕਾਈਆਂ ਦਾ ਵਿਕਾਸ ਹੋਇਆ ਸੀ। ਇਨ੍ਹਾਂ ਇਕਾਈਆਂ ਵਿਚ ਪੰਜਾਬ ਤੋਂ ਬਾਹਰ ਦੇ ਕਿਰਤੀਆਂ ਨੇ ਬਹੁਤਾ ਰੁਜ਼ਗਾਰ ਲੈ ਲਿਆ। ਉਹ ਪੰਜਾਬ ਦੇ ਕਿਰਤੀਆਂ ਦੇ ਮੁਕਾਬਲੇ ਘੱਟ ਉਜਰਤ 'ਤੇ ਕੰਮ ਕਰਨ ਨੂੰ ਵੀ ਤਿਆਰ ਸਨ। ਇਹ ਇਕਾਈਆਂ ਗੈਰ-ਸੰਗਠਤ ਖੇਤਰ ਵਿਚ ਹੋਣ ਕਾਰਨ ਘੱਟੋ-ਘੱਟ ਉਜਰਤ ਐਕਟ ਇਨ੍ਹਾਂ ਇਕਾਈਆਂ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ ਸੀ।

1980ਵਿਆਂ ਵਿਚ ਅਤਿਵਾਦ ਦਾ ਦੌਰ ਸ਼ੁਰੂ ਹੋ ਗਿਆ ਜਿਸ ਕਰਕੇ ਉਦਯੋਗਿਕ ਇਕਾਈਆਂ ਪੰਜਾਬ ਤੋਂ ਬਾਹਰ ਜਾਣ ਲੱਗੀਆਂ। ਅੰਮ੍ਰਿਤਸਰ ਅਤੇ ਬਟਾਲਾ ਵਰਗੇ ਸ਼ਹਿਰਾਂ ਤੋਂ ਵੱਡੀ ਗਿਣਤੀ ਉਦਯੋਗਿਕ ਇਕਾਈਆਂ ਪੰਜਾਬੋਂ ਬਾਹਰ ਗਈਆਂ। ਰਹਿੰਦੀ ਕਸਰ ਵਾਜਪਾਈ ਸਰਕਾਰ ਕੱਢ ਦਿੱਤੀ ਜਦੋਂ ਉਸ ਨੇ ਹਿਮਾਚਲ ਪ੍ਰਦੇਸ਼ ਅਤੇ ਹੋਰ ਪਹਾੜੀ ਸੂਬਿਆਂ ਨੂੰ ਸਪੈਸ਼ਲ ਟੈਕਸ ਰਿਆਇਤਾਂ ਦੇ ਦਿਤੀਆਂ। ਇਸ ਨਾਲ ਪੰਜਾਬ ਦੇ ਉਦਯੋਗਿਕ ਵਿਕਾਸ ਨੂੰ ਕਾਫੀ ਨੁਕਸਾਨ ਹੋਇਆ। ਭਾਰਤ ਦੇ ਪਾਕਿਸਤਾਨ ਨਾਲ ਵਿਗੜੇ ਸਬੰਧਾਂ ਕਾਰਨ ਵੱਡੀਆਂ ਉਦਯੋਗਿਕ ਇਕਾਈਆਂ ਪੰਜਾਬ ਵਿਚ ਲਗਣ ਤੋਂ ਪਹਿਲਾਂ ਹੀ ਕੰਨੀ ਕਤਰਾਉਂਦੀਆਂ ਰਹੀਆਂ ਹਨ। ਪੰਜਾਬ ਦੇ ਖੇਤੀ ਵਿਕਾਸ ਅਤੇ ਉਦਯੋਗਿਕ ਵਿਕਾਸ ਵਿਚ ਠੀਕ ਤਾਲਮੇਲ ਨਾ ਬਣਨ ਕਾਰਨ ਖੇਤੀ ਤੋਂ ਵਿਹਲੇ ਹੋ ਰਹੇ ਗਰੀਬ ਕਿਸਾਨਾਂ ਵਾਸਤੇ ਰੁਜ਼ਗਾਰ ਪੈਦਾ ਨਹੀਂ ਹੋ ਰਿਹਾ।

ਸੇਵਾਵਾਂ ਦੇ ਖੇਤਰ ਵਿਚ ਵੀ ਪੰਜਾਬ ਫਾਡੀ ਰਹਿ ਗਿਆ ਅਤੇ ਕੰਪਿਊਟਰ ਸਾਫਟਵੇਅਰ ਦਾ ਕੋਈ ਕੇਂਦਰ ਸੂਬੇ ਵਿਚ ਸਥਾਪਤ ਨਹੀਂ ਕਰ ਸਕਿਆ। ਵੱਡੀ ਗਿਣਤੀ ਸਰਕਾਰੀ ਨੌਕਰੀਆਂ ਦਹਾਕਿਆਂ ਤੋਂ ਖਾਲੀ ਰਖੀਆਂ ਗਈਆਂ ਹਨ। ਇਸ ਕਰਕੇ ਸੂਬੇ ਵਿਚੋਂ ਕਾਫ਼ੀ ਲੋਕ ਰੁਜ਼ਗਾਰ ਦੀ ਤਲਾਸ਼ ਵਿਚ ਦੇਸ਼ ਤੋਂ ਬਾਹਰ ਜਾ ਰਹੇ ਹਨ। ਦੇਸ਼ ਤੋਂ ਬਾਹਰ ਜਾਣ ਵਾਸਤੇ ਲੱਗੀਆਂ ਸ਼ਰਤਾਂ ਗਰੀਬ ਅਤੇ ਘੱਟ ਪੜ੍ਹੇ-ਲਿਖੇ ਕਿਸਾਨ ਪੂਰੀਆਂ ਨਹੀਂ ਕਰਦੇ ਅਤੇ ਨਾ ਹੀ ਉਨ੍ਹਾਂ ਕੋਲ ਬਾਹਰ ਜਾਣ ਲਈ ਲੋੜੀਂਦੇ ਮਾਇਕ ਸਾਧਨ ਹਨ। ਵੈਸੇ ਸਾਰੇ ਭਾਰਤ ਵਿਚ ਹੀ ਇਹੋ ਹਾਲ ਹੋ ਗਿਆ ਹੈ। ਆਰਥਿਕ ਵਿਕਾਸ ਨਾਲ ਮਸ਼ੀਨੀਕਰਨ ਕਰਕੇ ਖੇਤੀ ਵਿਚ ਰੁਜ਼ਗਾਰ ਘਟ ਰਿਹਾ ਹੈ ਅਤੇ ਉਦਯੋਗਿਕ ਇਕਾਈਆਂ ਅਤੇ ਸੇਵਾਵਾਂ ਦੇ ਖੇਤਰਾਂ ਵਿਚ ਰੁਜ਼ਗਾਰ ਲੋੜੀਂਦੀ ਮਾਤਰਾ ਵਿਚ ਪੈਦਾ ਨਹੀਂ ਹੋ ਰਿਹਾ। ਇਹੋ ਕਾਰਨ ਹੈ ਕਿ ਕਾਫੀ ਗਿਣਤੀ ਛੋਟੇ ਅਤੇ ਸੀਮਾਂਤ ਕਿਸਾਨਾਂ ਅਤੇ ਖੇਤ ਮਜ਼ਦੂਰ ਆਤਮ-ਹੱਤਿਆਵਾਂ ਕਰ ਰਹੇ ਹਨ।

ਦੂਜੇ ਪਾਸੇ ਬੇਜ਼ਮੀਨੇ ਕਿਸਾਨ ਜਿਨ੍ਹਾਂ ਨੂੰ ਖੇਤ ਮਜ਼ਦੂਰ ਕਿਹਾ ਜਾਂਦਾ ਹੈ, ਵਿਚ ਭੂਮੀ ਦੀ ਮੰਗ ਲਗਾਤਾਰ ਵਧ ਰਹੀ ਹੈ। ਉਹ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਦਾ ਕਾਨੂੰਨਨ ਬਣਦਾ ਆਪਣਾ ਤੀਜਾ ਹਿੱਸਾ ਲੈਣ ਲਈ ਕਾਫੀ ਸਰਗਰਮ ਹੋ ਗਏ ਹਨ। ਉਨ੍ਹਾਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨਾਮ ਦੀ ਜਥੇਬੰਦੀ ਬਣਾਈ ਹੋਈ ਹੈ। ਇਸ ਜਥੇਬੰਦੀ ਨੇ ਸੰਗਰੂਰ, ਮਾਨਸਾ, ਪਟਿਆਲਾ ਆਦਿ ਜ਼ਿਲ੍ਹਿਆਂ ਵਿਚ ਆਪਣੀਆਂ ਇਕਾਈਆਂ ਵੀ ਬਣਾ ਲਈਆਂ ਹਨ। ਪੰਚਾਇਤੀ ਜ਼ਮੀਨਾਂ ਦੇ ਸਾਲਾਨਾ ਠੇਕੇ ਸਮੇਂ ਦਲਿਤਾਂ ਲਈ ਰਿਜ਼ਰਵ ਜ਼ਮੀਨ ਦੀ ਬੋਲੀ ਵਿਚ ਧਨੀ ਕਿਸਾਨਾਂ ਵਲੋਂ ਖੜ੍ਹੇ ਕੀਤੇ ਡੰਮੀ ਵਿਅਕਤੀਆਂ ਦਾ ਇਸ ਜਥੇਬੰਦੀ ਵਲੋਂ ਵਿਰੋਧ ਕੀਤਾ ਜਾਂਦਾ ਹੈ। ਬੇਜ਼ਮੀਨੇ ਦਲਿਤ ਕਿਸਾਨਾਂ ਵੱਲੋਂ ਪੰਚਾਇਤੀ ਭੂਮੀ ਠੇਕੇ 'ਤੇ ਲੈਣ ਪਿਛੋਂ ਸਾਂਝੀ ਖੇਤੀ ਕੀਤੀ ਜਾਂਦੀ ਹੈ। ਮੌਜੂਦਾ ਪੰਜਾਬ ਕੋਆਪ੍ਰੇਟਿਵ ਐਕਟ-1961 ਅਨੁਸਾਰ ਉਹ ਕੋਆਪ੍ਰੇਟਿਵ ਸੁਸਾਇਟੀ ਦੇ ਮੈਂਬਰ ਨਹੀਂ ਬਣ ਸਕਦੇ ਅਤੇ ਕਰਜ਼ੇ ਵੀ ਪ੍ਰਾਪਤ ਨਹੀਂ ਕਰ ਸਕਦੇ। ਇਸ ਕਰਕੇ ਠੇਕੇ 'ਤੇ ਲਈ ਭੂਮੀ ਦਾ ਕਬਜ਼ਾ ਲੈਣ ਵਾਸਤੇ ਉਨ੍ਹਾਂ ਨੂੰ ਆੜ੍ਹਤੀਆਂ ਤੋਂ ਕਰਜ਼ੇ ਲੈ ਕੇ ਅਦਾਇਗੀ ਕਰਨੀ ਪੈਂਦੀ ਹੈ ਅਤੇ ਕਰਜ਼ੇ ਲੈ ਕੇ ਹੀ ਖੇਤੀ ਨਾਲ ਸਬੰਧਤ ਹੋਰ ਖਰਚੇ ਵੀ ਕੀਤੇ ਜਾਂਦੇ ਹਨ। ਇਸ ਵਿਚ ਜ਼ਮੀਨ ਦੀ ਵਹਾਈ, ਖਾਦਾਂ ਅਤੇ ਫ਼ਸਲਾਂ ਨਾਲ ਸਬੰਧਿਤ ਦਵਾਈਆਂ ਆਦਿ 'ਤੇ ਖਰਚੇ ਸ਼ਾਮਲ ਹਨ। ਫਸਲ ਦੀ ਪੈਦਾਵਾਰ ਤੋਂ ਬਾਅਦ ਉਨ੍ਹਾਂ ਵਲੋਂ ਉਧਾਰ ਲਈ ਰਕਮ ਦੀ ਵਿਆਜ ਸਮੇਤ ਅਦਾਇਗੀ ਕਰਨ ਤੋਂ ਬਾਅਦ ਆਪਣੇ ਮੈਂਬਰਾਂ ਨੂੰ ਲੋੜੀਂਦਾ ਅਨਾਜ, ਤੂੜੀ ਅਤੇ ਦੁਧਾਰੂ ਪਸ਼ੂਆਂ ਲਈ ਪੱਠਿਆਂ ਦਾ ਇੰਤਜ਼ਾਮ ਮਿਲ ਕੇ ਕੀਤਾ ਜਾਂਦਾ ਹੈ। ਉਹ ਬਹੁਤ ਸਾਰੇ ਕਾਰਜ ਮਿਲ ਕੇ ਕਰਦੇ ਹਨ। ਇਹ ਮਾਡਲ ਬੇਜ਼ਮੀਨੇ ਕਿਸਾਨਾਂ ਨੂੰ ਕਾਫੀ ਰਾਹਤ ਦਿਵਾਉਂਦਾ ਹੈ। ਉਨ੍ਹਾਂ ਉਪਰ ਧਨੀ ਕਿਸਾਨਾਂ ਦੀ ਧੌਂਸ ਵੀ ਘਟ ਜਾਂਦੀ ਹੈ ਅਤੇ ਉਨ੍ਹਾਂ ਦਾ ਮਾਣ-ਸਨਮਾਨ ਵੀ ਵਧ ਜਾਂਦਾ ਹੈ।

ਜਿਥੇ ਵਿਅਕਤੀਗਤ ਖੇਤੀ ਦਾ ਮਾਡਲ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਮਾਫ਼ਕ ਨਹੀਂ ਆ ਰਿਹਾ, ਉਸ ਦੇ ਮੁਕਾਬਲੇ ਕੋਆਪ੍ਰੇਟਿਵ ਖੇਤੀ ਦਾ ਮਾਡਲ ਬੇਜ਼ਮੀਨੇ ਕਿਸਾਨਾਂ ਦੇ ਕਾਫੀ ਮਾਫਕ ਸਾਬਤ ਹੋ ਰਿਹਾ ਹੈ। ਇਸ ਗੱਲ ਨੂੰ ਸਮਝਣ ਦੀ ਅਜੋਕੇ ਸਮੇਂ ਵਿਚ ਲੋੜ ਹੈ ਕਿ ਛੋਟੀ ਅਤੇ ਸੀਮਾਂਤ ਕਿਸਾਨੀ ਨੂੰ ਕਿਉਂ ਅਤੇ ਕਿਵੇਂ ਬਚਾਇਆ ਜਾ ਸਕੇ। ਇਨ੍ਹਾਂ ਨੂੰ ਬਚਾਉਣਾ ਇਸ ਕਰਕੇ ਜ਼ਰੂਰੀ ਹੈ ਕਿਉਂਕਿ ਖੇਤੀ ਤੋਂ ਬਾਹਰ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਹੋ ਰਹੇ। ਆਮਦਨ ਦੀ ਰੁਜ਼ਗਾਰ ਨਾਲ ਲਚਕਤਾ ਨੈਗੇਟਿਵ ਹੋ ਗਈ ਹੈ। ਇਸ ਦਾ ਅਰਥ ਇਹ ਹੈ ਕਿ ਆਰਥਿਕ ਵਿਕਾਸ ਦੇ ਮੌਜੂਦਾ ਦੌਰ ਵਿਚ ਰੁਜ਼ਗਾਰ ਪੈਦਾ ਹੋਣ ਦੀ ਬਜਾਇ ਘਟ ਰਿਹਾ ਹੈ। ਜਿਹੜੇ ਕਿਸਾਨ ਖੇਤੀ ਤੋਂ ਬਾਹਰ ਹੋ ਜਾਂਦੇ ਹਨ, ਉਨ੍ਹਾਂ ਦਾ ਆਰਥਿਕ ਅਤੇ ਸਮਾਜਿਕ ਰੁਤਬਾ ਹੇਠਾਂ ਚਲਾ ਜਾਂਦਾ ਹੈ। ਇਸ ਕਾਰਨ ਉਨ੍ਹਾਂ ਵਿਚੋਂ ਕਈ ਆਤਮ-ਹਤਿਆਵਾਂ ਦੇ ਰਾਹ ਪੈ ਜਾਂਦੇ ਹਨ ਅਤੇ ਕੁਝ ਹੋਰ ਲੋਕਾਂ ਦੇ ਖਿਲਾਫ ਹਿੰਸਾ ਵਿਚ ਵੀ ਸ਼ਾਮਲ ਹੋ ਸਕਦੇ ਹਨ। ਇਸ ਨਾਲ ਸਮਾਜਿਕ ਅਰਾਜਕਤਾ ਫੈਲ ਸਕਦੀ ਹੈ। ਇਹ ਵਰਤਾਰਾ ਸਬੰਧਤ ਪਰਿਵਾਰਾਂ ਲਈ ਬੜੇ ਭਿਆਨਕ ਹਾਲਾਤ ਪੈਦਾ ਕਰਕੇ ਦੁਖਦਾਈ ਸਾਬਤ ਹੋ ਸਕਦਾ ਹੈ। ਇਸ ਤੋਂ ਬਚਣ ਲਈ ਜ਼ਰੂਰੀ ਹੈ ਕਿ ਛੋਟੇ ਕਿਸਾਨਾਂ ਨੂੰ ਕੋਆਪ੍ਰੇਟਿਵ ਖੇਤੀ ਵੱਲ ਪ੍ਰੇਰਿਆ ਜਾਵੇ ਅਤੇ ਖੇਤੀ ਪੈਦਾਵਾਰ ਦੇ ਨਾਲ-ਨਾਲ ਉਨ੍ਹਾਂ ਨੂੰ ਖੇਤੀ ਜਿਣਸਾਂ ਦੇ ਮੰਡੀਕਰਨ, ਭੰਡਾਰੀਕਰਨ ਅਤੇ ਪ੍ਰੋਸੈਸਿੰਗ ਦੇ ਕਾਰਜਾਂ ਵਿਚ ਸ਼ਾਮਲ ਕਰਕੇ ਉਨ੍ਹਾਂ ਦੀ ਖੇਤੀ ਨੂੰ ਲਾਹੇਵੰਦ ਧੰਦਾ ਬਣਾਇਆ ਜਾਵੇ। ਵਾਤਾਵਰਨ ਨੂੰ ਬਚਾਉਣ ਵਾਸਤੇ ਵੀ ਇਨ੍ਹਾਂ ਕਿਸਾਨਾਂ ਦੇ ਸਹਿਕਾਰੀ ਅਦਾਰੇ ਯੋਗ ਰੋਲ ਅਦਾ ਕਰ ਸਕਦੇ ਹਨ। ਪੰਜਾਬ ਕੋਆਪ੍ਰੇਟਿਵ ਐਕਟ-1961 ਵਿਚ ਕੁਝ ਸੋਧਾਂ ਜ਼ਰੂਰੀ ਹਨ। ਇਸ ਤੋਂ ਇਲਾਵਾ ਕਿਸਾਨਾਂ ਨੂੰ ਕੋਆਪ੍ਰੇਟਿਵ ਦੇ ਸਬੰਧ ਵਿਚ ਜਾਣਕਾਰੀ ਅਤੇ ਟਰੇਨਿੰਗ ਲਾਜ਼ਮੀ ਹੈ। ਇਨ੍ਹਾਂ ਨੀਤੀਗਤ ਫੈਸਲਿਆਂ ਵਿਚ ਕਿਸਾਨ ਜਥੇਬੰਦੀਆਂ ਨੂੰ ਸ਼ਾਮਲ ਕਰਨ ਬਗੈਰ ਅੱਗੇ ਨਹੀਂ ਵਧਿਆ ਜਾ ਸਕਦਾ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਇਸ ਕਾਰਜ ਨੂੰ ਆਪਣੇ ਏਜੰਡੇ ਵਿਚ ਸ਼ਾਮਲ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

# ਨਾ-ਬਰਾਬਰੀ ਦੀਆਂ ਕੜੀਆਂ

22 ਸਤੰਬਰ ਨੂੰ ਸੁਪਰੀਮ ਕੋਰਟ ਨੇ ਸਰਕਾਰੀ ਸਕੂਲਾਂ ਵਿਚ ਆਰਥਿਕ ਤੌਰ 'ਤੇ ਪਛੜੇ ਵਰਗਾਂ ਲਈ ਕੋਟਾ ਤੈਅ ਕਰਨ ਦੇ ਸਰਕਾਰ ਦੇ ਫ਼ੈਸਲੇ ਦੀ ਸੂਝ-ਬੂਝ 'ਤੇ ਕਿੰਤੂ ਕੀਤਾ। ਇਸ ਕਦਮ ਨੂੰ ਇਸ ਬਿਨਾਅ 'ਤੇ ਸਹੀ ਠਹਿਰਾਇਆ ਜਾਂਦਾ ਹੈ ਕਿ ਇਸ ਨਾਲ ਗ਼ਰੀਬਤਰੀਨ ਲੋਕਾਂ ਦੀ ਮਦਦ ਹੁੰਦੀ ਹੈ। ਅਦਾਲਤ ਨੇ ਪੁੱਛਿਆ ਕਿ ਇਤਿਹਾਸਕ ਨਾਇਨਸਾਫ਼ੀ ਝੱਲਣ ਵਾਲੇ ਅਤਿਅੰਤ ਮਹਿਰੂਮ ਤਬਕਿਆਂ ਦੇ ਦਾਅਵਿਆਂ ਨੂੰ ਕਿਉਂ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ?

ਸੰਵਿਧਾਨ ਦੀ 103ਵੀਂ ਸੋਧ ਤਹਿਤ 50 ਫ਼ੀਸਦ ਕੋਟੇ 'ਚੋਂ ਆਮ ਵਰਗਾਂ ਲਈ ਰੱਖੇ 10 ਫ਼ੀਸਦ ਕੋਟੇ ਵਿਚੋਂ ਅਨੁਸੂਚਿਤ ਜਾਤੀਆਂ,

ਨੀਰਾ ਚੰਢੋਕ

ਕਬੀਲਿਆਂ ਅਤੇ ਹੋਰਨਾਂ ਪਛੜੇ ਤਬਕਿਆਂ ਦੇ ਮੈਂਬਰਾਂ ਨੂੰ ਬਾਹਰ ਕਿਉਂ ਕੀਤਾ ਗਿਆ ਹੈ। ਕਬੀਲਿਆਂ ਦੀ 40 ਫ਼ੀਸਦ ਆਬਾਦੀ ਗਰੀਬ ਹੈ ਪਰ ਇਨ੍ਹਾਂ ਲਈ ਰਾਖਵਾਂਕਰਨ ਸਿਰਫ਼ 7.5 ਫ਼ੀਸਦ ਹੈ। ਜਸਟਿਸ ਐਸ ਰਵਿੰਦਰ ਭੱਟ ਨੇ ਪੁੱਛਿਆ, "ਇਹ ਕਹਿਣਾ ਕਿ ਗ਼ਰੀਬਤਰੀਨ ਲੋਕਾਂ ਦਾ ਕੋਟਾ ਪੂਰਾ ਹੋ ਗਿਆ ਹੈ ਤੇ ਵਾਧੂ ਰਾਖਵਾਂਕਰਨ ਹੋਰਨਾਂ ਤਬਕਿਆਂ ਲਈ ਹੋਵੇਗਾ, ਕੀ ਸਮਤਾਵਾਦੀ ਸੰਵਿਧਾਨ ਲਈ ਚੰਗਾ ਖਿਆਲ ਹੈ?" ਬੈਂਚ ਨੇ ਸੁਝਾਅ ਦਿੱਤਾ ਕਿ ਆਰਥਿਕ ਪਛੜੇਪਣ ਦਾ ਇਹ ਵਿਚਾਰ ਅਸਪਸ਼ਟ ਸੀ ਕਿ ਇਹ ਆਰਜ਼ੀ ਵਰਤਾਰਾ ਹੋ ਸਕਦਾ ਹੈ। ਚੀਫ ਜਸਟਿਸ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਬੈਂਚ ਨੇ ਇਹ ਦਿਲਚਸਪ ਦਲੀਲ ਪੇਸ਼ ਕੀਤੀ ਜੋ ਬਰਾਬਰੀ ਤੱਕ ਖਿੱਚੀ ਜਾ ਸਕਦੀ ਹੈ। ਸਮਾਨਤਾ ਦਾ ਅਸੂਲ ਸਿਆਸੀ ਪ੍ਰਵਚਨ 'ਚੋਂ ਗਾਇਬ ਕਰ ਦਿੱਤਾ ਗਿਆ ਹੈ ਹਾਲਾਂਕਿ ਅਸਮਾਨਤਾ ਦਾ ਪੈਮਾਨਾ ਅਸਲ ਵਿਚ ਵਧਦਾ ਹੀ ਗਿਆ ਹੈ।

ਲਿਊਕਸ ਚਾਂਸਲ ਦੀ ਲਿਖੀ ਅਤੇ ਥੌਮਸ ਪਿਕੇਟੀ, ਇਮੈਨੁਅਲ ਸਾਜ਼ ਅਤੇ ਗੈਬਰੀਅਲ ਜ਼ੁਕਮਾਨ ਵਲੋਂ ਸੰਚਾਲਤ 'ਵਿਸ਼ਵ ਨਾ-ਬਰਾਬਰੀ ਰਿਪੋਰਟ-2022' ਮੁਤਾਬਕ ਆਬਾਦੀ ਦੇ ਉਪਰਲੇ 10 ਫ਼ੀਸਦ ਲੋਕਾਂ ਕੋਲ ਕੁੱਲ ਕੌਮੀ ਆਮਦਨ ਦਾ 57 ਫ਼ੀਸਦ ਹਿੱਸਾ ਤੇ ਉਪਰਲੇ ਇਕ ਫ਼ੀਸਦ ਲੋਕਾਂ ਕੋਲ 22 ਫ਼ੀਸਦ ਹਿੱਸਾ ਹੈ ਜਦਕਿ ਹੇਠਲੇ 50 ਫ਼ੀਸਦ ਲੋਕਾਂ ਕੋਲ ਮਸਾਂ 13 ਫ਼ੀਸਦ ਹਿੱਸਾ ਹੈ। ਇਹ ਅੰਕੜੇ ਕਿ ਕਿਨ੍ਹਾਂ ਲੋਕਾਂ ਕੋਲ ਕਿੰਨੇ ਅਸਾਸੇ ਹਨ, ਨਾ-ਬਰਾਬਰੀ ਦੀ ਭਿਅੰਕਰਤਾ ਨੂੰ ਦਰਸਾਉਂਦੇ ਹਨ। ਇਹ ਅੰਕੜੇ ਅਹਿਮ ਹਨ ਪਰ ਇਹ ਸਾਡੇ ਸਮਾਜ ਅੰਦਰਲੀਆਂ ਦੋ ਢਾਂਚਾਗਤ ਸਮੱਸਿਆਵਾਂ ਦੀ ਤੰਦ ਤੱਕ ਅੱਪੜ ਨਹੀ ਪਾਉਂਦੇ ਜਿਨ੍ਹਾਂ ਵਿਚ ਮੁੜ ਵੰਡਕਾਰੀ ਨਿਆਂ ਅਤੇ ਇਤਿਹਾਸਕ ਗ਼ਲਤੀਆਂ ਦੀ ਸੁਧਾਈ ਵੱਲ ਬੇਧਿਆਨੀ ਸ਼ਾਮਲ ਹਨ। ਆਰਥਿਕ ਪਛੜੇਵਾਂ ਮੁੜ ਵੰਡਕਾਰੀ ਨਿਆਂ ਦਾ ਸੂਚਕ ਹੈ ਜਦਕਿ ਦੂਹਰੀ ਮਹਿਰੂਮੀ ਇਤਿਹਾਸਕ ਭੁੱਲਾਂ ਦੀ ਸੂਚਕ ਹੈ। ਸਾਨੂੰ ਇਨ੍ਹਾਂ ਦੋਵੇਂ ਵੰਨਗੀਆਂ ਨੂੰ ਰਲਗੱਡ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਦੋਵਾਂ ਵਿਚ ਹੀ ਮੁੜ ਵੰਡਕਾਰੀ ਨਿਆਂ ਸ਼ਾਮਲ ਹੁੰਦਾ ਹੈ ਪਰ ਇਹ ਦੋਵੇਂ ਰੂਪਾਂ ਅਤੇ ਵੱਖ-ਵੱਖ ਕਿਸਮ ਦੀਆਂ ਰਣਨੀਤੀਆਂ ਦੇ ਠੋਸ ਕਾਰਨ ਹਨ।

ਆਮਦਨ ਨਾ-ਬਰਾਬਰੀ ਦੇ ਅੰਕੜਿਆਂ ਨੂੰ ਲਓ ਜੋ ਸਾਡੇ ਸਮਾਜ ਅੰਦਰ ਦੌਲਤ ਤੇ ਗ਼ਰੀਬੀ ਦੇ ਪਸਾਰ ਨੂੰ ਦਰਸਾਉਂਦੇ ਹਨ। ਗਰੀਬੀ ਤੇ ਦੌਲਤ ਮੁਤਵਾਜ਼ੀ ਪ੍ਰਕਿਰਿਆਵਾਂ ਨਹੀਂ ਹਨ ਸਗੋਂ ਅਨੁਪਾਤਕ ਹਨ। ਕੋਈ ਔਰਤ ਉਦੋਂ ਗ਼ਰੀਬ ਹੁੰਦੀ ਹੈ ਜਦੋਂ ਉਹ ਉਨ੍ਹਾਂ ਸਰੋਤਾਂ ਤੱਕ ਪਹੁੰਚ ਨਹੀਂ ਕਰ ਪਾਉਂਦੀ ਜਿਨ੍ਹਾਂ ਸਦਕਾ ਉਹ ਸਿਹਤ ਸੰਭਾਲ, ਸਿੱਖਿਆ, ਹੁਨਰ, ਰੁਜ਼ਗਾਰ, ਮਕਾਨ ਅਤੇ ਜੀਵਨ ਦਾ ਵੱਕਾਰ ਕਾਇਮ ਕਰਨ ਵਾਲੀਆਂ ਹੋਰ ਬੁਨਿਆਦੀ ਸਹੂਲਤਾਂ ਹਾਸਲ ਕਰਨ ਦੇ ਯੋਗ ਹੁੰਦੀ ਹੈ। ਇਸ ਕਰ ਕੇ ਉਹ ਨਾ ਕੇਵਲ ਗ਼ਰੀਬ ਹੈ ਸਗੋਂ ਹੋਰਨਾਂ ਦੇ ਬਰਾਬਰ ਵੀ ਨਹੀਂ ਹੈ। ਗ਼ਰੀਬਾਂ ਦਾ ਤਿਰਸਕਾਰ ਇਸ ਕਰ ਕੇ ਹੁੰਦਾ ਹੈ ਕਿਉਂਕਿ ਰੋਜ਼ਮੱਰਾ ਦੇ ਕਾਰ-ਵਿਹਾਰ ਵਿਚ ਉਨ੍ਹਾਂ ਪ੍ਰਤੀ ਸਤਿਕਾਰ ਹੀ ਨਹੀਂ ਵਰਤਿਆ ਜਾਂਦਾ। ਨਾ-ਬਰਾਬਰੀ ਕਰ ਕੇ ਸੀਮਾਂਤੀਕਰਨ ਤੇ ਸਿਆਸੀ ਨਿਰਾਰਥਕਤਾ ਵਧਦੀ ਜਾਂਦੀ ਹੈ ਅਤੇ ਲੋਕਾਂ ਦੀ ਅਹਿਮੀਅਤ ਘਟਦੀ ਜਾਂਦੀ ਹੈ। ਗ਼ਰੀਬ ਹੋਣ ਕਰ ਕੇ ਬਰਾਬਰੀ ਦੇ ਆਧਾਰ 'ਤੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਕਾਰ-ਵਿਹਾਰ ਵਿਚ ਹਿੱਸੇਦਾਰ ਨਹੀਂ ਬਣਨ ਦਿੱਤਾ ਜਾਂਦਾ। ਬਰਾਬਰੀ ਸਾਨੂੰ ਦੂਜਿਆਂ ਦੇ ਬਰਾਬਰ ਖੜ੍ਹਨ ਦੀ ਆਗਿਆ ਦਿੰਦੀ ਹੈ ਕਿਉਂਕਿ ਸਾਡੀ ਗਿਣਤੀ ਹੁੰਦੀ ਹੈ। ਨਾ-ਬਰਾਬਰੀ ਕਰ ਕੇ ਇਹ ਧਾਰਨਾ ਜ਼ੋਰ ਫੜ ਲੈਂਦੀ ਹੈ ਕਿ ਸਾਡਾ ਕੋਈ ਵਜੂਦ ਨਹੀਂ ਹੈ।

ਕੋਈ ਨਿਆਂਪੂਰਨ ਸਮਾਜ ਵੱਖੋ ਵੱਖਰੇ ਢੰਗਾਂ ਰਾਹੀਂ ਨਾ-ਬਰਾਬਰੀਆਂ 'ਤੇ ਕਾਬੂ ਪਾਉਂਦਾ ਹੈ। ਪਹਿਲਾ ਰਾਹ ਹੈ ਵੰਡਕਾਰੀ ਨਿਆਂ। ਸੋਚੇ ਸਮਝੇ ਸਿਆਸੀ ਦਖ਼ਲ ਜਿਵੇਂ ਕਿ ਅਗਾਂਹਵਧੂ ਟੈਕਸ, ਜ਼ਮੀਨ ਸੁਧਾਰਾਂ, ਸੰਪਤੀ ਦੀ ਹੱਦਬੰਦੀ ਅਤੇ ਰੁਜ਼ਗਾਰ ਦੇ ਅਵਸਰਾਂ ਜ਼ਰੀਏ ਸਰੋਤ ਰੱਜੇ ਪੁੱਜੇ ਲੋਕਾਂ ਤੋਂ ਮਹਿਰੂਮ ਲੋਕਾਂ ਨੂੰ ਤਬਦੀਲ ਕੀਤੇ ਜਾਂਦੇ ਹਨ। ਸਮਤਾਵਾਦੀ ਬਸ ਇਹੀ ਕਹਿੰਦੇ ਹਨ ਕਿ ਸਾਰੇ ਇਨਸਾਨਾਂ ਨੂੰ ਬੱਝਵੇਂ ਢੰਗ ਨਾਲ ਸਿਆਸੀ ਤੇ ਆਰਥਿਕ ਸੰਸਥਾਵਾਂ ਵਿਚ ਕੁਝ ਲੋਕਾਂ ਤੱਕ ਮਹਿਦੂਦ ਮੌਕਿਆਂ ਅਤੇ ਸਤਿਕਾਰ ਤੱਕ ਰਸਾਈ ਦਾ ਬਰਾਬਰ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

ਜਿਨ੍ਹਾਂ ਲੋਕਾਂ ਨਾਲ ਇਤਿਹਾਸਕ ਨਾਇਨਸਾਫ਼ੀ ਹੋਈ ਹੈ, ਉਨ੍ਹਾਂ ਲਈ ਮੁੜ ਵੰਡਕਾਰੀ ਨਿਆਂ ਤਹਿਤ ਵਿਸ਼ੇਸ਼ ਉਪਬੰਧ ਕਰਨੇ ਪੈਂਦੇ ਹਨ। ਦਲਿਤ ਅਤੇ ਅਨੁਸੂਚਿਤ ਕਬੀਲੇ ਦੂਹਰੀ ਮਹਿਰੂਮੀ ਝੱਲਦੇ ਹਨ। ਉਨ੍ਹਾਂ ਨਾਲ ਜਨਮ ਦੇ ਆਧਾਰ 'ਤੇ ਵਿਤਕਰਾ ਵੀ ਕੀਤਾ ਜਾਂਦਾ ਹੈ ਅਤੇ ਅਵਸਰਾਂ ਤੋਂ ਵਾਂਝੇ ਵੀ ਰੱਖਿਆ ਜਾਂਦਾ ਹੈ। ਸਰਕਾਰੀ ਸਿੱਖਿਆ ਸੰਸਥਾਵਾਂ, ਸਰਕਾਰੀ ਰੁਜ਼ਗਾਰ ਅਤੇ ਚੁਣੀਆਂ ਹੋਈਆਂ ਸੰਸਥਾਵਾਂ ਵਿਚ ਦਲਿਤਾਂ ਦੀ ਮੌਜੂਦਗੀ ਯਕੀਨੀ ਬਣਾਉਣ ਲਈ ਹਾਂਦਰੂ ਕਾਰਵਾਈ ਨੀਤੀਆਂ ਤਿਆਰ ਕੀਤੀਆਂ ਗਈਆਂ ਹਨ। ਇਹ ਇਸ ਲਈ ਜ਼ਰੂਰੀ ਹੈ ਕਿਉਂਕਿ ਸੁਤੰਤਰ ਭਾਰਤ ਦੇ ਸਿਆਸੀ ਧਰਾਤਲ 'ਤੇ ਅਜੇ ਵੀ ਜਾਤੀ ਆਧਾਰਿਤ ਵਿਤਕਰਾ ਜਾਰੀ ਹੈ। ਅਜੇ ਵੀ ਸਾਡੇ ਸਮਾਜਕ ਸਬੰਧਾਂ ਦੀ ਜਾਣ ਪਛਾਣ ਜਾਤ ਤੈਅ ਕਰਦੀ ਆ ਰਹੀ ਹੈ ਜਿਸ ਤੋਂ ਪਤਾ ਚਲਦਾ ਹੈ ਕਿ ਕਿਹੋ ਜਿਹੀਆਂ ਨਾ-ਬਰਾਬਰੀਆਂ ਹਨ ਅਤੇ ਇਵੇਂ ਹੀ ਅਵਸਰਾਂ ਤੇ ਵਿਸ਼ੇਸ਼ ਅਧਿਕਾਰਾਂ ਤੱਕ ਰਸਾਈ ਤੈਅ ਹੁੰਦੀ ਹੈ। ਸਮਾਜ ਨੇ ਨੈਤਿਕ ਤੌਰ 'ਤੇ ਆਪਹੁਦਰੇ ਕਾਰਨਾਂ ਕਰ ਕੇ ਸਾਡੇ ਲੋਕਾਂ ਦੇ ਇਕ ਹਿੱਸੇ ਦਾ ਘਾਣ ਕੀਤਾ ਹੈ। ਚੂੰਕਿ ਉਨ੍ਹਾਂ ਦਾ ਜੀਵਨ ਅਜੇ ਵੀ ਦੂਹਰੀ ਮਹਿਰੂਮੀ ਦੀ ਮਾਰ ਹੇਠ ਹੈ, ਇਸ ਲਈ ਇਸ ਨੂੰ ਠੀਕ ਕਰਨ ਦੀ ਲੋੜ ਹੈ।

ਅੰਤ ਵਿਚ, ਕੀ ਗ਼ਰੀਬੀ ਦੇ ਸਤਾਏ ਲੋਕਾਂ ਪ੍ਰਤੀ ਸਾਡੀ ਇਹੀ ਜ਼ਿੰਮੇਵਾਰੀ ਬਣਦੀ ਹੈ? ਕੀ ਸਾਨੂੰ ਇਸ ਕਿਸਮ ਦੀ ਸਿਆਸੀ ਆਮ ਸਹਿਮਤੀ ਤਿਆਰ ਕਰਨ ਲਈ ਕੰਮ ਨਹੀਂ ਕਰਨਾ ਚਾਹੀਦਾ ਕਿ ਗਰੀਬੀ ਬੁਨਿਆਦੀ ਤੌਰ 'ਤੇ ਸਮਾਨਤਾ ਦੀ ਮੂਲ ਧਾਰਨਾ ਨੂੰ ਭੰਗ ਕਰਦੀ ਹੈ? ਕੀ ਇਸ ਸਾਂਝੇ ਪ੍ਰਾਜੈਕਟ ਦੇ ਭਾਈਵਾਲ ਵਜੋਂ ਸਾਨੂੰ ਸਾਰਿਆਂ ਨੂੰ ਇਸ ਗੱਲ 'ਤੇ ਆਪਣਾ ਧਿਆਨ ਕੇਂਦਰਤ ਨਹੀਂ ਕਰਨਾ ਚਾਹੀਦਾ ਕਿ ਸਮਾਨਤਾ ਦੇ ਆਧਾਰ 'ਤੇ ਇਕ ਨਿਆਂਪੂਰਨ ਸਮਾਜ ਕਿਹੋ ਜਿਹਾ ਹੋਣਾ ਚਾਹੀਦਾ ਹੈ?

ਸਾਨੂੰ ਬਰਾਬਰੀ ਦੀ ਕਦਰ ਕੀਮਤ ਦੇ ਆਧਾਰ ਦੀ ਚਾਹਤ ਨੂੰ ਸਾਹਮਣੇ ਲਿਆਉਣ ਦੇ ਅਮਲ ਨੂੰ ਮਜ਼ਬੂਤੀ ਬਖ਼ਸ਼ਣੀ ਪਵੇਗੀ ਤਾਂ ਕਿ ਉਨ੍ਹਾਂ ਲੋਕਾਂ ਪ੍ਰਤੀ ਸਾਡੇ ਆਭਾਰ ਨੂੰ ਜ਼ੁਬਾਨ ਮਿਲ ਸਕੇ ਜਿਨ੍ਹਾਂ ਦੇ ਹੱਕ ਕੁਚਲੇ ਗਏ ਹਨ ਅਤੇ ਇਸ ਦੇ ਨਾਲ ਹੀ ਹੋਰਨਾਂ ਨਾਗਰਿਕਾਂ ਨੂੰ ਇਸ ਬਹਿਸ ਵਿਚ ਸ਼ਾਮਲ ਹੋਣ ਲਈ ਰਾਜ਼ੀ ਕਰਨਾ ਪਵੇਗਾ ਕਿ ਉਹ ਕਿਹੜੀਆਂ ਚੀਜ਼ਾਂ ਹਨ ਜਿਨ੍ਹਾਂ ਤੋਂ ਮਿਲ ਕੇ ਇਕ ਨਿਆਂਪੂਰਨ ਸਮਾਜ ਬਣਦਾ ਹੈ।

# ਵਾਤਾਵਰਨ ਦਾ ਸਵਾਲ ਅਤੇ ਕਿਸਾਨ ਜਥੇਬੰਦੀਆਂ

***ਪੰਜਾਬ ਇਸ ਵਕਤ ਬਹੁਤ ਸਾਰੇ ਸੰਕਟਾਂ ਵਿਚ ਘਿਰਿਆ ਹੋਇਆ ਹੈ। ਵੱਖ-ਵੱਖ ਮਸਲਿਆਂ ਦੇ ਹਿਸਾਬ ਨਾਲ ਵੱਖ-ਵੱਖ ਬੁੱਧੀਜੀਵੀ ਇਸ ਬਾਬਤ ਟਿੱਪਣੀਆਂ ਕਰ ਰਹੇ ਹਨ। ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਦਿੱਲੀ ਦੇ ਖੋਜਾਰਥੀ ਪ੍ਰਭਜੋਤ ਕੌਰ ਅਤੇ ਹਰਿੰਦਰ ਹੈਪੀ ਨੇ ਆਪਣੇ ਇਸ ਲੇਖ ਵਿਚ ਵਾਤਾਵਰਨ ਦੇ ਮੁੱਦੇ 'ਤੇ ਚਰਚਾ ਛੇੜੀ ਹੈ। ਇਸ ਸੰਕਟ ਦੇ ਹੱਲ ਲਈ ਭਾਵੇਂ ਮੁੱਖ ਧਿਰ ਤਾਂ ਸਰਕਾਰ ਹੀ ਹੈ ਪਰ ਉਨ੍ਹਾਂ ਇਸ ਸਬੰਧੀ ਉਨ੍ਹਾਂ ਕਿਸਾਨ ਜਥੇਬੰਦੀਆਂ ਨੂੰ ਵੀ ਧਿਰ ਬਣਾਉਣ ਦਾ ਯਤਨ ਕੀਤਾ ਹੈ।***



ਦਿਨੋ-ਦਿਨ ਵਿਗੜ ਰਹੇ ਪੰਜਾਬ ਦੇ ਵਾਤਾਵਰਨ ਦੀ ਸੰਭਾਲ ਲਈ ਜ਼ਿੰਮੇਵਾਰੀਆਂ ਤੈਅ ਕਰਨ ਦੀ ਸਖ਼ਤ ਜ਼ਰੂਰਤ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਸ ਦੇ ਵੱਡੀ ਗਿਣਤੀ ਲੋਕ ਖੇਤੀ ਨਾਲ ਸਬੰਧ ਰੱਖਦੇ ਹਨ ਅਤੇ ਸੂਬੇ ਅੰਦਰ ਕਿਸਾਨ ਜਥੇਬੰਦੀਆਂ ਮਜ਼ਬੂਤ ਹਨ। ਪੰਜਾਬ ਦੇ ਵਾਤਾਵਰਨ ਨੂੰ ਬਚਾਉਣ ਦੇ ਮਾਮਲੇ ਵਿਚ ਇਨ੍ਹਾਂ ਜਥੇਬੰਦੀਆਂ ਦੀ ਭੂਮਿਕਾ ਅਹਿਮ ਹੈ।

ਪਰਾਲੀ ਦਾ ਮਸਲਾ ਇਕੱਲੇ ਅਤੇ ਇਕਹਿਰੇ ਤੌਰ 'ਤੇ ਨਹੀਂ ਸਮਝਿਆ ਜਾ ਸਕਦਾ। ਇਹ ਹਰੇ ਇਨਕਲਾਬ ਮਾਡਲ ਦਾ ਅਸਰ ਹੈ। ਹਰੇ ਇਨਕਲਾਬ ਨੇ ਭਾਵੇਂ ਹੋਰ ਪੱਖਾਂ ਤੋਂ ਵੀ ਪੰਜਾਬ ਦੇ ਵਾਤਾਵਰਨ ਨੂੰ ਪ੍ਰਭਾਵਿਤ ਕੀਤਾ ਹੈ ਪਰ ਕੌਮੀ ਮੀਡੀਆ ਬਸ ਪਰਾਲੀ ਦੀ ਗੱਲ ਹੀ ਕਰਦਾ ਹੈ। ਇਸ ਦਾ ਵੱਡਾ ਕਾਰਨ ਇਹ ਵੀ ਹੈ ਕਿ ਦੀਵਾਲੀ ਦੇ ਦਿਨਾਂ ਦੌਰਾਨ ਦਿੱਲੀ ਸ਼ਹਿਰ ਵਿਚ ਹਵਾ ਪ੍ਰਦੂਸ਼ਣ



ਪ੍ਰਭਜੋਤ ਕੌਰ/ਹਰਿੰਦਰ ਹੈਪੀ

ਬਹੁਤ ਵਧ ਜਾਂਦਾ ਹੈ ਜਿਸ ਲਈ ਅਕਸਰ ਕਿਸਾਨਾਂ ਨੂੰ ਜ਼ਿੰਮੇਵਾਰ ਮੰਨਿਆ ਜਾਂਦਾ ਹੈ ਜਦਕਿ ਸੁਪਰੀਮ ਕੋਰਟ ਵਿਚ ਕੇਂਦਰ ਸਰਕਾਰ ਵਲੋਂ ਪੇਸ਼ ਰਿਪੋਰਟ ਅਨੁਸਾਰ ਸਾਰੇ ਹਵਾ ਪ੍ਰਦੂਸ਼ਣ ਵਿਚੋਂ ਸਿਰਫ 4-10% ਪ੍ਰਦੂਸ਼ਣ ਹੀ ਪਰਾਲੀ ਸੜਨ ਕਰ ਕੇ ਹੈ। ਕਿਸਾਨਾਂ ਨੂੰ ਇਸ ਬਾਬਤ ਦੋਸ਼ ਦਿੱਤਾ ਜਾਂਦਾ ਹੈ ਪਰ ਇਹ ਵੀ ਸਮਝਣਾ ਚਾਹੀਦਾ ਹੈ ਕਿ ਕਿਸਾਨਾਂ ਕੋਲ ਕੋਈ ਹੋਰ ਰਾਹ ਨਾ ਹੋਣ ਕਰਕੇ ਹੀ ਅਜਿਹਾ ਵਾਪਰਦਾ ਹੈ।

ਪਿਛਲੇ ਦਿਨੀਂ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨਾ ਸਾੜਨ ਬਾਰੇ ਮੁਆਵਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ। ਪੰਜਾਬ ਅਤੇ ਦਿੱਲੀ ਸਰਕਾਰਾਂ 500-500 ਰੁਪਏ ਪ੍ਰਤੀ ਏਕੜ ਦੇਣ ਨੂੰ ਤਿਆਰ ਸਨ ਅਤੇ 1500 ਰੁਪਏ ਪ੍ਰਤੀ ਏਕੜ ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਸੀ। ਕੇਂਦਰ ਸਰਕਾਰ ਨੇ ਇਹ ਮੰਗ ਠੁਕਰਾ ਦਿੱਤੀ ਅਤੇ ਗੱਲ ਇਕ ਵਾਰ ਫਿਰ ਇਸ ਨੁਕਤੇ ਦੁਆਲੇ ਕੇਂਦਰਿਤ ਹੋ ਰਹੀ ਹੈ ਕਿ ਪਰਾਲੀ ਸਾੜਨ ਦਾ ਪੱਕਾ ਹੱਲ ਕੀ ਹੋਵੇ।

ਸੈਂਟਰਲ ਗਰਾਊਂਡ ਵਾਟਰ ਬੋਰਡ ਦੀ 2020 ਵਾਲੀ ਰਿਪੋਰਟ ਅਨੁਸਾਰ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਹਰ ਸਾਲ 0.49 ਮੀਟਰ ਡੂੰਘਾ ਹੋ ਰਿਹਾ ਹੈ। ਕਈ ਥਾਵਾਂ 'ਤੇ ਪਾਣੀ 150-200 ਮੀਟਰ ਡੂੰਘਾ ਹੈ; ਜੇ ਇਹੀ ਹਾਲਾਤ ਰਹੇ ਤਾਂ 2039 ਵਿਚ ਲਗਭਗ 300 ਮੀਟਰ 'ਤੇ ਪਾਣੀ ਮਿਲਿਆ ਕਰੇਗਾ। ਇਹ ਹਰੇ ਇਨਕਲਾਬ ਦਾ ਹੀ ਅਸਰ ਹੈ ਕਿ ਝੋਨੇ ਵਰਗੀ ਵੱਧ ਪਾਣੀ ਮੰਗਦੀ ਫਸਲ ਨੂੰ ਪੰਜਾਬ ਵਿਚ ਇੰਨੇ ਵੱਡੇ ਪੈਮਾਨੇ 'ਤੇ ਲਾਉਣ ਲਈ ਪ੍ਰੇਰਿਆ ਗਿਆ। ਆਕਸਫੋਰਡ ਬਰੁੱਕਸ ਯੂਨੀਵਰਸਿਟੀ, ਯੂ.ਕੇ. ਦੇ ਪ੍ਰੋਫੈਸਰ ਪ੍ਰੀਤਮ ਸਿੰਘ ਦੇ ਅਧਿਐਨ ਅਨੁਸਾਰ ਇੱਕ ਕਿੱਲੋ ਝੋਨਾ ਪੈਦਾ ਕਰਨ ਲਈ ਲਗਭਗ 5000 ਲਿਟਰ ਪਾਣੀ ਲਗਦਾ ਹੈ; ਇਉਂ ਇਹ ਫ਼ਸਲ ਪੰਜਾਬ ਦੀਆਂ ਰਵਾਇਤੀ ਫਸਲਾਂ ਨਾਲੋਂ ਕਿਤੇ ਜ਼ਿਆਦਾ ਪਾਣੀ ਮੰਗਦੀ ਹੈ।

ਤਿੰਨ ਮੁੱਖ ਹਿਮਾਲਿਆ ਨਦੀਆਂ ਕਰ ਕੇ ਪੰਜਾਬ ਕੋਲ ਦਰਿਆਈ ਪਾਣੀ ਦੀ ਘਾਟ ਨਹੀਂ ਸੀ ਪਰ ਵੀ ਸਮੇਂ ਦੀਆਂ ਸਰਕਾਰਾਂ ਨੇ ਪੰਜਾਬ ਦੇ ਦਰਿਆਈ ਪਾਣੀ ਦੀ ਲੁੱਟ ਨਹੀਂ ਰੋਕੀ। ਦਰਿਆਈ ਪਾਣੀ ਨੂੰ ਨਹਿਰਾਂ ਰਾਹੀਂ ਪੰਜਾਬ ਦੇ ਖੇਤਾਂ ਨੂੰ ਦੇ ਕੇ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਨੂੰ ਰੋਕਿਆ ਜਾ ਸਕਦਾ ਸੀ ਪਰ ਇਹ ਨਹੀਂ ਕੀਤਾ ਗਿਆ ਸਗੋਂ ਦੂਸਰੇ ਸੂਬਿਆਂ ਨੂੰ ਪਾਣੀ ਦੇ ਦਿੱਤਾ ਗਿਆ। ਫ਼ਸਲ ਲਈ ਪਾਣੀ ਦੀ ਲੋੜ ਸੀ ਅਤੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇ ਕੇ ਅੰਨ੍ਹੇਵਾਹ ਟਿਊਬਵੈੱਲ ਚਲਾਉਣ ਦੀ ਛੋਟ ਦੇ ਦਿੱਤੀ ਗਈ। ਅੱਜ ਇਹੀ ਮੁਫ਼ਤ ਬਿਜਲੀ ਅਤੇ ਟਿਊਬਵੈੱਲ ਸਰਕਾਰਾਂ ਅਤੇ ਕਿਸਾਨਾਂ ਦੀਆਂ ਮੁੱਢਲੀ ਜ਼ਰੂਰਤ ਬਣ ਚੁੱਕੇ ਹਨ।

ਇਸ ਤੋਂ ਇਲਾਵਾ, ਜਿਵੇਂ ਖੇਤੀ ਵਿਚ ਇਨਪੁਟਸ ਦੇ ਖਰਚੇ ਵਧਦੇ ਰਹੇ ਪਰ ਫਸਲਾਂ ਦੇ ਭਾਅ ਉਸ ਦਰ ਨਾਲ ਨਹੀਂ ਵਧੇ। ਨਵੀਆਂ ਮਸ਼ੀਨਾਂ ਅਤੇ ਖੇਤਾਂ ਨੂੰ ਵਾਰ-ਵਾਰ ਸੰਵਾਰਨ ਕਰਕੇ ਰੁੱਖਾਂ ਦੀ ਕਟਾਈ ਕੀਤੀ ਗਈ। ਜ਼ਿਆਦਾਤਰ ਰੁੱਖ ਕੁਦਰਤੀ ਸਨ ਜੋ ਇਥੋਂ ਦੇ ਵਾਤਾਵਰਨ ਲਈ ਬਹੁਤ ਲਾਹੇਵੰਦ ਸਨ ਪਰ ਖੇਤੀ ਦੇ ਨਵੇਂ ਮਾਡਲ ਵਿਚ ਇਨ੍ਹਾਂ ਰੁੱਖਾਂ ਦੀ ਕਦਰ ਨਹੀਂ ਕੀਤੀ ਗਈ ਜਿਸ ਕਰ ਕੇ ਪੰਜਾਬ ਵਿਚ ਫੌਰੈਸਟ ਕਵਰ ਵੱਲ ਧਿਆਨ ਨਹੀਂ ਦਿੱਤਾ ਗਿਆ।

ਖੇਤੀ ਵਿਕਾਸ ਦੇ ਹਰ ਪੜਾਅ 'ਤੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਵਾਤਾਵਰਨ ਦੇ ਮਸਲੇ 'ਤੇ ਆਪਣਾ ਪੱਖ ਮਜ਼ਬੂਤੀ ਨਾਲ ਰੱਖਿਆ ਅਤੇ ਸਰਕਾਰਾਂ ਨੂੰ ਝੁਕਣ ਲਈ ਮਜਬੂਰ ਵੀ ਕੀਤਾ। ਪਿੱਛੇ ਜਿਹੇ ਚੱਲਿਆ ਕਿਸਾਨ ਅੰਦੋਲਨ ਇਸ ਗੱਲ ਦਾ ਸਭ ਤੋਂ ਵੱਡੀ ਮਿਸਾਲ ਹੈ ਜਿੱਥੇ ਪੰਜਾਬ ਦੇ ਕਿਸਾਨਾਂ ਦੀ ਅਗਵਾਈ ਹੇਠ ਦਿੱਲੀ ਦੀ ਬਰੂਹਾਂ ਉਤੇ ਇਕ ਸਾਲ ਤੋਂ ਵੱਧ ਸਮੇਂ ਤੱਕ ਚੱਲੇ ਅੰਦੋਲਨ ਕਰ ਕੇ ਕੇਂਦਰ ਸਰਕਾਰ ਨੂੰ ਤਿੰਨ ਖੇਤੀ ਕਾਨੂੰਨ ਵਾਪਸ ਲੈਣੇ ਪਾਏ।

ਇਹ ਗੱਲ ਨਹੀਂ ਹੈ ਕਿ ਕਿਸਾਨ ਜਥੇਬੰਦੀਆਂ ਨੇ ਹੁਣ ਹੀ ਵਾਤਾਵਰਨ ਦੇ ਮਸਲੇ 'ਤੇ ਬੋਲਣਾ ਸ਼ੁਰੂ ਕੀਤਾ ਹੈ। ਅਖੌਤੀ ਹਰੇ ਇਨਕਲਾਬ ਦੇ ਅਸਰ ਤਾਂ 20ਵੀਂ ਸਦੀ ਦੇ ਅਖ਼ੀਰਲੇ ਦਹਾਕਿਆਂ ਵਿਚ ਹੀ ਦਿਸਣ ਲੱਗ ਗਏ ਸਨ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਪਿਛਲੇ ਤਿੰਨ ਦਹਾਕਿਆਂ ਤੋਂ ਖੇਤੀ ਵਿਚ ਢਾਂਚਾਗਤ ਤਬਦੀਲੀ ਲਈ ਸੰਘਰਸ਼ ਕਰ ਰਹੀਆਂ ਹਨ। ਫਸਲੀ ਵੰਨ-ਸਵੰਨਤਾ ਅਤੇ ਝੋਨੇ-ਕਣਕ ਦੇ ਬਦਲ ਲਈ ਬਾਕੀ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਰਾਹੀਂ ਪੰਜਾਬ ਦੇ ਵਾਤਾਵਰਨ ਨੂੰ ਬਚਾਉਣ ਦੀ ਲੜਾਈ ਕਿਸਾਨ ਜਥੇਬੰਦੀਆਂ ਸਾਲਾਂ ਤੋਂ ਲੜ ਰਹੀਆਂ ਹਨ। ਸਾਰੀਆਂ ਫਸਲਾਂ 'ਤੇ ਐੱਮ.ਐੱਸ.ਪੀ. ਦੀ ਮੰਗ ਬਿਲਕੁਲ ਜਾਇਜ਼ ਅਤੇ ਜ਼ਰੂਰੀ ਮੰਗ ਹੈ ਪਰ ਇਨ੍ਹਾਂ ਮੰਗਾਂ ਅਤੇ ਸੰਘਰਸ਼ ਦੇ ਨਾਲ ਨਾਲ ਕੁਝ ਨੁਕਤੇ ਹੋਰ ਵੀ ਹਨ ਜਿਨ੍ਹਾਂ ਰਾਹੀਂ ਕਿਸਾਨ ਜਥੇਬੰਦੀਆਂ ਪੰਜਾਬ ਦੇ ਵਾਤਾਵਰਨ ਨੂੰ ਬਿਹਤਰ ਬਣਾਉਣ ਲਈ ਵੱਡੀ ਭੂਮਿਕਾ ਨਿਭਾ ਸਕਦੀਆਂ ਹੈ। ਇਨ੍ਹਾਂ ਪਿੰਡ, ਜ਼ਿਲ੍ਹਾ, ਸੂਬਾ ਅਤੇ ਦੇਸ਼ ਪੱਧਰੀ ਚੇਤਨਾ ਜਗਾਈ ਤਾਂ ਜ਼ਾਹਿਰ ਹੈ ਕਿ ਵਾਤਾਵਰਨ ਬਾਰੇ ਵੀ ਲੋਕਾਂ ਨੂੰ ਵਧੇਰੇ ਜਾਣਕਾਰੀ ਮਿਲੀ ਹੈ। ਇਸ ਤੋਂ ਇਲਾਵਾ ਲੋਕਾਂ ਨੂੰ ਇੱਕ ਮੰਚ 'ਤੇ ਲਿਆਉਣ ਦਾ ਕੰਮ ਕਿਸਾਨ ਅੰਦੋਲਨ ਨੇ ਕੀਤਾ। ਮੱਤੇਵਾੜਾ ਅੰਦੋਲਨ ਹੋਵੇ ਭਾਵੇਂ ਜ਼ੀਰਾ ਮੋਰਚਾ, ਵਾਤਾਵਰਨ ਦੇ ਮਸਲਿਆਂ 'ਤੇ ਹੋ ਰਹੇ ਇਕੱਠਾਂ ਵਿਚ ਕਿਸਾਨ ਜਥੇਬੰਦੀਆਂ ਦੀ ਭੂਮਿਕਾ ਅਹਿਮ ਹੈ। ਜਿੱਥੇ ਕਿਸਾਨ ਜਥੇਬੰਦੀਆਂ ਕਿਸਾਨਾਂ ਅਤੇ ਆਮ ਲੋਕਾਂ ਨੂੰ ਲੈ ਕੇ ਧਰਨੇ-ਮੁਜ਼ਾਹਰਿਆਂ ਰਾਹੀਂ ਵਾਤਾਵਰਨ ਲਈ ਲੜਦੀਆਂ ਹੈ, ਉੱਥੇ ਕੁਝ ਹੋਰ ਟੀਚਿਆਂ ਰਾਹੀਂ ਉਹ ਪੰਜਾਬ ਦੇ ਵਾਤਾਵਰਨ ਦੀ ਬਿਹਤਰੀ ਲਈ ਯੋਗਦਾਨ ਪਾ ਸਕਦੀਆਂ ਹਨ।

ਹਾਲਾਂਕਿ ਕੁਦਰਤੀ ਖੇਤੀ ਨੂੰ ਢਾਂਚਾਗਤ ਸਮਰਥਨ ਨਾਲ ਵੱਡੇ ਪੱਧਰ 'ਤੇ ਪ੍ਰਸਾਰਿਆ ਜਾਣਾ ਚਾਹੀਦਾ ਹੈ ਪਰ ਕਿਸਾਨ ਜਥੇਬੰਦੀਆਂ ਆਪਣੇ ਕਾਡਰ ਅਤੇ ਬਾਕੀ ਕਿਸਾਨਾਂ ਨੂੰ ਨਾਲ ਜੋੜ ਕੇ ਸਬਜ਼ੀਆਂ ਅਤੇ ਘੱਟ ਸਮੇਂ ਵਿਚ ਤਿਆਰ ਹੋਣ ਵਾਲੇ ਫਲਾਂ ਲਈ ਪ੍ਰੇਰ ਸਕਦੇ ਹਨ। ਪੰਜਾਬ ਵਿਚ ਲਗਭਗ 28 ਕਿਸਮ ਦੇ ਫਲਾਂ ਦੀ ਖੇਤੀ ਹੋ ਸਕਦੀ ਹੈ। ਇਨ੍ਹਾਂ ਦੀ ਸਰਕਾਰੀ-ਤੰਤਰ ਰਾਹੀਂ ਖਰੀਦ ਨਹੀਂ ਹੋ ਰਹੀ। ਕਿਸਾਨ ਜਥੇਬੰਦੀਆਂ ਇਸ ਮਸਲੇ 'ਤੇ ਕਿਸਾਨਾਂ ਨੂੰ ਇਕਜੁਟ ਕਰ ਸਕਦੀਆਂ ਹਨ। ਇਸ ਤਰੀਕੇ ਨਾਲ ਕਿਸਾਨਾਂ ਨੂੰ ਆਰਥਿਕ ਪੱਧਰ 'ਤੇ ਫਾਇਦਾ ਹੋਣ ਦੇ ਨਾਲ-ਨਾਲ ਵਾਤਾਵਰਨ ਬਚਾਓ ਵੱਲ ਵੀ ਵੱਡਾ ਕਦਮ ਪੁੱਟਿਆ ਜਾ ਸਕਦਾ ਹੈ। ਕਿਸਾਨ ਜਥੇਬੰਦੀਆਂ ਵੱਲੋਂ ਮੂੰਗੀ ਵਰਗੀ ਫਸਲ ਲਈ ਆਪਣੇ ਕਾਡਰ ਨੂੰ ਪ੍ਰੇਰਿਆ ਜਾ ਸਕਦਾ ਹੈ ਜੋ ਨਾਈਟ੍ਰੋਜਨ ਦੀ ਲੋੜ ਨੂੰ ਕੁਦਰਤੀ ਤੌਰ 'ਤੇ ਪੂਰਾ ਕਰ ਦਿੰਦੀ ਹੈ। ਇਸ ਕਰਕੇ ਨਾਈਟ੍ਰੋਜਨ ਕੈਮੀਕਲ ਵਾਲੀਆਂ ਖਾਦਾਂ ਦੀ ਲੋੜ ਨਹੀਂ ਪੈਣੀ। ਇਸੇ ਤਰ੍ਹਾਂ ਹਰ ਖੇਤ ਵਿਚ ਅਜਿਹੇ ਰੁੱਖ ਲਾਉਣ ਲਈ ਪ੍ਰੇਰਿਆ ਜਾ ਸਕਦਾ ਹੈ ਜੋ ਵਾਤਾਵਰਨ ਪੱਖੋਂ ਜ਼ਰੂਰੀ ਹਨ ਜਿਵੇਂ ਸੁਹਾਂਜਣਾ ਦਾ ਰੁੱਖ।

ਪੰਜਾਬ ਵਿਚ ਪਿੰਡ ਪੱਧਰ 'ਤੇ ਵੀ ਰੁੱਖਾਂ ਹੇਠ ਰਕਬਾ ਘੱਟ ਰਿਹਾ ਹੈ। ਜਿੱਥੇ ਹਰ ਸੂਬੇ ਵਿਚ ਇਹ 33% ਹੋਣਾ ਚਾਹੀਦਾ ਹੈ, ਪੰਜਾਬ ਵਿਚ ਇਹ ਸਿਰਫ 3.67% ਹੈ। ਪਿੰਡਾਂ ਵਿਚ ਸ਼ਾਮਲਾਟ ਜ਼ਮੀਨ ਕਿਸ ਕੰਮ ਲਈ ਵਰਤੀ ਜਾਵੇ, ਇਹ ਵੱਡਾ ਸਵਾਲ ਹੈ। ਮਾਲਵੇ ਦੇ ਪਿੰਡਾਂ ਵਿਚ ਦਲਿਤ ਸਮਾਜ ਸਾਂਝੀ ਜ਼ਮੀਨ ਵਿਚ ਆਪਣੇ ਹਿੱਸੇ ਦੀ ਲੜਾਈ ਲੜ ਰਿਹਾ ਹੈ। ਇਹ ਸਵਾਲ ਉਦੋਂ ਉੱਠ ਰਿਹਾ ਹੈ ਜਦ ਦਲਿਤ ਸਮਾਜ ਦੀ ਇੰਨੀ ਵੱਡੀ ਆਬਾਦੀ ਹੋਣ ਦੇ ਬਾਵਜੂਦ ਇਸ ਕੋਲ ਜ਼ਮੀਨ ਨਾਂਹ ਦੇ ਬਰਾਬਰ ਹੈ। ਇਸ ਲਈ ਵਾਤਾਵਰਨ ਦੇ ਮਸਲੇ ਨੂੰ ਸਮਾਜਿਕ ਨਿਆਂ ਦੇ ਮਸਲੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਦਲਿਤਾਂ ਨੂੰ ਬਣਦੀ ਜ਼ਮੀਨ ਦੀ ਵੰਡ ਕਰ ਕੇ ਸ਼ਾਮਲਾਟ ਜ਼ਮੀਨਾਂ 'ਤੇ ਜੰਗਲ ਅਤੇ ਹੋਰ ਕੁਦਰਤੀ ਸਰੋਤ ਲਾਉਣੇ ਚਾਹੀਦੇ ਹੈ। ਕਿਸਾਨ ਜਥੇਬੰਦੀਆਂ ਨੂੰ ਪਿੰਡਾਂ ਵਿਚ ਸਾਂਝੀ ਜ਼ਮੀਨ ਦੇ ਮਸਲੇ ਸੁਲਝਾਉਣ ਵਿਚ ਅਗਾਂਹਵਧੂ ਨਜ਼ਰੀਏ ਨਾਲ ਕੰਮ ਕਰਨਾ ਚਾਹੀਦਾ ਹੈ।

ਫਾਜ਼ਿਲਕਾ ਜ਼ਿਲ੍ਹੇ ਦਾ ਕੁਹੜਿਆਂਵਾਲੀ ਅਜਿਹਾ ਪਿੰਡ ਹੈ ਜਿੱਥੇ 'ਮੇਰਾ ਪਿੰਡ ਮੇਰਾ ਜੰਗਲ' ਮੁਹਿੰਮ ਤਹਿਤ ਜੰਗਲ ਵਿਕਸਤ ਕੀਤਾ ਗਿਆ ਹੈ। ਪਿੰਡ ਵਾਸੀਆਂ ਨੇ ਪੰਚਾਇਤ ਅਤੇ ਮਗਨਰੇਗਾ ਦੀ ਸਹਾਇਤਾ ਨਾਲ ਜੰਗਲ ਵਿਕਸਤ ਕਰ ਲਿਆ ਹੈ ਜਿੱਥੇ ਕਈ ਕਿਸਮਾਂ ਦੇ ਰੁੱਖ ਅਤੇ ਸਬਜ਼ੀਆਂ ਜਿਵੇਂ ਚਿੱਬੜ ਲਾਏ ਜਾ ਰਹੇ ਹਨ। ਇਸੇ ਤਰ੍ਹਾਂ ਕਿਸਾਨ ਜਥੇਬੰਦੀਆਂ ਕਿਸਾਨਾਂ ਨੂੰ ਸਾਂਝੇ ਤਲਾਬ, ਛੱਪੜ ਅਤੇ ਬਰਸਾਤੀ ਪਾਣੀ ਦੀ ਰਾਖੀ ਲਈ ਡਿੱਗੀਆਂ ਬਣਵਾਉਣ ਲਈ ਪ੍ਰੇਰ ਸਕਦੀਆਂ ਹਨ। ਇਉਂ ਬਰਸਾਤੀ ਪਾਣੀ ਵਧੀਆ ਢੰਗ ਨਾਲ ਵਰਤਿਆ ਜਾ ਸਕਦਾ ਹੈ। ਕਿਸਾਨ ਅੰਦੋਲਨ ਸਮੇਂ ਕਿਸਾਨਾਂ ਅਤੇ ਆਮ ਲੋਕਾਂ ਦੇ ਬਣੇ ਸੋਸ਼ਲ ਮੀਡੀਆ ਪਲੈਟਫਾਰਮ ਨੂੰ ਵਾਤਾਵਰਨ ਦੇ ਸਾਂਭ-ਸੰਭਾਲ ਲਈ ਵਰਤਿਆ ਜਾ ਸਕਦਾ ਹੈ। ਇਨ੍ਹਾਂ ਰਾਹੀਂ ਅਲੱਗ-ਅਲੱਗ ਪਿੰਡਾਂ ਵਿਚ ਹੋ ਰਹੇ ਤਜਰਬੇ ਤੋਂ ਦੂਸਰੇ ਕਿਸਾਨ ਵੀ ਸਿੱਖ ਸਕਦੇ ਹਨ।

ਕਿਸਾਨ ਅੰਦੋਲਨ ਦੌਰਾਨ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੇ ਵਧ-ਚੜ੍ਹ ਕੇ ਯੋਗਦਾਨ ਪਾਇਆ। ਉਹ ਸਭ ਰੰਗਲਾ ਪੰਜਾਬ ਦੇਖਣਾ ਚਾਹੁੰਦੇ ਹਨ। ਜਿਸ ਤਰ੍ਹਾਂ ਉਨ੍ਹਾਂ ਕਿਸਾਨ ਅੰਦੋਲਨ ਵਿਚ ਆਰਥਿਕ ਮਦਦ ਕੀਤੀ ਅਤੇ ਗੁਰੂ ਦੀ ਢਾਬ, ਰੁੜਕਾਂ ਕਲਾਂ ਅਤੇ ਪੰਜਾਬ ਵਿਚ ਹੋਰ ਵਿਕਾਸ ਕੰਮਾਂ ਵਿਚ ਸਾਂਝ ਪਾਈ ਹੈ, ਇਸੇ ਤਰ੍ਹਾਂ ਇਨ੍ਹਾਂ ਦੀ ਮਦਦ ਨਾਲ ਪਿੰਡਾਂ ਵਿਚ ਪਾਣੀ ਲਈ ਬੁਨਿਆਦੀ ਢਾਂਚੇ ਅਤੇ ਜੰਗਲ ਦੇ ਵਿਸਤਾਰ ਲਈ ਕੰਮ ਕੀਤਾ ਜਾ ਸਕਦਾ ਹੈ।

ਕਿਸਾਨ ਜਥੇਬੰਦੀਆਂ ਦੇ ਸੰਘਰਸ਼ਾਂ ਵਿਚ 1980 ਤੋਂ ਬਾਅਦ ਤਬਦੀਲੀ ਆਈ ਹੈ। ਪਹਿਲਾਂ ਦੇ ਸੰਘਰਸ਼ ਜ਼ਿਆਦਾਤਰ ਜ਼ਮੀਨ ਦੇ ਸਵਾਲ ਦੇ ਹੁੰਦੇ ਸੀ। ਇਸ ਤੋਂ ਬਾਅਦ ਦੇ ਅੰਦੋਲਨ ਖੇਤੀ ਇਨਪੁਟਸ ਦੇ ਰੇਟ, ਬਿਜਲੀ, ਖੇਤੀ ਲਈ ਪਾਣੀ ਅਤੇ ਫਸਲਾਂ ਦੇ ਭਾਅ ਤੇ ਮੰਡੀ ਦੇ ਦੁਆਲੇ ਰਹੇ ਹਨ। ਕਿਸਾਨ ਜਥੇਬੰਦੀਆਂ ਨੇ ਜਿਸ ਲਿਹਾਜ਼ ਨਾਲ ਮੰਡੀ ਅਤੇ ਫਸਲਾਂ ਦੇ ਭਾਅ ਦੀ ਲੜਾਈ ਲੜੀ ਹੈ, ਉਸੇ ਤਰ੍ਹਾਂ ਦੀ ਲੜਾਈ ਵਾਤਾਵਰਨ ਲਈ ਵੀ ਲੜਨੀ ਚਾਹੀਦੀ ਹੈ। ਇਹ ਨਹੀਂ ਕਿ ਇਨ੍ਹਾਂ ਕੰਮਾਂ ਨਾਲ ਸਮੁੱਚੇ ਵਾਤਾਵਰਨ ਅਤੇ ਕਿਸਾਨੀ ਸੰਕਟ ਹੱਲ ਹੋ ਜਾਣਾ ਹੈ ਪਰ ਇਹ ਦਿਨੋ-ਦਿਨ ਹੋ ਰਹੇ ਨੁਕਸਾਨ ਨੂੰ ਘਟਾ ਸਕਦੇ ਹਨ।

ਪੰਜਾਬ ਵਿਚ ਆ ਚੁੱਕੇ ਵਾਤਾਵਰਨ ਸੰਕਟ ਦਾ ਅਸਰ ਨਾ ਸਿਰਫ ਪੰਜਾਬ ਬਲਕਿ ਭਾਰਤ ਅਤੇ ਦੁਨੀਆ ਵਿਚ ਵੀ ਪੈਣਾ ਹੈ। ਸਾਨੂੰ ਉਸ ਦਿਨ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ ਹੈ ਜਦ ਮੁਲਕ ਦੀਆਂ ਜ਼ਰੂਰਤਾਂ ਲਈ ਪੰਜਾਬ ਦਾ ਵਾਤਾਵਰਨ ਬਚਾਇਆ ਜਾਏ। ਇਹ ਇਸ ਲਈ ਬਚਾਉਣਾ ਚਾਹੀਦਾ ਹੈ ਕਿਉਂਕਿ ਇਹ ਇੱਥੇ ਦੇ ਲੋਕਾਂ ਅਤੇ ਜੀਵ ਸੁਰੱਖਿਆ ਲਈ ਖ਼ਤਰਾ ਬਣ ਰਿਹਾ ਹੈ।

# ਬਰਕਤ ਵਾਲਾ ਦੁੱਧ

ਦਸ ਸਾਲ ਪਹਿਲਾਂ ਕੈਨੇਡਾ ਆਉਣ ਤੋਂ ਬਾਅਦ ਜਲੰਧਰ ਵਾਲੇ ਘਰ ਵਿਚ ਸਾਡੀ ਧੀ ਪਰਿਵਾਰ ਸਮੇਤ ਰਹਿਣ ਲੱਗੀ। ਦੋ ਕੁ ਸਾਲ ਉਹ ਦੁੱਧ ਪੱਖੋਂ ਬੜੇ ਪ੍ਰੇਸ਼ਾਨ ਰਹੇ। ਬੱਚੇ ਛੋਟੇ ਹੋਣ ਕਰਕੇ ਉਹ ਖਾਸ ਖਿਆਲ ਰੱਖਦੇ ਕਿ ਦੁੱਧ ਮਾੜਾ ਨਾ ਹੋਵੇ ਪਰ ਭਰੋਸੇਯੋਗ ਉਨ੍ਹਾਂ ਨੂੰ ਕਿਤੋਂ ਨਾ

ਗੁਰਮਲਕੀਅਤ ਸਿੰਘ ਕਾਹਲੋਂ
ਫੋਨ: +1-604-442-7676

ਮਿਲਦਾ। ਇਕ ਦਿਨ ਸਾਡਾ ਜਵਾਈ ਬੰਦ ਰੇਲਵੇ ਫਾਟਕ 'ਤੇ ਖੜ੍ਹਾ ਸੀ, ਉਹਦੇ ਕੋਲ ਆ ਕੇ ਕੋਈ ਦੋਧੀ ਰੁਕਿਆ। ਦੁੱਧ ਵਾਲੇ ਢੋਲ ਦੇਖ ਕੇ ਗੱਲਬਾਤ ਚੱਲ ਪਈ। ਦੋਧੀ ਦੇ ਬੋਲਬਾਣੀ ਚੰਗੀ ਲੱਗੀ ਤਾਂ ਘਰ ਦਾ ਸਿਰਨਾਵਾਂ ਦੱਸ ਕੇ ਦੁੱਧ ਲਈ ਕਹਿ ਦਿੱਤਾ।

ਥੋੜ੍ਹੇ ਮਹੀਨਿਆਂ ਬਾਅਦ ਅਸੀਂ ਵਤਨ ਗਏ ਤਾਂ ਪਤਨੀ ਨੇ ਸਹਿਬਨ ਹੀ ਦੁੱਧ ਬਾਰੇ ਪੁੱਛ ਲਿਆ। ਧੀ ਕਹਿੰਦੀ, "ਪਹਿਲਾਂ ਤਿੰਨ ਲਿਟਰ ਲਈਦਾ ਸੀ, ਥੁੜ੍ਹ ਜਾਂਦਾ ਸੀ; ਹੁਣ ਵਾਲੇ ਦੁੱਧ ਵਿਚ ਐਸੀ ਬਰਕਤ ਹੈ ਪਈ ਦੋ ਲਿਟਰ ਲੈ ਕੇ ਵਰਤੀਦਾ ਵੀ ਖੁੱਲ੍ਹਾ, ਤੇ ਬੱਚੇ ਵੀ ਖੁਸ਼ ਹੋ ਕੇ ਪੀਂਦੇ, ਕਦੇ ਥੁੜ੍ਹਿਆ ਵੀ ਨਹੀਂ।" ਉਸ ਤੋਂ ਅਗਲੇ ਸਾਲ ਧੀ ਪਰਿਵਾਰ ਸਮੇਤ ਕੈਨੇਡਾ ਪਹੁੰਚ ਗਈ। ਸਾਲ ਕੁ ਬਾਅਦ ਅਸੀਂ ਪਤੀ-ਪਤਨੀ ਵਾਪਸ ਗਏ ਤਾਂ ਉਸੇ ਦੋਧੀ ਤੋਂ ਦੁੱਧ ਲੈਣ ਲਗੇ। ਤਿੰਨ-ਚਾਰ ਦਿਨ ਬਾਅਦ ਦੋਹਾਂ ਦੇ ਪੇਟ ਵਿਚ ਗੜਬੜ ਹੋ ਗਈ। ਡਾਕਟਰ ਕਹਿੰਦਾ- "ਖਾਣ ਪੀਣ ਚੈਕ ਕਰੋ।" ਚਾਹ ਬਣਾਉਣ ਲਈ ਫਰਿੱਜ 'ਚੋਂ ਪਤੀਲਾ ਕੱਢ ਕੇ ਪਤਨੀ ਨੂੰ ਫੜਾਇਆ ਤਾਂ ਨੋਟ ਕੀਤਾ, ਉਪਰ ਮਲਾਈ ਬਹੁਤ ਮੋਟੀ ਹੈ। ਸ਼ੱਕ ਹੋ ਗਿਆ, ਦੁੱਧ ਵਿਚ ਗੜਬੜ ਹੈ।

ਅਗਲੇ ਦਿਨ ਦੁੱਧ ਪਵਾਉਂਦਿਆਂ ਮੈਂ ਉਸ ਨੂੰ ਸ਼ੱਕੀ ਨਜ਼ਰਾਂ ਨਾਲ ਦੇਖਿਆ। ਵੇਰਕਾ ਮਿਲਕ ਪਲਾਂਟ ਸਾਡੇ ਘਰੋਂ ਥੋੜ੍ਹੀ ਦੂਰ ਹੈ। ਦੁੱਧ 'ਚੋਂ ਪਾਈਆ ਕੁ ਬੋਤਲ ਵਿਚ ਪਾ ਕੇ ਪਲਾਂਟ ਦੀ ਲੈਬ ਵਿਚ ਚੈੱਕ ਕਰਾਉਣ ਚਲੇ ਗਿਆ। ਟੈਸਟ ਹੋ ਗਿਆ। ਰਿਪੋਰਟਾਂ ਪੜ੍ਹਦਾ ਇੰਚਾਰਜ ਕਹਿੰਦਾ, "ਇੰਨਾ ਸ਼ੁੱਧ, ਬਿਨਾ ਟੀਕੇ ਤੇ ਗਾੜ੍ਹਾ ਦੁੱਧ ਤੁਹਾਨੂੰ ਕੌਣ ਦਿੰਦਾ।" ਮੈਂ ਦੱਸਿਆ ਤਾਂ ਉਹ ਹੈਰਾਨੀ ਨਾਲ ਮੇਰੇ ਮੂੰਹ ਵੱਲ ਦੇਖੀ ਜਾਏ।

ਘਰੇ ਪਰਤ ਕੇ ਮੈਂ ਉਹੀ ਗੱਲ ਪਤਨੀ ਨੂੰ ਸੁਣਾਈ। ਉਸ ਨੂੰ ਧੀ ਦਾ ਕਿਹਾ ਝੱਟ ਯਾਦ ਆ ਗਿਆ ਕਿ ਇਸ ਦੇ ਦੁੱਧ ਵਿਚ ਬੜੀ ਬਰਕਤ ਹੈ। ਅਗਲੇ ਦਿਨ ਦੋਧੀ ਆਇਆ ਤਾਂ ਦੁੱਧ ਚੈੱਕ ਕਰਾਉਣ ਵਾਲੀ ਉਹਨੂੰ ਗੱਲ ਦੱਸੀ ਪਰ ਉਹ ਹੈਰਾਨ ਨਹੀਂ ਹੋਇਆ। ਉਹਦੇ ਸਹਿਜ ਨੇ ਹੈਰਾਨੀ ਵਧਾ ਦਿੱਤੀ, ਪੁੱਛਿਆ: "ਆਮ ਰੇਟ 'ਤੇ ਸ਼ੁੱਧਤਾ ਵਾਰਾ ਖਾ ਜਾਂਦੀ?" ਕਹਿੰਦਾ, "ਮੇਰੇ ਤਾਂ ਵਾਰੇ-ਨਿਆਰੇ ਹੋ ਗਏ।" ਫਿਰ ਪੁੱਛਣ ਤੋਂ ਪਹਿਲਾਂ ਹੀ ਬੋਲ ਪਿਆ, "ਅਸੀਂ ਤਿੰਨ ਭਰਾ ਆਂ। ਤਿੰਨਾਂ ਦੇ ਹਿੱਸੇ ਡੇਢ-ਡੇਢ ਕਿੱਲਾ ਆਇਆ। ਦੋ-ਤਿੰਨ ਸਾਲ ਖੇਤੀ ਕੀਤੀ ਪਰ ਖਰਚੇ ਪੂਰੇ ਨਾ ਹੋਣ। ਪਤਨੀ ਦੇ ਕਹਿਣ 'ਤੇ ਦੋ ਮੱਝਾਂ ਲਈਆਂ। ਦੁੱਧ ਘਰੋਂ ਈ ਵਿਕਣ ਲਗ ਪਿਆ, ਖਰਚੇ ਚਲ ਪਏ। ਸਾਲ ਵਿਚ ਚਾਰ ਮੱਝਾਂ ਕਰ ਲਈਆਂ। ਡੇਢ ਕਿੱਲਾ ਪੱਠਿਆਂ ਲਈ ਥੋੜ੍ਹਾ ਪੈ ਗਿਆ। ਦੋ ਕਿੱਲੇ ਠੇਕੇ 'ਤੇ ਲੈ ਲਏ। ਦੋ ਸਾਲਾਂ ਬਾਅਦ ਉਹੀ ਦੋ ਕਿੱਲੇ ਖਰੀਦ ਲਏ। ਹੁਣ 30-35 ਮੱਝਾਂ ਨੇ। ਅੱਧਿਓਂ ਬਹੁਤਾ ਦੁੱਧ ਘਰੋਂ ਹੀ ਵਿਕ ਜਾਂਦਾ। ਬਾਕੀ ਆਹ ਤਿੰਨਾਂ ਡੋਹਣਿਆਂ 'ਚ ਪੈ ਜਾਂਦਾ। ਗਰਮੀ ਬਹੁਤੀ ਹੋਵੇ ਤਾਂ ਢੇਲਾ ਬਰਫ ਦਾ ਚਾਹੇ ਸੁੱਟ ਲਵਾਂ, ਹੋਰ ਕੁਝ ਕਰਨ ਦਾ ਖਿਆਲ ਵੀ ਮਨ ਵਿਚ ਨਹੀਂ ਆਇਆ। ਡਰ ਰਹਿੰਦਾ, ਦਾਤੇ ਦੀ ਸਵੱਲੀ ਨਜ਼ਰ ਨੂੰ ਨਜ਼ਰ ਨਾ ਲੱਗਜੇ। ਬੇਈਮਾਨ ਗਾਹਕਾਂ ਦੀ ਅੱਖ ਪਛਾਣ ਕੇ ਨਾਂਹ ਕਰ ਦੇਈਦੀ, ਤੁਹਾਡੇ ਵਰਗੇ ਸੂਝਵਾਨ ਹੋਰ ਟੱਕਰ ਜਾਂਦੇ ਨੇ।"

ਦੋਧੀ ਚਲੇ ਗਿਆ ਪਰ ਸੋਚੀਂ ਪਾ ਗਿਆ।...

ਹੁਣ ਜਦੋਂ ਉਸ ਨੂੰ ਆਪਣੇ ਆਉਣ ਬਾਰੇ ਫੋਨ ਕੀਤਾ ਤਾਂ ਅੱਗਿਓਂ ਕਹਿੰਦਾ, "ਆਓਗੇ ਤਾਂ ਲੱਡੂ ਖਵਾਊਂ!" ਪੁੱਛਿਆ- "ਕਾਹਦੇ?" ਕਹਿੰਦਾ, "ਦੋਧੀ ਦੇ ਖੇਤਾਂ ਦੀ ਗਿਣਤੀ ਦੋ ਹਿੰਦਸਿਆਂ 'ਚ ਹੋਗੀ।"

ਕਹਾਣੀ

# ਦੋਹਰੀ ਕੈਦ

**ਅਮਰੀਕਾ ਵੱਸਦੇ ਲਿਖਾਰੀ ਚਰਨਜੀਤ ਸਿੰਘ ਪੰਨੂੰ ਦੀ ਕਹਾਣੀ 'ਦੋਹਰੀ ਕੈਦ' ਉਨ੍ਹਾਂ ਰਿਸ਼ਤਿਆਂ ਦਾ ਬਿਆਨ ਹੈ ਜਿਨ੍ਹਾਂ ਦਾ ਭਾਰ ਸਦਾ ਔਰਤ 'ਤੇ ਹੀ ਪੈਂਦਾ ਹੈ। ਇਸ ਕਹਾਣੀ ਅੰਦਰ ਪਰਵਾਸ ਅਤੇ ਪਰਵਾਜ਼ ਵੀ ਬਹੁਤ ਡੂੰਘੇ ਰਮੇ ਹੋਏ ਹਨ। ਇਹ ਵਕਤ-ਵਕਤ ਦੀਆਂ ਉਹ ਬਾਤਾਂ ਹਨ ਜੋ ਇਕ ਪਾਸੇ ਤਾਂ ਜ਼ਿੰਦਗੀ ਦੀ ਕੰਨੀ ਫੜੀ ਰੱਖਦੀਆਂ ਹਨ ਪਰ ਦੂਜੇ ਪਾਸੇ ਅੰਤਾਂ ਦੀਆਂ ਪ੍ਰੇਸ਼ਾਨੀਆਂ ਦਾ ਸਬਬ ਵੀ ਬਣਦੀਆਂ ਹਨ।**

'ਦੋ ਸਾਲ ਹੋ ਗਏ ਮੈਨੂੰ ਵਿਆਹੀ ਨੂੰ ਅਤੇ ਦੋ ਸਾਲ ਹੀ ਹੋ ਗਏ ਮੈਨੂੰ ਛੁੱਟੜ ਹੋਈ ਨੂੰ। ਹਾਏ... ਹਾਏ ਨੀ ਸੁੱਖੀਸਾਂਦੀ! ਮੇਰੀ ਜ਼ਬਾਨ ਸੜ ਜੇ... ਮੇਰਾ ਸੁਹਾਗ ਸਲਾਮਤ ਰਹੇ ਰੱਬ ਕਰਕੇ।' ਸਾਹਮਣੇ ਵਾਧਰੇ 'ਤੇ ਪਈ ਮੇਰੇ ਪਤੀ ਦੀ ਫ਼ੋਟੋ ਘੱਟੇ ਮਿੱਟੀ ਨਾਲ ਲੱਥਪੱਥ ਲਿੱਬੜੀ, ਮੇਰੇ ਵੱਲ ਵੇਖ ਕੇ ਮੁਸਕਰਾ ਰਹੀ ਹੈ। ਦੁਪੱਟੇ ਨਾਲ ਫ਼ੋਟੋ 'ਤੇ ਪਿਆ ਘੱਟਾ ਝਾੜਦੀ ਹਾਂ...ਪੂੰਝਦੀ ਹਾਂ। ਇਹ ਫ਼ੋਟੋ ਆਪ ਮੁਹਾਰੇ ਮੇਰੀ ਛਾਤੀ 'ਤੇ ਜਾ ਟਿਕਦੀ ਹੈ...। ਦੋ ਸਾਲ ਤੋਂ ਮੈਂ ਇਸੇ ਫ਼ੋਟੋ ਨੂੰ ਪੂਜਦੀ ਰਹੀ ਹਾਂ...ਇਹ ਫ਼ੋਟੋ ਮੇਰਾ ਸੁਹਾਗ ਹੈ, ਇਹੀ ਮੇਰਾ ਜੀਵਨ ਤੇ ਇਹੀ ਮੇਰਾ ਸਭ ਕੁਝ...।

ਸੁੱਖ ਹੋਵੇ ਦੋ-ਤਿੰਨ ਦਿਨ ਤੋਂ ਮੇਰੀ ਸੱਜੀ ਅੱਖ ਫ਼ਰਕ ਰਹੀ ਹੈ...। ਕੋਈ ਚੰਗੀ ਖ਼ਬਰ ਮਿਲੇ...ਖੁਦਾ ਖੈਰ ਕਰੇ, ਮੇਰਾ ਦਿਲ ਤਾਂ ਅੱਗੇ ਹੀ ਹੌਲਾ ਪੈ ਗਿਆ ਹੌਕੇ ਖਾ ਖਾ ਕੇ...। ਕਿਹੀ ਕੁਲੱਛਣੀ



ਚਰਨਜੀਤ ਸਿੰਘ ਪੰਨੂੰ
ਫੋਨ: 408-608-4961

ਘੜੀ ਇਸ ਘਰ ਵਿਚ ਪੈਰ ਪਾਇਆ। ਦੋ ਸਾਲਾਂ ਵਿਚ ਦੋ ਪਹਿਰ ਵੀ ਸੁੱਖ ਦੀ ਘੜੀ ਨਹੀਂ ਦੇਖੀ। ਸਾਰੇ ਦਿਨ-ਰਾਤ ਇੱਦਾਂ ਹੀ ਤੜਫਦੀ ਨੂੰ ਲੰਘ ਗਏ...ਮੈਂ ਤਾਂ ਚਾਰ ਭੁਆਂਟਣੀਆਂ ਲੈਣ ਦੀ ਹੀ ਚੋਰ ਹੋਈ...ਇਸ ਫ਼ੋਟੋ ਨਾਲ। ਹਾਂ ਇਸ ਗਮੇ ਦੀ ਫ਼ੋਟੋ ਨਾਲ...। ਗਾਮਾ! ਜਿਸ ਨੂੰ ਲੋਕੀਂ ਮੇਰਾ ਪਤੀ ਕਹਿੰਦੇ...। ਹੈ ਨਾਂ ਗਾਮਿਆ? ਕੀ ਤੂੰ ਸੱਚਮੁੱਚ ਹੀ ਮੇਰਾ ਪਤੀ ਏਂ? ਮੇਰਾ ਜੀਵਨ ਸਾਥੀ ਏਂ? ਮੇਰੇ ਦੁੱਖ-ਸੁੱਖ ਦਾ ਸ਼ਰੀਕ ਏਂ? ਪਰ ਫ਼ੋਟੋ ਚੁੱਪ ਹੈ। ਤੇ ਉਸ ਦਿਨ...ਉਸ ਪਹਿਲੇ ਦਿਨ, ਜਿਸ ਦਿਨ ਤੂੰ ਘੋੜੀ ਚੜ੍ਹ ਕੇ ਆਉਣਾ ਸੀ...ਸਿਹਰੇ ਲਾ ਕੇ ਢੁਕਣਾ ਸੀ...ਤੇਰੀ ਉਡੀਕ ਸੀ ਮੈਨੂੰ...ਮੈਂ ਏਦਾਂ ਹੀ ਤੜਫਦੀ ਰਹੀ ਸੀ, ਸਾਰੀ ਰਾਤ। ਉਹ ਦਿਨ ਮੈਨੂੰ ਕਿਡਾ ਪਹਾੜ ਜੇਡਾ ਲੱਗਾ ਸੀ। ਹਰ ਪਲ ਹਰ ਘੜੀ...ਮੇਰੇ ਕੰਨ ...ਮੇਰੀਆਂ ਅੱਖਾਂ ਬਾਹਰ ਪਿੰਡ ਦੀ ਫਿਰਨੀ ਵੱਲ ਵਿਚਰਦੇ ਰਹੇ, ਜਿੱਧਰੋਂ ਤੂੰ ਆਉਣਾ ਸੀ। ਤੂੰ ਕਦ ਆਏਂ ਤੇ ਕਦ ਮੈਂ ਘੋੜੀ ਚੜ੍ਹ ਕੇ ਚਲੀ ਜਾਵਾਂ ਤੇਰੇ ਨਾਲ...ਕਸ਼ਮੀਰ ਦੀ ਸੈਰ ਨੂੰ...। ਪਰ ਤੂੰ ਨਾ ਆਇਆ।

'ਖਾਲੀ ਬਰਾਤ। ਲਾੜੇ ਤੋਂ ਸੱਖਣੀ ਬਰਾਤ।' ਮੇਰੇ ਕੰਨਾਂ ਵਿਚ ਜਿਵੇਂ ਕਿਸੇ ਨੇ ਸਿੱਕਾ ਪਿਘਲਾ ਕੇ ਪਾ ਦਿੱਤਾ ਹੋਵੇ। ਕਸ਼ਮੀਰ ਦੀ ਲੜਾਈ ਲੱਗ ਗਈ ਸੀ...ਤੇਰੀ ਤਾਰ ਆ ਗਈ ਸੀ 'ਛੁੱਟੀ ਨਹੀਂ ਮਿਲੀ'। ਕਿੰਨਾ ਅਨਰਥ ਹੋਇਆ ਸੀ। ਮਜਬੂਰੀ ਸੀ ਨੱਕ ਰੱਖਣ ਦੀ...ਲਾਜ ਰੱਖਣ ਦੀ...ਸਮਾਜ ਬਰਾਦਰੀ ਵਿਚ। ਸਾਹਾ ਜੁ ਸੁਧਾਇਆ ਹੋਇਆ ਸੀ...ਚੂੜਾ ਜੁ ਪਾਇਆ ਹੋਇਆ ਸੀ। ਮਜਬੂਰੀ ਸੀ ਤੇਰੇ ਮਾਪਿਆਂ ਦੀ ਜਾਂ ਮੇਰੇ ਮਾਪਿਆਂ ਦੀ। ਮੈਥੋਂ ਰੋਂਦੀ ਚੀਕਦੀ ਕੋਲੋਂ ਤੇਰੀ ਫ਼ੋਟੋ ਦੇ ਗਲ ਹਾਰ ਪੁਆ ਦਿੱਤੇ ਗਏ। ਮੈਂ ਰੋਣਾ ਨਹੀਂ ਸੀ ਚਾਹੁੰਦੀ, ਉਨ੍ਹਾਂ ਝੱਲੀਆਂ ਕੁੜੀਆਂ ਵਾਂਗ। ਜੋ ਸੁੱਖੀ ਸਾਂਦੀ ਆਪਣੇ ਜੀਵਨ ਸਾਥੀ ਨਾਲ ਤੁਰਨ ਲੱਗੀਆਂ ਰੋਂਦੀਆਂ ਨੇ। ਪਰ ਸੱਚ ਜਾਣੀਂ ਸੱਜਣਾ! ਉਸ ਦਿਨ ਮੈਂ ਹੀ ਨਹੀਂ, ਮੇਰੀ ਸਾਰੀ ਸਾਕ ਸਕੀਰੀ ਧਰਤੀ ਤੇ ਅਸਮਾਨ ਕੂੱਲ ਭੁੱਬਾਂ ਮਾਰ ਕੇ ਰੋਏ ਸਨ, ਜਿਵੇਂ ਉਸ ਘਰ ਵਿਚ ਸ਼ਾਦੀ ਨਹੀਂ ਸੋਗ ਗ਼ਮੀ ਹੋਈ ਹੋਵੇ। ਤੇ ਫਿਰ ਤੇਰੀ ਫ਼ੋਟੋ ਮੈਨੂੰ ਆਪਣੇ ਲੜ ਲਾ ਕੇ ਤੇਰੇ ਘਰ ਲੈ ਆਈ ਸੀ। ਉਸ ਦਿਨ ਤੋਂ ਮੈਂ ਤੇਰੀ ਇਸ ਫ਼ੋਟੋ ਨੂੰ ਸੰਵਾਰਦੀ ਰਹੀ ਹਾਂ। ਤੇਰੀਆਂ ਨਿਸ਼ਾਨੀਆਂ ਨੂੰ ਪੂਜਦੀ ਰਹੀ ਹਾਂ। ਕਾਂਵਾਂ ਤੋਂ, ਕਬੂਤਰਾਂ ਤੋਂ ਤੇ ਆਣ ਜਾਣ ਵਾਲੀਆਂ ਸਰਦ ਹਵਾਵਾਂ ਤੋਂ ਤੇਰੀ ਸੁੱਖ ਸਾਂਦ ਪੁੱਛਦੀ ਰਹੀ ਹਾਂ। ਤੇਰੀਆਂ ਚਿੱਠੀਆਂ ਆਈਆਂ...ਆਉਂਦੀਆਂ ਰਹੀਆਂ। ਮੈਨੂੰ ਬੜੀਆਂ ਮਿੱਠੀਆਂ ਲੱਗੀਆਂ। ਕਸ਼ਮੀਰ ਦੀ ਲੜਾਈ ਵੇਲੇ ਮੈਂ ਹਰ ਵੇਲੇ ਰਾਤ ਦਿਨ ਇਹੀ ਸੁੱਖਣਾ ਮੰਗਦੀ ਰਹੀ...ਰੱਬਾ ਭੈਣਾਂ ਦੇ ਵੀਰਾਂ ਨੂੰ ਤੱਤੀ 'ਵਾ ਨਾ ਲੱਗੇ, ਸਖੀਆਂ ਦੇ ਸੁਹਾਗ ਸਲਾਮਤ ਰਹਿਣ। ਮਾਂਵਾਂ ਦੇ ਪੁੱਤ ਫੁੱਲਾਂ ਵਾਂਗ ਖਿੜਦੇ ਰਹਿਣ। ਮੁਟਿਆਰਾਂ ਦੇ ਗੱਭਰੂ ਹਰ ਵਕਤ ਉਨ੍ਹਾਂ ਸੰਗ ਹੱਸਦੇ ਰਹਿਣ। ਰੱਬਾ ਇਹ ਲੜਾਈਆਂ ਕਦੇ ਨਾ ਲੱਗਣ।

ਮੈਂ ਸੁੱਖ ਦਾ ਸਾਹ ਲਿਆ ਸੀ ਜਦੋਂ ਇਹ ਲੜਾਈ ਬੰਦ ਹੋ ਗਈ। ਤੇਰੀ ਇੰਤਜ਼ਾਰ ਸ਼ੁਰੂ ਹੋਈ। ਤੇਰੀਆਂ ਚਿੱਠੀਆਂ ਵੀ ਕਮਾਲ ਦੀਆਂ ਆਉਂਦੀਆਂ। ਇਕ ਚਿੱਠੀ ਵਿਚ ਤੂੰ ਆਉਣ ਦਾ ਲਾਰਾ ਲਾਉਂਦਾ ਤੇ ਅਗਲੀ ਵਿਚ ਫਿਰ ਨਾ ਆਉਣ ਦਾ ਨਵੇਂ ਤੋਂ ਨਵਾਂ ਬਹਾਨਾ। ਇਹ ਪੜ੍ਹ-ਪੜ੍ਹ ਕੇ ਮੇਰਾ ਮਨ ਅੱਕ ਗਿਆ। ਮੈਂ ਲਿਖਦੀ, 'ਸਿਆਲੀ ਬਰਫ਼ਾਨੀ ਰਾਤਾਂ ਵਿਚ ਮੈਨੂੰ ਬੜੀ ਠੰਢ ਲੱਗਦੀ ਏ ਸੱਜਣਾ! ਛੇਤੀ ਫੇਰਾ ਪਾ ਜਾ ਇਕ ਵੇਰਾਂ।' ਤਾਂ ਤੂੰ ਲਿਖਦਾ 'ਠੰਢ ਤੋਂ ਬਚਾਅ ਵਾਸਤੇ ਭਾਰੀ ਰਜਾਈ ਲੈ ਕੇ ਸੌਂ ਜਾਇਆ ਕਰ।' ਜਦ ਲਿਖਦੀ '...ਕਾਲੀਆਂ ਡਰਾਉਣੀਆਂ ਰਾਤਾਂ ਵਿਚ ਮੈਨੂੰ ਬੜਾ ਡਰ ਲੱਗਦਾ ਈ ਢੋਲ ਮਾਹੀਆ 'ਕੱਲੀ ਨੂੰ।' ਤਾਂ ਤੂੰ ਲਿਖਦਾ, 'ਮੈਂ ਜਲਦੀ ਆ ਕੇ ਕੰਧਾਂ ਉੱਚੀਆਂ ਕਰਾ ਕੇ ਦੇ ਜਾਵਾਂਗਾ, ਡਰਨ ਦੀ ਲੋੜ ਨਹੀਂ.. ਤੂੰ ਮੰਜਾ ਬੇਬੇ ਕੋਲ ਡਾਹ ਲਿਆ ਕਰ।' ਜੇ ਲਿਖਦੀ 'ਤੇਰੀ ਯਾਦ ਬੜੀ ਆਉਂਦੀ ਏ ਮੇਰੀ ਜਾਨ...।' ਤਾਂ ਜੁਆਬ ਮਿਲਦਾ...'ਮੈਂ ਵੀ ਬੜਾ ਯਾਦ ਕਰਦਾ ਹਾਂ ਤੈਨੂੰ... ਪਰ ਤੂੰ ਰੱਬ ਨੂੰ ਯਾਦ ਕਰਿਆ ਕਰ।' ਜੇ ਕਹਿੰਦੀ, ਸਰੀਰ ਭੱਜਦਾ ਟੁੱਟਦਾ ਏ, ਬਿਮਾਰ ਰਹਿੰਦਾ ਏ... ਤਾਂ ਕਹਿੰਦਾ 'ਸਿਆਣੇ ਡਾਕਟਰ ਨੂੰ ਦਿਖਾ...।' ਅੰਨ੍ਹੇ ਅੱਗੇ ਰੋਣਾ ਅੱਖਾਂ ਦਾ ਖਪਾਅ! ਮੇਰੇ ਭੋਲੇ ਢੋਲਣਾ, ਤੈਨੂੰ ਕਿੰਦਾਂ ਸਮਝਾਵਾਂ। ਢਿੱਡ ਨਾਲੋਂ ਸਰੀਰ ਦੀ ਵੀ ਇਕ ਅਮੋੜ ਭੁੱਖ ਹੁੰਦੀ ਏ। ਅੰਬਾਂ ਦੀ ਭੁੱਖ ਅੰਬ ਪਾਪੜ ਨਹੀਂ ਮਿਟਾ ਸਕਦੇ।

ਫੇਰ ਤੇਰੀ ਚਿੱਠੀ ਆਉਂਦੀ, 'ਹਮਾਰੇ ਸਾਹਿਬ ਨੇ ਬੋਲਾ ਹੈ ਅਗਲੇ ਮਹੀਨੇ ਛੁੱਟੀ ਭੇਜ ਦੂੰਗਾ...।' ਅਗਲੇ ਮਹੀਨੇ ਚਿੱਠੀ ਆਈ 'ਛੁੱਟੀ ਤਾਂ ਮਿਲ ਗਈ ਪਰ ਤਨਖ਼ਾਹ ਨਹੀਂ ਮਿਲੀ। ਪਿਛਲੇ ਪੈਸੇ ਸਾਂਭ ਲੁਕੋ ਕੇ ਰੱਖੇ ਸੀ ਚੋਰੀ ਹੋ ਗਏ, ਅਗਲੇ ਮਹੀਨੇ ਦੀ ਤਨਖ਼ਾਹ ਲੈ ਕੇ ਆਵਾਂਗਾ...ਤੇਰੇ ਲਈ ਨਾਲੇ ਸੋਹਣੀ ਜਿਹੀ ਸ਼ਾਲ ਲੈ ਕੇ ਆਵਾਂਗਾ, ਕਸ਼ਮੀਰੀ ਸ਼ਾਲ। ਕਸ਼ਮੀਰੀ ਸੇਬ ਤੇ ਬਦਾਮ। ਕਸ਼ਮੀਰੀ ਸੇਬ ਤੇ ਬਦਾਮ ਖਾ ਕੇ ਕਸ਼ਮੀਰਨਾਂ ਦੇ ਰੰਗ ਕਿੰਦਾਂ ਸੂਹੇ ਲਾਲ ਹੁੰਦੇ ਨੇ...। ਵੇਖੀਂ ਤੇਰਾ ਵੀ ਰੰਗ ਕਿੰਦਾਂ ਨਿੱਖਰਦਾ ਹੈ ਇਹ ਖਾ ਕੇ।' ਚਿੱਠੀ ਦਾ ਇਕ ਇਕ ਅੱਖਰ ਸੂਈਆਂ ਵਾਂਗ ਮੇਰੇ ਕਾਲਜੇ ਵਿਚ ਚੁੱਭਦਾ ਏ। ਮੇਰੇ ਅੰਦਰੋਂ ਲਾਂਬੂ ਨਿਕਲਦੇ ਹਨ...'ਜਿਨ੍ਹਾਂ ਦੇ ਢੋਲ ਮਾਹੀ ਕੋਲ ਰਹਿੰਦੇ ਨੇ ਉਹ ਤਾਂ ਕਰਮਾਂ ਵਾਲੀਆਂ ਭੁੱਖੀਆਂ ਰਹਿ ਕੇ ਵੀ ਲਾਲ ਸੂਹਾ ਰੰਗ ਕੱਢ ਲੈਂਦੀਆਂ ਨੇ। ਢੱਠੇ ਖੂਹ ਵਿਚ ਪੈਣ ਤੇਰੇ ਸੇਬ, ਤੇਰੇ ਬਦਾਮ, ਤੇਰੀ ਸ਼ਾਲ। ਮੇਰਾ ਤਾਂ ਪਹਿਲਾ ਰੰਗ ਵੀ ਭੰਗ ਦੇ ਭਾੜੇ ਪੀਲਾ ਪੈਂਦਾ ਜਾਂਦਾ ਈ ਮਾਹੀਆ। ਬਹਾਰਾਂ ਦੀ ਰੁੱਤੇ ਜਿਨ੍ਹਾਂ ਦੇ ਕੰਤ ਪਰਦੇਸੀਂ ਬਾਹਰ ਫਿਰਦੇ ਨੇ ਉਨ੍ਹਾਂ ਨੂੰ ਬਹਾਰਾਂ ਦੀ ਕੀ ਸਾਰ। ਬਹਾਰ ਰੁੱਤ ਗਈ ਤੇ ਪਤਝੜ ਆ ਜਾਣੀ ਏ। ਪਤਝੜ ਦੀਆਂ ਸੁੱਕੀਆਂ ਡੋਡੀਆਂ ਫਿਰ ਨਹੀਂ ਹਰੀਆਂ ਹੋਣੀਆਂ...ਇਹ ਬਹਾਰਾਂ ਦਾ ਸਮਾਂ ਫਿਰ ਹੱਥ ਨਹੀਂ ਆਉਣਾ। ਮਕਾਨ ਡਿੱਗੂੰ ਡਿੱਗੂੰ ਕਰ ਰਿਹਾ ਏ ਜਿਵੇਂ ਤੇਰੀ ਹੀ ਉਡੀਕ ਕਰਦਾ ਏ, ਥੰਮ੍ਹੀਆਂ ਦੇ ਕੇ ਸਹਾਰਾ ਦਿੰਦੀ ਹਾਂ...ਪਰ ਇਹ ਲੱਕੜ ਦੀਆਂ ਥੰਮ੍ਹੀਆਂ ਅੰਦਰੋਂ-ਅੰਦਰ ਖੁਰ ਰਹੇ ਵੱਡੇ ਸਾਰੇ ਮਕਾਨ ਨੂੰ ਕਦ ਤੱਕ ਫੋਕਾ ਸਹਾਰਾ ਦਿੰਦੀਆਂ ਰਹਿਣਗੀਆਂ। ਛੇਤੀ ਆ ਕੇ ਸਾਂਭ ਚੰਨ ਮੱਖਣਾ। ਜੇ ਕਿਤੇ ਡਿੱਗ ਪਿਆ ਤਾਂ ਆ ਕੇ ਮੈਨੂੰ ਦੋਸ਼ ਨਾ ਦੇਈਂ। ਪਰ ਤੂੰ ਜੁਆਬ ਦਿੱਤਾ, '...ਮੈਂ ਆਪੇ ਆ ਕੇ ਫ਼ੌਜੀ ਪਰਮਿਟ ਵਾਲਾ ਸੀਮਿੰਟ ਬਜਰਾ ਲੈ ਲਵਾਂਗਾ ...। ਸਾਰਾ ਮਕਾਨ ਆਪ ਆ ਕੇ ਮੁਰੰਮਤ ਕਰਾ ਜਾਵਾਂਗਾ। ਤੇਰੀ ਫ਼ਸਲ ਦੀ ਔੜ ਦਾ ਵੀ ਇਲਾਜ ਕਰ ਜਾਵਾਂਗਾ। ਟਿਊਬਵੈੱਲ ਵੀ ਲਵਾ ਕੇ ਦੇ ਜਾਵਾਂਗਾ...।'

ਤੇਰੀਆਂ ਚਿੱਠੀਆਂ ਪੜ੍ਹ ਕੇ ਸੋਚਦੀ ਹਾਂ, 'ਆਪਣੀ ਕਿਸਮਤ 'ਤੇ ਹੱਸਾਂ ਕਿ ਰੋਵਾਂ? ਜਦੋਂ ਮੇਰੇ ਦੇਸ਼ 'ਤੇ ਭੀੜ ਬਣੀ ਸੀ ਤਾਂ ਮੈਂ ਦੇਸ਼ ਦੀ ਖ਼ਾਤਰ ਆਪਣੇ ਕੋਰੇ ਜਜ਼ਬਾਤਾਂ ਨੂੰ ਤਾਲੇ ਲਗਾ ਲਏ ਸਨ। ਹਿੱਕ 'ਤੇ ਪੱਥਰ ਰੱਖ ਕੇ ਤੈਨੂੰ ਇਹੀ ਲਿਖਦੀ ਰਹੀ ਸੀ...ਪਿੱਛੇ ਸਭ ਠੀਕ ਠਾਕ ਹੈ, ਤੂੰ ਭਾਰਤ ਮਾਤਾ ਦੀ ਰਾਖੀ ਤੋਂ ਕੁਤਾਹੀ ਨਾ ਕਰੀਂ। ਮੇਰੀ ਲੋੜ ਹੈ ਤਾਂ ਮੈਂ ਵੀ ਆ ਜਾਣੀ ਆਂ ਬੰਦੂਕ ਫੜ ਕੇ। ਪਰ ਮੇਰੇ ਕੋਲੋਂ ਹੁਣ ਹੋਰ ਸਬਰ ਨਹੀਂ ਹੁੰਦਾ।'

'ਮੈਨੂੰ ਪੈਸੇ ਦੀ ਲੋੜ ਨਹੀਂ, ਤੂੰ ਖਾਲੀ ਹੀ ਆ ਜਾ...ਮੈਂ ਰੁੱਖੀ ਸੁੱਖੀ ਖਾ ਲਾਂਗੀ...ਛੁੱਟੀ ਨਹੀਂ ਮਿਲਦੀ ਤਾਂ ਸਾਹਿਬ ਨੂੰ ਤਰਲਾ ਪਾ ਲੈ...ਉਹ ਨਹੀਂ ਮੰਨਦਾ ਤਾਂ ਸਾਹਬਣੀ ਨੂੰ ਫ਼ਰਿਆਦ ਕਰ ਵੇਖੀਂ। ਜੇ ਉਸ ਵਿਚ ਇਸਤ੍ਰੀਪਣ ਹੋਇਆ ਤਾਂ ਜ਼ਰੂਰ ਮੰਨ ਜਾਏਗੀ ਤੇ ਤੈਨੂੰ ਛੁੱਟੀ ਦਿਵਾ ਦੇਵੇਗੀ।'

ਤੇ ਫਿਰ ਤੂੰ ਆਇਆ ਸੀ, ਇਕ ਰਾਤ ਲਈ। ਮਿਹਰਬਾਨੀ ਹੋਈ ਸੀ ਸ਼ਾਇਦ ਸਾਹਬਣੀ ਦੀ ...ਉਸ ਨੇ ਮੇਰੀ ਪੀੜ ਪਛਾਣ ਲਈ ਹੋਵੇਗੀ



ਜਿਹੜੀ ਤੂੰ ਅਜੇ ਤਕ ਨਹੀਂ ਪਛਾਣ ਸਕਿਆ। ਵਿਹੜੇ ਵੜਦੇ ਨੂੰ ਤੈਨੂੰ ਮੈਂ ਪਹਿਲੀ ਵਾਰ ਛਿਪ ਕੇ ਵੇਖਿਆ ਸੀ ਬਾਰੀ ਓਹਲਿਓਂ। ਹਾਏ! ਤੂੰ ਮੈਨੂੰ ਕਿੰਨਾ ਪਿਆਰਾ ਲੱਗਾ ਸੀ...ਲੰਮਾ ਸਾਰਾ...ਸਰੂ ਦਾ ਸਰੂ...ਮੈਂ ਵੇਖ ਕੇ ਸਿਰ ਤੋਂ ਪੈਰਾਂ ਤਕ ਨਸ਼ਿਆ ਗਈ ਸੀ ਸਾਰੀ ਦੀ ਸਾਰੀ। ਮੇਰੀ ਪਿਛਲੇ ਸਾਲਾਂ ਦੀ ਸਾਰੀ ਦੁੱਖ ਪੀੜ ਕਿਧਰੇ ਦੌੜ ਗਈ। ਮੇਰੇ ਅੰਦਰ ਬਿਜਲੀਆਂ ਦੇ ਤੂਫ਼ਾਨ ਮਚਲ ਉੱਠੇ। ਤੇਰੇ ਭਰਾ-ਭਾਬੀ, ਮਾਂ-ਪਿਉ ਤੇ ਹਮਸਾਏ ਇਕ ਪਲ ਵਿਚ ਸਭ ਇਕੱਠੇ ਹੋ ਗਏ। ਸਾਰੇ ਤੈਨੂੰ ਗਲਵੱਕੜੀ ਪਾ ਕੇ ਮਿਲਦੇ ਰਹੇ, ਤੈਨੂੰ ਉਮਡਦੇ ਰਹੇ। ਮੈਂ ਇਹ ਸਭ ਤਾਕੀ ਓਹਲੇ ਹੀ ਵੇਖ ਕੇ ਅੱਗ ਦੀ ਲਾਟ ਵਾਂਗ ਲਰਜਦੀ ਰਹੀ। ਤੂੰ ਅੰਦਰ ਵੱਲ ਨੂੰ ਵਧਿਆ...। ਮੈਂ ਦਰਵਾਜ਼ੇ ਓਹਲੇ ਲੁਕ ਗਈ...। 'ਆਪੇ ਮੈਨੂੰ ਲੱਭੇਗਾ...ਬੁਲਾਏਗਾ...ਮੈਂ ਕੂਹਣੀਆਂ ਵਿਚ ਆਪਣਾ ਚਿਹਰਾ ਛੁਪਾ ਲਵਾਂਗੀ। ਤੂੰ ਮੇਰੀ ਕੂਹਣੀ ਫੜ ਕਮਰਕੱਸਾ ਕਰ ਲਵੇਂਗਾ... ਮੈਨੂੰ ਆਪਣੇ ਵੱਲ ਖਿੱਚ ਕੇ ਗਲ ਲਾ ਲਵੇਂਗਾ।' ਪਰ ਤੇਰੇ ਪੈਰਾਂ ਦੀ ਆਹਟ ਫੇਰ ਪਰ੍ਹਾਂ ਪਿੱਛੇ ਨੂੰ ਚਲੇ ਗਈ। ਕੋਈ ਹੋਰ ਬਾਹਰੋਂ ਆ ਧਮਕਿਆ ਸੀ! ਮੇਰੇ ਜਜ਼ਬਾਤ ਸਿਸਕਦੇ ਰਹੇ...ਤੜਫਦੇ ਰਹੇ...ਫੜਫੜਾਉਂਦੇ ਰਹੇ...।

'ਆ ਫ਼ੌਜੀਆ। ਅਸੀਂ ਤਾਂ ਤੇਰੇ ਵਿਆਹ ਦੇ ਵੀ ਅਜੇ ਸ਼ਗਨ ਮਨਾਉਣੇ ਨੇ...। ਪਹਿਲੇ ਤੋੜ ਦੀ ਰੱਖੀ ਆ ਤੇਰੇ ਲਈ। ਤੂੰ ਹੀ ਡਟ ਖੋਲ੍ਹ ਆ ਕੇ...?' ਤੂੰ ਪਹਿਲਾਂ ਵੀ ਤਾਂ ਪੀਤੀ ਹੋਈ ਸੀ। ਝੱਟ ਉਧਰ ਚਲਾ ਗਿਆ, ਪਾਰਲੀ ਬੈਠਕ ਵਿਚ। ਉੱਥੇ ਬੈਠ ਕੇ ਤੁਸੀਂ ਪੀਂਦੇ ਰਹੇ, ਖਾਂਦੇ ਰਹੇ...ਹੱਸਦੇ ਰਹੇ...ਵਿਆਹ ਦੀ ਖ਼ੁਸ਼ੀ ਦੇ ਜਾਮ, ਤੇਰੇ ਨਾਮ ਦੇ, ਮੇਰੇ ਨਾਮ ਦੇ ਪਿਆਲੇ ਟਣਕਾਉਂਦੇ ਰਹੇ...ਗਲਾਸੀਆਂ ਟਣਕੀਆਂ...ਤਾੜੀਆਂ ਵੱਜੀਆਂ, ਵਾਹਵਾ ਵਾਹਵਾ ਹੋਈ ਹੁੰਦੀ ਰਹੀ। ਪਰ ਤੇਰੀ ਆਪਣੀ ਪਹਿਲੇ ਤੋੜ ਦੀ, ਕਿੰਨੇ ਸਾਲਾਂ ਦੀ ਜਜ਼ਬਾਤਾਂ ਤੇ ਰੀਝਾਂ ਭਰੀ ਬੰਦ ਬੋਤਲ, ਬੰਦ ਦੀ ਬੰਦ ਹੀ ਪਈ ਤੇਰੀ ਇੰਤਜ਼ਾਰ ਵਿਚ ਵਿੱਸ ਘੋਲਦੀ ਰਹੀ।

ਤੂੰ ਆਇਆ...ਡੂੰਘੀ ਰਾਤ ਨੂੰ...ਮੇਰੇ ਕਮਰੇ ਵਿਚ...ਲੜਖੜਾਉਂਦਾ...ਡੱਕੋ ਡੋਲੇ ਖਾਂਦਾ...। ਇਹੀ ਤਾਂ ਸੁਹਾਗ ਰਾਤ ਸੀ! ਮੇਰੇ ਸਬਰਾਂ ਦੇ ਬੰਨ੍ਹ ਟੁੱਟ ਗਏ। ਮੈਂ ਨਾ ਰੁਕ ਸਕੀ। ਉੱਠ ਕੇ ਤੈਨੂੰ ਕਲਾਵੇ ਵਿਚ ਕੱਸ ਲਿਆ...। ਪਰ ਤੇਰਾ ਕਲਾਵਾ ਢਿੱਲਾ ਪੈ ਗਿਆ। ਤੂੰ ਦਾਰੂ ਨਾਲ ਬੇਹੋਸ਼ ਡਿੱਗੂੰ ਡਿੱਗੂੰ ਕਰਦਾ ਮੇਰੀਆਂ ਬਾਂਹਾਂ ਵਿਚ ਡਿੱਗ ਪਿਆ। ਗੇਲਣੀ ਜਿਹਾ ਤੇਰਾ ਸਰੀਰ ਮੈਂ ਨਾ ਸਾਂਭ ਸਕੀ। ਸਹਾਰਾ ਦੇ ਕੇ ਮੰਜੇ 'ਤੇ ਪਾ ਦਿੱਤਾ। ਹਾਏ ਰੱਬਾ! ਇਹ ਕੀ? ਤੂੰ ਕੈਆਂ ਕਰਨ ਲੱਗਾ, ਉਲਟੀਆਂ ਕਰਨ ਲੱਗਾ। ਮੈਂ ਸਾਰੀ ਰਾਤ ਤੇਰੀ ਸੇਵਾ ਕਰਦੀ ਰਹੀ, ਤੈਨੂੰ ਸਾਂਭਦੀ ਰਹੀ ਤੇ ਤੂੰ ਮਦਹੋਸ਼ ਪਿਆ ਰਿਹਾ। ਮੈਂ ਸਾਰੀ ਰਾਤ ਤੇਰੇ ਨਾਲ ਪਈ ਅੱਗ ਦੇ ਤੰਦੂਰ ਵਾਂਗ ਬਿਨ ਬਾਲਣ ਮੱਚਦੀ ਰਹੀ। ਤੂੰ ਅੱਖਾਂ ਨਾ ਖੋਲ੍ਹੀਆਂ... ਤੇਰੇ ਸਰੀਰ ਨੇ ਕੋਈ ਹਰਕਤ ਨਾ ਕੀਤੀ। ਕੁੱਕੜ ਨੇ ਬਾਂਗ ਦਿੱਤੀ... ਮੈਂ ਤੈਨੂੰ ਹਿਲਾਇਆ... ਤੇਰੀ ਦਾਰੂ ਉਤਰੀ ... ਤੂੰ ਅੱਭੜਵਾਹ ਉੱਠਿਆ ਸੋਮਨ ਹੋਇਆ। ਮੈਂ ਤੇਰੇ ਨਾਲ ਲਿਪਟ ਗਈ। ਦਰਵਾਜ਼ਾ ਖੜਕਿਆ। ਬਾਹਰੋਂ ਮਾਂ ਜੀ ਨੇ ਆਵਾਜ਼ ਮਾਰੀ। ਮੈਂ ਸਿਰ 'ਤੇ ਦੁਪੱਟਾ ਕਲੰਜਦੀ ਦਰਵਾਜ਼ਾ ਖੋਲ੍ਹਿਆ। ਮਾਂਜੀ ਨੇ ਮੇਰੀਆਂ ਅੱਖਾਂ ਵਿਚੋਂ ਝਾਕਿਆ। ਮੇਰੀਆਂ ਅੱਖਾਂ ਬੇਮਤਲਬ ਨੀਵੀਆਂ ਪੈ ਗਈਆਂ।

ਮਾਂ ਜੀ ਦੀਆਂ ਅੱਖਾਂ ਵਿਚ ਤਸੱਲੀ ਸੀ। ਉਸ ਨੇ ਸਰਹਾਂਦੀ ਵੇਖਿਆ...। ਦੁੱਧ ਦੀ ਗੜਵੀ ਖਾਲੀ ਸੀ..ਰਾਤ ਖੌਰੇ ਬਿੱਲੀ ਪੀ ਗਈ! ਖਾਲੀ ਗੜਵੀ ਚੁੱਕ ਕੇ ਉਹ ਪੁੱਤਰ ਵੱਲ ਹੋਈ...ਉਹ ਉਸ ਦੇ ਪ੍ਰਤੀਕਰਮ ਜਾਣਨਾ ਚਾਹੁੰਦੀ ਸੀ, ਪਰ ਉਹ ਅੱਧ ਸੁਰਤ ਅਰਧ ਉਣੀਂਦਾ ਟਿਕਿਆ ਰਿਹਾ। ਮਾਂ ਜੀ ਨੇ ਉਸ ਦਾ ਮੱਥਾ ਚੁੰਮਿਆ ਜਿਵੇਂ ਸ਼ਾਬਾਸ਼ ਦਿੱਤੀ ਹੋਵੇ।

'ਉੱਠ ਮੇਰਾ ਪੁੱਤ। ਉੱਠ ਕੇ ਮੂੰਹ 'ਤੇ ਛਿੱਟੇ ਮਾਰ ਕੁਝ ਸੁਰਤ ਆਵੇ ਸੂ...'। ਉਹ ਖਾਲੀ ਗੜਵੀ ਲੈ ਕੇ ਬਾਹਰ ਨਿਕਲ ਗਈ।

ਮੈਂ ਵਾਰ ਵਾਰ ਹਿਲਾਇਆ... ਤੂੰ ਅੱਖਾਂ ਖੋਲ੍ਹੀਆਂ... ਸਵੇਰ ਦੇ ਸੱਤ ਵੱਜੇ ਸਨ। ਤੂੰ ਇਕਦਮ ਉੱਠਿਆ ਤੇ ਤਿਆਰੀ ਕਰਨ ਲੱਗਾ।

'ਹਮਾਰਾ ਸਾਹਿਬ ਬੋਲਤਾ ਥਾ ਕੱਲ੍ਹ ਜਲਦੀ ਆ ਜਾਣਾ। ਲੇਟ ਹੋ ਗਿਆ ਤਾਂ ਪਿੱਠੂ ਲਗਾ ਦੂੰ।' ਤੂੰ ਚਲਾ ਗਿਆ। ਮੈਂ ਕਿੰਨੀ ਦੂਰ ਤਕ ਤੇਰਾ ਪਿੱਛਾ ਵੇਖਦੀ ਰਹੀ। ਇਹ ਮਜਬੂਰੀ ਸੀ ਪਤਾ ਨਹੀਂ ਪੈਸੇ ਦੀ? ਡਿਊਟੀ ਦੀ, ਤੇਰੀ ਜਾਂ ਮੇਰੀ? ਕਿਸੇ ਦੀ ਵੀ ਹੋਵੇ। ਇਹ ਮੇਰੀ ਮਜਬੂਰੀ ਨਹੀਂ ਸੀ। ਮੇਰਾ ਵੱਸ ਚੱਲਦਾ ਤਾਂ ਮੈਂ ਤੈਨੂੰ ਇਸ ਹਜ਼ਾਰ-ਬਾਰਾਂ ਸੌ ਦੀ ਨੌਕਰੀ ਬਦਲੇ ਕਦੇ ਵੀ ਦੂਰ ਨਾ ਜਾਣ ਦਿੰਦੀ, ਜੇ ਤੂੰ ਵਲਾਇਤ ਗਿਆ ਹੁੰਦਾ ਜਾਂ ਅਮਰੀਕਾ ਗਿਆ ਹੁੰਦਾ ਤਾਂ ਮੈਂ ਵੀ ਹੋਰਨਾ ਹਜ਼ਾਰਾਂ ਕਰਮਾਂ ਮਾਰੀਆਂ ਵਾਂਗ ਸਬਰ ਦਾ ਘੁੱਟ ਭਰ ਲੈਂਦੀ। ਜਿਨ੍ਹਾਂ ਦੇ ਖਾਵੰਦ ਚਾਰ ਲਾਵਾਂ ਲੈ ਕੇ ਫਿਰ ਪ੍ਰਦੇਸ ਚਲੇ ਜਾਂਦੇ ਨੇ ਪੇਟ ਦੀ ਖ਼ਾਤਰ। ਉਹ ਆਪਣੇ ਸੁਹਾਗ ਨੂੰ ਜਹਾਜ਼ 'ਤੇ ਚੜ੍ਹਾ ਕੇ ਕਿੰਨੀਆਂ ਖ਼ੁਸ਼ ਹੁੰਦੀਆਂ ਨੇ... ਉਹ ਜਹਾਜ਼ ਹੈ ਜਾਂ ਸੂਲੀ? ਕੀ ਕੋਈ ਔਰਤ ਆਪਣੇ ਸੁਹਾਗ ਨੂੰ ਆਪ ਸੂਲੀ ਚੜ੍ਹਾਉਂਦੀ ਹੈ? ਤੇ ਫਿਰ ਸਾਰੀ ਉਮਰ ਉਹ ਕਾਂ ਉਡਾਉਂਦੀਆਂ ਫਿਰਦੀਆਂ ਜਹਾਜ਼ ਉਡੀਕਦੀਆਂ ਨੇ। ਨੀਂਗਰ ਚੰਦ ਜੀ ਆਪ ਆਉਣ ਦੀ ਥਾਂ ਡਾਲਰ ਪੈਸੇ ਭੇਜਦੇ ਨੇ। ਭੱਠ ਝੋਕਦੀਆਂ ਤ੍ਰੀਮਤਾਂ ਪੈਸੇ ਦੇਖ ਕੇ ਲੱਟੂ ਹੋ ਜਾਂਦੀਆਂ ਨੇ। ਆਪਣੇ ਤ੍ਰੀਮਤਪਨ ਤਿਆਗ ਕੇ ਮਸ਼ੀਨਾਂ ਬਣ ਜਾਂਦੀਆਂ ਨੇ। ਹੱਡ ਮਾਸ ਦੀਆਂ ਮਸ਼ੀਨਾਂ। ਉਹ ਜ਼ਮੀਨਾਂ ਖ਼ਰੀਦਦੀਆਂ ਨੇ, ਕੋਠੀਆਂ ਬਣਾਉਂਦੀਆਂ ਨੇ ਆਪਣੇ ਆਪ ਨੂੰ ਕੈਦ ਕਰਨ ਲਈ ਸੱਧਰਾਂ ਫੇਰ ਲੈਂਦੀਆਂ ਨੇ... ਸਰੀਰਕ ਭੁੱਖ ਮਾਰ ਲੈਂਦੀਆਂ ਨੇ... ਪੈਸੇ ਦੀ ਛਾਂ ਥੱਲੇ। ਜਾਂ ਆਸੇ-ਪਾਸੇ ਬਿਗਾਨੀ ਖੁਰਲੀ ਮੂੰਹ ਮਾਰਦੀਆਂ ਨੇ। ਮੈਂ ਏਦਾਂ ਨਹੀਂ ਕਰਾਂਗੀ...ਮੈਂ ਇਸ ਵਾਰ ਤੈਨੂੰ ਜਾਣ ਨਹੀਂ ਦੇਣਾ। ਨਹੀਓਂ...ਜਾਣ-ਦੇਣਾ। ਭੱਠ 'ਚ ਪਵੇ ਤੇਰੀ ਨੌਕਰੀ ...ਚੁੱਲ੍ਹੇ 'ਚ ਪੈਣ ਤੇਰੇ ਐਹੋ ਜਿਹੇ ਨੋਟ...।

ਹੈਂ ਗਾਮਿਆ! ਤੇਰੇ ਨਾਲੋਂ ਤਾਂ ਤੇਰੀ ਫ਼ੋਟੋ ਹੀ ਚੰਗੀ ਹੈ, ਜਿਸ ਨਾਲ ਮੈਂ ਕਦੇ ਦੁੱਖ-ਸੁੱਖ ਫੋਲ ਕੇ ਦਿਲ ਦਾ ਭਾਰ ਹੌਲਾ ਕਰ ਲੈਂਦੀ ਹਾਂ, ਪਰ ਤੂੰ ਤਾਂ ਉਸ ਦਿਨ ਮੇਰੀ ਇਕ ਵੀ ਨਾ ਸੁਣੀ। ਮੇਰੀ ਬੰਦ ਪਈ ਕਿਤਾਬ ਫੋਲ ਕੇ ਦੇਖਦਾ ਤਾਂ ਇਸ ਵਿਚ ਕਿੰਨੇ ਨਾਵਲ ਕਹਾਣੀਆਂ ਸਮਾਈਆਂ ਪਈਆਂ ਨੇ।

ਤੇ ਫਿਰ ਤੇਰੇ ਜਾਣ ਬਾਅਦ ਚਿੱਠੀ ਦੀ ਉਡੀਕ ਸ਼ੁਰੂ ਹੋ ਗਈ। ਇਸੇ ਤਰ੍ਹਾਂ ਹੀ ਤੇਰੀਆਂ ਚਿੱਠੀਆਂ ਆਉਂਦੀਆਂ ਰਹੀਆਂ। ਅੱਜ ਫਿਰ ਤੇਰੀ ਚਿੱਠੀ ਆਈ ਹੈ... ਬਿਲਕੁਲ ਫੋਕੀ ... ਨਿਰਮੋਹੀ ... ਫਿਰ ਉਹ ਹੀ ਰਟ ਲਗਾਈ ਹੈ... ਮੈਂ ਜਲਦੀ ਆ ਰਿਹਾ ਹਾਂ।

ਹੂੰ... ਹੂੰ... ਬੇਫ਼ਿਕਰ ਬੁਜ਼ਦਿਲ! ਉਸ ਦਿਨ ਕੀ ਕਰ ਲਿਆ ਆ ਕੇ ਤੇ ਹੁਣ ਆ ਕੇ ਕੀ ਚੁਬਾਰਾ ਢਾਹ ਲਵੇਂਗਾ? ਹੁਣ ਵੀ ਆ ਜਾਈਂ ਡੱਫ ਕੇ ਤੇ ਰਾਤ ਮਰੇ ਸੱਪ ਵਾਂਗ ਪਿਆ ਰਹੀਂ ਤੇ ਸਵੇਰੇ ਉੱਠ ਕੇ ਚਲਾ ਜਾਈਂ ਆਪਣੀ ਸਾਬ੍ਹਣੀ ਕੋਲ। ਮੈਂ ਤੇਰੇ ਫੋਕੇ ਲਾਰਿਆਂ ਨਾਲ ਰੇਤਲੀਆਂ ਕੰਧਾਂ ਨੂੰ ਕਿਵੇਂ ਢਾਰਸ ਦੇਈ ਜਾਵਾਂ? ਆਪਣੀ ਮਾਂ ਦੀ ਹੀ ਗੱਲ ਸੁਣ ਲੈ। ਇਕ ਦਿਨ ਕਹਿਣ ਲੱਗੀ ''ਕੁੜੇ ਕਦੇ ਖੁੱਲ੍ਹ ਕੇ ਵੀ ਬੋਲਿਆ ਕਰ, ਹਰ ਵੇਲੇ ਗਿੱਲੇ ਗੋਹੇ ਵਾਂਗ ਧੁਖਦੀ ਰਹਿੰਦੀ ਏਂ। ਏਸੇ ਹਾਲ ਵਿਚ ਆਪਣਾ ਸਰੀਰ ਬਾਲਣ ਕਰ ਲਿਆ ਈ। ਦੋ ਸਾਲ ਹੋ ਗਏ ਅਜੇ ਓਵੇਂ ਦੀ ਓਵੇਂ ਹੀ।' ਉਸ ਦੀ ਇਹ 'ਓਵੇਂ ਦੀ ਓਵੇਂ'। ਮੈਨੂੰ ਦੁਨਾਲੀ ਵਾਂਗ ਵੱਜੀ ਹੈ। ਤੇਰੇ ਬਿਨਾਂ ਓਵੇਂ ਦੀ ਓਵੇਂ ਹੀ ਰਹਿਣਾ ਏ 'ਜਿਵੇਂ' ਕਿੰਦਾਂ ਹੋ ਜਾਊਂ? ਕੱਲ੍ਹ ਮਾਂ ਜੀ ਕਹਿੰਦੀ 'ਪਥੇਰਾਂ ਵਾਲੇ ਬਾਬੇ ਕੋਲੋਂ ਲਾਚੀਆਂ ਲਿਆ ਕੇ ਖਾਹ... ਕੀ ਇਕੱਲੀਆਂ ਲਾਚੀਆਂ 'ਓਵੇਂ' ਦਾ 'ਜਿਵੇਂ' ਕਰ ਦੇਣਗੀਆਂ? ਕੀ ਮੈਂ ਉਸ ਲਈ ਕੋਈ 'ਵਾ ਅੰਡਾ' ਦੇ ਦਿਆਂ? ਜਾਂ ਮੈਂ ਕੋਈ ਪਵਨ ਸੁਤ ਹਨੂੰਮਾਨ ਜੰਮ ਧਰਾਂ? ਜਾਂ ਕੀ ਮੈਂ ਵੀ 'ਓਵੇਂ' ਦਾ 'ਜਿਵੇਂ' ਕਰਨ ਲਈ ਹੋਰਨਾਂ ਕਈਆਂ ਸਿੱਧੀਆਂ ਸਾਧੀਆਂ ਅਬਲਾਵਾਂ ਵਾਂਗ ਪਥੇਰਾਂ ਵਾਲੇ ਸਾਧ (ਸਾਨ੍ਹ) ਦੀਆਂ ਚੌਕੀਆਂ ਭਰਾਂ ਸੱਤ ਰਾਤਾਂ? ਕੀ ਬੁੱਲ੍ਹਾਂ ਨੂੰ ਵੱਜਣ ਤੋਂ ਬਿਨਾਂ ਮੁਰਲੀ ਵੱਜ ਸਕਦੀ ਹੈ? ਨਹੀਂ! ਨਹੀਂ! ਇਹ ਹਰਗਿਜ਼ ਨਹੀਂ ਹੋ ਸਕਦਾ...।

ਤੇਰੀ ਫਿਰ ਚਿੱਠੀ ਆਈ ਸੀ...। 'ਮੈਂ ਜਲਦੀ ਆ ਜਾਵਾਂਗਾ ਨਾਵਾਂ ਕਟਾ ਕੇ... ਜਾਂ ਤੈਨੂੰ ਵੀ ਨਾਲ ਲੈ ਜਾਵਾਂਗਾ। ਸਾਹਿਬ ਨੇ ਬੋਲਾ ਥਾ ਤੀਵੀਂ ਨੂੰ ਵੀ ਨਾਲ ਲੈ ਆ। ਮੈਂ ਜ਼ਰੂਰ ਆਵਾਂਗਾ...ਭਾਵੇਂ ਕੁਝ

(ਬਾਕੀ ਸਫਾ 28 'ਤੇ)

# ਅੰਗਰੇਜ਼ੀ ਦਾ ਵਿਦਵਾਨ ਡਾ. ਰਾਜੇਸ਼ ਕੁਮਾਰ ਪੱਲਣ ਪੰਜਾਬੀ 'ਚ ਵੀ ਵਧੀਆ ਲਿਖਦੈ

ਅੰਗਰੇਜ਼ੀ ਦੇ ਬਹੁਤੇ ਵਿਦਵਾਨ ਅੰਗਰੇਜ਼ੀ ਵਿਚ ਹੀ ਲਿਖਣਾ ਪਸੰਦ ਕਰਦੇ ਹਨ ਅਤੇ ਕੋਈ ਵਿਰਲਾ-ਟਾਵਾਂ ਹੀ ਪੰਜਾਬੀ ਵਿਚ ਲਿਖਦਾ ਹੈ। ਪੰਜਾਬੀ ਵਿਚ ਲਿਖਣ ਵਾਲੇ ਅਜਿਹੇ ਵਿਦਵਾਨ ਉਂਗਲਾਂ 'ਤੇ ਹੀ ਗਿਣੇ ਜਾ ਸਕਦੇ ਹਨ। ਇਨ੍ਹਾਂ ਵਿਚ ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਪ੍ਰੋ. ਪੂਰਨ ਸਿੰਘ, ਡਾ. ਤੇਜਵੰਤ ਸਿੰਘ ਗਿੱਲ, ਪ੍ਰੋ. ਨਿਰੰਜਨ ਸਿੰਘ ਤਸਨੀਮ, ਆਦਿ ਦੇ ਨਾਂ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਹਿੰਦੀ ਦੇ ਕਈ ਵਿਦਵਾਨ ਵੀ ਪੰਜਾਬੀ ਵਿਚ ਬਹੁਤ ਵਧੀਆ ਲਿਖਦੇ ਹਨ। ਦਿੱਲੀ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਸਾਬਕਾ ਪ੍ਰੋਫੈਸਰ ਡਾ. ਹਰਿਭਜਨ ਸਿੰਘ ਪੰਜਾਬੀ ਦੇ ਪ੍ਰਮੁੱਖ ਕਵੀ ਹਨ। ਏਸੇ ਤਰ੍ਹਾਂ ਗੁਰੂ ਨਾਨਕ ਦੇਵ

**ਡਾ. ਸੁਖਦੇਵ ਸਿੰਘ ਝੰਡ**
**ਫੋਨ: 647-567-9128**

ਯੂਨੀਵਰਸਿਟੀ ਅੰਮ੍ਰਿਤਸਰ ਦੇ ਹਿੰਦੀ ਵਿਭਾਗ ਦੇ ਸਾਬਕਾ ਪ੍ਰੋਫ਼ੈਸਰ ਡਾ. ਹਰਮਹਿੰਦਰ ਸਿੰਘ ਬੇਦੀ ਵੀ ਪੰਜਾਬੀ ਵਿਚ ਵਧੀਆ ਲਿਖਦੇ ਹਨ। ਕਈ ਹੋਰ ਵੀ ਹੋਣਗੇ। ਇਨ੍ਹਾਂ ਸਭਨਾਂ ਨੇ ਆਪਣੀ ਮਾਂ-ਬੋਲੀ ਵਿਚ ਕਵਿਤਾਵਾਂ, ਕਹਾਣੀਆਂ, ਨਾਵਲ, ਨਿਬੰਧ ਅਤੇ ਆਲੋਚਨਾਤਮਕ ਲੇਖ ਲਿਖ ਕੇ ਵਡਮੁੱਲਾ ਯੋਗਦਾਨ ਪਾਇਆ ਹੈ।

ਅਜਿਹੇ ਹੀ ਅੰਗਰੇਜ਼ੀ ਦੇ ਵਿਦਵਾਨ ਲੇਖਕ ਡਾ. ਰਾਜੇਸ਼ ਕੁਮਾਰ ਪੱਲਣ ਪਿਛਲੇ ਦਿਨੀਂ ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ ਹੁਰਾਂ ਦੇ ਸੰਪਰਕ ਵਿਚ ਆਏ ਅਤੇ ਉਨ੍ਹਾਂ ਦੀ ਬਦੌਲਤ ਡਾ. ਪੱਲਣ ਦਾ ਮੇਰੇ ਨਾਲ ਮੇਲ ਹੋਇਆ। ਉਹ ਪੰਜਾਬ ਦੇ ਗੁਰੂ ਗੋਬਿੰਦ ਸਿੰਘ ਕਾਲਜ ਜੰਡਿਆਲਾ ਮੰਝਕੀ ਤੇ ਖਾਲਸਾ ਕਾਲਜ ਗੜ੍ਹਸ਼ੰਕਰ ਵਿਚ ਅੰਗਰੇਜ਼ੀ ਦਾ ਵਿਸ਼ਾ ਪੜ੍ਹਾਉਂਦੇ ਰਹੇ ਹਨ ਅਤੇ ਹੁਣ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਰਹਿ ਰਹੇ ਹਨ। ਕੁਝ ਦਿਨ ਪਹਿਲਾਂ ਉਨ੍ਹਾਂ ਨਾਲ ਗੱਲਬਾਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਦੇ ਬੋਲ-ਚਾਲ ਵਿਚ ਸਹਿਜ ਤੇ ਸਿਆਣਪ ਦੀ ਝਲਕ ਦਿਖਾਈ ਦਿੰਦੀ ਸੀ। ਬਚਪਨ, ਸਕੂਲ ਤੇ ਕਾਲਜ ਦੀ ਪੜ੍ਹਾਈ, ਕਾਲਜ ਦੀ ਨੌਕਰੀ, ਕਹਾਣੀਆਂ, ਕਵਿਤਾਵਾਂ ਤੇ ਲੇਖਾਂ ਦੀਆਂ ਛਪੀਆਂ ਪੁਸਤਕਾਂ, ਕੈਨੇਡਾ ਆਉਣ ਦਾ ਸਬੱਬ ਅਤੇ ਇੱਥੇ ਆ ਕੇ 'ਫਰੀਲਾਂਸ ਜਰਨਲਿਸਟ' ਦੇ ਤੌਰ 'ਤੇ ਵਿਚਰਨ ਵਰਗੇ ਬਹੁਤ ਸਾਰੇ ਪਹਿਲੂ ਚਰਚਾ ਦਾ ਵਿਸ਼ਾ ਬਣੇ। ਲੰਮੀ-ਚੌੜੀ ਇਸ ਗੱਲਬਾਤ ਨੂੰ ਇੱਥੇ ਸੀਮਿਤ ਜਿਹੇ ਆਰਟੀਕਲ ਵਿਚ ਸੰਕੋਚਣ ਦੀ ਕੋਸ਼ਿਸ਼ ਕੀਤੀ ਗਈ ਹੈ।

ਰਾਜੇਸ਼ ਕੁਮਾਰ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਜੰਡਿਆਲਾ ਮੰਜਕੀ ਵਿਚ ਪਿਤਾ ਸ੍ਰੀ ਮੇਘ ਰਾਜ ਅਤੇ ਮਾਤਾ ਸ੍ਰੀਮਤੀ ਬਿਮਲਾ ਦੇਵੀ ਦੇ ਘਰ 22 ਨਵੰਬਰ, 1957 ਨੂੰ ਹੋਇਆ। ਸਕੂਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ ਅਤੇ 1972 ਵਿਚ ਮੈਟ੍ਰਿਕ ਪਾਸ ਕਰ ਕੇ ਗੁਰੂ ਗੋਬਿੰਦ ਸਿੰਘ ਰੀਪਬਲਿਕ ਕਾਲਜ ਜੰਡਿਆਲਾ ਮੰਜਕੀ ਵਿਚ ਦਾਖਲਾ ਲਿਆ। ਅੰਗਰੇਜ਼ੀ, ਇਕਨਾਮਿਕਸ ਅਤੇ ਪੋਲਿਟੀਕਲ ਸਾਇੰਸ ਵਿਸ਼ਿਆਂ ਨਾਲ ਬੀ.ਏ. 1976 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਮੈਰਿਟ ਲਿਸਟ ਵਿਚ ਆਪਣਾ ਨਾਂ ਦਰਜ ਕਰਵਾ ਕੇ ਕੀਤੀ। ਕਾਲਜ ਵਿਚ ਹੋਏ ਸ਼ਾਨਦਾਰ ਸਮਾਗਮ ਵਿਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਦੇ ਹੱਥੋਂ ਕਾਲਜ ਦੇ ਬੈੱਸਟ-ਸਕਾਲਰ ਦਾ ਮੈਡਲ ਵੀ ਮਿਲਿਆ। ਇਸ ਦੌਰਾਨ ਉਨ੍ਹਾਂ ਦੀ ਅੰਗਰੇਜ਼ੀ ਸਾਹਿਤ ਵਿਚ ਰੁਚੀ ਬਣ ਗਈ। ਅੱਗੋਂ ਅੰਗਰੇਜ਼ੀ ਦੀ ਐੱਮ.ਏ. ਕਰਨ ਦਾ ਵਿਚਾਰ ਬਣ ਗਿਆ ਅਤੇ ਦੁਆਬਾ ਕਾਲਜ ਜਲੰਧਰ ਵਿਚ ਦਾਖ਼ਲਾ ਲੈ ਲਿਆ।

ਇਹ ਪੁੱਛਣ 'ਤੇ ਕਿ ਜਲੰਧਰ ਵਿਚ ਡੀ.ਏ.ਵੀ. ਕਾਲਜ ਦਾ ਵੀ ਬਹੁਤ ਵਧੀਆ ਵਿੱਦਿਅਕ ਪਿਛੋਕੜ ਰਿਹਾ ਹੈ ਤੇ ਇਹ ਹੁਣ ਵੀ ਹੈ, ਫਿਰ ਐੱਮ.ਏ. ਲਈ ਦੁਆਬਾ ਕਾਲਜ ਕਿਉਂ ਚੁਣਿਆ ਗਿਆ ਤਾਂ ਉਨ੍ਹਾਂ ਦਾ ਜੁਆਬ ਸੀ, "ਦੁਆਬਾ ਕਾਲਜ ਵਿਚ ਉਸ ਸਮੇਂ ਉਸ ਕਾਲਜ ਦੇ ਅੰਗਰੇਜ਼ੀ ਵਿਭਾਗ ਦੇ ਪ੍ਰੋ. ਡੀ.ਡੀ. ਬਿਬਰਾ ਦਾ ਨਾਂ ਬੜਾ ਮਸ਼ਹੂਰ ਸੀ। ਉਹ ਅੰਗਰੇਜ਼ੀ ਸਾਹਿਤ ਦੇ ਬੜੇ ਮੰਨੇ-ਪ੍ਰਮੰਨੇ ਵਿਦਵਾਨ ਤੇ ਹਰਮਨ-ਪਿਆਰੇ ਅਧਿਆਪਕ ਸਨ ਅਤੇ ਮੈਂ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਬੜਾ ਪ੍ਰਭਾਵਿਤ ਸੀ। ਮੈਰਿਟ ਵਿਚ ਆਉਣ ਕਰਕੇ ਮੈਨੂੰ ਦਾਖ਼ਲਾ ਡੀ.ਏ.ਵੀ. ਕਾਲਜ ਵਿਚ ਵੀ ਬੜੀ ਆਸਾਨੀ ਨਾਲ ਮਿਲ ਸਕਦਾ ਸੀ ਪਰ ਪ੍ਰੋ. ਬਿਬਰਾ ਦੀ ਮਿਕਨਾਤੀਸੀ ਸ਼ਖ਼ਸੀਅਤ ਮੈਨੂੰ ਦੁਆਬਾ ਕਾਲਜ ਖਿੱਚ ਕੇ ਲੈ ਗਈ। ਐੱਮ.ਏ. ਦੀ ਦੋ ਸਾਲਾਂ ਦੀ ਪੜ੍ਹਾਈ ਦੌਰਾਨ ਮੈਂ ਉਨ੍ਹਾਂ ਕੋਲੋਂ ਜੀਵਨ ਵਿਚ ਚੰਗਾ ਆਚਰਣ, ਉਚੇਰੀਆਂ ਇਨਸਾਨੀ ਕਦਰਾਂ-ਕੀਮਤਾਂ ਅਤੇ ਹੋਰ ਬਹੁਤ ਕੁਝ ਸਿੱਖਿਆ। ਗੁਰੂ ਗੋਬਿੰਦ ਸਿੰਘ ਕਾਲਜ ਜੰਡਿਆਲਾ ਮੰਜਕੀ ਵਿਚ ਪੜ੍ਹਦਿਆਂ ਮੈਨੂੰ ਅੰਗਰੇਜ਼ੀ ਵਿਚ ਛੋਟੀਆਂ-ਛੋਟੀਆਂ ਕਵਿਤਾਵਾਂ, ਕਹਾਣੀਆਂ ਅਤੇ ਲੇਖ ਲਿਖਣ ਦੀ ਚੇਟਕ ਲੱਗ ਗਈ। ਮੇਰੀ ਇਸ ਦਿਲਚਸਪੀ ਕਾਰਨ ਮੈਨੂੰ ਕਾਲਜ ਦੇ ਮੈਗ਼ਜ਼ੀਨ 'ਬਾਜ਼' ਦੇ ਅੰਗਰੇਜ਼ੀ ਸੈਕਸ਼ਨ ਦਾ ਵਿਦਿਆਰਥੀ-ਸੰਪਾਦਕ ਬਣਾ ਦਿੱਤਾ ਗਿਆ। ਕਵਿਤਾ, ਕਹਾਣੀ ਅਤੇ ਆਰਟੀਕਲ ਲਿਖਣ ਦੀ ਮੇਰੀ ਇਹ ਦਿਲਚਸਪੀ ਐੱਮ.ਏ. ਦੌਰਾਨ ਵੀ ਬਰਕਰਾਰ ਰਹੀ।


1978 ਵਿਚ ਐੱਮ.ਏ. ਕਰਨ ਤੋਂ ਬਾਅਦ ਰਾਜੇਸ਼ ਪੱਲਣ ਨੂੰ ਜਲਦੀ ਹੀ ਗੁਰੂ ਗੋਬਿੰਦ ਸਿੰਘ ਰੀਪਬਲਿਕ ਕਾਲਜ ਜੰਡਿਆਲਾ ਮੰਜਕੀ ਜਿੱਥੋਂ ਉਨ੍ਹਾਂ ਨੇ ਬੀ.ਏ. ਕੀਤੀ ਸੀ, ਵਿਚ ਕੁਝ ਸਮਾਂ ਪੜ੍ਹਾਉਣ ਦਾ ਵੀ ਮੌਕਾ ਮਿਲ ਗਿਆ ਪਰ ਇਹ ਸਿਲਸਿਲਾ ਬਹੁਤਾ ਚਿਰ ਨਾ ਚੱਲ ਸਕਿਆ, ਕਿਉਂਕਿ 1980 ਵਿਚ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਚ ਉਨ੍ਹਾਂ ਨੂੰ ਲੈਕਚਰਾਰ ਦੀ ਪੱਕੀ ਨੌਕਰੀ ਮਿਲ ਗਈ, ਜਿੱਥੇ 1996 ਤੱਕ ਉਨ੍ਹਾਂ ਨੇ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ। ਇਸ ਦੌਰਾਨ ਉਹ ਕਾਲਜ ਦੇ ਮੈਗ਼ਜ਼ੀਨ 'ਬੱਬਰ ਖ਼ਾਲਸਾ' ਦੇ ਅੰਗਰੇਜ਼ੀ ਸੈਕਸ਼ਨ ਦੇ ਸੰਪਾਦਕ ਰਹੇ। ਉਹ ਵਿਦਿਆਰਥੀਆਂ ਵਿਚ ਬੜੇ ਹਰਮਨ-ਪਿਆਰੇ ਸਨ ਅਤੇ ਵਿਦਿਆਰਥੀ ਉਨ੍ਹਾਂ ਦਾ ਬਹੁਤ ਮਾਣ-ਸਤਿਕਾਰ ਕਰਦੇ ਸਨ। ਇਸ ਮਾਣ-ਸਤਿਕਾਰ ਦਾ ਸਿਹਰਾ ਪ੍ਰੋ. ਪੱਲਣ ਦੁਆਬਾ ਕਾਲਜ ਜਲੰਧਰ ਦੇ ਆਪਣੇ ਸਤਿਕਾਰਯੋਗ ਪ੍ਰੋਫ਼ੈਸਰ ਡੀ.ਡੀ. ਬਿਬਰਾ ਦੇ ਸਿਰ ਬੰਨ੍ਹਦੇ ਹਨ ਜਿਨ੍ਹਾਂ ਕੋਲੋਂ ਉਨ੍ਹਾਂ ਨੇ ਉਚੇਰੀਆਂ ਇਨਸਾਨੀ ਕਦਰਾਂ-ਕੀਮਤਾਂ ਸਿੱਖੀਆਂ ਅਤੇ ਓਹੀ ਪਾਠ ਫਿਰ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਇਆ।

ਇਸ ਕਾਲਜ ਵਿਚ ਪੜ੍ਹਾਉਂਦਿਆਂ ਪ੍ਰੋ. ਪੱਲਣ ਨੇ ਅੰਗਰੇਜ਼ੀ ਸਾਹਿਤ ਵਿਚ ਪੀ.ਐੱਚ.ਡੀ. ਕਰਨ ਦਾ ਮਨ ਬਣਾਇਆ। 1984 ਵਿਚ ਜਦੋਂ ਪੰਜਾਬ ਵਿਚ ਮਾਹੌਲ ਬੜਾ ਖ਼ਰਾਬ ਚੱਲ ਰਿਹਾ ਸੀ, ਉਨ੍ਹਾਂ ਹਿਮਾਚਲ ਪ੍ਰਦੇਸ਼ ਦੀ ਸ਼ਿਮਲਾ ਯੂਨੀਵਰਸਿਟੀ ਵਿਚ ਇਸ ਮੰਤਵ ਲਈ ਰਜਿਸਟ੍ਰੇਸ਼ਨ ਕਰਵਾ ਲਈ। ਪੀ.ਐੱਚ.ਡੀ. ਲਈ ਖੋਜ ਦਾ ਟਾਪਿਕ ਉਨ੍ਹਾਂ ਨੇ "ਮਿੱਥਸ ਐਂਡ ਸਿੰਬਲਜ਼ ਇਨ ਰਾਜਾ ਰਾਓ, ਆਰ. ਕੇ. ਨਰਾਇਣ, ਮੁਲਕ ਰਾਜ ਅਨੰਦ ਐਂਡ ਸੁਧਿਨ ਘੋਸ਼" ਚੁਣਿਆ ਅਤੇ ਇਸ ਉਚੇਰੀ ਡਿਗਰੀ ਲਈ ਉਨ੍ਹਾਂ ਦੇ ਨਿਗਰਾਨ/ ਗਾਈਡ ਡਾ. ਸ਼ਿਆਮ ਅਸਨਾਨੀ ਸਨ। ਪੀ.ਐੱਚ.ਡੀ. ਲਈ ਕੀਤੀ ਗਈ ਆਪਣੀ ਖੋਜ ਬਾਰੇ ਉਨ੍ਹਾਂ ਦੱਸਿਆ ਕਿ ਚਾਰ ਨਾਵਲਕਾਰਾਂ ਦੇ ਨਾਵਲਾਂ ਦੇ ਅਧਿਐਨ ਨਾਲ ਉਨ੍ਹਾਂ ਦੇ ਥੀਸਿਸ ਦੇ ਕਾਫ਼ੀ ਲੰਮਾ ਹੋ ਜਾਣ ਦੀ ਸੰਭਾਵਨਾ ਸੀ। ਇਸ ਲਈ ਬਾਅਦ ਵਿਚ ਕੇਵਲ ਪਹਿਲੇ ਦੋ ਨਾਵਲਕਾਰਾਂ ਰਾਜਾ ਰਾਓ ਤੇ ਆਰ. ਕੇ ਨਰਾਇਣ ਨੂੰ ਹੀ ਖੋਜ-ਕਾਰਜ ਵਿਚ ਸ਼ਾਮਲ ਕੀਤਾ ਗਿਆ ਅਤੇ ਇਨ੍ਹਾਂ ਦੇ ਨਾਵਲਾਂ ਵਿਚ ਆਈਆਂ ਮਿੱਥਾਂ ਤੇ ਪ੍ਰਤੀਕਾਂ ਦਾ ਡੂੰਘਾਈ ਨਾਲ ਅਧਿਐਨ ਕੀਤਾ ਗਿਆ।

ਪਾਰਟ-ਟਾਈਮ ਖੋਜਾਰਥੀ ਹੋਣ ਦੇ ਨਾਤੇ ਉਨ੍ਹਾਂ ਕੋਲ ਇਸ ਵਿਸ਼ੇ 'ਤੇ ਖੋਜ ਕਰ ਕੇ ਥੀਸਿਸ ਸਬਮਿਟ ਕਰਨ ਲਈ ਭਾਵੇਂ ਪੰਜ ਸਾਲ ਦਾ ਸਮਾਂ ਸੀ ਪਰ ਉਨ੍ਹਾਂ ਨੇ 13 ਮਹੀਨਿਆਂ ਵਿਚ ਹੀ ਖੋਜ-ਕਾਰਜ ਨੂੰ ਪੂਰਾ ਕਰ ਲਿਆ ਅਤੇ ਯੂਨੀਵਰਸਿਟੀ ਅਧਿਕਾਰੀਆਂ ਕੋਲੋਂ ਆਪਣਾ ਥੀਸਿਸ ਨਿਰਧਾਰਿਤ ਕੀਤੇ ਗਏ ਤਿੰਨ ਸਾਲ ਦੇ ਸਮੇਂ ਤੋਂ ਪਹਿਲਾਂ ਜਮ੍ਹਾਂ ਕਰਾਉਣ ਦੀ ਆਗਿਆ ਮੰਗੀ ਜਿਸ ਲਈ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਨਾਂਹ ਹੋ ਗਈ। ਹਿਮਾਚਲ ਪ੍ਰਦੇਸ਼ ਦੇ ਤਤਕਾਲੀ ਮੁੱਖ-ਮੰਤਰੀ ਵੀਰ ਭੱਦਰ ਸਿੰਘ ਦੇ ਚੀਫ਼ ਸੈਕਟਰੀ ਐੱਮ. ਕੇ. ਕਾਓ ਜਿਸ ਨੇ ਖ਼ੁਦ ਪਹਿਲਾਂ ਉਨ੍ਹਾਂ ਦਾ ਥੀਸਿਸ ਪੜ੍ਹਿਆ ਅਤੇ ਫਿਰ ਉਸ ਦੇ ਵੱਲੋਂ ਕੀਤੀ ਗਈ ਸਿਫ਼ਾਰਿਸ਼ 'ਤੇ ਯੂਨੀਵਰਸਿਟੀ ਦੀ ਐਗਜ਼ੈਕਟਿਵ ਕੌਂਸਲ ਵੱਲੋਂ ਉਨ੍ਹਾਂ ਨੂੰ ਆਪਣਾ ਥੀਸਿਸ ਸਮੇਂ ਤੋਂ ਪਹਿਲਾਂ ਦੋ ਸਾਲ ਬਾਅਦ ਹੀ ਸਬਮਿਟ ਕਰਾਉਣ ਦੀ ਆਗਿਆ ਮਿਲ ਗਈ। ਉਪਰੰਤ, ਦੋ ਸਵਦੇਸ਼ੀ ਅਤੇ ਇਕ ਵਿਦੇਸ਼ੀ ਪ੍ਰੀਖਿਅਕ ਵੱਲੋਂ ਥੀਸਿਸ ਪਾਸ ਹੋਣ ਤੋਂ ਬਾਅਦ ਉਨ੍ਹਾਂ ਦਾ 'ਵਾਈਵਾ' ਹੋਣ ਪਿੱਛੋਂ ਪੌਣੇ ਤਿੰਨ ਸਾਲ ਵਿਚ ਹੀ ਪੀ.ਐੱਚ.ਡੀ. ਦੀ ਡਿਗਰੀ ਮਿਲ ਗਈ।

ਇੱਥੋਂ ਡਾ. ਪੱਲਣ ਦੀ ਆਪਣੇ ਖੋਜ-ਵਿਸ਼ੇ ਦੀ ਪਕੜ, ਸਖ਼ਤ ਮਿਹਨਤ ਅਤੇ ਲਗਨ ਦਾ ਸਹਿਜੇ ਹੀ ਅੰਦਾਜ਼ਾ ਹੋ ਜਾਂਦਾ ਹੈ।

ਡਾ. ਪੱਲਣ ਦਾ ਪ੍ਰਮਾਤਮਾ ਦੀ ਹੋਂਦ ਅਤੇ ਧਰਮ ਵਿਚ ਅਟੁੱਟ ਵਿਸ਼ਵਾਸ ਹੈ। ਖ਼ਾਲਸਾ ਕਾਲਜਾਂ ਵਿਚ ਪੜ੍ਹਨ ਅਤੇ ਪੜ੍ਹਾਉਣ ਦੇ ਕਾਰਨ ਸਿੱਖ ਧਰਮ ਦੇ ਅਧਿਐਨ ਵਿਚ ਉਨ੍ਹਾਂ ਦੀ ਡੂੰਘੀ ਦਿਲਚਸਪੀ



ਬਣ ਗਈ। ਦੋ-ਢਾਈ ਘੰਟੇ ਹੋਈ ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਗੁਰਬਾਣੀ ਤੋਂ ਸੇਧ ਲੈ ਕੇ ਕਿਵੇਂ ਉਨ੍ਹਾਂ ਨੇ ਆਪਣੇ ਜੀਵਨ ਨੂੰ ਪੰਜਾਬੀ ਦੇ ਪ੍ਰਸਿੱਧ ਲੇਖਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਵਿਚਾਰ "ਸਾਂਵੀਂ ਪੱਧਰੀ ਜ਼ਿੰਦਗੀ" ਅਨੁਸਾਰ ਢਾਲਿਆ। ਹਉਮੈ ਨੂੰ ਉਹ ਭਿਆਨਕ ਬੀਮਾਰੀ ਮੰਨਦੇ ਹਨ ਅਤੇ ਲੱਗਦੀ ਵਾਹੇ ਆਪਣੇ ਆਪ ਨੂੰ ਇਸ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਇਸ ਬਾਰੇ ਗੱਲ ਕਰਦਿਆਂ ਉਨ੍ਹਾਂ ਗੁਰਬਾਣੀ ਦੀ ਇਸ ਪੰਕਤੀ ਦਾ ਹਵਾਲਾ ਦਿੱਤਾ:

"ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸ ਮਾਹਿ।
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਸਮਾਹਿ।।"
(ਆਸਾ ਦੀ ਵਾਰ, ਮਹਲਾ ਦੂਜਾ)

ਗੁਰੂ ਗੋਬਿੰਦ ਸਿੰਘ ਜੀ ਰਚਿਤ ਬਾਣੀ 'ਜਾਪ ਸਾਹਿਬ' ਦੀ ਪੰਕਤੀ :

"ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।।" (ਜਾਪ ਸਾਹਿਬ)

ਦਾ ਹਵਾਲਾ ਦਿੰਦਿਆਂ ਉਨ੍ਹਾਂ ਅੰਗਰੇਜ਼ੀ ਦੇ ਪ੍ਰਸਿੱਧ ਕਵੀ ਪੀ.ਬੀ. ਸ਼ੈਲੀ ਦੀ ਕਵਿਤਾ ਦੀ ਹੇਠ ਲਿਖੀ ਸਤਰ:

"The One remains, the many change and pass;
Heaven's light forever shines, Earth's shadows fly;
Life, like a dome of many-coloured glass ..."
(P. B. Shelley)

ਦੀ ਬੜੀ ਵਧੀਆ ਉਦਾਹਰਨ ਦਿੱਤੀ ਜੋ 'ਜਾਪ ਸਾਹਿਬ' ਦੀ ਉਪਰੋਕਤ ਸਤਰ ਨਾਲ ਬੜੀ ਮੇਲ ਖਾਂਦੀ ਜਾਪਦੀ ਹੈ ਅਤੇ ਇਸ ਸੰਸਾਰ ਵਿਚ ਅਨੇਕਾਂ ਪ੍ਰਕਾਰ ਦੀ ਅਨੇਕਤਾ ਅਤੇ ਪ੍ਰਮਾਤਮਾ ਦੇ ਇਕ ਹੋਣ ਦੀ ਬੜੇ ਖ਼ੂਬਸੂਰਤ ਢੰਗ ਨਾਲ ਤਰਜਮਾਨੀ ਕਰਦੀ ਹੈ। ਪ੍ਰੋ. ਪੱਲਣ ਨੇ ਦੱਸਿਆ ਕਿ ਉਨ੍ਹਾਂ ਨੇ ਹਿੰਦੂ ਧਰਮ ਗ੍ਰੰਥਾਂ ਦੇ ਨਾਲ ਨਾਲ ਬੁੱਧ ਧਰਮ ਅਤੇ ਜੈਨ ਧਰਮ ਦਾ ਵੀ ਕਾਫ਼ੀ ਅਧਿਐਨ ਕੀਤਾ ਹੈ। ਇਸਲਾਮ ਧਰਮ ਦਾ ਗ੍ਰੰਥ ਪਵਿੱਤਰ 'ਕੁਰਾਨ ਸ਼ਰੀਫ਼' ਵੀ ਉਨ੍ਹਾਂ ਦੇ ਘਰੇਲੂ ਪੁਸਤਕ-ਭੰਡਾਰ ਵਿਚ ਸ਼ਾਮਲ ਹੈ, ਜਿਸ ਵਿਚੋਂ ਗਾਹੇ-ਬਗਾਹੇ ਉਹ ਕਈ ਆਇਤਾਂ ਦਾ ਮੁਤਾਲਿਆ ਕਰਦੇ ਰਹਿੰਦੇ ਹਨ ਅਤੇ ਉਨ੍ਹਾਂ ਦਾ ਦੂਸਰੇ ਧਰਮ ਗ੍ਰੰਥਾਂ ਦੀਆਂ ਸਤਰਾਂ ਨਾਲ ਮੁਕਾਬਲਾ ਕਰਦੇ ਰਹਿੰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਉਨ੍ਹਾਂ ਧਰਮ, ਰਾਜਨੀਤੀ ਅਤੇ ਸੈਕਸ ਦੇ ਬਾਰੇ ਕਦੇ ਕੁਝ ਨਹੀਂ ਲਿਖਿਆ, ਕਿਉਂਕਿ ਉਨ੍ਹਾਂ ਅਨੁਸਾਰ ਇਹ ਤਿੰਨੇ ਵਿਸ਼ੇ ਬੜੇ ਪੇਚੀਦਾ, ਗੁੰਝਲਦਾਰ ਅਤੇ ਤਕਰਾਰ ਭਰਪੂਰ ਹਨ।

ਕੈਨੇਡਾ ਵਿਚ ਆਉਣ ਬਾਰੇ ਪੁੱਛਣ 'ਤੇ ਡਾ. ਪੱਲਣ ਨੇ ਦੱਸਿਆ ਕਿ ਕੈਨੇਡਾ ਸਰਕਾਰ ਦੇ 'ਡੀਪਾਰਟਮੈਂਟ ਆਫ਼ ਐਕਸਟਰਨਲ ਅਫ਼ੇਅਰਜ਼, ਕੈਨੇਡਾ' ਵੱਲੋਂ ਮਿਲੀ 'ਪੋਸਟ-ਡਾਕਟਰਲ ਫੈਲੋਸ਼ਿਪ' ਲੈ ਕੇ ਉਹ 1989 ਵਿਚ ਕੈਨੇਡਾ ਆਏ ਅਤੇ ਯੂਨੀਵਰਸਿਟੀ ਆਫ਼ ਟੋਰਾਂਟੋ ਤੇ ਯੌਰਕ ਯੂਨੀਵਰਸਿਟੀ ਵਿਚ 1991 ਤੱਕ ਦੋ ਸਾਲ ਡੱਟ ਕੇ ਖੋਜ-ਕਾਰਜ ਕੀਤਾ। ਇਸ ਦੌਰਾਨ ਵਿਦਵਾਨ ਪ੍ਰੋਫ਼ੈਸਰਾਂ ਫਰੈਂਕ ਡੇਵੀ ਤੇ ਨੌਰਥਰੋਪ ਫਰਾਈ ਦੇ ਨਿੱਘੇ ਸਾਥ ਵਿਚ ਵਿਚਰਦਿਆਂ ਕਈ ਵਿੱਦਿਅਕ ਕਾਨਫ਼ਰੰਸਾਂ ਤੇ ਸੈਮੀਨਾਰਾਂ ਵਿਚ ਭਾਗ ਲਿਆ ਅਤੇ ਇੱਥੋਂ ਦੇ ਅਕਾਦਮਿਕ ਹਲਕਿਆਂ ਵਿਚ ਆਪਣੀ ਪਛਾਣ ਬਣਾਈ। ਪ੍ਰੋ. ਨੌਰਥਰੋਪ ਫਰਾਈ ਨੇ ਉਨ੍ਹਾਂ ਦੇ ਪੀ.ਐੱਚ.ਡੀ. ਥੀਸਿਸ ਨੂੰ ਡੂੰਘਾਈ ਨਾਲ ਵਾਚਿਆ ਅਤੇ ਇਸ ਦੀ ਕਾਫ਼ੀ ਸ਼ਲਾਘਾ ਕੀਤੀ। ਉਨ੍ਹਾਂ ਨੇ ਯੌਰਕ ਯੂਨੀਵਰਸਿਟੀ ਵਿਚ ਇਸ 'ਤੇ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਅਤੇ ਵਿਦਿਆਰਥੀਆਂ ਨੂੰ ਇਸ ਵਿਚ ਡਾ. ਪੱਲਣ ਵੱਲੋਂ ਅਧਿਐਨ ਕੀਤੀਆਂ ਗਈਆਂ ਭਾਰਤੀ ਅਤੇ ਯੂਨਾਨੀ ਮਿੱਥਾਂ ਅਤੇ ਪ੍ਰਤੀਕਾਂ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ।

ਅਪ੍ਰੈਲ 1996 ਤੋਂ ਮਾਰਚ 1998 ਦੌਰਾਨ ਟੋਰਾਂਟੋ ਏਰੀਏ ਦੇ ਹੰਬਰ ਕਾਲਜ ਵਿਚ ਦੋ ਸਾਲ ਦਾ ਪੋਸਟ-ਗਰੈਜੂਏਟ 'ਡਿਪਲੋਮਾ ਇਨ ਜਰਨਲਿਜ਼ਮ' ਰੈਗੂਲਰ ਪੜ੍ਹਾਈ ਕਰ ਕੇ ਪ੍ਰਾਪਤ ਕੀਤਾ ਅਤੇ ਫਿਰ ਫਰੀਲਾਂਸ ਜਰਨਲਿਸਟ ਦੇ ਤੌਰ 'ਤੇ ਵੱਖ-ਵੱਖ ਪੰਜਾਬੀ ਤੇ ਅੰਗਰੇਜ਼ੀ ਅਖ਼ਬਾਰਾਂ ਤੇ ਰਿਸਾਲਿਆਂ ਲਈ ਲਿਖਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿਚ 'ਵੀਕਲੀ ਵਾਇਸ', 'ਇੰਡੋ-ਕੈਨੇਡੀਅਨ ਟਾਈਮਜ਼', 'ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ', 'ਡਾਨ', 'ਪਰਵਾਸੀ', 'ਆਪਣੀ ਆਵਾਜ਼', ਆਦਿ ਦੇ ਨਾਂ ਵਰਣਨਯੋਗ ਹਨ।

ਇਨ੍ਹਾਂ ਤੋਂ ਇਲਾਵਾ ਅੰਗਰੇਜ਼ੀ ਵਿਚ ਉਨ੍ਹਾਂ ਦੇ ਆਰਟੀਕਲ 'ਇੰਡੀਅਨ ਐਕਸਪ੍ਰੈੱਸ' ਅਤੇ 'ਦਿ ਟ੍ਰਿਬਿਊਨ' ਵਿਚ ਵੀ ਛਪਦੇ ਰਹੇ ਹਨ। ਕਈ ਆਲੋਚਨਾਤਮਿਕ ਆਰਟੀਕਲ ਨਾਮਵਰ ਖੋਜ-ਰਿਸਾਲੇ 'ਕੰਟੈਂਪਰੇਰੀ ਲਿਟਰੇਰੀ ਕ੍ਰਿਟੀਸਿਜ਼ਮ' ਅਤੇ ਹੋਰ ਰਿਸਾਲਿਆਂ ਵਿਚ ਛਪੇ। ਅੰਗਰੇਜ਼ੀ ਵਿਚ ਉਨ੍ਹਾਂ ਦੀਆਂ ਤਿੰਨ ਪੁਸਤਕਾਂ 'ਮਿੱਥਸ ਐਂਡ ਸਿੰਬਲਜ਼ ਇਨ ਰਾਜਾ ਰਾਓ ਐਂਡ ਆਰ. ਕੇ. ਨਰਾਇਣ', 'ਇੰਡੀਅਨ ਇੰਗਲਿਸ਼ ਫ਼ਿਕਸ਼ਨ: ਏ ਕਰਿਟੀਕਲ ਸਟੱਡੀ' ਅਤੇ 'ਦ ਹਾਰਟ ਸਪੈਸ਼ਿਲਿਸਟ ਐਂਡ ਅੱਦਰ ਸਟੋਰੀਜ਼' ਛਪੀਆਂ ਹਨ। ਪੰਜਾਬੀ ਵਿਚ ਕਹਾਣੀਆਂ ਦੀ ਪੁਸਤਕ 'ਸਲ੍ਹਾਬੇ ਰਿਸ਼ਤੇ ਤੇ ਹੋਰ ਕਹਾਣੀਆਂ' ਛਪਾਈ ਅਧੀਨ ਹੈ। ਉਨ੍ਹਾਂ ਦਾ ਅੰਗਰੇਜ਼ੀ ਨਾਵਲ 'ਏ ਫ੍ਰਿਗ ਟਰੀ' ਵੀ ਇਸ ਸਮੇਂ ਛਪਾਈ ਅਧੀਨ ਹੈ। ਪਾਠਕਾਂ ਦੀ ਜ਼ੋਰਦਾਰ ਮੰਗ 'ਤੇ ਅੰਗਰੇਜ਼ੀ ਪੁਸਤਕ 'ਮਿੱਥਸ ਐਂਡ ਸਿੰਬਲਜ਼ ਇਨ ਰਾਜਾ ਰਾਓ ਐਂਡ ਆਰ. ਕੇ ਨਰਾਇਣ' ਦਾ ਦੂਸਰਾ ਐਡੀਸ਼ਨ ਵੀ ਜਲਦੀ ਹੀ ਆ ਰਿਹਾ ਹੈ ਜਿਹੜਾ ਕਿ ਐਮਾਜ਼ੋਨ, ਕਿੰਡਲ, ਗੂਗਲ ਅਤੇ ਬਾਰਨਜ਼ ਐਂਡ ਨੋਬਲ ਉੱਪਰ ਵੀ ਉਪਲੱਬਧ ਹੋਵੇਗਾ।

1983 ਤੋਂ 1996 ਦੇ ਅਰਸੇ ਦੌਰਾਨ ਆਲ ਇੰਡੀਆ ਰੇਡੀਓ ਜਲੰਧਰ ਤੋਂ ਉਨ੍ਹਾਂ ਦੀਆਂ ਵੱਖ-ਵੱਖ ਵਿਸ਼ਿਆਂ ਉੱਪਰ ਵਾਰਤਾਵਾਂ ਤੇ ਗੱਲਾਂ-ਬਾਤਾਂ ਅਕਸਰ ਪ੍ਰਸਾਰਿਤ ਹੁੰਦੀਆਂ ਰਹੀਆਂ ਹਨ। ਉਨ੍ਹਾਂ ਨੇ ਪ੍ਰਸਿੱਧ ਲੇਖਕਾਂ ਮੁਲਕ ਰਾਜ ਅਨੰਦ, ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਕਵੀ ਗੁਲਜ਼ਾਰ, ਐੱਮ. ਕੇ. ਕਾਓ ਅਤੇ ਕਈ ਹੋਰ ਪ੍ਰਤਿਭਾਵਾਨ ਵਿਅਕਤੀਆਂ ਨੂੰ ਇੰਟਰਵਿਊ ਕੀਤਾ ਹੈ ਅਤੇ ਇਹ ਇੰਟਰਵਿਊਜ਼ ਕਈ ਅਖ਼ਬਾਰਾਂ ਵਿਚ ਛਪੀਆਂ ਹਨ। ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਕਹਾਣੀਆਂ 'ਕਾਲਜ ਦੀ ਕੰਟੀਨ', 'ਕਾਰੀਡੋਰ' ਅਤੇ 'ਮਾਸਕ' ਪਾਠਕਾਂ ਵੱਲੋਂ ਕਾਫ਼ੀ ਸਲਾਹੀਆਂ ਗਈਆਂ ਅਤੇ ਇਨ੍ਹਾਂ ਦੇ ਬਾਰੇ ਪਾਠਕਾਂ ਦੇ ਕਈ ਫ਼ੋਨ ਉਨ੍ਹਾਂ ਨੂੰ ਆਏ ਹਨ। ਉਨ੍ਹਾਂ ਦੀ ਕਹਾਣੀ 'ਮਾਸਕ' ਆਸਟ੍ਰੇਲੀਆ ਵਿਚ ਹੋਏ ਇਕ ਕਹਾਣੀ ਮੁਕਾਬਲੇ ਵਿਚ ਪਹਿਲੇ ਨੰਬਰ 'ਤੇ ਆਈ ਹੈ।

ਇਸ ਤਰ੍ਹਾਂ ਡਾ. ਰਾਜੇਸ਼ ਕੁਮਾਰ ਪੱਲਣ ਅੰਗਰੇਜ਼ੀ ਦੇ ਚਰਚਿਤ ਵਿਦਵਾਨ ਹੁੰਦਿਆਂ ਹੋਇਆਂ ਪੰਜਾਬੀ ਵਿਚ ਲਿਖਣ ਵਿਚ ਵੀ ਓਨੀ ਹੀ ਮੁਹਾਰਤ ਰੱਖਦੇ ਹਨ। ਕਈ ਹਰਮਨ-ਪਿਆਰੇ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਉਨ੍ਹਾਂ ਦੀਆਂ ਕਹਾਣੀਆਂ ਅਤੇ ਲੇਖ ਛਪਦੇ ਰਹੇ ਹਨ। ਅੰਗਰੇਜ਼ੀ ਵਿਚ ਲਿਖੇ ਖੋਜ ਆਰਟੀਕਲ ਨਾਮਵਰ ਖੋਜ-ਰਸਾਲਿਆਂ ਵਿਚ ਛਪੇ ਹਨ ਅਤੇ ਉਨ੍ਹਾਂ ਦੀਆਂ ਪੁਸਤਕਾਂ ਦੀ ਵਿਕਰੀ ਕਈ ਉੱਚ ਦਰਜੇ ਦੇ ਬੁੱਕ ਸਟੋਰਾਂ ਅਤੇ 'ਐਮਾਜ਼ੋਨ' ਵਰਗੇ ਵੱਡੇ ਅੰਤਰਰਾਸ਼ਟਰੀ ਵਪਾਰਕ ਅਦਾਰੇ ਤੋਂ ਲਗਾਤਾਰ ਹੋ ਰਹੀ ਹੈ। ਇਸ ਦੇ ਨਾਲ ਹੀ ਉਹ ਵਧੀਆ ਬੁਲਾਰੇ ਵੀ ਹਨ ਅਤੇ ਕਈ ਜਨਤਕ-ਇਕੱਠਾਂ ਵਿਚ ਵੱਖ-ਵੱਖ ਵਿਸ਼ਿਆਂ 'ਤੇ ਲੈਕਚਰ ਦਿੰਦੇ ਰਹਿੰਦੇ ਹਨ।

ਮੇਰੇ ਵੱਲੋਂ ਕੀਤੇ ਗਏ ਆਖ਼ਰੀ ਸੁਆਲ ਕਿ ਉਹ ਪੰਜਾਬੀ ਪਾਠਕਾਂ ਨੂੰ ਕੀ ਸੁਨੇਹਾ ਦੇਣਾ ਚਾਹੁੰਦੇ ਹਨ, ਦੇ ਜੁਆਬ ਵਿਚ ਉਨ੍ਹਾਂ ਦਾ ਕਹਿਣਾ ਸੀ ਕਿ ਉਹ ਸਾਂਵੀਂ ਪੱਧਰੀ ਜ਼ਿੰਦਗੀ ਜਿਊਣ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਉਨ੍ਹਾਂ ਦੇ ਅੰਗਰੇਜ਼ੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਲਿਖਣ ਦਾ ਉਦੇਸ਼ ਵੀ ਏਹੀ ਹੈ ਕਿ ਸਾਡਾ ਜੀਵਨ ਇਕਸਾਰ ਚੱਲਦਾ ਰਹੇ। ਸਮਾਜਿਕ ਰਿਸ਼ਤਿਆਂ ਵਿਚ ਕੋਈ ਤਰੇੜ ਨਾ ਆਏ ਅਤੇ ਇਨ੍ਹਾਂ ਵਿਚ ਪਹਿਲਾਂ ਵਰਗੀ ਮਿਠਾਸ ਅਤੇ ਇਕਸਾਰਤਾ ਬਣੀ ਰਹੇ। ਇਨ੍ਹਾਂ ਬਹੁ-ਦਿਸ਼ਾਵੀ ਗੁਣਾਂ ਸਦਕਾ ਡਾ. ਪੱਲਣ ਕਮਿਊਨਿਟੀ ਵਿਚ ਕਾਫ਼ੀ ਹਰਮਨ-ਪਿਆਰੇ ਹਨ। ਪ੍ਰਮਾਤਮਾ ਕਰੇ, ਉਨ੍ਹਾਂ ਦੀ ਕਲਮ ਇੰਜ ਹੀ ਨਿਰੰਤਰ ਚੱਲਦੀ ਰਹੇ ਅਤੇ ਉਹ ਸਮਾਜ ਦੀ ਤਰੱਕੀ ਤੇ ਖ਼ੁਸ਼ਹਾਲੀ ਲਈ ਇਵੇਂ ਹੀ ਆਪਣਾ ਯੋਗਦਾਨ ਪਾਉਂਦੇ ਰਹਿਣ।

## ਜੋਗੀ ਨਾਥ

ਇਕ ਵਾਰੀ ਇਕ ਨਾਥ ਕਿਸੇ ਪਿੰਡ ਵਿਚ ਖ਼ੈਰ ਮੰਗ ਰਿਹਾ ਸੀ। ਉਸ ਨੇ ਕਿਸੇ ਘਰ ਦਾ ਬੂਹਾ ਖੜਕਾਉਂਦੇ ਹੋਏ ਆਖਿਆ,'ਬੱਚਾ!! ਬਾਬਿਆਂ ਨੂੰ ਕੋਈ ਖ਼ੈਰ ਪਾ.. ਆਟਾ ਦਾਲ... ਮਾਇਆ ਜਾਂ ਕੋਈ ਦੋ ਰੋਟੀਆਂ ਹੋਣ...ਗੁਰੂ ਭਲਾ ਕਰੇ!! 'ਮਹਾਰਾਜ'..ਤੰਦਰੁਸਤੀ ਰੱਖੇ।' ਅੰਦਰੋਂ ਆਵਾਜ਼ ਆਈ, 'ਭਾਈ.. ਕੌਣ ਏ???'...'ਬੱਚਾ...!!! ਜੋਗੀ ਨਾਥ ਆਏ ਨੇ ਤੇਰੇ ਦਰ 'ਤੇ।' ਵਿਹੜੇ ਵਿਚ ਖੜ੍ਹਾ ਬੰਦਾ ਬੋਲਿਆ, 'ਬਾਬਾ ਅੱਗੇ ਜਾਇਆ ਘਰੇ ਤਾਂ ਕੋਈ ਹੈ ਨਹੀਂ।' ਜੋਗੀ ਨਾਥ ਨੇ ਗੇਟ ਦੇ ਉੱਪਰ ਲੱਗੀ ਗਰਿੱਲ ਰਾਹੀਂ ਅੰਦਰ ਝਾਕਿਆ ਤੇ ਬੰਦੇ ਵੱਲ ਗਹਿਰੀ ਅੱਖ ਨਾਲ ਤੱਕਿਆ ਤੇ ਫੇਰ ਮਨੋਮਨੀ ਗੱਲਾਂ ਕਰਦਾ ਹੋਇਆ ਅਗਲੇ ਘਰ ਵੱਲ ਨੂੰ ਤੁਰ ਪਿਆ। ..ਜੋਗੀ ਵਾਰ ਵਾਰ ਇਕੋ ਗੱਲ ਹੀ ਸੋਚੀ ਜਾ ਰਿਹਾ ਸੀ ਕਿ ਨਾਲੇ..ਆਵਾਜ਼ ਦੇਈ ਜਾਂਦਾ ਸੀ.., ਨਾਲੇ ਆਖੀ ਜਾਂਦਾ ਸੀ ਘਰੇ ਤਾਂ ਕੋਈ ਹੈਨੀ!!!... ਮੈਨੂੰ ਤਾਂ ਲੱਗਦਾ ਇਹਨੇ ਨਵਾਂ-ਨਵਾਂ ਝੂਠ ਬੋਲਣਾ ਸਿੱਖਿਆ ਏ... ਤੇ ਪਹਿਲੀ ਟਰਾਈ ਵੀ ਜਾਪਦੇ ਨਾਥਾ ਤੇਰੇ 'ਤੇ ਹੀ ਮਾਰੀ ਊ!!!

*ਮਨਦੀਪ ਖਾਨਪੁਰ*
*ਖਾਨਪੁਰ ਸਹੋਤਾ ਹੁਸ਼ਿਆਰਪੁਰ*
*ਫੋਨ: 9779179060*

# ਸਾਡੇ 'ਧਿਆਨ' ਦੀ ਲੁੱਟ

ਬੇ-ਧਿਆਨੀ ਨਾ਼ਲ ਦੇਖਿਆਂ 'ਧਿਆਨ' ਇਕ ਸਾਧਾਰਨ ਸ਼ਬਦ ਲੱਗਦਾ ਹੈ ਕਿਉਂਕਿ ਇਹ ਬਹੁਤ ਪ੍ਰਚੱਲਿਤ ਹੈ। ਪਰ ਧਿਆਨ ਨਾ਼ਲ ਵਿਚਾਰਿਆਂ ਸਮਝ ਆਉਂਦੀ ਹੈ ਕਿ ਇਹ ਇਕ ਗੂੜ੍ਹ ਅਤੇ ਅਰਥ-ਭਰਪੂਰ ਸ਼ਬਦ ਹੈ। ਇਸ ਦਾ ਅਰਥ ਹੈ: ਇਕਾਗਰਤਾ, ਗੌਰ, ਲਿਵਲੀਨਤਾ, ਨੀਝ ਜਾਂ ਤਸੱਵਰ। ਅੰਗਰੇਜ਼ੀ 'ਚ ਇਸ ਦੇ ਢੁਕਵੇਂ ਅਨੁਵਾਦ ਹਨ: ਅਟੈਂਸ਼ਨ ਜਾਂ ਕੰਸੈਂਟਰੇਸ਼ਨ। ਸੰਸਾਰ ਦੇ ਹੁਣ ਤਕ ਹੋਏ ਸਰਬਪੱਖੀ ਵਿਕਾਸ 'ਚ, ਧਿਆਨ ਇਕ ਮੁੱਖ ਅਤੇ ਜ਼ਰੂਰੀ ਅੰਗ ਰਿਹਾ ਹੈ; ਇਹ ਭਾਵੇਂ ਕਿਸੇ ਸਿਧਾਂਤ ਦੀ ਸਿਰਜਣਾ ਹੋਵੇ ਭਾਵੇਂ ਕਿਸੇ ਮਸ਼ੀਨਰੀ ਦੀ ਕਾਢ। ਇਹ ਸੁਚੇਤ ਢੰਗ ਨਾ਼ਲ, ਮਨ ਦੇ ਵਿਚਾਰਾਂ ਅਤੇ ਦਰਪੇਸ਼ ਕੰਮਾਂ 'ਚੋਂ ਕਿਸੇ ਇਕ ਨੂੰ ਚੁਣ ਕੇ, ਉਸ 'ਤੇ ਚੇਤਨਾ ਨੂੰ ਕੇਂਦ੍ਰਿਤ ਕਰਨਾ ਹੈ। ਸੁਚੇਤ ਹੋ ਕੇ ਚੇਤਨਾ ਨੂੰ ਕੇਂਦ੍ਰਿਤ ਕਰਨ, ਧਿਆਨ-ਭੰਗ ਕਰਨ ਵਾ਼ਲੇ ਬਾਹਰੀ ਮਾਹੌਲ ਤੋਂ ਨਿਰਲੇਪਤਾ ਅਤੇ ਇਕਾਗਰਤਾ, ਧਿਆਨ ਦੇ ਸਾਰ-ਤੱਤ ਹਨ। ਇਹ ਕਿਸੇ ਬਾਹਰੀ

**ਇੰਜ. ਈਸ਼ਰ ਸਿੰਘ**
**ਫੋਨ: 647 640 2014**

ਮੁੱਦੇ 'ਤੇ ਵੀ ਇਕਾਗਰ ਹੋ ਸਕਦਾ ਹੈ ਅਤੇ ਕਿਸੇ ਅੰਦਰੂਨੀ ਵਿਚਾਰ 'ਤੇ ਵੀ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਸ ਦੀ ਪਰਿਭਾਸ਼ਾ 'ਸਭ ਪਾਸਿਓਂ ਮਨ ਨੂੰ ਰੋਕ ਕੇ ਇਕ ਵਿਸ਼ੇ 'ਤੇ ਟਿਕਾਉਣਾ ਹੈ। ਧਿਆਨ ਸਾਡੀ ਐਸੀ 'ਮਾਨਸਿਕ ਸੰਪਤੀ' ਹੈ ਜਿਹੜੀ ਸੀਮਤ ਅਤੇ ਬਹੁਮੁੱਲੀ ਹੈ ਅਤੇ ਹਰ ਇਨਸਾਨ ਕੋ਼ਲ ਇਸ ਦੀ ਮਾਤਰਾ ਅੱਡ-ਅੱਡ ਹੈ। ਇਸ ਦਾ ਵਿਕਾਸ ਅਤੇ ਵਿਨਾਸ਼ ਹੋ ਸਕਦਾ ਹੈ ਅਤੇ ਇਸ ਦੀ ਸਦਵਰਤੋਂ ਜਾਂ ਦੁਰਵਰਤੋਂ ਕੀਤੀ ਜਾ ਸਕਦੀ ਹੈ। ਇਸ ਇਕਾਗਰਤਾ ਦੀ ਸਭ ਤੋਂ ਵਿਹਾਰਕ ਅਤੇ ਪ੍ਰਚੱਲਿਤ ਉਦਾਹਰਨ, ਲੈਂਜ਼ ਨਾ਼ਲ ਸੂਰਜ ਦੀਆਂ ਕਿਰਨਾਂ ਇਕੱਠੀਆਂ ਕਰ ਕੇ ਕਾਗਜ਼ ਨੂੰ ਅੱਗ ਲਾਉਣੀ ਹੈ। ਇਸ ਲੇਖ 'ਚ ਧਿਆਨ ਦਾ ਅਰਥ ਅਟੈਂਸ਼ਨ ਹੈ।

ਸੋਚਣ ਵਾ਼ਲੀ ਗੱਲ ਇਹ ਹੈ ਕਿ ਜਦ ਇਹ ਕੋਈ ਪਦਾਰਥਕ ਵਸਤੂ ਨਹੀਂ, ਤਾਂ ਇਸ ਦੀ ਲੁੱਟ ਕਿਵੇਂ ਹੋ ਸਕਦੀ ਹੈ? ਪਰ ਇਹ ਹੋ ਰਹੀ ਹੈ ਅਤੇ ਇਸ ਹੱਦ ਤਕ ਹੋ ਰਹੀ ਹੈ ਕਿ ਇਹ ਸਾਡੇ ਨਿੱਜੀ, ਪਰਿਵਾਰਕ ਅਤੇ ਸਮਾਜਿਕ ਜੀਵਨ ਤੋਂ ਲੈ ਕੇ ਮਨੁੱਖਤਾ ਦੀ ਹੋਂਦ ਤੱਕ ਖਤਰਾ ਬਣ ਗਈ ਹੈ। ਮਾਹਿਰਾਂ ਦਾ ਅਨੁਮਾਨ ਹੈ ਕਿ ਸਮੁੱਚੇ ਸੰਸਾਰ 'ਚ, ਸਾਡੇ ਧਿਆਨ (ਅਟੈਂਸ਼ਨ) ਦੀ ਹੋ ਰਹੀ ਲੁੱਟ ਅੱਜ 12 ਲੱਖ ਕਰੋੜ ਰੁਪਏ ਸਾਲਾਨਾ ਦਾ ਵਪਾਰ ਬਣਿਆ ਹੋਇਆ ਹੈ। ਇਸ ਨਾ਼ਲ ਜੁੜੀਆਂ ਕੰਪਨੀਆਂ ਇਕੱਲੀਆਂ-ਇਕੱਲੀਆਂ ਅਤੇ ਆਪਸ 'ਚ ਰ਼ਲ ਕੇ ਸਾਡੇ ਧਿਆਨ ਰੂਪੀ ਖ਼ਜ਼ਾਨੇ ਨੂੰ ਲੁੱਟ ਰਹੀਆਂ ਹਨ ਅਤੇ ਇਹ ਸਭ ਦਿਨ-ਦਿਹਾੜੇ, ਧੱਕੇ ਨਾ਼ਲ ਅਤੇ ਬਗੈਰ ਸਰਕਾਰਾਂ ਦੇ ਡਰ ਤੋਂ ਕਰ ਰਹੀਆਂ ਹਨ। ਇਸ ਸਬੰਧ 'ਚ ਹਰ ਦੇਸ਼ ਦੇ ਕਾਨੂੰਨ, ਲਾਚਾਰ ਅਤੇ ਸਾਹ-ਸੱਤਹੀਣ ਹਨ। ਇਸ ਦਾ ਇਕ ਮੁੱਖ ਕਾਰਨ ਇਹ ਹੈ ਕਿ ਦੇਸ਼ ਇਕ ਇਕਾਈ ਹੁੰਦਾ ਹੈ ਜਦਕਿ ਇਹ ਕੰਪਨੀਆਂ ਬਹੁ-ਦੇਸ਼ੀ ਹੁੰਦੀਆਂ ਹਨ। ਦੂਜਾ, ਇੰਨਾ ਹੀ ਵੱਡਾ ਪਰ ਗੁਪਤ ਕਾਰਨ ਇਹ ਕਿ ਇਨ੍ਹਾਂ ਨੂੰ ਕਾਨੂੰਨ ਦੇ ਘੇਰੇ 'ਚ ਲਿਆਉਣ ਦੀਆਂ ਜ਼ਿੰਮੇਵਾਰ ਹਸਤੀਆਂ 'ਚੋਂ ਕੁਝ ਇਨ੍ਹਾਂ ਕੰਪਨੀਆਂ ਵੱਲੋਂ ਕਾਣੀਆਂ ਕੀਤੀਆਂ ਹੁੰਦੀਆਂ ਹਨ।

ਸਾਡੇ ਧਿਆਨ ਦੀ ਲੁੱਟ ਨੂੰ, 21ਵੀਂ ਸਦੀ ਦੇ ਸ਼ੁਰੂ 'ਚ ਉਸ ਵਕਤ ਹੋਰ ਬਲ ਮਿਲਿਆ ਜਦ ਇਸ਼ਤਿਹਾਰਬਾਜ਼ੀ, ਮਨ-ਪਰਚਾਵੇ ਅਤੇ ਜਾਣਕਾਰੀ (ਇਨਫਾਰਮੇਸ਼ਨ) ਦੇ ਤਿੰਨੇ ਖੇਤਰ, ਡਿਜੀਟਲ ਮੀਡੀਆ ਨੇ ਆਪਣੇ ਹੱਥ 'ਚ ਕਰ ਲਏ। ਇਸ ਨਾ਼ਲ ਇਨ੍ਹਾਂ ਸਭ ਦਾ ਰੂਪ-ਸਰੂਪ ਵੀ ਬਦਲ ਗਿਆ ਅਤੇ ਇਨ੍ਹਾਂ ਤਿੰਨਾਂ ਦੀ ਐਸੀ ਜੁੰਡ਼ਲੀ ਵੀ ਬਣ ਗਈ ਜੋ ਕਿਸੇ ਦੇ ਕਾਬੂ 'ਚ ਨਹੀਂ ਰਹੀ। ਇਸ ਵਪਾਰ ਤੇ, ਇਸ ਤਰ੍ਹਾਂ ਦੀਆਂ ਕੰਪਨੀਆਂ ਨੇ ਕਬਜ਼ਾ ਕਰ ਲਿਆ ਹੈ ਜਿਨ੍ਹਾਂ ਵਾਸਤੇ ਨੈਤਿਕ ਕਦਰਾਂ-ਕੀਮਤਾਂ ਕੋਈ ਅਰਥ ਨਹੀਂ ਰੱਖਦੀਆਂ ਅਤੇ ਮਨੁੱਖਤਾ ਅਤੇ ਸੰਸਾਰ ਦੇ ਵਾਤਾਵਰਨ ਦਾ ਕੋਈ ਦਰਦ ਨਹੀਂ। ਆਪਣੇ ਮੰਤਵ ਦੀ ਪ੍ਰਾਪਤੀ ਵਾਸਤੇ ਇਹ ਅਨੇਕਾਂ ਕਿਸਮ ਦੇ ਕੋਝੇ ਢੰਗ ਵਰਤ ਰਹੀਆਂ ਹਨ, ਜੋ ਸਾਡੀ ਸਮਝ 'ਚ ਨਹੀਂ ਆ ਸਕਦੇ। ਪਰ ਸਾਡੇ ਧਿਆਨ ਨੂੰ ਖਿੱਚਣ ਦਾ ਇਨ੍ਹਾਂ ਦਾ ਇਕ ਮੁੱਖ ਢੰਗ, ਜਮਾਂਦਰੂ ਅਤੇ ਸੁਭਾਵਿਕ ਮਨੁੱਖੀ ਕਮਜ਼ੋਰੀਆਂ ਦਾ ਸ਼ੋਸ਼ਣ ਕਰਨਾ ਹੈ। ਜਿੰਨੀਆਂ ਖੋਜਾਂ ਇਹ ਕੰਪਨੀਆਂ ਤਕਨਾਲੋਜੀ 'ਤੇ ਕਰਦੀਆਂ ਹਨ ਓਨੀਆਂ ਹੀ ਮਨੋ-ਵਿਗਿਆਨ, ਸਮਾਜਿਕ ਮਨੋ-ਵਿਗਿਆਨ, ਸਰਕਾਰੀ ਕਾਨੂੰਨਾਂ, ਸਮਾਜਿਕ ਅਤੇ ਅਰਥ-ਵਿਵਸਥਾ ਅਤੇ ਹੋਰ ਸਬੰਧਿਤ ਵਿਸ਼ਿਆਂ 'ਤੇ ਕਰਦੀਆਂ ਹਨ। ਇਨ੍ਹਾਂ ਵਲੋਂ ਬਣਾਏ ਸੋਸ਼ਲ ਮੀਡੀਆ ਨੇ ਸਾਡੇ ਵਿਹਾਰ ਨੂੰ ਇਸ ਤਰ੍ਹਾਂ 'ਕੰਡੀਸ਼ਨ' ਕਰ ਦਿੱਤਾ ਹੈ ਕਿ ਅਸੀਂ ਇਨ੍ਹਾਂ ਕੰਪਨੀਆਂ ਦੇ 'ਹੱਥ ਪੈ ਗਏ ਹਾਂ'। ਮਨੁੱਖ ਦੀਆਂ ਸਭ ਕਮਜ਼ੋਰੀਆਂ ਅਤੇ ਮਜਬੂਰੀਆਂ ਨੂੰ ਸਮਝ ਕੇ, ਸੋਸ਼ਲ ਮੀਡੀਆ 'ਤੇ ਐਸੇ-ਐਸੇ ਐਡਿਕਟਿਵ, ਲੁਭਾਉਣੇ ਅਤੇ ਉਕਸਾਊ ਪ੍ਰੋਗਰਾਮ ਪਾਉਂਦੀਆਂ ਹਨ, ਜਿਨ੍ਹਾਂ ਵੱਲ ਧਿਆਨ ਖਿੱਚਿਆ ਜਾਣਾ ਸੁਭਾਵਿਕ ਹੈ। 'ਸੈਂਟਰ ਫਾਰ ਹਿਊਮਨ ਤਕਨਾਲੋਜੀ' ਦੇ ਬਾਨੀ ਪ੍ਰਸਿੱਧ ਸੁਧਾਰਵਾਦੀ 'ਟ੍ਰਿਸਟਨ ਹੈਰਿਸ' ਦੱਸਦੇ ਹਨ ਕਿ ਵਧੀਆ ਕੰਟਰੋਲ-ਰੂਮਾਂ 'ਚ ਬੈਠੇ ਸੌ ਕੁ ਬੰਦੇ ਹੀ, ਦੁਨੀਆਂ ਦੇ ਸੈਂਕੜੇ ਕਰੋੜਾਂ ਬੰਦਿਆਂ ਦੇ ਧਿਆਨ ਅਤੇ ਮਨੋਭਾਵਾਂ ਨੂੰ ਭਟਕਾਅ ਰਹੇ ਹਨ। ਇਹ ਗੱਲ ਸ਼ਾਇਦ ਖਿਆਲੀ ਲੱਗਦੀ ਹੋਵੇ; ਪਰ ਨਹੀਂ। ਉਸ ਦਾ ਕਹਿਣਾ ਹੈ ਕਿ "ਮੈਂ ਖੁਦ ਇਸ ਤਰ੍ਹਾਂ ਦੇ ਕੰਟਰੋਲ-ਰੂਮਾਂ 'ਚ ਕੰਮ ਕੀਤਾ ਹੈ"। ਇਹ ਸਾਡਾ ਧਿਆਨ ਖਿੱਚ ਨਹੀਂ ਬਲਕਿ ਸੜ੍ਹਾਕ (ਸਅਕਿੰਗ ਕਰ) ਰਹੀਆਂ ਹਨ। ਫਿਰ ਵੀ ਆਸ਼ਾਜਨਕ ਗੱਲ ਇਹ ਹੈ ਕਿ ਇਨਸਾਨੀ ਬੁੱਧ-ਵਿਵੇਕ ਅਤੇ ਦ੍ਰਿੜ੍ਹਤਾ ਦੇ ਗੁਣਾਂ ਨੂੰ ਵਰਤ ਕੇ ਅਸੀਂ ਇਸ ਗ਼ਲਤ ਲੀਹ 'ਚੋਂ ਬਾਹਰ ਨਿਕ਼ਲ ਸਕਦੇ ਹਾਂ।

ਅਸੀਂ ਆਪਣੇ ਧਿਆਨ ਨੂੰ ਬਹੁਤੀ ਮਹੱਤਤਾ ਨਹੀਂ ਦਿੰਦੇ, ਪਰ ਸੰਸਾਰ ਭਰ ਦੀਆਂ ਡਿਜੀਟਲ ਕੰਪਨੀਆਂ ਵਾਸਤੇ ਇਹ ਇਕ ਕੀਮਤੀ ਵਸਤੂ ਬਣ ਚੁੱਕੀ ਹੈ। ਇਸ ਦਾ ਕਾਰਨ ਇਹ ਹੈ ਕਿ ਬੇ-ਲੋੜੀਆਂ ਖੋਜਾਂ ਕਰ-ਕਰ ਕੇ ਇਹ ਕੰਪਨੀਆਂ, ਬੇਥਾਹ ਜਾਣਕਾਰੀ (ਇਨਫਾਰਮੇਸ਼ਨ) ਪੈਦਾ ਕਰੀ ਜਾ ਰਹੀਆਂ ਹਨ ਅਤੇ ਉਸ ਦੀ 'ਖਪਤ' ਵਾਸਤੇ ਇਨ੍ਹਾਂ ਨੂੰ ਸਾਡੇ ਧਿਆਨ ਦੀ ਲੋੜ ਹੈ। ਕੰਪਨੀਆਂ ਜਾਣਦੀਆਂ ਵੀ ਹਨ ਕਿ ਜਾਣਕਾਰੀ ਨੂੰ ਸਮੋਅ ਸਕਣ ਦੀ ਮਨੁੱਖੀ ਧਿਆਨ ਦੀ ਸਮਰੱਥਾ ਸੀਮਤ ਹੈ




ਅਤੇ ਉਸ ਨੇ ਇਹ ਧਿਆਨ ਜੀਵਨ ਦੇ ਹੋਰ ਜ਼ਰੂਰੀ ਕੰਮਾਂ 'ਤੇ ਵੀ ਵਰਤਣਾ ਹੈ। ਫਿਰ ਵੀ ਉਹ ਕਮਾਈ ਵਾਸਤੇ, ਜਾਣਕਾਰੀ 'ਚ ਬੇਲੋੜਾ ਵਾਧਾ ਕਰੀ ਜਾ ਰਹੀਆਂ ਹਨ ਕਿਉਂਕਿ ਉਹ, ਨਾ਼ਲ-ਨਾ਼ਲ ਸਾਡੇ ਧਿਆਨ ਨੂੰ ਭਟਕਾਉਣ ਅਤੇ ਆਪਣੇ ਵੱਲ ਖਿੱਚਣ ਦੇ ਢੰਗ ਵੀ ਲੱਭਦੀਆਂ ਰਹਿੰਦੀਆਂ ਹਨ। ਇਸੇ ਕਰਕੇ ਅੱਜ ਇਹ ਕੰਪਨੀਆਂ ਧਿਆਨ-ਪ੍ਰਬੰਧ ਨੂੰ, ਅਰਥ-ਵਿਵਸਥਾ ਦੀਆਂ ਲੀਹਾਂ 'ਤੇ ਚਲਾ ਰਹੀਆਂ ਹਨ ਜਿਹੜੀ ਕਿ ਮੌਜੂਦਾ ਕੈਪੀਟਲ-ਸਿਸਟਮ ਦੀ ਇਕ ਨਵੀਂ ਉਪ-ਸ਼ਾਖਾ ਹੈ। ਕਿੰਨੇ ਅਫਸੋਸ ਦੀ ਗੱਲ ਹੈ ਕਿ ਸਾਡੇ ਧਿਆਨ ਦੇ ਮੁੱਲ ਦੀ ਸੀਮਾ, ਇਨ੍ਹਾਂ ਕੰਪਨੀਆਂ ਨੇ ਸਾਡੀਆਂ ਪਸ਼ੂ-ਬਿਰਤੀਆਂ ਨੂੰ ਉਤੇਜਿਤ ਕਰ ਕੇ ਉਨ੍ਹਾਂ ਦੀ ਸੰਤੁਸ਼ਟੀ ਕਰਨ ਤੱਕ ਮੁਕੱਰਰ ਕਰ ਦਿੱਤੀ ਹੈ। ਉਨ੍ਹਾਂ ਦਾ ਮੰਤਵ ਪੂਰਾ ਹੋ ਰਿਹਾ ਹੈ, ਸੋਚ-ਵਿਚਾਰ ਅਤੇ ਸਿਆਣਪ ਕਰਨ ਦੀ ਲੋੜ ਤਾਂ ਸਾਨੂੰ ਹੈ।

ਸੋਸ਼ਲ ਮੀਡੀਆ ਰਾਹੀਂ ਇਹ ਕੰਪਨੀਆਂ ਕਿਵੇਂ ਕਮਾਈ ਕਰ ਰਹੀਆਂ ਹਨ, ਇਹ ਸਮਝਣ ਵਾਸਤੇ ਕਹਿ ਸਕਦੇ ਹਾਂ ਕਿ ਜਦ ਅਸੀਂ ਕਿਸੇ ਵੈੱਬਸਾਈਟ ਜਾਂ ਐਪ ਨੂੰ ਖੋਲ੍ਹਦੇ ਹਾਂ ਤਾਂ ਉਸ ਦੀ ਮਾਲਕ ਕੰਪਨੀ ਵਾਸਤੇ ਵੋਟ ਪਾ ਰਹੇ ਹੁੰਦੇ ਹਾਂ। ਇਹ ਸਾਈਟਾਂ ਇਸ ਤਰ੍ਹਾਂ ਬਣਾਈਆਂ ਹੁੰਦੀਆਂ ਹਨ ਕਿ ਅਸੀਂ ਇਕ ਤੋਂ ਬਾਅਦ ਦੂਜੀ, ਫਿਰ ਤੀਜੀ ਨੂੰ ਸੁੱਤੇ-ਸਿੱਧ ਟਿੱਕ ਕਰਦੇ ਰਹਿੰਦੇ ਹਾਂ। ਇਹ ਸਭ ਉਨ੍ਹਾਂ ਦੀਆਂ ਵੋਟਾਂ ਹਨ ਅਤੇ ਜਿੰਨੀਆਂ ਵੱਧ ਕਿਸੇ ਕੰਪਨੀ ਦੀਆਂ ਵੋਟਾਂ, ਓਨਾ ਹੀ ਉਹ ਆਪਣੀ ਇਸ਼ਤਿਹਾਰਬਾਜ਼ੀ ਦਾ ਰੇਟ ਵਧਾਈ ਜਾਂਦੀ ਹੈ। ਇਹ ਕੁਝ ਓਸੇ ਤਰ੍ਹਾਂ ਹੈ, ਜਿਵੇਂ ਰਾਜਸੀ ਲੀਡਰ ਲਾਲਚ ਦੇ ਕੇ ਜਨਤਾ ਤੋਂ ਵੋਟਾਂ ਲੈਂਦੇ ਹਨ। ਫਿਰ ਸੱਤਾ 'ਚ ਆ ਕੇ ਹੋਰ ਮਾਇਆ ਅਤੇ ਤਾਕਤ ਇਕੱਠੀ ਕਰ ਕੇ ਅਗਲੀਆਂ ਵੋਟਾਂ 'ਚ ਹੋਰ ਲਾਲਚ ਦਿੰਦੇ ਹਨ।

ਸੋਸ਼ਲ ਮੀਡੀਆ ਦਾ ਆਧਾਰ ਸਾਡਾ ਧਿਆਨ ਹੈ, ਜਿਸ ਨੂੰ ਖਿੱਚਣ ਵਾਸਤੇ ਕੰਪਨੀਆਂ ਇਹ ਚਾਲਾਂ ਚੱਲ ਰਹੀਆਂ ਹਨ। ਸਾਡਾ ਧਿਆਨ ਸੀਮਤ ਹੋਣ ਕਰਕੇ ਥੋੜ੍ਹੇ ਚਿਰ ਵਾਸਤੇ ਇਕਾਗਰ ਰਹਿ ਸਕਦਾ ਹੈ ਅਤੇ ਉਹ ਵੀ ਕਿਸੇ ਇਕ ਮੁੱਦੇ 'ਤੇ। ਸਪੱਸ਼ਟ ਹੈ ਕਿ ਜਿਹੜਾ ਵੀ ਧਿਆਨ ਅਸੀਂ ਸੋਸ਼ਲ ਮੀਡੀਆ ਨੂੰ ਦਿੰਦੇ ਹਾਂ ਉਹ ਕਿਸੇ ਹੋਰ ਕੰਮ ਦੀ ਕੀਮਤ 'ਤੇ ਦਿੰਦੇ ਹਾਂ। ਨਾ਼ਲ ਹੀ ਵਿਚਾਰਨ ਵਾ਼ਲੀ ਅਹਿਮ ਗੱਲ ਇਹ ਹੈ ਕਿ ਸੁਭਾਵਿਕ ਤੌਰ 'ਤੇ ਸਾਡੇ ਧਿਆਨ ਦੀ ਪ੍ਰਵਿਰਤੀ ਚਲਾਇਮਾਨ ਹੋਣ ਕਰਕੇ, ਇਸ ਨੂੰ ਇਕਾਗਰ ਕਰਨ 'ਚ ਅਸੀਂ ਪਹਿਲਾਂ ਹੀ ਅਸਮਰੱਥ ਹਾਂ। ਉੱਪਰੋਂ ਕੰਪਨੀਆਂ ਵਲੋਂ ਇਸ ਨੂੰ ਭਟਕਾਉਣ ਵਾਸਤੇ ਲਗਾਤਾਰ ਸ਼ਾਤਰ ਮਨਸੂਬੇ ਬਣਾਏ ਜਾਂਦੇ ਰਹਿੰਦੇ ਹਨ। ਸਾਡੇ 'ਤੇ "ਇਕ ਕਮ਼ਲੀ ਤੇ ਦੂਜੇ ਪੈ ਗੀ..." ਦੀ ਅਖਾਣ ਪੂਰੀ ਢੁਕਦੀ ਹੈ। ਇਸ ਵਿਚਾਰ 'ਤੋਂ ਭਾਵ ਇਹ ਹੈ ਕਿ ਇਹ ਇਕ ਗੰਭੀਰ ਸਮੱਸਿਆ ਹੈ, ਜਿਸ ਨੂੰ ਸਰਸਰੀ ਨਹੀਂ ਲੈਣਾ ਚਾਹੀਦਾ। ਆਪਣੇ ਧਿਆਨ ਨੂੰ ਸਕਾਰਾਤਮਿਕ ਕੰਮਾਂ ਅਤੇ ਸ਼ੁਭ ਵਿਚਾਰਾਂ ਲਈ ਸਾਂਭ ਕੇ ਰੱਖਣ ਅਤੇ ਵਰਤਣ ਵਾਸਤੇ ਸਾਨੂੰ ਇਸ ਨੂੰ ਭਟਕਾਉਣ ਵਾ਼ਲੀਆਂ ਬਾਹਰੀ ਗੱਲਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਸੋ ਪਹਿਲਾਂ ਅਸੀਂ, ਸੋਸ਼ਲ ਮੀਡੀਆ ਦੇ ਸਾਡੇ 'ਤੇ ਪੈ ਰਹੇ ਮੰਦੇ ਪ੍ਰਭਾਵਾਂ ਦੀ ਪਛਾਣ ਕਰਨੀ ਹੈ, ਜਿਨ੍ਹਾਂ 'ਚੋਂ ਕੁਝ ਇਹ ਹਨ:

ਸੋਸ਼ਲ ਮੀਡੀਆ ਨੇ ਇਨਸਾਨ ਦਾ ਧਿਆਨ, ਦਰਪੇਸ਼ ਅਸਲੀ ਸਮੱਸਿਆਵਾਂ ਤੋਂ ਹਟਾ ਕੇ ਮਨੋ-ਕਲਪਿਤ ਸਮੱਸਿਆਵਾਂ ਵੱਲ ਕਰ ਦਿੱਤਾ ਹੈ। ਇਹ ਗੱਲ ਅੱਜ ਦੇ ਰਾਜਨੀਤਕ ਲੀਡਰਾਂ ਨੂੰ ਵੀ ਵਾਰਾ ਖਾਂਦੀ ਹੈ। ਚੰਦ 'ਤੇ ਪਲਾਟ ਬੁੱਕ ਕਰਵਾਉਣ ਦੀਆਂ ਸਕੀਮਾਂ ਬਾਰੇ ਆਪਾਂ ਸਭ ਜਾਣਦੇ ਹਾਂ ਪਰ ਧਰਤੀ 'ਤੇ ਮਨੁੱਖਤਾ ਮੂਹਰੇ ਖੜ੍ਹੀਆਂ ਗੰਭੀਰ ਸਮੱਸਿਆਵਾਂ ਹਰ ਦਿਨ ਹੋਰ ਤੀਬਰ ਹੋ ਰਹੀਆਂ ਹਨ।

ਸੋਸ਼ਲ ਮੀਡੀਆ ਸਾਡੇ ਜੀਵਨ ਨੂੰ ਅਮੀਰ ਨਹੀਂ ਕਰਦਾ ਅਤੇ ਨਾ ਹੀ ਇਸ ਦਾ ਸੁਧਾਰ ਜਾਂ ਵਿਕਾਸ ਕਰਦਾ ਹੈ। ਇਹ ਸਾਡੇ ਧਿਆਨ ਦੀ ਤੀਖਣਤਾ ਅਤੇ ਇਸ ਦੇ ਇਕਾਗਰ ਰਹਿ ਸਕਣ ਦੇ ਸਮੇਂ ਨੂੰ ਘਟਾਉਂਦਾ ਹੈ। ਹੰਕਾਰ 'ਚ ਵਾਧਾ ਕਰਦਾ ਹੈ, ਸਾਨੂੰ ਵਸਤੂ-ਵਾਦੀ ਬਣਾਉਂਦਾ ਹੈ, ਸਾਡੇ ਮਨਾਂ 'ਚ ਨਕਲੀ ਸੁੰਦਰਤਾ ਅਤੇ ਫੋਕੇ ਮਾਨ-ਸਨਮਾਨ ਜਾਂ ਟੌਅਰ ਦੇ ਖਿਆਲੀ ਮਿਆਰ ਪੱਕੇ ਕਰਦਾ ਹੈ।

ਇਹ ਸਾਡੇ 'ਚ ਫੌਰੀ ਨਤੀਜੇ ਹਾਸਲ ਕਰਨ ਦੀ ਲਾਲਸਾ ਪੈਦਾ ਕਰ ਦਿੰਦਾ ਹੈ। ਸਾਨੂੰ, ਨਿੱਠ ਕੇ ਜਾਂ ਸਿਰੜ ਨਾ਼ਲ ਮਿਹਨਤ ਕਰ ਕੇ ਦੂਰ-ਰਸ ਚੰਗੇ ਨਤੀਜੇ ਦੇਣ ਵਾ਼ਲੇ ਕੰਮ ਕਰਨ ਜੋਗਾ ਨਹੀਂ ਰਹਿਣ ਦਿੰਦਾ।

ਸੋਸ਼ਲ ਮੀਡੀਆ ਦੀ ਵੱਧ ਵਰਤੋਂ ਨਾ਼ਲ ਸਾਡੇ ਦਿਮਾਗ 'ਚ ਇਸ ਤਰ੍ਹਾਂ ਦੀਆਂ ਤਬਦੀਲੀਆਂ ਆ ਜਾਂਦੀਆ ਹਨ ਕਿ ਅਸੀਂ ਆਪਣੇ-ਆਪ ਦੀ, ਪਰਿਵਾਰਕ ਜੀਆਂ ਅਤੇ ਸਮੁੱਚੇ ਸਮਾਜ ਦੀ ਅਸਲੀਅਤ 'ਤੇ ਇਤਬਾਰ ਕਰਨਾ ਛੱਡ ਬੈਠਦੇ ਹਾਂ। ਜੀਵਨ ਦੀ ਅਸਲੀਅਤ ਤੋਂ ਦੂਰ ਹੁੰਦੇ ਰਹਿੰਦੇ ਹਾਂ। ਇਸ ਦੀ ਵੱਧ ਆਦਤ ਨਾ਼ਲ ਨੈਤਿਕ ਵਿਹਾਰ ਵਿਚ ਹੋਰ ਗਿਰਾਵਟ ਆਉਂਦੀ ਹੈ ਅਤੇ ਵੱਧ ਉਕਸਾਊ ਵੀਡੀਓਜ਼ ਆਦਿ ਦੇਖਣ ਦੀ ਰੁਚੀ ਵਧਦੀ ਰਹਿੰਦੀ ਹੈ ਜਿਹੜਾ ਇਕ ਕੁ-ਚੱਕਰ ਬਣ ਜਾਂਦਾ ਹੈ। ਸੋਸ਼ਲ ਮੀਡੀਆ ਇਕ ਨਸ਼ਾ ਹੈ ਅਤੇ ਹੋਰ ਨਸ਼ਿਆਂ ਵਾਂਗੂੰ, ਸਮਾਂ ਪਾ ਕੇ ਘੱਟ ਅਸਰ ਕਰਨ ਲੱਗ ਜਾਂਦਾ ਹੈ। ਇਸ ਨਾ਼ਲ ਇਸ ਦੇ ਦੇਖਣ ਦਾ ਸਮਾਂ ਵੀ ਵਧਾਉਣਾ ਪੈਂਦਾ ਹੈ। ਲੋਕ ਇੱਥੋਂ ਤਕ ਇਸ ਆਦਤ ਦੇ ਗੁਲਾਮ ਹੋ ਜਾਂਦੇ ਹਨ ਕਿ ਸੌਣ ਤੋਂ ਪਹਿਲਾਂ ਤੱਕ ਅਤੇ ਉੱਠਣ ਤੋਂ ਤੁਰੰਤ ਬਾਅਦ ਸੈੱਲ-ਫੋਨਾਂ ਨਾ਼ਲ ਜੁੜੇ ਹੁੰਦੇ ਹਨ। ਹੋਰ ਕਿਸਮ ਦੇ ਨਸ਼ੇ-ਪੱਤੇ ਬਾਹਰੋਂ ਜਾ ਕੇ ਲੈਣੇ ਪੈਂਦੇ ਹਨ ਅਤੇ ਇਨ੍ਹਾਂ 'ਤੇ ਕੋਈ ਨਾ ਕੋਈ ਕਾਨੂੰਨ ਲੱਗਦਾ ਹੈ ਪਰ ਸੋਸ਼ਲ ਮੀਡੀਆ ਘਰ ਬੈਠਿਆਂ ਨੂੰ ਚੌਵੀ ਘੰਟੇ ਹਾਸਲ ਹੈ, ਇਸ 'ਤੇ ਕੋਈ ਕਾਨੂੰਨ ਨਹੀਂ ਲੱਗਦਾ। ਡਿਜਿਟਲ ਨਸ਼ੇ ਕਰਨ ਵਾ਼ਲੇ ਦੇ ਦਿਮਾਗ 'ਚ ਵੀ ਓਹੀ ਰਸ (ਡੋਪਾਮਾਈਨ ਆਦਿ) ਪੈਦਾ ਹੁੰਦੇ ਹਨ ਜਿਹੜੇ ਰਸਮੀ ਨਸ਼ੇ ਕਰਨ ਵਾ਼ਲੇ ਦੇ ਹੁੰਦੇ ਹਨ। ਭਾਵ ਇਹ ਵੀ 'ਐਡਿਕਟਿਵ' ਨਸ਼ਾ ਹੈ।

ਹੋਰ ਨਸ਼ਿਆਂ ਦੀ ਆਦਤ ਛੱਡਣ ਵਾਂਗੂੰ ਸੋਸ਼ਲ ਮੀਡੀਆ ਦੀ ਆਦਤ ਛੱਡਣੀ ਵੀ ਔਖੀ ਹੈ, ਇਸ ਦੀ ਵੀ ਤੋੜ ਲੱਗਣ ਲੱਗ ਜਾਂਦੀ ਹੈ। ਇਸ ਨੂੰ ਛੱਡਣ ਵਾਸਤੇ ਸਾਨੂੰ ਕੋਈ ਸਕਾਰਾਤਮਿਕ ਕੰਮ, ਕੋਈ ਖੇਡਾਂ, ਵਾਲੰਟੀਅਰ ਜਾਂ ਸਮਾਜਿਕ ਕੰਮ ਸ਼ੁਰੂ ਕਰਨੇ ਪੈਂਦੇ ਹਨ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਹੋਰ ਨਸ਼ਾ-ਛਡਾਊ ਕੇਂਦਰਾਂ ਦੀ ਤਰ੍ਹਾਂ ਕਈ ਦੇਸ਼ਾਂ (ਜਪਾਨ ਆਦਿ) ਦੀਆਂ ਸਰਕਾਰਾਂ ਨੇ ਇਸ ਵਾਸਤੇ ਵੀ ਕੇਂਦਰ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ।

ਸੁਧਾਰਵਾਦੀ, ਕਿਤਾਬਾਂ ਸਣੇ ਅਨੇਕਾਂ ਸਾਧਨਾਂ ਰਾਹੀਂ ਸੋਸ਼ਲ ਮੀਡੀਆ ਦੇ ਵਿਰੁੱਧ ਆਵਾਜ਼ ਉਠਾ ਰਹੇ ਹਨ। 2020 ਵਿਚ 'ਦਿ ਸੋਸ਼ਲ ਡਾਇਲਮਾ' ਨਾਂ ਦੀ ਇਕ ਬਹੁਤ ਮਸ਼ਹੂਰ ਡਾਕੂਮੈਂਟਰੀ ਰਾਹੀਂ ਸੰਸਾਰ ਭਰ 'ਚ ਇਹ ਆਵਾਜ਼ ਉੱਠੀ ਸੀ। ਇਸ 'ਚ ਇਸ ਖੇਤਰ ਦੇ ਚੋਟੀ ਦੇ ਮਾਹਿਰਾਂ, ਜਿਹੜੇ ਖੁਦ ਇਨ੍ਹਾਂ ਕੰਪਨੀਆਂ 'ਚ ਵੱਡੇ-ਵੱਡੇ ਅਹੁਦਿਆਂ 'ਤੇ ਕੰਮ ਕਰ ਚੁੱਕੇ ਸਨ, ਨਾ਼ਲ ਕੀਤੀਆਂ ਇੰਟਰਵਿਊਜ਼ ਸ਼ਾਮਿਲ ਹਨ। ਇਸ ਦਾ ਸੁਨੇਹਾ ਬਹੁਤ ਸਪੱਸ਼ਟ ਹੈ ਕਿ ਸੋਸ਼ਲ ਮੀਡੀਆ ਮਨੁੱਖਤਾ ਤੇ ਬਹੁ-ਪੱਖੀ ਮਾਰੂ ਪ੍ਰਭਾਵ ਪਾ ਰਿਹਾ ਹੈ। ਇਹ ਡਾਕੂਮੈਂਟਰੀ ਦੇਖਣਯੋਗ ਹੈ।

ਇਸ ਦਾ ਭਾਵ ਇਹ ਨਹੀਂ ਕਿ ਤਕਨਾਲੋਜੀ ਦਾ ਸਭ ਕੁਝ ਛੱਡ ਬੈਠਣਾ ਹੈ; ਬਲਕਿ ਅੱਜ ਦੀਆਂ ਬਹੁਤ ਹੀ ਲਾਭਦਾਇਕ ਤਕਨਾਲੋਜੀਆਂ ਦੀ ਭਰਪੂਰ ਸਦ-ਵਰਤੋਂ ਕਰਨੀ ਹੈ। ਅਸੀਂ ਇੰਟਰਨੈੱਟ ਵਰਤਦੇ ਹਾਂ ਕਿਉਂਕਿ ਇਸ ਤੋਂ ਸਾਨੂੰ ਲਾਭਕਾਰੀ ਸੂਚਨਾ ਮਿਲਦੀ ਹੈ। ਇਸ ਰਾਹੀਂ ਪਰਦਾਨ ਕੀਤੀਆਂ ਸੇਵਾਵਾਂ ਹਾਸਲ ਹੁੰਦੀਆਂ ਹਨ, ਜਾਂ ਆਪਣੇ ਕਾਰੋਬਾਰਾਂ ਨਾ਼ਲ ਜੁੜੇ ਕੰਮ ਕਰਨੇ ਹੁੰਦੇ ਹਨ। ਸਾਨੂੰ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦਾ ਫਰਕ ਸਮਝਣਾ ਚਾਹੀਦਾ ਹੈ; ਸਹੂਲਤਾਂ ਦੀ ਆੜ 'ਚ ਕੰਪਨੀਆਂ ਵੱਲੋਂ ਠੱਗ ਨਹੀਂ ਹੋਣਾ। ਤਕਨਾਲੋਜੀ ਦਾ ਜਾਇਜ਼ ਫਾਇਦਾ ਉਠਾਉਣ ਵਾਸਤੇ ਇਹ ਵੀ ਜ਼ਰੂਰੀ ਹੈ ਕਿ ਅਸੀਂ ਆਪਣੇ ਜੀਵਨ ਦੇ ਉਚੇਰੇ ਮੰਤਵ ਨੂੰ ਨਿਰਧਾਰਤ ਕਰੀਏ ਅਤੇ 'ਆਪੇ ਦੀ ਪਛਾਣ' ਕਰਨ ਦੇ ਉਪਰਾਲੇ ਕਰੀਏ। ਮਹਾਂ-ਪੁਰਖਾਂ ਦੇ ਦਰਸਾਏ ਆਪਾ-ਪਛਾਣ ਦੇ ਰਸਤੇ 'ਤੇ ਤੁਰੀਏ। ਤਕਨਾਲੋਜੀ ਦਾ ਆਪੋ-ਆਪਣੇ ਧਰਮਾਂ ਦੇ ਮੋਢੀ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਨਾ਼ਲ ਸੁਮੇਲ ਕਰੀਏ ਅਤੇ ਇਨ੍ਹਾਂ ਸਭ ਸਿੱਖਿਆਵਾਂ ਨੂੰ ਮੁੱਖ ਰੱਖ ਕੇ ਇਸ ਦੀ ਸਦਵਰਤੋਂ ਕਰਨ ਦੇ ਉਪਰਾਲੇ ਕਰੀਏ।

ਕਿਸੇ ਵੀ ਮੰਦੀ ਆਦਤ ਦਾ ਤਿਆਗ ਕਰਨ ਵਾਸਤੇ ਪਹਿਲੀ ਜ਼ਰੂਰੀ ਕਾਰਵਾਈ ਹੈ ਆਪਣੀ ਸੋਚ ਨੂੰ ਬਦਲਣਾ। ਆਈਨਸਟੀਨ ਦੀ ਪ੍ਰਸਿੱਧ ਟੂਕ ਹੈ ਕਿ ਅਸੀਂ ਆਪਣੀਆਂ ਸਮੱਸਿਆਵਾਂ ਓਸੇ ਸੋਚ ਨਾਲ ਹੱਲ ਨਹੀਂ ਕਰ ਸਕਦੇ ਜਿਨ੍ਹਾਂ ਨਾ਼ਲ ਅਸੀਂ ਇਨ੍ਹਾਂ ਨੂੰ ਖੜ੍ਹੀਆਂ ਕੀਤਾ ਹੁੰਦਾ ਹੈ। ਜਿਵੇਂ ਕਿ ਸ਼ੁਰੂ 'ਚ ਬਿਆਨਿਆ ਗਿਆ ਹੈ ਕਿ ਸਰਕਾਰਾਂ ਸਾਨੂੰ ਇਸ ਲੁੱਟ ਤੋਂ ਬਚਾਉਣ 'ਚ ਅਸਮਰੱਥ ਲੱਗਦੀਆਂ ਹਨ। ਸਿਰਫ ਇਕੋ ਤਰੀਕਾ ਜੋ ਅਸੀਂ ਨਿੱਜੀ ਜਾਂ ਗਰੁੱਪਾਂ 'ਚ ਇਕੱਠੇ ਹੋ ਕੇ ਵਰਤ ਸਕਦੇ ਹਾਂ ਓਹ ਹੈ, ਆਪਣੇ-ਆਪ ਦਾ ਬਚਾਓ। ਬਿਲਕੁਲ ਓਸੇ ਤਰ੍ਹਾਂ ਜਿਵੇਂ, ਸਾਡੀ ਸਮਰੱਥਾ ਤੋਂ ਬਾਹਰੀਆਂ ਹੋਰ ਸੰਸਾਰਕ ਆਫਤਾਂ ਤੋਂ ਬਚਣ ਵਾਸਤੇ ਕਰਦੇ ਹਾਂ। ਇਸ ਲੁੱਟ ਤੋਂ ਬਚਣ ਵਾਸਤੇ ਪਰਹੇਜ਼, ਸੰਤੁਲਨ ਅਤੇ ਸੰਜਮ ਹੀ ਇਕ ਕਾਰਗਰ ਤਰੀਕਾ ਹੈ, ਜੋ ਸਭ ਨੇ ਆਪੋ-ਆਪਣਾ ਕਰਨਾ ਹੈ। ਅਮਰੀਕਾ ਦੇ ਪ੍ਰਸਿੱਧ ਡਾਕਟਰ ਐਂਡਰਿਊ ਵ੍ਹੀਲ ਦਾ ਕਹਿਣਾ ਹੈ ਕਿ 'ਦਵਾਈ ਅਤੇ ਜ਼ਹਿਰ 'ਚ, ਮਾਤਰਾ ਤੋਂ ਬਗੈਰ ਹੋਰ ਕੋਈ ਫਰਕ ਨਹੀਂ ਹੁੰਦਾ'।

---

## ਦੋਹਰੀ ਕੈਦ

(ਸਫਾ 26 ਦਾ ਬਾਕੀ)

ਵੀ ਹੋਵੇ।' ਕੁਝ ਕਿਉ ਹੋਵੇਗਾ? ਮੈਂ ਹੋਰ ਫ਼ਿਕਰਾਂ ਵਿਚ ਡੁੱਬ ਗਈ। ਬੜਾ ਚੰਗਾ ਹੋਵੇ ਜੇ ਤੂੰ ਨਾਵਾਂ ਕਟਾ ਕੇ ਹੀ ਆ ਜਾਏਂ। ਤੂੰ ਫ਼ੌਜੀ ਨੌਕਰੀ ਕਰ ਕੇ ਦੇਸ਼ ਸੇਵਾ ਕਰਦਾ ਏਂ...ਖੇਤੀ ਕਰਨਾ ਵੀ ਤਾਂ ਦੇਸ਼ ਸੇਵਾ ਹੀ ਹੈ। ਦੇਸ਼ ਦਾ ਕਿਸਾਨ ਖੇਤੀ ਕਰ ਕੇ ਲੱਖਾਂ ਦੇਸ਼ ਵਾਸੀਆਂ ਦੇ ਢਿੱਡ ਅੰਨ੍ਹ ਪਾਉਂਦਾ ਏ। ਤੂੰ ਨੌਕਰੀ ਛੱਡ ਕੇ ਖੇਤੀ ਕਰ ਲੈ। ਤੂੰ ਖੇਤੀ ਕਰੇਂਗਾ। ਮੈਂ ਮੋਢੇ ਨਾਲ ਮੋਢਾ ਜੋੜ ਕੇ ਤੇਰਾ ਹੱਥ ਵਟਾਵਾਂਗੀ।

ਦੂਰੋਂ ਵੇਖਦੀ ਹਾਂ ...ਔਹ ਸਾਹਮਣੇ ਆ ਰਿਹਾ ਹੈ...ਹੈ ਉਹ ਹੀ...। ਹਾਂ ਮੇਰਾ ਗਾਮਾ... ਮੇਰਾ ਗਾਮਾ...ਪਾਗਲਾ ਵਾਂਗ ਏਧਰ ਉੱਧਰ ਦੌੜਦੀ ਹਾਂ। ਉਹ ਆਪ ਆ ਕੇ ਮੈਨੂੰ ਲੱਭੇਗਾ...ਮੈਂ ਰੁੱਸ ਜਾਵਾਂਗੀ...ਉਹ ਮਨਾਏਗਾ...।

ਤੂੰ ਸਿੱਧਾ ਅੰਦਰ ਆ ਜਾਂਦਾ ਹੈਂ। ਮੇਰਾ ਸਬਰ ਡੋਲ ਜਾਂਦਾ ਹੈ। ਮੈਂ ਘੁੱਟ ਕੇ ਤੇਰੇ ਨਾਲ ਚੰਬੜ ਜਾਂਦੀ ਹਾਂ। ਮੇਰੀਆਂ ਅੱਖਾਂ ਪਾਟੇ ਬੱਦਲ ਵਾਂਗ ਮੂਸਲਾਧਾਰ ਵਰਖਾ ਕਰਦੀਆਂ ਨੇ... ਤੂੰ ਮੈਨੂੰ ਚੁੱਪ ਕਰਾਉਂਦਾ ਏਂ। 'ਮੈਂ ਹੁਣ ਆ ਗਿਆ ਹਾਂ ਫ਼ੌਜ 'ਚੋਂ ਪੱਕਾ...ਪਰ ਮੈਂ ਤੇਰੇ ਕੋਲ ਨਹੀਂ ਰਹਿ ਸਕਦਾ ਮੇਰੀ ਜਾਨ'। ਤੇਰੀਆਂ ਅੱਖਾਂ ਵਿਚ ਵੀ ਹੰਝੂ ਡਲ੍ਹਕ ਆਏ ਨੇ। ਮੇਰੀਆਂ ਸਿਸਕੀਆਂ ਨੂੰ ਗ਼ਸ਼ੀ ਪੈ ਗਈ ਹੈ। 'ਹਾਏ ਕਿਉ? ਮੈਂ ਨਹੀਂ ਜਾਣ ਦੇਣਾ ਹੁਣ' ਮੇਰੀ ਚੀਕ ਨਿਕਲ ਜਾਂਦੀ ਹੈ।

'ਮੈਂ ਕਤਲ ਕਰ ਆਇਆ ਹਾਂ...ਉਸ ਮੁੰਡੇਬਾਜ਼ ਦਾ... ਜ਼ਾਲਮ ਜੰਗਲੀ ਸਾਹਿਬ ਦਾ...ਜਿਸ ਨੇ ਮੇਰੇ ਦੋ ਕੀਮਤੀ ਸਾਲ, ਮੇਰੇ ਜਜ਼ਬਾਤਾਂ ਦਾ ਖੂਨ ਕੀਤਾ...ਤੇ ਤੇਰੀਆਂ ਸੱਧਰਾਂ ਦਾ ਘਾਣ ਕੀਤਾ। ਕਿਸੇ ਨਾ ਕਿਸੇ ਬਹਾਨੇ ਉਹ ਤੇਰੀਆਂ ਚਿੱਠੀਆਂ ਪੜ੍ਹਦਾ ਮੈਨੂੰ ਬਲੈਕਮੇਲ ਕਰਦਾ ਰਿਹਾ ਤੇ ਮੈਨੂੰ ਰੋਕਦਾ ਰਿਹਾ। ਬਹੁਤ ਸਾਰੇ ਜਵਾਨ ਉਸ ਤੋਂ ਦੁਖੀ ਸਨ। ਜੀਹਨੇ ਉਸ ਅੱਗੇ ਗੋਡੇ ਟੇਕ ਖ਼ੁਸ਼ਾਮਦ ਸੇਵਾ ਕੀਤੀ, ਉਸ ਦੀ ਛੁੱਟੀ ਮਨਜ਼ੂਰ ਤੇ ਜੀਹਨੇ ਨਾਂਹ ਕੀਤੀ ਉਸ ਨੂੰ ਇਨਕਾਰ। ਇਕ ਜੁਆਨ ਆਪਣੀ ਤੀਵੀਂ ਲੈ ਗਿਆ। ਜੁਆਨ ਨੂੰ ਬਾਹਰ ਡਿਊਟੀ 'ਤੇ ਭੇਜ ਦਿੰਦਾ ਤੇ ਉਸ ਦੀ ਘਰ ਵਾਲੀ ਨੂੰ ਆਪਣੇ ਘਰ ਅੜਦਲਪੁਣਾ ਕਰਵਾਉਂਦਾ। ਆਖ਼ਰ ਅਜੇਹੇ ਨਿਰਾਦਰ ਤੋਂ ਤੰਗ ਆ ਕੇ ਜੁਆਨ ਨੂੰ ਆਪਣੀ ਪੁੜਪੁੜੀ ਛੇਕਣੀ ਪਈ। ਮੈਂ ਸੋਚ ਲਿਆ ਕਿ ਅਜੇਹੇ ਵਹਿਸ਼ੀ ਕਮਾਂਡਰ ਤੋਂ ਛੁਟਕਾਰਾ ਪਾਉਣ ਲਈ ਮੈਨੂੰ ਆਪਣੀ ਪੁੜਪੁੜੀ ਦੀ ਥਾਂ ਉਸ ਦੀ ਪੁੜਪੁੜੀ ਛੇਕਣੀ ਬਿਹਤਰ ਹੈ। ਮੈਂ ਉਸ ਦਾ ਫਾਹਾ ਵੱਢ ਆਇਆ ਹਾਂ।' ਕਹਿੰਦੇ ਕਹਿੰਦੇ ਤੇਰੇ ਹੋਠ ਕੰਬ ਰਹੇ ਨੇ।

'ਹੁਣ ਕਿਸੇ ਦੀ ਛੁੱਟੀ ਨਹੀਂ ਰੁਕੇਗੀ...?' ਮੈਂ ਆਪ ਮੁਹਾਰੇ ਬੁੜਬੁੜਾਉਂਦੀ ਹਾਂ।

'...ਹਾਂ...ਹਾਂ...' ਮੈਂ ਹੱਸਦੀ ਹਾਂ ਕਮਲ਼ਿਆਂ ਵਾਂਗ...,

'ਅਸੀਂ ਦੋਹਰੀ ਕੈਦ ਕੱਟਾਂਗੇ... ਤੂੰ ਜੇਲ੍ਹ ਵਿਚ... ਤੇ ਮੈਂ ਇੱਥੇ ਚਾਰ ਕੰਧਾਂ ਦੀ ਵਲਗਣ ਵਿਚ... ਪਰ ਮੇਰੀਆਂ ਹੋਰ ਭੈਣਾਂ ਆਪਣੇ ਮਾਹੀ ਨੂੰ ਨਹੀਂ ਤਰਸਣਗੀਆਂ। ਉਨ੍ਹਾਂ ਨੂੰ ਜਿਊਣ ਦੀ ਪੂਰੀ ਖੁੱਲ੍ਹ ਹੋਵੇਗੀ।' ਮੈਂ ਫਿਰ ਤੇਰੇ ਗਲ ਚੰਬੜ ਜਾਂਦੀ ਹਾਂ।'

# ਭਾਰਤੀ ਕਾਮਰੇਡ: ਤਬਦੀਲੀ ਦਾ ਦਰ ਢੁਕਿਆ ਰਹਿਣ ਦਿੱਤਾ ਗਿਆ

***ਇਤਿਹਾਸਕਾਰ ਭਗਵਾਨ ਸਿੰਘ ਜੋਸ਼ ਨੇ ਪੰਜਾਬ ਦੀ ਕਮਿਊਨਿਸਟ ਲਹਿਰ ਦਾ ਇਤਿਹਾਸ ਲਿਖਿਆ ਜੋ ਪਹਿਲੀ ਵਾਰ ਸੰਨ 1978 'ਚ ਛਪਿਆ। ਇਸ ਲੇਖ ਵਿਚ ਜੋਸ਼ ਖੱਬੇਪੱਖੀ ਲਹਿਰ ਦੇ 42-44 ਸਾਲਾਂ ਦੌਰਾਨ ਆਏ ਉਤਰਾਅ-ਚੜ੍ਹਾਅ 'ਤੇ ਨਜ਼ਰ ਮਾਰਦਾ ਉਨ੍ਹਾਂ ਪ੍ਰੇਸ਼ਾਨੀਆਂ ਦਾ ਜ਼ਿਕਰ ਕਰਦਾ ਹੈ ਜਿਨ੍ਹਾਂ ਵਿਚ ਖੱਬੇਪੱਖੀ ਲਹਿਰ ਘਿਰੀ ਹੋਈ ਹੈ।***

ਪਿਛਲੇ ਬਾਰਾਂ ਸਾਲਾਂ ਵਿਚ ਦੇਸ਼ ਵਿਚ ਇਤਿਹਾਸਕ ਤਬਦੀਲੀ ਆਈ ਹੈ। ਇਸ ਸਦੀ ਦੇ ਦੂਸਰੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਵਿਚ ਦੇਸ਼ ਵਿਚ ਸੱਜੀ ਸਿਆਸਤ ਦੇ ਉਭਾਰ ਦੀ ਸਮਾਜਿਕ, ਸਭਿਆਚਾਰਕ ਤੇ ਸਿਆਸੀ ਜ਼ਮੀਨ ਸਭ ਤੋਂ ਤੇਜ਼ੀ ਨਾਲ ਤਿਆਰ ਹੋ ਰਹੀ ਸੀ। ਅਸਲ ਵਿਚ ਇਸ ਸੱਜੀ-ਸਿਆਸਤ ਨੂੰ 1975-77 ਦੌਰਾਨ ਲਗਾਈ ਗਈ ਐਮਰਜੈਂਸੀ ਤੋਂ ਬਾਅਦ ਕਾਫ਼ੀ ਹੌਸਲਾ ਮਿਲਿਆ ਸੀ ਤੇ ਇਸ ਝੁਕਾਅ ਵਿਚ ਇਕ ਨਵਾਂ ਬੁਲੰਦ ਉਤਸ਼ਾਹ ਨਜ਼ਰ ਆ ਰਿਹਾ ਸੀ। ਦੇਸ਼ ਦੇ ਕਾਫ਼ੀ ਹਿੱਸੇ ਵਿਚ ਇਸ ਝੁਕਾਅ ਨੂੰ ਸਵੀਕ੍ਰਿਤੀ

**ਭਗਵਾਨ ਜੋਸ਼**
**ਫੋਨ: 98184-98464**

ਮਿਲਣੀ ਸ਼ੁਰੂ ਹੋ ਚੁੱਕੀ ਸੀ। 2011 ਵਿਚ ਉਭਰੀ ਅੰਨਾ ਹਜ਼ਾਰੇ ਦੀ ਲਹਿਰ ਇਸ ਗੱਲ ਵੱਲ ਇਸ਼ਾਰਾ ਸੀ ਕਿ ਲੋਕ-ਬੋਧ ਦਾ ਅਵਚੇਤਨ ਨਵੇਂ ਰਾਹਾਂ ਨੂੰ ਤਲਾਸ਼ਣ ਵੱਲ ਚੱਲ ਪਿਆ ਹੈ। ਪਰ ਅਜੇ ਤਕ ਇਹ ਗੱਲ ਯਕੀਨੀ ਨਹੀਂ ਸੀ ਕਿ ਇਹ ਰਾਹ ਸੱਜੀ-ਸਿਆਸਤ ਵੱਲ ਹੀ ਖੁੱਲ੍ਹੇਗਾ। ਇਹ ਰਾਹ ਖੱਬੀ-ਸਿਆਸਤ ਵੱਲ ਵੀ ਖੁੱਲ੍ਹ ਸਕਦਾ ਸੀ। ਦੇਸ਼ ਦੋਰਾਹੇ 'ਤੇ ਖੜ੍ਹਾ ਸੀ। ਇਕ ਨਵੇਂ ਸਿਆਸੀ ਮੋੜ ਦੀ ਸੰਭਾਵਨਾ ਪੈਦਾ ਹੋ ਚੁੱਕੀ ਸੀ। ਸੰਭਾਵਨਾ ਨੂੰ ਯਥਾਰਥ ਰੂਪ ਵਿਚ ਬਦਲਣ ਤੇ ਰੂਪ-ਮੁਹਾਂਦਰਾ ਘੜਨ ਦਾ ਕੰਮ ਅਜੇ ਬਾਕੀ ਸੀ। ਅੱਧਾ ਕੰਮ ਅਚੇਤ ਸਮਾਜਿਕ-ਇਤਿਹਾਸਕ ਤਾਕਤਾਂ ਕਰਦੀਆਂ ਹਨ; ਵੱਡੀ ਤਬਦੀਲੀ ਦਾ 'ਦਰਵਾਜ਼ਾ' ਖੋਲ੍ਹਦੀਆਂ ਹਨ, ਬਾਕੀ ਦਾ ਅੱਧਾ ਕੰਮ ਸਿਆਸੀ ਕਾਰਕੁਨਾਂ ਨੇ ਕਰਨਾ ਹੁੰਦਾ ਹੈ। ਭਾਰਤੀ ਜਨਤਾ ਪਾਰਟੀ ਤੇ ਉਸ ਦੀਆਂ ਬਾਕੀ ਭਰਾਤਰੀ ਸ਼ਾਖਾਵਾਂ ਲਈ ਇਹ ਸੁਨਹਿਰੀ ਮੌਕਾ ਸੀ ਜਿਸਦਾ ਉਨ੍ਹਾਂ ਨੇ ਬਹੁਤ ਦੇਰ ਤਕ ਸਬਰ ਨਾਲ ਇੰਤਜ਼ਾਰ ਕੀਤਾ ਸੀ। ਅੱਜ ਹਾਲਤ ਇਹ ਹੋ ਗਈ ਹੈ ਕਿ ਕੌਮੀ ਪੱਧਰ 'ਤੇ ਕੋਈ ਵੀ ਅਜਿਹੀ ਪਾਰਟੀ ਨਜ਼ਰ ਨਹੀਂ ਆਉਂਦੀ ਜੋ ਇਸ ਸੱਜੀ-ਸਿਆਸਤ ਦੇ ਵਹਾਅ ਨੂੰ ਵੰਗਾਰਨ ਦੇ ਕਾਬਿਲ ਹੋਵੇ। ਵਿਰੋਧੀ ਧਿਰਾਂ ਦੀ ਸਾਰੀ ਸਿਆਸਤ ਖਿੰਡੀ ਹੋਈ ਹੈ। ਕਾਂਗਰਸ ਵਿਚ ਲੰਮੀ ਸੋਚ ਰੱਖ ਕੇ ਕੋਈ ਵੀ ਸਿਧਾਂਤਕ ਤੇ ਸਿਆਸੀ ਬਿਰਤਾਂਤ ਘੜਨ ਦੀ ਸਮਰੱਥਾ ਨਜ਼ਰ ਨਹੀਂ ਆਉਂਦੀ। ਉਨ੍ਹਾਂ ਨੂੰ ਲੱਗਦਾ ਹੈ ਕਿ ਅਜਿਹਾ ਲੰਮੇ ਦੌਰ ਦਾ (ਦੀਰਘ-ਕਾਲੀ) ਕਾਰਜ ਕਰਨ ਤੋਂ ਬਿਨਾਂ ਹੀ ਉਨ੍ਹਾਂ ਹੱਥ ਚੋਣਾਂ ਲੜ ਕੇ ਸੱਤਾ ਪ੍ਰਾਪਤ ਹੋ ਜਾਵੇਗੀ। ਬਿਰਤਾਂਤ-ਰਹਿਤ ਭਟਕੀ ਹੋਈ ਕਾਂਗਰਸ ਕੇਵਲ ਥੋੜ੍ਹ-ਚਿਰੇ ਲਾਭ ਲਈ ਫੋਕੇ ਤੇ ਝੂਠੇ ਨਾਅਰਿਆਂ ਨਾਲ ਕੰਮ ਚਲਾਉਣਾ ਚਾਹੁੰਦੀ ਹੈ। ਵਿਰੋਧੀਆਂ ਨੂੰ ਇਹ ਗੱਲ ਸਮਝ ਆਉਣੀ ਚਾਹੀਦੀ ਹੈ ਕਿ ਬਹੁਤ ਦੇਰ ਤੋਂ, ਆਰ.ਐੱਸ.ਐੱਸ. ਤੇ ਜਨਸੰਘ, ਤੇ ਫੇਰ ਭਾਰਤੀ ਜਨਤਾ ਪਾਰਟੀ, ਸਭਿਆਚਾਰਕ ਇਨਕਲਾਬ ਕਰਨ ਦੀ ਕੋਸ਼ਿਸ਼ ਵਿਚ ਮਸਰੂਫ਼ ਰਹੀਆਂ ਹਨ। ਇਹ ਇਸ ਸਮਾਜਿਕ ਭੌਂ ਦੀ ਤਿਆਰੀ ਹੀ ਸੀ ਜਿਸ ਨੇ ਦੇਸ਼ ਦਾ ਅਵਚੇਤਨ ਮਨਸ ਬਦਲ ਕੇ ਉਨ੍ਹਾਂ ਵੱਲ ਕੀਤਾ। ਭਾਰਤੀ ਜਨਤਾ ਪਾਰਟੀ ਦੀ ਜਿੱਤ ਕੇਵਲ ਇਕ ਸਾਧਾਰਨ ਚੋਣ ਮੁਕਾਬਲੇ ਦੀ ਜਿੱਤ ਨਹੀਂ ਹੈ; ਇਹ 'ਇਤਿਹਾਸਕ' ਜਿੱਤ ਹੈ ਜਿਸ ਨਾਲ ਨਵਾਂ ਦੌਰ ਸ਼ੁਰੂ ਹੁੰਦਾ ਹੈ। ਅਜਿਹੀ ਜਿੱਤ ਕੇਵਲ ਸਿਆਸੀ ਤਾਕਤ ਦਾ ਹੇਰ-ਫੇਰ ਨਹੀਂ ਹੁੰਦਾ।

ਦੇਸ਼ ਦੇ ਸਮਕਾਲੀ ਇਤਿਹਾਸ ਨੂੰ ਸਮਝਣ 'ਤੇ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਐਮਰਜੈਂਸੀ ਤੋਂ ਬਾਅਦ ਦੇਸ਼ ਦੇ ਨਾਰਮਲ ਚਲਦੇ ਆ ਰਹੇ ਇਤਿਹਾਸਕ ਵਹਿਣ ਵਿਚ ਇਕ ਨਵਾਂ 'ਪਾੜ' ਨਵੇਂ 'ਦਰਵਾਜ਼ੇ' ਵਾਂਗ ਖੁੱਲ੍ਹ ਗਿਆ ਸੀ। ਇਤਿਹਾਸ ਵਿਚ ਵੱਡੀ ਸਿਆਸੀ ਦਖਲ-ਅੰਦਾਜ਼ੀ ਐਨ ਉਸੇ ਵਕਤ ਸੰਭਵ ਹੁੰਦੀ ਹੈ, ਜਦ ਨਵਾਂ 'ਪਾੜ' ਨਵੇਂ 'ਦਰਵਾਜ਼ੇ' ਵਾਂਗ ਖੁੱਲ੍ਹਦਾ ਹੈ- ਅਤੇ ਦੇਰ ਤੋਂ 'ਪਾੜ' ਖੁੱਲ੍ਹਣ ਦਾ ਇੰਤਜ਼ਾਰ ਕਰ ਰਹੀ ਪਾਰਟੀ ਇਸ 'ਪਾੜ' ਜਾਂ 'ਨਵੇਂ ਦਰਵਾਜ਼ੇ' ਰਾਹੀਂ ਇਤਿਹਾਸ ਵਿਚ ਦਖਲ-ਅੰਦਾਜ਼ੀ ਕਰ ਲੈਂਦੀ ਹੈ। ਅੱਗੇ-ਪਿੱਛੇ ਪਾਰਟੀਆਂ ਕੇਵਲ ਆਪਣੇ-ਆਪ ਨੂੰ ਤਿਆਰ-ਬਰ-ਤਿਆਰ ਰੱਖਣ ਦੀ ਕਵਾਇਦ ਹੀ ਕਰਦੀਆਂ ਹਨ। ਇਸ 'ਪਾੜ' ਦੇ ਖੁੱਲ੍ਹਣ ਨੂੰ ਹੀ ਸੰਕਟ ਕਿਹਾ ਜਾਂਦਾ ਹੈ ਜਿਸ ਤੋਂ ਬਿਨਾਂ ਵੱਡੀ ਤਬਦੀਲੀ ਸੰਭਵ ਨਹੀਂ ਹੁੰਦੀ।

ਆਰ.ਐੱਸ.ਐੱਸ. ਤੇ ਕਮਿਊਨਿਸਟ ਪਾਰਟੀ ਦੋਵਾਂ ਦੀ ਨੀਂਹ 1925 ਵਿਚ ਰੱਖੀ ਗਈ ਸੀ। ਅੱਜ ਇਕ ਸੱਤਾ ਵਿਚ ਹੈ ਤੇ ਕਮਿਊਨਿਸਟ ਖਿੰਡ-ਪੁੰਡ ਗਏ ਹਨ। ਐਮਰਜੈਂਸੀ ਤੋਂ ਬਾਅਦ ਜੋ ਨਵਾਂ 'ਦਰਵਾਜ਼ਾ/ਪਾੜ' ਖੁੱਲ੍ਹਿਆ ਤਾਂ ਉਸ ਵੇਲੇ ਵਕਤੀ ਤੌਰ 'ਤੇ ਤਾਕਤ ਵੀ.ਪੀ. ਸਿੰਘ ਕੋਲ ਆਈ। ਉਸ ਦੀ ਸਰਕਾਰ ਦਾ ਸੱਜਾ ਹੱਥ ਭਾਜਪਾ ਤੇ ਖੱਬਾ ਹੱਥ ਖੱਬੇ-ਕਮਿਊਨਿਸਟਾਂ ਨੇ ਪਕੜਿਆ ਹੋਇਆ ਸੀ। ਇਹ ਬਿੰਬ ਇਸ ਗੱਲ ਵੱਲ ਇਸ਼ਾਰਾ ਸੀ ਕਿ ਇਸ ਤੋਂ ਅੱਗੇ ਦੇਸ਼ ਦੇ ਇਤਿਹਾਸ ਦਾ ਰੁਖ਼ ਕਿਸੇ ਪਾਸੇ ਵੱਲ ਵੀ ਮੁੜ ਸਕਦਾ ਸੀ; ਖੱਬੇ ਪਾਸੇ ਜਾਂ ਸੱਜੇ ਪਾਸੇ। ਦੇਸ਼ ਦੀ ਮਾਨਸਿਕਤਾ ਦਾ ਰੁਖ਼ ਕਿੱਧਰ ਮੁੜੇਗਾ, ਇਹ ਗੱਲ ਚੰਗੀ ਤਰ੍ਹਾਂ ਸਪੱਸ਼ਟ ਨਹੀਂ ਸੀ। ਪਰ ਸਾਂਝੀਆਂ ਸਰਕਾਰਾਂ ਦੀ ਟੁੱਟ-ਭੱਜ ਤੋਂ ਬਾਅਦ ਇਹ ਲੋਕ ਮਾਨਸਿਕਤਾ ਪਹਿਲਾਂ ਖੱਬੇ ਪਾਸੇ ਝੁਕਦੀ ਨਜ਼ਰ ਆ ਰਹੀ ਸੀ। ਕੀ ਇਹ ਨਵੀਂ ਉੱਭਰੀ ਸੰਭਾਵਨਾ ਖੱਬੇ ਪਾਸੇ ਝੁਕਾਅ ਤੋਂ ਅੱਗੇ ਵਧ ਕੇ ਇਕ ਖੱਬਾ ਮੋੜ ਖੱਟ ਸਕੇਗੀ? ਇਹ, ਇਸ ਗੱਲ ਉੱਪਰ ਨਿਰਭਰ ਸੀ ਕਿ ਖੱਬੇ ਪੱਖੀ ਦਖਲ-ਅੰਦਾਜ਼ੀ ਕਰਨ ਦੀ ਕਿੰਨੀ ਕੁ ਸੂਝ ਤੇ ਸਮਰੱਥਾ ਰੱਖਦੇ ਹਨ। ਜਲਦੀ ਹੀ ਇਸ ਸਵਾਲ ਦਾ ਜਵਾਬ ਨਾਂਹ ਵਿਚ ਮਿਲ ਗਿਆ। ਉਸ ਵੇਲੇ ਖੱਬੀ ਕਮਿਊਨਿਸਟ ਪਾਰਟੀ ਦੇ ਲੀਡਰਾਂ ਨੇ ਜਿਉਤੀ ਬਾਸੂ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਬਣਾਉਣ ਤੋਂ ਨਾਂਹ ਕਰ ਕੇ ਸਾਰੇ ਸਮਰਥਕਾਂ ਦਾ ਦਿਲ ਤੋੜ ਦਿੱਤਾ।



ਇਹ ਉਹ ਵਕਤ ਸੀ ਜਦ ਸਮੁੱਚੇ ਸਮਾਜਿਕ ਤੇ ਸਿਆਸੀ ਤਾਕਤਾਂ ਦਾ ਇਤਿਹਾਸਕ ਲੋਕ-ਵਹਿਣ ਖੱਬਿਆਂ ਵੱਲ ਬੜੀ ਆਸ ਨਾਲ ਵੇਖ ਰਿਹਾ ਸੀ। ਦੇਸ਼ ਦੀਆਂ ਸਾਰੀਆਂ ਖੇਤਰੀ ਪਾਰਟੀਆਂ ਤੇ ਖੱਬੀ ਸਿਆਸਤ ਨਾਲ ਹਮਦਰਦੀ ਰੱਖਦੇ ਲੋਕ ਕਮਿਊਨਿਸਟਾਂ ਨੂੰ ਅੱਗੇ ਹੋ ਕੇ ਅਗਵਾਈ ਕਰਨ ਲਈ ਬੇਨਤੀ ਕਰ ਰਹੇ ਸਨ। ਸਮੁੱਚੇ ਸੰਸਾਰ ਦੇ ਸਮਕਾਲੀ ਇਤਿਹਾਸ ਵਿਚ ਕੋਈ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਦੋਂ ਕਿਸੇ ਜਮਹੂਰੀ ਦੇਸ਼ ਵਿਚ ਸਾਰੇ ਦੇਸ਼ ਦੀਆਂ ਸਮੁੱਚੀਆਂ ਪਾਰਟੀਆਂ ਇਕੱਠੀਆਂ ਹੋ ਕੇ ਕਮਿਊਨਿਸਟਾਂ ਦੇ ਦਰ 'ਤੇ ਕਹਿਣ ਗਈਆਂ ਹੋਣ: ''ਆਉ ਅੱਗੇ ਲੱਗ ਕੇ ਸਾਡੀ ਅਗਵਾਈ ਕਰੋ।'' ਆਖਰ ਕਮਿਊਨਿਸਟ ਲਹਿਰ ਦਾ ਇਕੋ ਇਕ ਮਕਸਦ ਸੱਤਾ ਪ੍ਰਾਪਤ ਕਰ ਕੇ ਲੋਕਾਂ ਦਾ ਭਲਾ ਕਰਨਾ ਹੁੰਦਾ ਹੈ। ਉਹ ਸੱਤਾ ਪ੍ਰਾਪਤੀ ਲਈ ਹੀ ਬਣੀ ਹੁੰਦੀ ਹੈ ਤੇ ਇਹੋ ਉਹਦਾ ਇਕੋ-ਇਕ ਸਪੱਸ਼ਟ ਉਦੇਸ਼ ਹੁੰਦਾ ਹੈ।

ਪਰ ਭਾਰਤੀ ਕਮਿਊਨਿਸਟ ਅਭਾਗੇ ਸਾਬਤ ਹੋਏ ਜਿਨ੍ਹਾਂ ਨੇ ਘਰ ਆਈ ਸਿਆਸੀ-ਸੱਤਾ-ਲਕਸ਼ਮੀ ਲਈ ਦਰਵਾਜ਼ਾ ਖੁੱਲ੍ਹਣ ਦੀ ਬਜਾਏ, ਦਰ ਤੋਂ ਹੀ 'ਦੂਰ ਦੂਰ ਜਾਅ' ਦੀ ਪੁਕਾਰ ਲਗਾਉਣੀ ਸ਼ੁਰੂ ਕਰ ਦਿੱਤੀ। ਇਕ ਵੇਰ ਫਿਰ ਦੇਸ਼ ਨੂੰ ਨਿਰਾਸ਼ਾ ਹੋਈ। ਦੇਸ਼ ਨੂੰ ਨਿਰਾਸ਼ਾ ਦੇ ਇਸ ਮੂੰਹ ਵਿਚ ਧੱਕ ਦੇਣ ਦੀ ਜ਼ਿੰਮੇਵਾਰੀ ਕਮਿਊਨਿਸਟਾਂ ਦੀ ਹੈ। ਹੁਣ ਦੇਸ਼ ਦੇ ਲੋਕ ਕਮਿਊਨਿਸਟਾਂ ਵਲੋਂ ਨਜ਼ਰਾਂ ਮੋੜ ਕੇ ਦੂਸਰੇ ਪਾਸੇ ਵੇਖਣ ਲੱਗ ਪਏ ਜਿੱਥੇ ਭਾਰਤੀ ਜਨਤਾ ਪਾਰਟੀ ਉਨ੍ਹਾਂ ਦਾ 'ਖਾਲੀ ਕਿਸ਼ਤੀ' ਲੈ ਕੇ ਇੰਤਜ਼ਾਰ ਕਰ ਰਹੀ ਸੀ। ''ਆਉ ਬੈਠੋ, ਅਸੀਂ ਹੀ ਤੁਹਾਨੂੰ ਦੂਸਰੇ ਪਾਰ ਲਾਵਾਂਗੇ।'' ਇੰਝ ਸਿਆਸੀ ਆਸ-ਮੁਖੀ ਤਾਕਤਾਂ ਦੇ ਇਤਿਹਾਸਕ ਵਹਾਅ ਦਾ ਮੂੰਹ ਪਛਾੜ ਕੇ ਦੂਸਰੇ ਪਾਸੇ ਕਰਨ ਵਿਚ, ਭਾਵ, ਲੋਕਾਂ ਦਾ ਧਿਆਨ ਭਾਰਤੀ ਜਨਤਾ ਪਾਰਟੀ ਵੱਲ ਕਰ ਦੇਣ ਵਿਚ ਕਮਿਊਨਿਸਟਾਂ ਦੀ ਮਹੱਤਵਪੂਰਨ ਭੂਮਿਕਾ ਹੈ। ਭਾਰਤੀ ਜਨਤਾ ਪਾਰਟੀ ਵਾਸਤੇ ਪੈਦਾ ਹੋਈ ਸੰਭਾਵਨਾ ਨੂੰ ਯਥਾਰਥ ਵਿਚ ਬਦਲ ਸਕਣ ਦੀ ਜ਼ਿੰਮੇਵਾਰੀ ਕਮਿਊਨਿਸਟਾਂ ਦੀ ਨਾਂਹ-ਮੁਖੀ ਭੂਮਿਕਾ ਉੱਪਰ ਹੈ ਜਿਸ ਤੋਂ ਉਹ ਮੁਨਕਰ ਨਹੀਂ ਹੋ ਸਕਦੇ। ਇਸੇ ਕਰਕੇ ਅੱਜ ਇਹ ਆਸ, ਕਿ ਸਾਹ ਤੋੜ ਰਹੀ ਕਮਿਊਨਿਸਟ ਲਹਿਰ ਦੇਸ਼ ਅੱਗੇ ਕੋਈ ਸਿਆਸੀ ਬਦਲ ਪੇਸ਼ ਕਰੇਗੀ, ਵਿਅਰਥ ਹੈ। ਕਾਂਗਰਸ ਪਾਰਟੀ ਇਹ ਭੁੱਲ ਚੁੱਕੀ ਹੈ ਕਿ ਅੱਜ ਦੇਸ਼ ਅੱਗੇ ਜੋ ਮਸਲਾ ਦਰਪੇਸ਼ ਹੈ, ਉਹ ਸਭਿਆਚਾਰਕ-ਸਮਾਜਿਕ ਬਦਲ ਦਾ ਪਹਿਲਾਂ, ਤੇ ਸਿਆਸਤ ਦਾ ਪਿੱਛੋਂ ਹੈ। ਸਭ ਤੋਂ ਪਹਿਲਾਂ ਕੇਵਲ ਸਿਧਾਂਤ ਆਧਾਰਿਤ ਸਿਆਸੀ ਬਿਰਤਾਂਤ ਨੂੰ ਮੁੜ ਤੋਂ ਉਸਾਰਨ ਦਾ ਔਖਾ ਮਸਲਾ ਹੈ। ਉਪਰੋਂ ਉਪਰੋਂ ਨਾਅਰੇਬਾਜ਼ੀ ਤੇ ਚੁਣਾਵੀ ਫੋਕੀ ਸਿਆਸਤ ਦਾ ਨਹੀਂ।

**** ਸੈਂਟਰ ਫਾਰ ਹਿਸਟੋਰੀਕਲ ਸਟੱਡੀਜ਼, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ।***

# ਆਜ਼ਾਦ ਹਿੰਦ ਫੌਜ ਦੇ ਖੁਫੀਆ ਵਿੰਗ ਦੇ ਅਣਗੌਲੇ ਸ਼ਹੀਦ ਫ਼ੌਜਾ ਸਿੰਘ ਮਰਹਾਣਾ

ਭਾਰਤ ਗਲੋਂ ਅੰਗਰੇਜ਼ਾਂ ਦੀ ਗੁਲਾਮੀ ਦਾ ਜਾਲ ਲਾਹੁਣ ਲਈ ਅਨੇਕਾਂ ਹੀ ਸੂਰਬੀਰਾਂ ਨੇ ਅਸਹਿ ਕਸ਼ਟ ਸਹਿੰਦਿਆਂ ਕੁਰਬਾਨੀਆਂ ਦਿੱਤੀਆਂ। ਇਨ੍ਹਾਂ ਵਿਚ ਬਹੁ ਗਿਣਤੀ ਪੰਜਾਬੀਆਂ ਦੀ ਸੀ। ਪੰਜਾਬ ਦਾ ਕੋਈ ਟਾਵਾਂ ਹੀ ਪਿੰਡ ਜਾਂ ਸ਼ਹਿਰ ਹੋਵੇਗਾ, ਜਿਸ ਦੇ ਵਸਨੀਕਾਂ ਨੇ ਇਸ ਸੰਘਰਸ਼ ਵਿਚ ਹਿੱਸਾ ਨਾ ਲਿਆ ਹੋਵੇ। ਪੰਜਾਬੀ ਦੇਸ਼ ਭਗਤਾਂ ਵਿਚ ਸਭ ਤੋਂ ਵੱਧ ਗਿਣਤੀ ਮਝੈਲਾਂ ਦੀ ਹੈ। ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਚੋਹਲਾ ਸਾਹਿਬ ਦੇ ਗ਼ਦਰੀ ਬਾਬਾ ਸੱਚਾ ਸਿੰਘ ਸਮੇਤ 40 ਦੇਸ਼ ਭਗਤਾਂ ਨੇ, ਦਦੇਹਰ

**ਕੰਵਲਬੀਰ ਸਿੰਘ ਪੰਨੂੰ**
**ਫੋਨ: 98766-98068**

ਸਾਹਿਬ ਦੇ ਗ਼ਦਰੀ ਬਾਬਾ ਵਿਸਾਖਾ ਸਿੰਘ ਤੇ ਸ਼ਹੀਦ ਸਾਧੂ ਸਿੰਘ (21 ਨੰ. ਰਸਾਲਾ) ਸਮੇਤ 15, ਨੌਸ਼ਹਿਰਾ ਪਨੂੰਆਂ ਦੇ ਸ਼ਹੀਦ ਤੇਜਾ ਸਿੰਘ (ਆਈਐੱਨਏ), ਸ਼ਹੀਦ ਪ੍ਰਿਥੀਪਾਲ ਸਿੰਘ ਅਤੇ ਗ਼ਦਰੀ ਬਾਬਾ ਜਿੰਦਰ ਸਿੰਘ ਦੁਧਾਧਾਰੀ ਸਮੇਤ 50 ਦੇ ਕਰੀਬ ਸੂਰਬੀਰਾਂ ਅਤੇ ਛੋਟੀਆਂ ਤੇ ਤੁੜੀਵਾਲਾ ਆਦਿ ਪਿੰਡਾਂ ਦੇ ਦਰਜਨਾਂ ਦੇਸ਼ ਪ੍ਰੇਮੀਆਂ ਨੇ ਅਨੇਕਾਂ ਤਸੀਹੇ ਝੱਲੇ। ਇਸੇ ਤਰ੍ਹਾਂ ਪਿੰਡ ਮਰਹਾਣਾ ਨੇ ਵੀ ਕਈ ਦੇਸ਼ ਭਗਤ ਪੈਦਾ ਕੀਤੇ। ਇਸ ਪਿੰਡ ਨੂੰ ਆਜ਼ਾਦੀ ਘੁਲਾਟੀਆਂ ਦੀ ਖਾਣ ਵੀ ਕਿਹਾ ਜਾ ਸਕਦਾ ਹੈ। ਇਸ ਪਿੰਡ ਦੇ 40 ਤੋਂ ਵੱਧ ਸੂਰਬੀਰਾਂ ਨੇ 1900 ਤੋਂ ਲੈ ਕੇ 1947 ਤਕ ਦੇਸ਼ ਦੀ ਆਜ਼ਾਦੀ ਸਬੰਧੀ ਚੱਲੀਆਂ ਵੱਖ-ਵੱਖ ਲਹਿਰਾਂ ਵਿਚ ਹਿੱਸਾ ਲੈਂਦਿਆਂ ਕਾਲੇ ਪਾਣੀ ਦੀਆਂ ਜੇਲ੍ਹਾਂ ਦੇ ਕਸ਼ਟ ਸਹਾਰੇ, ਪੁਲੀਸ ਤਸ਼ੱਦਦ ਝੱਲੇ, ਗੋਲੀਆਂ ਖਾਧੀਆਂ ਅਤੇ ਜਾਇਦਾਦਾਂ ਕੁਰਕ ਕਰਵਾਈਆਂ। ਕਾਲੇ ਪਾਣੀ ਦੀ ਜੇਲ੍ਹ ਕੱਟਣ ਵਾਲਿਆਂ ਵਿਚ ਗ਼ਦਰੀ ਭਾਈ ਕੇਹਰ ਸਿੰਘ, ਗੁਰੂ ਕੇ ਬਾਗ ਮੋਰਚੇ ਦੇ ਤੀਜੇ ਜਥੇ ਦੇ ਆਗੂ ਜਥੇਦਾਰ ਚੰਨਣ ਸਿੰਘ ਅਤੇ ਆਜ਼ਾਦ ਹਿੰਦ ਫੌਜ ਦੇ ਪਹਿਲੇ ਪੰਜ ਜੰਗਜੂ, ਜੋ ਮਲਾਇਆ ਤੋਂ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਨ ਆਏ ਸਨ, 'ਚੋਂ ਇਕ ਫ਼ੌਜਾ ਸਿੰਘ ਇਸੇ ਪਿੰਡ ਦੇ ਹੀ ਜੰਮਪਲ ਸਨ।

ਉਨ੍ਹਾਂ ਨੂੰ ਅੰਗਰੇਜ਼ ਸਰਕਾਰ ਨੇ 10 ਸਤੰਬਰ, 1943 ਦੀ ਸਵੇਰ ਨੂੰ ਮਦਰਾਸ ਜੇਲ੍ਹ ਵਿਚ ਫਾਂਸੀ ਦਿੱਤੀ ਸੀ।

ਫ਼ੌਜਾ ਸਿੰਘ ਦਾ ਜਨਮ 1920 ਈ. ਨੂੰ ਪਿੰਡ ਮਰਹਾਣਾ, ਤਰਨ ਤਾਰਨ ਵਿਚ ਬੇਅੰਤ ਸਿੰਘ ਦੇ ਘਰ ਹੋਇਆ। ਉਨ੍ਹਾਂ ਨੂੰ ਦੇਸ਼ ਭਗਤੀ ਦੀ ਲਗਨ ਆਪਣੇ ਪਿੰਡ ਦੇ ਗ਼ਦਰੀ ਦੇਸ਼ ਭਗਤਾਂ ਬਾਬਾ ਈਸ਼ਰ ਸਿੰਘ, ਕੇਹਰ ਸਿੰਘ, ਸੋਭਾ ਸਿੰਘ ਅਤੇ ਚੰਨਣ ਸਿੰਘ ਦੀਆਂ ਕੁਰਬਾਨੀਆਂ ਨਾਲ ਜਵਾਨੀ 'ਚ ਹੀ ਲੱਗ ਗਈ ਸੀ। ਚੜ੍ਹਦੀ ਜਵਾਨੀ ਵਿਚ ਹੀ ਉਹ ਚੰਗੇ ਭਵਿੱਖ ਦੀ ਤਲਾਸ਼ ਵਿਚ ਮਲਾਇਆ ਚਲੇ ਗਏ ਸਨ। ਇੱਥੇ ਉਨ੍ਹਾਂ ਦਾ ਮੇਲ ਗਿਆਨੀ ਪ੍ਰੀਤਮ ਸਿੰਘ ਵਰਗੇ ਦੇਸ਼ ਭਗਤਾਂ ਨਾਲ ਹੋਇਆ ਤੇ ਦੇਸ਼ ਦੀ ਆਜ਼ਾਦੀ ਸਬੰਧੀ ਸਰਗਰਮੀਆਂ 'ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।

ਦਰਅਸਲ ਦੂਜੇ ਵਿਸ਼ਵ ਯੁੱਧ ਦੌਰਾਨ 1942 ਦੇ ਆਰੰਭ ਵਿਚ ਜਪਾਨ ਨੇ ਦੱਖਣ ਪੂਰਬੀ ਏਸ਼ੀਆ 'ਚੋਂ ਬ੍ਰਿਟਿਸ਼, ਫਰੈਂਚ ਅਤੇ ਡੱਚ ਬਸਤੀਵਾਦੀ ਸ਼ਕਤੀਆਂ ਨੂੰ ਕੱਢ ਕੇ ਆਪਣੇ ਅਧਿਕਾਰ ਖੇਤਰ ਵਿਚ ਕਰ ਲਿਆ ਸੀ। ਦੱਖਣ ਪੂਰਬੀ ਏਸ਼ੀਆ ਇਕ ਅਜਿਹਾ ਖਿੱਤਾ ਸੀ, ਜਿੱਥੇ ਭਾਰਤੀ ਨੌਜਵਾਨ, ਜਿਨ੍ਹਾਂ ਵਿਚ ਬਹੁਗਿਣਤੀ ਪੰਜਾਬੀਆਂ ਦੀ ਸੀ, ਚੰਗੀ ਰੋਜ਼ੀ-ਰੋਟੀ ਕਮਾਉਣ ਚਲੇ ਗਏ ਸਨ। ਵਿਸ਼ਵ ਯੁੱਧ ਚੱਲ ਰਿਹਾ ਸੀ ਅਤੇ ਜਪਾਨ ਇਕ ਸ਼ਕਤੀ ਵਜੋਂ ਉਭਰਿਆ ਸੀ। ਜਾਪਾਨੀਆਂ ਵਲੋਂ 'ਏਸ਼ੀਆ ਫਾਰ ਏਸ਼ੀਅਨਜ਼' ਦਾ ਨਾਅਰਾ ਦਿੱਤਾ ਗਿਆ ਅਤੇ ਭਾਰਤ ਨੂੰ ਸੁਤੰਤਰ ਮੰਨਣ ਦਾ ਵਾਅਦਾ ਵੀ ਕੀਤਾ ਗਿਆ। ਇਨ੍ਹਾਂ ਐਲਾਨਾਂ ਨੇ ਕਈ ਭਾਰਤੀ ਨੌਜਵਾਨਾਂ ਨੂੰ ਪ੍ਰਭਾਵਿਤ ਕੀਤਾ ਅਤੇ ਉਹ ਇੰਡੀਅਨ ਇੰਡੀਪੈਂਡੈਂਸ ਲੀਗ ਵਿਚ ਸ਼ਾਮਲ ਹੋ ਗਏ। ਇਹ ਲੀਗ ਦੱਖਣ ਪੂਰਬੀ ਏਸ਼ੀਆ ਵਿਚ ਭਾਰਤੀਆਂ ਵਲੋਂ ਬਣਾਈ ਗਈ ਇਕ ਰਾਜਨੀਤਕ ਸੰਸਥਾ ਸੀ, ਜੋ ਭਾਰਤ ਦੀ ਆਜ਼ਾਦੀ ਲਈ 1928 ਤੋਂ ਹੀ ਸੰਘਰਸ਼ ਕਰ ਰਹੀ ਸੀ। ਇਸ ਦੀ ਸਥਾਪਨਾ 1915 ਦੀ ਗ਼ਦਰ ਲਹਿਰ ਦੇ ਆਗੂ ਰਾਸ ਬਿਹਾਰੀ ਬੋਸ ਅਤੇ ਗਿਆਨੀ ਪ੍ਰੀਤਮ ਸਿੰਘ ਵਲੋਂ ਕੀਤੀ ਗਈ ਸੀ। ਫ਼ੌਜਾ ਸਿੰਘ ਮਰਹਾਣਾ ਵੀ ਇੰਡੀਅਨ ਇੰਡੀਪੈਂਡੈਂਸ ਲੀਗ ਵਿਚ ਸ਼ਾਮਲ ਸਨ।




1943 ਵਿਚ ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿਚ ਆਉਣ ਤੋਂ ਪਹਿਲਾਂ ਇੰਡੀਅਨ ਨੈਸ਼ਨਲ ਆਰਮੀ (ਆਜ਼ਾਦ ਹਿੰਦ ਫ਼ੌਜ), ਜਿਸ ਦੀ ਸ਼ੁਰੂਆਤ ਕੈਪਟਨ ਮੋਹਨ ਸਿੰਘ ਵਲੋਂ ਅਪਰੈਲ 1942 'ਚ ਕੀਤੀ ਗਈ ਸੀ, ਇੰਡੀਅਨ ਇੰਡੀਪੈਂਡੈਂਸ ਲੀਗ ਦਾ ਇਕ ਹਥਿਆਰਬੰਦ ਵਿੰਗ ਸੀ। ਲੀਗ ਨੇ ਨੌਜਵਾਨਾਂ ਨੂੰ ਭਰਤੀ ਕਰ ਕੇ ਗਰੁੱਪਾਂ ਵਿਚ ਭਾਰਤ ਭੇਜਣ ਦਾ ਫੈਸਲਾ ਕੀਤਾ ਤਾਂ ਕਿ ਭਾਰਤ ਵਿਚ ਅਸਹਿਯੋਗ ਅੰਦੋਲਨ ਨਾਲ ਜੋ ਜਾਗਰੂਕਤਾ ਆਈ ਹੈ, ਉਸ ਨੂੰ ਦੇਸ਼ ਦੀ ਆਜ਼ਾਦੀ ਲਈ ਸੰਗਠਿਤ ਕੀਤਾ ਜਾ ਸਕੇ। ਇਸੇ ਯੋਜਨਾ ਤਹਿਤ 50 ਨੌਜਵਾਨਾਂ ਦੇ ਪਹਿਲੇ ਗਰੁੱਪ ਨੂੰ ਲੀਗ ਦੇ ਇੰਡੀਅਨ ਸਵਰਾਜ ਇੰਸਟੀਚਿਊਟ ਪੀਨਾਂਗ (ਅਜੋਕਾ ਪੀਨਾਂਗ ਅਜਾਇਬ ਘਰ) ਵਿਚ ਜਪਾਨੀ ਟ੍ਰੇਨਰਾਂ ਵਲੋਂ ਸਿਖਲਾਈ ਦਿੱਤੀ ਗਈ।

ਇਨ੍ਹਾਂ 50 ਸਿੱਖਿਅਕ ਨੌਜਵਾਨਾਂ 'ਚੋਂ 20 ਜਣਿਆਂ ਨੂੰ ਸਤੰਬਰ ਦੇ ਅਖੀਰ ਤੋਂ ਅਕਤੂਬਰ ਦੇ ਅੰਤ ਦੇ ਦਰਮਿਆਨ ਪੀਨਾਂਗ ਤੋਂ ਤਿੰਨ ਗਰੁੱਪਾਂ ਵਿਚ ਭਾਰਤ ਭੇਜਿਆ ਗਿਆ। 10 ਨੂੰ ਦੋ ਪਣਡੁੱਬੀਆਂ ਰਾਹੀਂ ਅਤੇ 10 ਨੂੰ ਥਲ ਰਸਤੇ। ਇਨ੍ਹਾਂ 'ਚੋਂ ਪੰਜਾਂ ਦਾ ਇਕ ਗਰੁੱਪ ਰਬੜ ਦੀ ਕਿਸ਼ਤੀ ਅਤੇ ਤਨੂਰ ਦੇ ਨੇੜੇ ਮਾਲਾਬਾਰ ਸਮੁੰਦਰੀ ਤੱਟ 'ਤੇ ਪੁੱਜਾ ਅਤੇ ਦੂਸਰਾ ਗਰੁੱਪ ਕਾਠੀਆਵਾੜ ਤੱਟ ਤੇ ਦਵਾਰਕਾ ਦੇ ਕੋਲ ਉੱਤਰ ਕੇ ਭਾਰਤ ਦਾਖਲ ਹੋਇਆ।

ਮਨੁੱਖ ਸੋਚਦਾ ਕੁਝ ਹੈ ਪਰ ਹੁੰਦਾ ਉਹ ਹੈ ਜੋ ਕੁਦਰਤ ਨੂੰ ਮਨਜ਼ੂਰ ਹੋਵੇ। ਇਸੇ ਤਰ੍ਹਾਂ ਹੀ ਇਨ੍ਹਾਂ ਸੂਰਬੀਰਾਂ ਨਾਲ ਹੋਇਆ। ਅੰਗਰੇਜ਼ ਸਰਕਾਰ ਨੂੰ ਇਨ੍ਹਾਂ ਜਾਂਬਾਜ਼ਾਂ ਦੀ ਸਾਰੀ ਯੋਜਨਾ ਦੀ ਸੂਚਨਾ ਪਹਿਲਾਂ ਹੀ ਮਿਲ ਗਈ। ਭਾਰਤ ਵਿਚ ਦਾਖਲ ਹੁੰਦਿਆਂ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸਖ਼ਤੀ ਨਾਲ ਪੁੱਛਗਿੱਛ ਕੀਤੀ ਗਈ ਤੇ ਮਦਰਾਸ ਜੇਲ੍ਹ 'ਚ ਕੈਦ ਕਰ ਲਿਆ ਗਿਆ। 20 'ਚੋਂ ਇਕ ਵਾਅਦਾਮੁਆਫ ਬਣ ਗਿਆ ਤੇ ਬਾਕੀ 19 ਦੇਸ਼ ਭਗਤਾਂ 'ਤੇ ਵਿਦਰੋਹ ਦਾ ਕੇਸ ਪਾ ਕੇ ਜੇਲ੍ਹ ਅੰਦਰ ਹੀ 1943 ਦੇ ਆਰੰਭ 'ਚ ਵਿਸ਼ੇਸ਼ ਅਦਾਲਤ ਵਿਚ ਸੁਣਵਾਈ ਸ਼ੁਰੂ ਕੀਤੀ ਗਈ। ਜੱਜ ਨੇ ਫ਼ੈਸਲੇ ਵਿਚ ਲਿਖਿਆ ਕਿ ਇਹ 20 ਜਣਿਆਂ ਦਾ ਗਰੁੱਪ ਦੇਸ਼ ਦੇ ਸਾਰੇ ਖੇਤਰਾਂ ਨਾਲ ਸਬੰਧਿਤ ਹੈ। ਇਨ੍ਹਾਂ ਵਿਚ ਅੱਠ ਈਸਾਈ, ਅੱਠ ਹਿੰਦੂ, ਦੋ ਮੁਸਲਮਾਨ ਤੇ ਇੱਕ ਸਿੱਖ ਹਨ। ਜੱਜ ਨੇ ਫੈਸਲਾ ਸੁਣਾਉਣ ਵਿਚ ਦੇਰੀ ਨਾ ਲਾਈ ਅਤੇ ਸਤੇਂਦਰ ਚੰਦਰ ਬਰਧਨ, ਅਨੰਦਨ, ਵੈਕਮ ਅਬਦੁਲ ਕਾਦਰ, ਬੋਨੀਫੇਸ ਪਰੇਰਾ ਅਤੇ ਫੌਜਾ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ।

ਸ਼ਹੀਦ ਫੌਜਾ ਸਿੰਘ ਦੀ ਪਿੰਡ ਜਾਂ ਹੋਰ ਕਿਸੇ ਥਾਂ 'ਤੇ ਕੋਈ ਯਾਦਗਾਰ ਨਹੀਂ ਹੈ। ਇੱਥੋਂ ਤਕ ਕਿ ਪਿੰਡ ਦੇ ਬਹੁ ਗਿਣਤੀ ਲੋਕ ਵੀ ਇਸ ਸ਼ਹੀਦ ਜਾਂ ਆਪਣੇ ਪਿੰਡ ਦੇ ਹੋਰ ਵੱਡਿਆਂ ਦੀਆਂ ਕੁਰਬਾਨੀਆਂ ਤੋਂ ਵਾਕਿਫ ਨਹੀਂ ਹਨ। ਸ਼ਹੀਦ ਫੌਜਾ ਸਿੰਘ ਦੇ ਭਰਾ ਦਾ ਪਰਿਵਾਰ ਪਿੰਡ 'ਚ ਬਿਨਾਂ ਪਛਾਣ ਤੋਂ ਜ਼ਿੰਦਗੀ ਬਸਰ ਕਰ ਰਿਹਾ ਹੈ। ਇਨ੍ਹਾਂ ਪੰਜ ਸ਼ਹੀਦਾਂ 'ਚੋਂ ਤਿੰਨ ਕੇਰਲ ਨਾਲ ਸਬੰਧਤ ਸਨ। ਇਸ ਕਰਕੇ ਕੇਰਲ ਦੀ ਸਰਕਾਰ ਨੇ 1993 ਵਿਚ ਸ਼ਹੀਦਾਂ ਦੀ 50ਵੀਂ ਸ਼ਹੀਦੀ ਵਰ੍ਹੇਗੰਢ ਮਨਾਈ ਸੀ। ਉਸ ਮੌਕੇ ਇਕ ਯਾਦਗਾਰੀ ਸਿੱਕਾ ਤੇ ਡਾਕ ਟਿਕਟ ਵੀ ਜਾਰੀ ਕੀਤੀ ਗਈ ਸੀ। ਪੰਜਾਬ ਸਰਕਾਰ ਨੂੰ ਇਨ੍ਹਾਂ ਸ਼ਹੀਦਾਂ ਦੀਆਂ ਯਾਦਗਾਰਾਂ ਬਣਾਉਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਵਿਦਿਅਕ ਪਾਠਕ੍ਰਮ ਦਾ ਹਿੱਸਾ ਬਣਾਉਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਦੀਆਂ ਕੁਰਬਾਨੀਆਂ ਤੋਂ ਜਾਣੂ ਹੋ ਸਕਣ।

# ਅਧਿਆਪਨ, ਪ੍ਰਬੰਧਨ ਅਤੇ ਲੇਖਣ ਦਾ ਬੇਮਿਸਾਲ ਸੁਮੇਲ ਡਾ. ਦਵਿੰਦਰ ਬੋਹਾ

ਪੰਜਾਬ ਦੀ ਨਰਮਾ ਪੱਟੀ ਕਿਹਾ ਜਾਂਦਾ ਮਾਨਸਾ ਅੱਜ-ਕੱਲ੍ਹ ਸਿੱਧੂ ਮੂਸੇਵਾਲਾ ਦੀ ਗਾਇਕੀ ਅਤੇ ਕਤਲ ਕਰਕੇ ਮੇਨ ਸਟਰੀਮ ਮੀਡੀਆ ਵਿਚ ਬਹੁਤ ਜ਼ਿਆਦਾ ਚਰਚਾ ਦਾ ਵਿਸ਼ਾ ਹੈ, ਅਤੇ ਪੰਜਾਬ 'ਚ ਬਹੁਤੇ ਨੌਜਵਾਨਾਂ ਨੂੰ ਖਾਸ ਕਰਕੇ ਮਾਝੇ ਅਤੇ ਦੋਆਬੇ ਖੇਤਰ ਦੀ ਅੱਜ ਦੀ ਪ੍ਰੀੜੀ ਨੂੰ ਲਗਦਾ ਹੈ ਕਿ ਮਾਨਸਾ ਨੂੰ ਲੋਕ ਸਿੱਧੂ ਮੂਸੇਵਾਲਾ, ਆਰ. ਨੇਤ ਵਰਗਿਆਂ ਦੇ ਪੀ ਬੀ 31 ਬਾਰੇ ਗਾਏ ਗਾਣਿਆਂ ਕਰਕੇ ਜਾਣਦੇ ਹਨ। ਪਰ ਸਚਾਈ ਇਸ ਤੋਂ ਕੁਝ ਵੱਖਰੀ ਹੈ, ਪਦਾਰਥਵਾਦੀ ਵਿਕਾਸ ਦੇ ਬੁਨਿਆਦੀ ਢਾਂਚੇ ਤੋਂ ਪੰਜਾਬ ਦੇ ਨੇਤਾਵਾਂ ਦੀ ਅਣਦੇਖੀ ਕਾਰਨ ਚਾਹੇ ਮਾਨਸਾ ਜ਼ਿਲ੍ਹਾ ਪਛੜਿਆ ਰਿਹਾ ਹੋਵੇ, ਪਰ ਬੌਧਿਕ, ਰਚਨਾਤਮਕ ਅਤੇ ਜੁਝਾਰੂਪਣ ਦੇ ਪੱਖ ਤੋਂ ਇਹ ਖਿੱਤਾ ਮੁੱਢ ਤੋਂ ਹੀ ਬਹੁਤ



**ਮਨਮੀਤ ਕੱਕੜ**
**ਫੋਨ: 95774-40002**


ਅਮੀਰ ਰਿਹਾ ਹੈ। ਸਾਹਿਤਕ ਤੇ ਸਭਿਆਚਾਰਕ ਤੌਰ 'ਤੇ ਬਹੁਤ ਉਪਜਾਊ ਸਮਝੇ ਜਾਂਦੇ ਇਸ ਖਿੱਤੇ ਨੇ ਇੰਨੇ ਲੇਖਕਾਂ, ਬੁੱਧੀਜੀਵੀਆਂ ਅਤੇ ਕਲਾਕਾਰਾਂ ਨੂੰ ਜਨਮ ਦਿੱਤਾ ਹੈ ਕਿ ਇਸ ਖੇਤਰ ਦੀ ਸਾਹਿਤਕ ਅਮੀਰੀ ਵਿਸ਼ਵ ਵਿਆਪੀ ਮਾਨਤਾ ਹਾਸਲ ਕਰ ਚੁੱਕੀ ਹੈ। ਅਜਮੇਰ ਔਲਖ, ਗੁਰਚਰਨ ਚਾਹਲ ਭੀਖੀ, ਦਰਸ਼ਨ ਮਿਤਵਾ, ਜਸਵੀਰ ਢੰਡ, ਨਿਰੰਜਣ ਬੋਹਾ, ਡਾ. ਦਵਿੰਦਰ ਬੋਹਾ, ਸ਼ਾਇਰ ਗੁਰਪ੍ਰੀਤ, ਦੇਵਨੀਤ, ਕੁਲਦੀਪ ਸਿੰਘ ਦੀਪ, ਅਨੇਮਨ ਸਿੰਘ, ਦਰਸ਼ਨ ਜੋਗਾ, ਵੀਰ ਦਵਿੰਦਰ ਸਿੰਘ, ਪ੍ਰੋ. ਗੁਰਦੀਪ ਢਿੱਲੋਂ, ਪਰਗਟ ਸਤੌਜ, ਹਰਮਨ, ਅਜੀਜ਼ ਸਰੋਏ ਸਮੇਤ ਐਨੇ ਲੇਖਕ ਆਪਣੀਆਂ ਲਿਖਤਾਂ ਨਾਲ ਸਾਹਿਤਕ ਖੇਤਰ ਨੂੰ ਮਾਲਾ-ਮਾਲ ਕਰ ਚੁੱਕੇ ਹਨ ਕਿ ਸਾਰਿਆਂ ਦੇ ਨਾਂ ਲਿਖਣ ਨਾਲ ਲੇਖ ਵਿਚ ਹੋਰ ਕੁਝ ਲਿਖਣ ਲਈ ਜਗ੍ਹਾ ਨਹੀਂ ਬਚੇਗੀ।

ਉਪਰ ਦਿੱਤੇ ਸਾਰੇ ਹੀ ਨਾਂ ਭਾਵੇਂ ਮੇਰੇ ਲਈ ਸਤਿਕਾਰ ਦੇ ਹੱਕਦਾਰ ਹਨ ਪਰ ਇਨ੍ਹਾਂ ਸਭ ਨਾਵਾਂ ਵਿਚੋਂ ਮੈਂ ਇਕ ਨਾਂ ਦੀ ਚੋਣ ਇਸ ਲਈ ਕੀਤੀ ਹੈ ਕਿ ਇਸ ਨੇ ਮੇਰੇ ਜੀਵਨ ਨੂੰ ਇਕ ਨਵੀਂ ਦਿਸ਼ਾ ਦੇਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਮੇਰੇ ਪਿਤਾ ਤੋਂ ਬਾਅਦ ਜੇ ਕਿਸੇ ਅਦਬੀ ਸ਼ਖ਼ਸੀਅਤ ਨੇ ਮੇਰੇ ਬਚਪਨ ਤੋਂ ਹੀ ਮੇਰੇ 'ਤੇ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ ਤਾਂ ਉਹ ਸਨ ਡਾ. ਦਵਿੰਦਰ ਬੋਹਾ। ਭਾਵੇਂ ਉਹ ਮੇਰੇ ਅਧਿਆਪਕ ਗੁਰੂ ਵੀ ਰਹੇ ਨੇ ਪਰ ਆਪਣੇ ਪਿਤਾ ਸ੍ਰੀ ਨਿਰੰਜਣ ਬੋਹਾ ਨਾਲ ਉਨ੍ਹਾਂ ਦੇ ਨੇੜਲੇ ਦੋਸਤਾਨਾ ਸੰਬੰਧਾਂ ਕਾਰਨ ਮੈਂ ਸਕੂਲ ਦੀ ਪੜ੍ਹਾਈ ਛੱਡਣ ਤੋਂ ਬਾਅਦ ਉਨ੍ਹਾਂ ਨੂੰ ਚਾਚਾ ਜੀ ਕਹਿਣ ਦੀ ਖੁੱਲ੍ਹ ਵੀ ਲੈ ਲੈਂਦਾ ਹਾਂ।

ਡਾ. ਦਵਿੰਦਰ ਬੋਹਾ ਦਾ ਨਾਂ ਜੇ ਅੱਜ ਪੰਜਾਬ ਦੀ ਸਕੂਲ ਸਿੱਖਿਆ ਦੇ ਖੇਤਰ ਵਿਚ ਮੰਤਰੀਆਂ, ਅਫਸਰਾਂ, ਅਧਿਆਪਕਾਂ ਅਤੇ ਬੱਚੇ ਬੱਚੇ ਦੇ ਮੂੰਹ 'ਤੇ ਚੜ੍ਹਿਆ ਹੈ ਤਾਂ ਉਨ੍ਹਾਂ ਵਲੋਂ ਇਸ ਲਈ ਘਾਲੀ ਘਾਲਣਾ ਤੇ ਮਿਹਨਤ ਦਾ ਮੁਲਾਂਕਣ ਕਰਨਾ ਸਾਡੇ ਲਈ ਜ਼ਰੂਰੀ ਹੈ। ਜਦੋਂ ਉਹ ਬੋਹਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਅਧਿਆਪਕ ਸਨ ਤਾਂ ਆਪਣੇ ਵਿਦਿਆਰਥੀਆਂ ਨੂੰ ਜੀਵਨ ਵਿਚ ਕੁਝ ਬਣਦੇ ਵੇਖਣ ਦੀ ਉਨ੍ਹਾਂ ਦੀ ਖਵਾਹਿਸ਼ ਮੈਂ ਜਾਨੂੰਨ ਦੇ ਹੱਦ ਤਕ ਪਹੁੰਚੀ ਵੇਖੀ ਹੈ। ਇਸ ਜਨੂੰਨ ਨੇ ਹੀ ਉਨ੍ਹਾਂ ਨੂੰ ਇਸ ਕਾਬਿਲ ਬਣਾਇਆ ਹੈ ਕਿ ਅੱਜ ਨਾ ਸਿਰਫ ਪੰਜਾਬ ਬਲਕਿ ਪੂਰੇ ਭਾਰਤ ਦੇਸ਼ ਵਿਚ ਪ੍ਰਾਇਮਰੀ ਸਿੱਖਿਆ ਨੂੰ ਨਵੀਂ ਸੇਧ ਦੇਣ ਦਾ ਸਿਹਰਾ ਉਨ੍ਹਾਂ ਦੇ ਸਿਰ ਬੱਝਦਾ ਹੈ। ਭਾਰਤ ਦੇ ਮਨੁੱਖੀ ਵਸੀਲੇ ਵਿਭਾਗ ਨੇ ਮੁੱਢਲੀ ਸਕੂਲ ਸਿੱਖਿਆ ਲਈ ਜੋ ਉਪਰਾਲੇ ਪੂਰੇ ਭਾਰਤ ਵਿਚ ਕੁਝ ਸਾਲ ਪਹਿਲਾਂ ਸ਼ੁਰੂ ਕੀਤੇ ਉਹ ਡਾ. ਦਵਿੰਦਰ ਬੋਹਾ ਆਈ ਏ ਐਸ ਸ੍ਰੀ ਕ੍ਰਿਸ਼ਨ ਕੁਮਾਰ ਨਾਲ ਮਿਲ ਕੇ 2006 ਤੋਂ ਹੀ ਸ਼ੁਰੂ ਕਰ ਚੁੱਕੇ ਸਨ ਅਤੇ ਭਾਰਤ ਸਰਕਾਰ ਦੇ ਇਸ ਬਾਬਤ ਬਹੁਤੇ ਪ੍ਰੋਜੈਕਟ ਡਾ. ਦਵਿੰਦਰ ਬੋਹਾ ਵਲੋਂ ਪੜ੍ਹੋ ਪੰਜਾਬ ਅਤੇ ਪ੍ਰਵੇਸ਼ ਤਹਿਤ ਸ਼ੁਰੂ ਕੀਤੇ ਪ੍ਰੋਜੈਕਟਸ ਦਾ ਹੀ ਵਧਾਇਆ ਹੋਇਆ ਰੂਪ ਸਨ।

ਡਾ. ਦਵਿੰਦਰ ਬੋਹਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਾ ਤੋਂ ਬਤੌਰ ਪੰਜਾਬੀ ਅਧਿਆਪਕ ਸਫਰ ਸ਼ੁਰੂ ਕਰ ਕੇ ਦੇਸ਼ ਦੇ ਮੁੱਢਲੇ ਸਿੱਖਿਆ ਪ੍ਰਬੰਧ ਨੂੰ ਬਦਲਣ ਲਈ ਜੋ ਉਪਰਾਲੇ ਸ਼ੁਰੂ ਕੀਤੇ ਅਤੇ ਇਸ ਤਹਿਤ ਜੋ ਬਦਲਾਅ ਆਏ, ਇਸ ਤਰ੍ਹਾਂ ਦੀ ਉਦਾਹਰਨ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ। ਪੜ੍ਹੋ ਪੰਜਾਬ, ਪ੍ਰਵੇਸ਼ ਅਤੇ ਬਾਅਦ ਵਿਚ 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ' ਵਰਗੇ ਨਵੇਂ ਸਿੱਖਿਆ ਪ੍ਰਬੰਧਾਂ ਦੀ ਪੰਜਾਬ ਨੂੰ ਜੋ ਉਨ੍ਹਾਂ ਦੀ ਦੇਣ ਹੈ, ਉਸ ਦਾ ਹੀ ਨਤੀਜਾ ਹੈ ਕਿ ਦੇਸ਼ ਪੱਧਰ 'ਤੇ ਰਾਜਾਂ ਦਾ ਅਕਾਦਮਿਕ ਪੱਧਰ ਚੈੱਕ ਕਰਨ ਲਈ ਨੈਸ (ਨੈਸ਼ਨਲ ਅਚੀਵਮੈਂਟ ਸਰਵੇਅ) ਵਰਗੇ ਮੁਕਾਬਲਿਆਂ ਵਿਚ ਪੰਜਾਬ ਦਾ ਪਹਿਲਾ ਸਥਾਨ ਆਇਆ ਹੈ।

ਮਾਨਸਾ ਜ਼ਿਲ੍ਹੇ ਵਿਚ ਪਛੜੇ ਗਿਣੇ ਜਾਂਦੇ



ਬੋਹਾ ਪਿੰਡ ਨੂੰ ਉਸ ਮੁਕਾਮ ਤੱਕ ਪਹੁੰਚਾਇਆ ਕਿ ਪੰਜਾਬ ਦੇ ਸਰਕਾਰੀ ਸਕੂਲ ਸਿੱਖਿਆ ਨਾਲ ਸਬੰਧਿਤ ਹੋਰ ਖਿੱਤਿਆਂ ਦੇ ਲੋਕ 'ਬੋਹਾ' ਸ਼ਬਦ ਨੂੰ 'ਸਿੱਖਿਆ ਦੇ ਉੱਚੇ ਮਿਆਰ' ਦੇ ਇਕ ਬਿੰਬ ਵਜੋਂ ਜਾਣਦੇ ਹਨ। ਜਦ ਵੀ ਮੈਂ ਅਕਾਦਮਿਕ ਹਲਕਿਆਂ ਵਿਚ ਆਪਣੇ ਪਿੰਡ ਦਾ ਨਾਮ ਦੱਸਦਾ ਹਾਂ ਤਾਂ ਅਕਸਰ ਹੀ ਇਹ ਸੁਣਨ ਨੂੰ ਮਿਲਦਾ ਹੈ ਕਿ 'ਡਾ. ਦਵਿੰਦਰ ਬੋਹਾ ਅਤੇ ਨਿਰੰਜਣ ਬੋਹਾ ਆਲਾ ਬੋਹਾ' ਤੇ ਮੈਨੂੰ ਮਾਣ ਹੈ ਕਿ ਇਹ ਦੋਵੇਂ ਬੋਹੇ ਮੇਰੇ ਆਪਣੇ ਹਨ।

ਜੇਕਰ ਵਿੱਦਿਅਕ ਯੋਗਤਾ ਦੀ ਗੱਲ ਕਰਾਂ ਤਾਂ ਡਾ. ਦਵਿੰਦਰ ਬੋਹਾ ਨੇ ਮਾਤ ਭਾਸ਼ਾ ਪੰਜਾਬੀ ਵਿਚ ਪੋਸਟ ਗ੍ਰੈਜੂਏਸ਼ਨ, ਐੱਮ ਫਿਲ ਅਤੇ ਜੁਝਾਰਵਾਦੀ ਕਾਵਿ ਧਾਰਾ 'ਤੇ ਪੀ ਐੱਚ ਡੀ ਕੀਤੀ ਹੈ। ਜਿਸ ਸਮੇਂ ਡਾ. ਦਵਿੰਦਰ ਬੋਹਾ ਨੇ ਜੁਝਾਰਵਾਦੀ ਕਾਵਿ ਧਾਰਾ ਵਰਗੇ ਔਖੇ ਵਿਸ਼ੇ 'ਤੇ ਪੀ ਐੱਚ ਡੀ ਦਾ ਖੋਜ ਕਾਰਜ ਅਰੰਭ ਕੀਤਾ ਤਾਂ ਉਸ ਸਮੇਂ ਇਸ ਤਰ੍ਹਾਂ ਦੇ ਖੋਜ ਕਾਰਜ ਕਰਨ ਵਾਲੇ ਬਹੁਤ ਹੀ ਜ਼ਿਆਦਾ ਚੁਣੀਂਦਾ ਖੋਜਾਰਥੀਆਂ ਵਿਚੋਂ ਉਹ ਇਕ ਸਨ। ਡਾ. ਰੁਘਬੀਰ ਸਿੰਘ ਸਿਰਜਣਾ ਵਰਗਾ ਗਾਈਡ ਉਸ ਸਮੇਂ ਬਹੁਤ ਕੁਝ ਵੇਖ ਪਰਖ ਕੇ ਹੀ ਕਿਸੇ ਨੂੰ ਆਪਣੀ ਸ਼ਾਗਿਰਦੀ ਵਿਚ ਲੈਂਦਾ ਸੀ। ਮੇਰੇ ਅੱਜ ਵੀ ਯਾਦ ਹੈ ਮੈਂ ਉਦੋਂ ਸਕੂਲ ਦੀ ਕਿਸੇ ਛੋਟੀ ਜਮਾਤ ਦਾ ਵਿਦਿਆਰਥੀ ਸੀ, ਜਦੋਂ ਡਾ. ਦਵਿੰਦਰ ਬੋਹਾ ਦੀ ਪੀ ਐੱਡ ਡੀ ਦੀ ਖੋਜ ਪ੍ਰਬੰਧ ਦਾ ਖਰੜਾ ਮੇਰੇ ਪਿਤਾ ਜੀ ਸ੍ਰੀ ਨਿਰੰਜਣ ਬੋਹਾ ਦੀ ਪੜ੍ਹਨ ਮੇਜ 'ਤੇ ਵੇਖਿਆ ਸੀ। ਉਸ ਵੇਲੇ ਪਿਤਾ ਜੀ ਨੇ ਮੈਨੂੰ ਤੇ ਮੇਰੇ ਵੱਡੇ ਭਰਾ ਨਵਨੀਤ ਨੂੰ ਡਾ. ਦਵਿੰਦਰ ਦੀ ਖੋਜ ਦੇ ਨਿਵੇਕਲੇਪਣ ਅਤੇ ਅਹਿਮ ਬਿੰਦੂਆਂ ਬਾਰੇ ਬੜੇ ਮਾਣ ਨਾਲ ਦੱਸਿਆ ਸੀ ਅਤੇ ਕਿਹਾ ਸੀ ਕਿ ਜਿਹੜੇ ਲੋਕ ਅੱਜ ਬੋਹਾ ਪਿੰਡ ਨੂੰ ਨਿਰੰਜਣ ਬੋਹਾ ਕਰਕੇ ਜਾਣਦੇ ਹਨ ਉਹ ਆਉਣ ਵਾਲੇ ਕੁਝ ਸਾਲਾਂ ਬਾਅਦ ਬੋਹਾ ਨੂੰ ਡਾ. ਦਵਿੰਦਰ ਬੋਹਾ ਵਾਲਾ ਬੋਹਾ ਵਜੋਂ ਜਾਨਣਗੇ। ਪਿਤਾ ਜੀ ਦੀ ਇਹ ਭਵਿੱਖਬਾਣੀ ਸੱਚ ਸਾਬਿਤ ਹੋਈ ਤਾਂ ਇਸ ਵਿਚ ਡਾ. ਦਵਿੰਦਰ ਬੋਹਾ ਦੀ ਮਿਹਨਤ ਦਾ ਹੀ ਵੱਡਾ ਰੋਲ ਹੈ। ਡਾ. ਦਵਿੰਦਰ ਬੋਹਾ ਕੋਈ ਚਾਂਦੀ ਦਾ ਚਮਚਾ ਮੂੰਹ ਵਿਚ ਲੈ ਕੇ ਪੈਦਾ ਨਹੀਂ ਹੋਏ ਕਿ ਉਹ ਬਿਨ ਮਿਹਨਤ ਤੋਂ ਹੀ ਏਨੇ ਪ੍ਰਸਿੱਧ ਹੋ ਜਾਂਦੇ, ਬਲਕਿ ਇਹ ਉਨ੍ਹਾਂ ਦੀ ਸਿੱਖਿਆ ਦੇ ਖੇਤਰ ਵਿਚ ਅਣਥੱਕ ਘਾਲਣਾ ਹੈ ਜਿਸ ਨੇ ਅੱਜ ਬੋਹਾ ਪਿੰਡ ਦੇ ਦਵਿੰਦਰ ਨੂੰ, ਦੇਸ਼ ਦੇ ਪ੍ਰਾਇਮਰੀ ਸਿੱਖਿਆ ਨੂੰ ਨਵੀਂ ਦਿਸ਼ਾ ਦੇਣ ਵਾਲੇ ਇਕ ਸਿੱਖਿਆ ਕਰਮੀ ਦੇ ਰੂਪ ਵਿਚ ਸਥਾਪਿਤ ਕੀਤਾ।

2021 ਵਿਚ ਡਾ. ਦਵਿੰਦਰ ਬੋਹਾ ਨੇ ਅਕਾਦਮਿਕ ਅਤੇ ਮਾਂ ਬੋਲੀ ਪੰਜਾਬੀ ਦੀ ਸੇਵਾ ਵਿਚ ਇਕ ਨਵੀਂ ਪੌੜੀ ਚੜ੍ਹਦੇ ਹੋਏ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ ਵਿਖੇ 'ਜ਼ਿਲਾ ਭਾਸ਼ਾ ਅਫਸਰ' ਵਜੋਂ ਨਵੀਂ ਪਾਰੀ ਦੀ ਸ਼ੁਰੂਆਤ ਕੀਤੀ। ਉਨ੍ਹਾਂ ਬਹੁਤ ਥੋੜ੍ਹੇ ਸਮੇਂ ਵਿਚ ਹੀ ਜਿੱਥੇ ਇਕ ਪਾਸੇ ਭਾਸ਼ਾ ਵਿਭਾਗ ਅਤੇ ਇਸ ਵਲੋਂ ਕੀਤੇ ਜਾ ਸਕਦੇ ਕੰਮਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ, ਉੱਥੇ ਹੀ ਦੂਜੇ ਪਾਸੇ ਵਧੀਆ ਮਿਲੇ ਹੋਏ ਮਾਹੌਲ ਤੇ ਆਪਣੀ ਪ੍ਰਬੰਧਕੀ ਯੋਗਤਾ ਨੂੰ ਇਸਤੇਮਾਲ ਕਰਦਿਆਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮੋਹਾਲੀ ਵਿਖੇ ਇਕ ਬਹੁਤ ਹੀ ਵਧੀਆ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਵਾਲਾ ਸੈਮੀਨਾਰ ਹਾਲ ਬਣਾਇਆ, ਜੋ ਹੁਣ ਮੋਹਾਲੀ ਜ਼ਿਲ੍ਹੇ ਦੀਆਂ ਸਾਹਿਤਕ ਗਤੀਵਿਧੀਆਂ ਦਾ ਕੇਂਦਰ ਬਣ ਗਿਆ ਹੈ। ਅਜਿਹਾ ਕੋਈ ਦਿਨ ਹੀ ਜਾਂਦਾ ਹੋਣਾ ਜਦ ਇਸ ਕੰਪਲੈਕਸ ਵਿਚ ਪੰਜਾਬੀ ਮਾਂ ਬੋਲੀ ਨਾਲ ਸਬੰਧਿਤ ਕੋਈ ਗਤੀਵਿਧੀ ਨਾ ਹੋ ਰਹੀ ਹੋਵੇ। ਇਸ ਵਿਭਾਗ ਦੀ ਰਵਾਨਗੀ ਨੂੰ ਤੇਜ਼ ਕਰਨ ਲਈ ਅਤੇ ਸਮੇਂ ਦੇ ਹਾਣ ਦਾ ਬਣਾਉਣ ਲਈ, ਪੰਜਾਬੀ ਭਾਸ਼ਾ ਵਿਭਾਗ ਦਾ ਸੋਸ਼ਲ ਮੀਡੀਆ ਗਰੁੱਪ, ਅਤੇ ਪੰਜਾਬ ਦੀ ਰਾਜਧਾਨੀ ਨਾਲ ਲੱਗਦੇ ਸ਼ਹਿਰ ਮੋਹਾਲੀ ਵਿਖੇ ਹਰ ਰੋਜ਼ ਹੁੰਦੇ ਪੰਜਾਬੀ ਨੂੰ ਪ੍ਰਫੁੱਲਿਤ ਕਰਨ ਵਾਲੇ ਪ੍ਰੋਗਰਾਮਾਂ ਦੀ ਲੜੀ ਸ਼ੁਰੂ ਕੀਤੀ ਹੈ। ਜਿਸ ਨਾਲ ਇਕ ਪਾਸੇ ਸਥਾਪਿਤ ਲੇਖਕਾਂ ਅਤੇ ਨਵੇਂ ਪੰਜਾਬੀ ਲੇਖਕਾਂ ਵਿਚ ਇਕ ਕੜੀ ਸਥਾਪਿਤ ਹੋਈ ਹੈ, ਉੱਥੇ ਹੀ ਪੰਜਾਬ ਵਿਚ ਬੌਧਿਕ ਅਤੇ ਰਚਨਾਤਮਿਕ ਵਿਕਾਸ ਨੂੰ ਤੇਜ਼ ਕਰਨ ਦਾ ਮੁੱਢ ਬੰਨ੍ਹਿਆ ਗਿਆ ਹੈ।

ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੈਂ ਡਾ. ਦਵਿੰਦਰ ਨੂੰ ਬਹੁਤ ਸਾਰੇ ਰੂਪਾਂ ਵਿਚ ਦੇਖਿਆ ਹੈ, ਇਕ ਵਿਦਿਆਰਥੀ ਦੇ ਤੌਰ 'ਤੇ, ਮੇਰੇ ਪਿਤਾ ਜੀ ਦੇ ਮਿੱਤਰ ਦੇ ਤੌਰ 'ਤੇ, ਸਿੱਖਿਆ ਵਿਭਾਗ ਦੇ ਬਹੁਤ ਹੀ ਮਿਹਨਤੀ ਅਤੇ ਸਖਤ ਅਫਸਰ ਦੇ ਰੂਪ ਵਿਚ, ਅਤੇ ਹੁਣ ਬਿਲਕੁਲ ਹੀ ਵੱਖਰੇ ਅੰਦਾਜ਼ ਵਾਲੇ ਜ਼ਿਲ੍ਹਾ ਭਾਸ਼ਾ ਅਫਸਰ ਦੇ ਰੂਪ ਵਿਚ। ਡਾ. ਦਵਿੰਦਰ ਦੇ ਹਰੇਕ ਰੂਪ ਦੀ ਆਪਣੀ ਵਿਲੱਖਣ ਪਹਿਚਾਣ ਹੈ, ਪਰਿਪੱਕਤਾ ਹੈ, ਸੰਪੂਰਨਤਾਵਾਦੀ ਪਹੁੰਚ ਹੈ ਅਤੇ ਹਰ ਇਕ ਰੋਲ ਵਿਚ ਕਦੇ ਨਾ ਖਤਮ ਹੋਣ ਵਾਲੀ ਕੁਝ ਨਵਾਂ ਸਿੱਖਣ ਦੀ ਭੁੱਖ ਵੀ ਹੈ। ਮੇਰੀ ਕੋਸ਼ਿਸ਼ ਹੈ ਕਿ ਜ਼ਿੰਦਗੀ ਵਿਚ ਹੋਰ ਅੱਗੇ ਜਾਣ ਲਈ ਮੈਂ ਵੀ ਇਨ੍ਹਾਂ ਦੇ ਵਿਅਕਤੀਤਵ ਤੇ ਸੰਗਤ ਤੋਂ ਕੁਝ ਸਿੱਖ ਸਕਾਂ।

# ਦਿਲਜੀਤ ਦੁਸਾਂਝ ਦੀ ਨਵੀਂ ਕਾਮੇਡੀ ਫ਼ਿਲਮ 'ਬਾਬੇ ਭੰਗੜਾ ਪਾਉਂਦੇ ਨੇ'

ਦਿਲਜੀਤ ਦੁਸਾਂਝ ਪੰਜਾਬੀ ਸਿਨੇਮੇ ਦਾ ਉਹ ਸੁਪਰਸਟਾਰ ਹੈ, ਜਿਸ ਨੇ ਬਾਲੀਵੁੱਡ ਫ਼ਿਲਮਾਂ ਵਿਚ ਵੀ ਪੈਰ ਜਮਾਏ ਹਨ। ਉਸ ਨੇ ਜਿੱਥੇ ਕਾਮੇਡੀ ਫ਼ਿਲਮਾਂ ਵਿਚ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ, ਉਥੇ ਹੀ ਸਮਾਜਿਕ ਮੁੱਦੇ

**ਸੁਰਜੀਤ ਜੱਸਲ**
**ਫੋਨ: 98146-07737**

ਉਭਾਰਦੀਆਂ ਫ਼ਿਲਮਾਂ ਵਿਚ ਵੀ ਉਸ ਦਾ ਕੰਮ ਸ਼ਲਾਘਾਯੋਗ ਰਿਹਾ, ਜਿਸ ਦੀ ਮਿਸਾਲ 'ਪੰਜਾਬ 1984, ਉੜਤਾ ਪੰਜਾਬ, ਫਿਲੌਰੀ, ਸੂਰਮਾ ਅਤੇ ਹੁਣੇ ਰਿਲੀਜ਼ ਹੋਈ ਫ਼ਿਲਮ 'ਜੋਗੀ' ਹਨ। ਦਿਲਜੀਤ ਦੀ ਇਕ ਖ਼ਾਸ ਗੱਲ ਇਹ ਵੀ ਹੈ ਕਿ ਉਸ ਦੀਆਂ ਕਾਮੇਡੀ ਫ਼ਿਲਮਾਂ ਦੇ ਵਿਸ਼ੇ ਵੀ ਸਮਾਜ ਦੇ ਅਹਿਮ ਮੁੱਦਿਆਂ 'ਤੇ ਕੇਂਦ੍ਰਿਤ ਹੁੰਦੇ ਹਨ। ਦਿਲਜੀਤ ਦਾ ਇਹ ਵੱਡਾ ਗੁਣ ਹੈ ਕਿ ਉਹ ਜੁੱਤੀਆਂ ਲਾਹ ਕੇ ਨਹੀਂ ਭੱਜਦਾ ਕਹਿਣ ਦਾ ਭਾਵ ਕਿ ਸਾਲ ਵਿਚ ਇਕ ਜਾਂ ਦੋ ਫਿਲਮਾਂ ਹੀ ਕਰਦਾ ਹੈ। ਦਰਸ਼ਕ ਵੀ ਉਸ ਦੀਆਂ ਫ਼ਿਲਮਾਂ ਦੀ ਉਡੀਕ ਰੱਖਦੇ ਹਨ।

ਇਨ੍ਹੀਂ ਦਿਨੀਂ ਦਿਲਜੀਤ ਆਪਣੀ ਨਵੀਂ ਫ਼ਿਲਮ 'ਬਾਬੇ ਭੰਗੜਾ ਪਾਉਂਦੇ ਨੇ' ਨਾਲ ਖ਼ੂਬ ਚਰਚਾ ਵਿਚ ਹੈ। 5 ਅਕਤੂਬਰ ਨੂੰ ਰਿਲੀਜ਼ ਹੋਈ ਉਸ ਦੀ ਇਹ ਫ਼ਿਲਮ ਵੀ ਪਹਿਲੀਆਂ ਫ਼ਿਲਮਾਂ ਵਾਂਗ ਵਿਦੇਸ਼ੀ ਕਲਚਰ ਦੇ ਮਾਹੌਲ 'ਤੇ ਆਧਾਰਤ ਹੈ, ਜਿਸ ਵਿਚ ਦਿਲਜੀਤ ਤੇ ਉਸ ਦੇ ਦੋ ਮਿੱਤਰ ਰਾਤੋ-ਰਾਤ ਅਮੀਰ ਹੋਣ ਦੀਆਂ ਸਕੀਮਾਂ ਘੜਦੇ ਹਨ। ਇਸੇ ਦੌਰਾਨ ਉਹ ਇਕ ਬਿਰਧ ਆਸ਼ਰਮ 'ਚੋਂ ਇਕ ਬਿਮਾਰ ਬਜ਼ੁਰਗ ਨੂੰ ਗੋਦ ਲੈ ਕੇ, ਉਸ ਨੂੰ ਸਕੇ ਪੁੱਤਾਂ ਵਰਗਾ ਪਿਆਰ ਤੇ ਸੇਵਾ ਸੰਭਾਲ ਕਰਦੇ ਹਨ ਤਾਂ ਕਿ ਉਸ ਦੀ ਮੌਤ ਤੋਂ ਬਾਅਦ ਇੰਸ਼ੋਰੈਂਸ ਦਾ ਪੈਸਾ ਉਨ੍ਹਾਂ ਨੂੰ ਹਾਸਲ ਹੋ ਸਕੇ, ਪ੍ਰੰਤੂ ਹਾਲਾਤ ਉਨ੍ਹਾਂ ਦੀ ਸੋਚ ਅਤੇ ਇੰਸ਼ੋਰੈਂਸ਼



ਦੀਆਂ ਸ਼ਰਤਾਂ ਤੋਂ ਉਲਟ ਹੋ ਜਾਂਦੇ ਹਨ। ਜਿਸ ਕਰਕੇ ਫ਼ਿਲਮ ਦੀ ਕਹਾਣੀ ਕਾਮੇਡੀ ਦੇ ਨਵੇਂ ਕਿੱਸੇ ਪੇਸ਼ ਕਰਦੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਦੀ ਹੈ। ਫ਼ਿਲਮ ਲੰਦਨ ਦੀਆਂ ਖ਼ੂਬਸੂਰਤ ਥਾਵਾਂ 'ਤੇ ਫ਼ਿਲਮਾਈ ਗਈ ਹੈ। ਫ਼ਿਲਮ ਵਿਚ ਦਿਲਜੀਤ ਦੁਸਾਂਝ ਕਾਮੇਡੀ ਦੇ ਨਾਲ ਨਾਲ ਸਰਗੁਣ ਮਹਿਤਾ ਨਾਲ ਹਲਕਾ ਫੁਲਕਾ ਰੁਮਾਂਸ ਕਰਦਾ ਵੀ ਨਜ਼ਰ ਆਇਆ ਹੈ।

ਇਸ ਫ਼ਿਲਮ ਵਿਚ ਦਿਲਜੀਤ ਦੁਸਾਂਝ, ਸਰਗੁਣ ਮਹਿਤਾ, ਸੰਗਤਾਰ ਸਿੰਘ, ਸੁਹੇਲ ਅਹਿਮਦ, ਗੁਰਪ੍ਰੀਤ ਭੰਗੂ, ਜੈਸੀਕਾ ਗਿੱਲ, ਬੀ ਕੇ ਰੱਖੜਾ, ਬਲਜਿੰਦਰ ਜੌਹਲ, ਡਾ. ਪਰਗਟ ਸਿੰਘ ਭੁਰਜੀ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ। ਅਮਰਜੀਤ ਸਿੰਘ ਸਾਰੋਂ ਵਲੋਂ ਨਿਰਦੇਸ਼ਿਤ ਕੀਤੀ ਇਸ ਫ਼ਿਲਮ ਦੀ ਕਹਾਣੀ ਨਰੇਸ਼ ਕਥੂਰੀਆ ਨੇ ਲਿਖੀ ਹੈ। ਫ਼ਿਲਮ ਦੇ ਗੀਤ ਰਾਜ ਰਣਜੋਧ, ਹੈਪੀ ਰਾਏਕੋਟੀ ਅਤੇ ਸੀਮੂ ਢਿੱਲੋਂ ਨੇ ਲਿਖੇ ਹਨ, ਜਿਨ੍ਹਾਂ ਨੂੰ ਦਿਲਜੀਤ ਦੁਸਾਂਝ, ਇੰਦਰਜੀਤ ਨਿੱਕੂ, ਰਾਜ ਰਣਜੋਧ ਨੇ ਗਾਇਆ ਹੈ। ਥਿੰਦ ਮੋਸ਼ਨ ਫ਼ਿਲਮਜ਼ ਅਤੇ ਸਟੋਰੀ ਟਾਈਮ ਪ੍ਰੋਡਕਸ਼ਨਜ਼ ਫ਼ਿਲਮਜ਼ ਬੈਨਰ ਦੀ ਇਸ ਫ਼ਿਲਮ ਦੇ ਨਿਰਮਾਤਾ ਦਿਲਜੀਤ ਦੁਸਾਂਝ ਅਤੇ ਦਿਲਜੀਤ ਸਿੰਘ ਥਿੰਦ ਹਨ।

## ਅੰਦਰ ਝਾਤ

ਧਰਤ ਦੀ ਗੋਦ 'ਚੋਂ ਲੱਭ ਕੇ ਸੋਨਾ ਚਾਂਦੀ,
ਫਿਰ ਹੀਰੇ ਮੋਤੀਆਂ ਦੇ, ਲੈ ਖ਼ੁਆਬ ਬੈਠਾ।

ਅਕਾਸ਼ 'ਤੇ ਮਾਰ ਉਡਾਰੀ ਭਾਲ ਕੇ ਗ੍ਰਹਿ,
ਮੱਥੇ 'ਚੋਂ ਦੇਖਦਾ ਸੀ ਜੋ, ਲੈ ਜਵਾਬ ਬੈਠਾ।

ਅੰਦਰ ਦੀ ਖੋਜ 'ਚੋਂ ਪੰਜ ਵੈਰੀ ਲੱਭ ਲਏ,
ਸਾਗਰ ਨੂੰ ਰਿੜਕ, ਕੱਢ ਕੇ ਸ਼ਰਾਬ ਬੈਠਾ।

ਨਾ ਚਿੰਤਾ ਘਟੀ ਨਾ ਹੀ ਤ੍ਰਿਸ਼ਨਾ ਬੁੱਝਦੀ,
ਕਰਮਾਂ ਦਾ ਲੇਖਾ ਜੋਖਾ, ਲੈ ਹਿਸਾਬ ਬੈਠਾ।

ਹਉਮੈ ਦੀ ਕਰ ਸਵਾਰੀ ਭੁੱਲਿਆ ਸਭ ਨੂੰ,
ਝੂਠ ਦਾ ਪੁਲੰਦਾ ਚੁੱਕ, ਬਣ ਨਵਾਬ ਬੈਠਾ।

ਨਫ਼ਰਤ ਦੀ ਹਨ੍ਹੇਰੀ ਦਾ ਮੰਜ਼ਰ ਹੈ ਚੁਫ਼ੇਰੇ,
ਅਰਮਾਂ ਬੇਕਸਾਂ ਦੇ, ਭੁੰਨ ਕੇ ਕਬਾਬ ਬੈਠਾ।

ਲੈ ਰਾਜਾਂ ਦੇ ਸੁਫ਼ਨੇ ਕਰ ਜ਼ੁਲਮ ਇੰਤਹਾ,
ਹਾਅ ਬਦਨਸੀਬਾਂ ਦੀ, ਲੈ ਜਨਾਬ ਬੈਠਾ।

ਇੱਕੀਵੀਂ ਸਦੀ ਨ੍ਹੀਂ ਲੱਗੇ ਅਤੀਤ ਉਸਨੂੰ,
ਕਰਮਾਂ-ਪਖੰਡਾਂ ਵਾਲ਼ੀ, ਲੈ ਕਿਤਾਬ ਬੈਠਾ।

ਯੁੱਗ ਵਿਗਿਆਨ ਦਾ ਜਾਪੇ ਫ਼ਜ਼ੂਲ ਹੁਣ,
ਅਲਾਪ ਤਾਂਡਵ ਦਾ, ਲੈ ਅਸਬਾਬ ਬੈਠਾ।

***-ਸੇਵਾ ਸਿੰਘ 'ਨੂਰਪੁਰੀ'***





# ਹੁਣ ਪੁੱਤਰ ਦੀ ਵਾਰੀ

ਮਰਹੂਮ ਅਦਾਕਾਰ ਇਰਫਾਨ ਖਾਨ ਦਾ ਪੁੱਤਰ ਬਾਬਿਲ ਖਾਨ ਓ.ਟੀ.ਟੀ. ਪਲੈਟਫਾਰਮ ਨੈੱਟਫਲਿਕਸ ਰਾਹੀਂ ਅਦਾਕਾਰੀ ਦੇ ਖੇਤਰ ਵਿਚ ਪੈਰ ਧਰ ਰਿਹਾ ਹੈ। ਉਹ ਮਸ਼ਹੂਰ ਅਦਾਕਾਰਾ ਅਨੁਸ਼ਕਾ ਸ਼ਰਮਾ ਦੀ ਫਿਲਮ 'ਕਲਾ' ਵਿਚ ਨਜ਼ਰ ਆਵੇਗਾ। ਹਾਲ ਹੀ ਵਿਚ ਨੈੱਟਫਲਿਕਸ ਵੱਲੋਂ ਇੱਕ ਸਮਾਗਮ ਦੌਰਾਨ ਫਿਲਮ ਦਾ ਟੀਜ਼ਰ ਰਿਲੀਜ਼ ਕੀਤਾ ਗਿਆ। ਇਸ ਟੀਜ਼ਰ ਵਿਚ ਬਾਬਿਲ ਖਾਨ ਨਾਲ ਅਦਾਕਾਰਾ ਤ੍ਰਿਪਤੀ ਦਿਮਰੀ ਮੁੱਖ ਭੂਮਿਕਾ ਵਿਚ ਨਜ਼ਰ ਆ ਰਹੀ ਹੈ।

ਫਿਲਮ 'ਕਲਾ' ਕਰਨੇਸ਼ ਸ਼ਰਮਾ ਨੇ ਬਣਾਈ ਹੈ ਜਿਸ ਦਾ ਨਿਰਦੇਸ਼ਨ ਅਨਵਿਤਾ ਦੱਤ ਨੇ ਕੀਤਾ ਹੈ। 'ਕਲਾ' ਵਿਚ ਸਵਾਸਤਿਕਾ ਮੁਖਰਜੀ ਅਤੇ ਅਮਿਤ ਸਿਆਲ ਵੀ ਅਹਿਮ ਭੂਮਿਕਾਵਾਂ ਨਿਭਾਅ ਰਹੇ ਹਨ। ਇਹ ਫਿਲਮ 1930 ਅਤੇ 40ਵਿਆਂ ਦੇ ਸਮੇਂ ਦੀ ਪਿੱਠਵਰਤੀ ਫਨਕਾਰ ਦੇ ਜੀਵਨ ਸੰਘਰਸ਼ ਨੂੰ ਦਰਸਾਉਂਦੀ ਹੈ। ਉਸ ਦਾ ਪਿਛੋਕੜ ਬਹੁਤ ਦੁੱਖਦਾਈ ਹੈ ਅਤੇ ਉਸ ਦੀ ਸਖਤ ਮਿਹਨਤ ਉਸ ਨੂੰ ਕਾਮਯਾਬੀ ਵੱਲ ਲਿਜਾਂਦੀ ਹੈ। ਫਿਲਮ ਦੇ ਅਮਲੇ ਦਾ ਕਹਿਣਾ ਹੈ ਕਿ ਇਹ ਫਿਲਮ ਸੰਗੀਤਕ ਕਹਾਣੀ ਹੈ ਜਿਸ ਵਿਚ ਦਾ ਸੰਗੀਤ ਦਰਦ ਭਰਿਆ ਹੈ।

ਬਾਬਿਲ ਖਾਨ ਨੇ ਖੁਲਾਸਾ ਕੀਤਾ ਹੈ ਕਿ ਆਪਣੇ ਅੱਬਾ ਇਰਫਾਨ ਖਾਨ ਦੀ ਮੌਤ ਤੋਂ ਬਾਅਦ ਉਹ ਬੁਰੀ ਤਰ੍ਹਾਂ ਟੁੱਟ ਗਿਆ ਸੀ ਪਰ ਜਦੋਂ ਉਸ ਨੂੰ ਫਿਲਮ 'ਕਲਾ' ਦੀ ਪੇਸ਼ਕਸ਼ ਆਈ ਤਾਂ ਲੱਗਿਆ ਕਿ ਜ਼ਿੰਦਗੀ ਹੌਲੀ-ਹੌਲੀ ਪਟੜੀ ਉਤੇ ਚੜ੍ਹ ਰਹੀ ਹੈ। ਉਸ ਮੁਤਾਬਿਕ ਫਿਲਮ 'ਕਲਾ' ਦੀ ਟੀਮ ਨੇ ਉਸ ਦਾ ਬਹੁਤ ਜ਼ਿਆਦਾ ਖਿਆਲ ਰੱਖਿਆ।

ਅਨਵਿਤਾ ਦੱਤ ਉਸ ਦੀਆਂ ਤਾਰੀਫਾਂ ਕਰਦੀ ਨਹੀਂ ਥੱਕਦੀ। ਉਹ ਆਖਦੀ ਹੈ, "ਇਹ ਮੁੰਡਾ ਅਤਿਅੰਤ ਊਰਜਾ ਨਾਲ ਭਰਿਆ ਹੋਇਆ ਹੈ। ਜਿਸ ਦਿਨ ਇਹ ਸਾਧਿਆ ਗਿਆ, ਕਮਾਲ ਹੋ ਜਾਵੇਗੀ। ਮੈਂ ਇਸ ਮੁੰਡੇ ਨੂੰ ਉਸ ਵਕਤ ਇਕ ਪਾਰਟੀ ਵਿਚ ਮਿਲੀ ਸਾਂ ਜਦੋਂ ਇਹ ਸਿਰਫ 14 ਵਰ੍ਹਿਆਂ ਦਾ ਸੀ। ਹੋ ਸਕਦਾ ਹੈ, ਬਾਬਿਲ ਖਾਨ ਨੂੰ ਇਸ ਬਾਰੇ ਚੇਤਾ ਵੀ ਨਾ ਹੋਵੇ ਪਰ ਮੈਨੂੰ ਐਨ ਚੰਗੀ ਤਰ੍ਹਾਂ ਯਾਦ ਹੈ ਕਿ ਅਸੀਂ ਜਗਨ ਵਾਲੇ ਕਿਰਦਾਰ ਲਈ ਆਡੀਸ਼ਨ ਕਰ ਰਹੇ ਸਾਂ ਤਾਂ ਕਿਸੇ ਨੇ ਬਾਬਿਲ ਖਾਨ ਦਾ ਨਾਂ ਲਿਆ। ਉਹਦੇ ਆਡੀਸ਼ਨ ਦੀਆਂ ਇਕ-ਦੋ ਸਤਰਾਂ ਹੀ ਸੁਣੀਆਂ ਹੋਣਗੀਆਂ ਕਿ ਸਾਨੂੰ ਲੱਗਿਆ- ਇਹੀ ਸਾਡਾ ਜਗਨ ਹੈ।"

ਬਾਬਿਲ ਖਾਨ ਦਾ ਕਹਿਣਾ ਹੈ ਕਿ ਉਹ ਅਸਲ ਵਿਚ ਸਿਨੇਮਾਟੋਗ੍ਰਾਫਰ ਬਣਨਾ ਚਾਹੁੰਦਾ ਹੈ ਪਰ 'ਕਲਾ' ਦੀ ਪੇਸ਼ਕਸ਼ ਨੇ ਉਸ ਨੂੰ ਅਦਾਕਾਰੀ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ। *-ਗੁਰਜੰਟ ਸਿੰਘ*

# ਆਸ਼ਾ ਪਾਰਿਖ ਨੂੰ ਇਨਾਮ

ਬੀਤੇ ਵੇਲਿਆਂ ਦੀ ਮਸ਼ਹੂਰ ਅਦਾਕਾਰਾ ਆਸ਼ਾ ਪਾਰਿਖ ਨੂੰ ਭਾਰਤੀ ਸਿਨੇਮਾ ਦੇ ਸਭ ਤੋਂ ਵੱਡੇ ਪੁਰਸਕਾਰ, ਸਾਲ 2020 ਦੇ ਦਾਦਾ ਸਾਹਿਬ ਫਾਲਕੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਆਸ਼ਾ ਭੌਂਸਲੇ, ਹੇਮਾ ਮਾਲਿਨੀ, ਪੂਨਮ ਢਿੱਲੋਂ, ਉਦਿਤ ਨਾਰਾਇਣ ਅਤੇ ਟੀ.ਐਸ. ਨਾਗਭਰਨ ਦੀ ਪੰਜ ਮੈਂਬਰੀ ਦਾਦਾ ਸਾਹਿਬ ਫਾਲਕੇ ਪੁਰਸਕਾਰ ਕਮੇਟੀ ਨੇ ਸਨਮਾਨ ਲਈ ਆਸ਼ਾ ਪਾਰਿਖ ਦਾ ਨਾਂ ਚੁਣਿਆ ਹੈ।

ਯਾਦ ਰਹੇ ਕਿ ਆਸ਼ਾ ਪਾਰਿਖ ਨੇ ਪੰਜ ਦਹਾਕੇ ਤੱਕ ਫੈਲੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 10 ਸਾਲ ਦੀ ਉਮਰ 'ਚ ਕੀਤੀ ਸੀ। ਉਨ੍ਹਾਂ 1952 'ਚ ਆਈ ਫਿਲਮ 'ਆਸਮਾਨ' ਤੋਂ ਬਾਲ ਕਲਾਕਾਰ ਵਜੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਅਤੇ ਉਹ ਦੋ ਸਾਲ ਮਗਰੋਂ ਬਿਮਲ ਰੌਇ ਦੀ ਫਿਲਮ 'ਬਾਪ ਬੇਟੀ' ਨਾਲ ਚਰਚਾ 'ਚ ਆਈ। ਪਾਰਿਖ ਨੇ 1959 ਵਿਚ ਆਈ ਨਾਸਿਰ ਹੁਸੈਨ ਦੀ ਫਿਲਮ 'ਦਿਲ ਦੇ ਕੇ ਦੇਖੋ' 'ਚ ਸ਼ੰਮੀ ਕਪੂਰ ਨਾਲ ਮੁੱਖ ਕਿਰਦਾਰ ਨਿਭਾਇਆ। 'ਦਿਲ ਦੇਕੇ ਦੇਖੋ', 'ਕਟੀ ਪਤੰਗ', 'ਤੀਸਰੀ ਮੰਜ਼ਿਲ' ਅਤੇ 'ਕਾਰਵਾਂ' ਵਰਗੀਆਂ ਫਿਲਮਾਂ ਲਈ ਮਸ਼ਹੂਰ ਆਸ਼ਾ ਪਾਰਿਖ ਨੇ 1990 ਦੇ ਦਹਾਕੇ ਦੇ ਨਿਰਦੇਸ਼ਕ ਅਤੇ ਨਿਰਮਾਤਾ ਵਜੋਂ ਟੀ.ਵੀ. ਸੀਰੀਅਲ 'ਕੋਰਾ ਕਾਗਜ਼' ਦਾ ਨਿਰਮਾਣ ਕੀਤਾ ਜਿਸ ਨੂੰ ਕਾਫੀ ਸਲਾਹਿਆ ਗਿਆ। ਪਾਰਿਖ 1998-2001 ਤੱਕ ਕੇਂਦਰੀ ਫਿਲਮ ਸਰਟੀਫਿਕੇਸ਼ਨ ਬੋਰਡ (ਸੀ.ਬੀ.ਐਫ.ਸੀ.) ਦੀ ਪ੍ਰਧਾਨ ਵੀ ਰਹੀ। ਉਹ ਇਸ ਅਦਾਰੇ ਦੀ ਪਹਿਲੀ ਮਹਿਲਾ ਪ੍ਰਧਾਨ ਸਨ। ਸਾਲ 2017 'ਚ ਉਨ੍ਹਾਂ ਆਪਣੀ ਸਵੈ-ਜੀਵਨੀ 'ਦਿ ਹਿੱਟ ਗਰਲ' ਪੇਸ਼ ਕੀਤੀ।

ਆਸ਼ਾ ਪਾਰਿਖ ਨੂੰ ਦਾਦਾ ਸਾਹਿਬ ਫਾਲਕੇ ਐਵਾਰਡ ਨਵੀਂ ਦਿੱਲੀ ਦੇ ਵਿਗਿਆਨ ਭਵਨ ਵਿਚ 68ਵੇਂ ਕੌਮੀ ਫਿਲਮ ਐਵਾਰਡ ਸਮਾਗਮ ਦੌਰਾਨ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਦਿੱਤਾ। ਰਾਸ਼ਟਰਪਤੀ ਨੇ ਇਸ ਸਨਮਾਨ ਲਈ ਉੱਘੀ ਅਦਾਕਾਰ ਨੂੰ ਵਧਾਈ ਵੀ ਦਿੱਤੀ। ਆਸ਼ਾ ਪਾਰਿਖ ਨੇ ਕਿਹਾ, "ਆਪਣੇ 80ਵੇਂ ਜਨਮ ਦਿਨ (2 ਅਕਤੂਬਰ) ਤੋਂ ਇੱਕ ਦਿਨ ਪਹਿਲਾਂ ਇਹ ਵੱਕਾਰੀ ਐਵਾਰਡ ਪ੍ਰਾਪਤ ਕਰਕੇ ਮੈਂ ਬੇਹੱਦ ਖੁਸ਼ ਹੈ।" ਚੇਤੇ ਰਹੇ ਕਿ ਆਸ਼ਾ ਪਾਰਿਖ ਨੂੰ 1992 ਵਿਚ ਪਦਮਸ੍ਰੀ ਦਾ ਖਿਤਾਬ ਵੀ ਮਿਲ ਚੁੱਕਿਆ ਹੈ।





ਆਸ਼ਾ ਪਾਰਿਖ ਮੂਲ ਤੌਰ 'ਤੇ ਗੁਜਰਾਤ ਤੋਂ ਹੈ। ਉਸ ਦੀ ਮਾਂ ਸੁਧਾ ਉਰਫ ਸਲਮਾ ਪਾਰਿਖ ਵੋਹਰਾ ਮੁਸਲਮਾਨ ਹੈ ਅਤੇ ਉਸ ਦਾ ਪਿਤਾ ਬੱਚੂਭਾਈ ਪਾਰਿਖ ਗੁਜਰਾਤੀ ਹਿੰਦੂ ਹੈ। ਉਹ ਉਦੋਂ ਸਿਰਫ 8 ਵਰ੍ਹਿਆਂ ਦੀ ਸੀ ਜਦੋਂ ਉਸ ਦੀ ਮਾਂ ਨੇ ਉਸ ਨੂੰ ਕਲਾਸੀਕਲ ਨਾਚ ਸਿੱਖਣ ਲਈ ਲਾ ਦਿੱਤਾ। ਆਸ਼ਾ ਪਾਰਿਖ ਨੇ ਕਈ ਗੁਰੂਆਂ ਤੋਂ ਨਾਚ ਦੀ ਸਿਖਲਾਈ ਹਾਸਲ ਕਰਿ ਜਿਨ੍ਹਾਂ ਵਿਚੋਂ ਪੰਡਿਤ ਬੰਸੀ ਲਾਲ ਭਾਰਤੀ ਅਹਿਮ ਹਨ।

ਜਦੋਂ 1954 ਵਿਚ ਆਸ਼ਾ ਪਾਰਿਖ ਦੀ ਫਿਲਮ 'ਬਾਪ ਬੇਟੀ' ਆਈ ਤਾਂ ਇਹ ਬਹੁਤੀ ਚੱਲੀ ਨਹੀਂ। ਇਸ ਤੋਂ ਬਾਅਦ ਉਸ ਅਤੇ ਉਸ ਦੇ ਮਾਪਿਆਂ ਨੇ ਸਾਰਾ ਧਿਆਨ ਪੜ੍ਹਾਈ ਵੱਲ ਲਾਇਆ। 16 ਸਾਲ ਦੀ ਉਮਰ ਵਿਚ ਉਸ ਨੇ ਫਿਰ ਫਿਲਮੀ ਦੁਨੀਆ ਵਿਚ ਮੁੜ ਆਉਣ ਦਾ ਫੈਸਲਾ ਕੀਤਾ। ਉਦੋਂ ਪਹਿਲਾਂ-ਪਹਿਲ ਉਸ ਦਾ ਨਾਂ ਵਿਜੈ ਭੱਟ ਦੀ ਫਿਲਮ 'ਗੂੰਜ ਉਠੀ ਸ਼ਹਿਨਾਈ' (1959) ਲਈ ਚੱਲਿਆ ਪਰ ਇਹ ਫਿਲਮ ਆਖਰਕਾਰ ਅਮੀਤਾ ਨੂੰ ਮਿਲ ਗਈ। ਉਂਝ, ਇਸ ਤੋਂ ਕੇਵਲ 8 ਦਿਨਾਂ ਬਾਅਦ ਫਿਲਮ ਨਿਰਮਾਤਾ ਸੁਬੋਧ ਮੁਖਰਜੀ ਅਤੇ ਨਿਰਦੇਸ਼ਕ ਨਾਸਿਰ ਹੁਸੈਨ ਨੇ ਉਸ ਨੂੰ 'ਦਿਲ ਦੇ ਕੇ ਦੇਖੋ' ਲਈ ਬਤੌਰ ਨਾਇਕਾ ਸਾਈਨ ਕਰ ਲਿਆ। ਮਗਰੋਂ ਉਸ ਨੇ ਨਾਸਿਰ ਹੁਸੈਨ ਨਾਲ ਛੇ ਹੋਰ ਫਿਲਮਾਂ ਵਿਚ ਕੰਮ ਕੀਤਾ ਜਿਨ੍ਹਾਂ ਵਿਚ 'ਜਬ ਪਿਆਰ ਕਿਸੀ ਸੇ ਹੋਤਾ ਹੈ' (1961), 'ਫਿਰ ਵੋਹੀ ਦਿਲ ਲਾਇਆ ਹੂੰ' (1963), 'ਤੀਸਰੀ ਮੰਜ਼ਿਲ' (1966), 'ਬਹਾਰੋਂ ਕੇ ਸਪਨੇ' (1967), 'ਪਿਆਰ ਕਾ ਮੌਸਮ' (1969), ਅਤੇ 'ਕਾਰਵਾਂ' (1971) ਸ਼ਾਮਿਲ ਹਨ।

ਇਸ ਵਕਤ ਤੱਕ ਆਸ਼ਾ ਪਾਰਿਖ ਗਲੈਮਰ ਗਰਲ ਵਜੋਂ ਮਸ਼ਹੂਰ ਹੋ ਗਈ ਅਤੇ ਇਸ ਤੋਂ ਬਾਅਦ ਰਾਜ ਖੋਸਲਾ ਦੀਆਂ ਤਿੰਨ ਫਿਲਮਾਂ- 'ਦੋ ਬਦਨ' (1966), 'ਚਿਰਾਗ' (1969) ਅਤੇ 'ਮੈਂ ਤੁਲਸੀ ਤੇਰੇ ਆਂਗਨ ਕੀ' 1978) ਨਾਲ ਉਸ ਦੀ ਪਛਾਣ ਗੰਭੀਰ ਅਦਾਕਾਰਾ ਵਜੋਂ ਵੀ ਬਣੀ। ਆਸ਼ਾ ਪਾਰਿਖ ਅੱਜ ਕੱਲ੍ਹ ਸਾਰਾ ਧਿਆਨ ਕਾਰਾ ਭਵਨ ਅਤੇ ਆਸ਼ਾ ਪਾਰਿਖ ਹਸਪਤਾਲ (ਮੁੰਬਈ) ਵੱਲ ਲਾ ਰਹੀ ਹੈ। *-ਆਮਨਾ ਕੌਰ*

# ਅਦਾਕਾਰਾ ਰੂਪਲੇਖਾ ਦਾ ਫਿਲਮੀ ਸਫਰ

ਅਦਾਕਾਰਾ ਰੂਪਲੇਖਾ ਦੀ ਪੈਦਾਇਸ਼ 1918 ਨੂੰ ਬੰਬਈ ਦੇ ਯਹੂਦੀ ਪਰਿਵਾਰ ਵਿਚ ਹੋਈ। ਉਸ ਦਾ ਅਸਲ ਨਾਮ ਮਿਸ ਹੈਲਨ ਸੀ। ਉਹ ਮਸ਼ਹੂਰ ਅਦਾਕਾਰਾ ਰਮੋਲਾ (ਰਸ਼ੇਲ ਕੋਹੇਨ) ਦੀ ਛੋਟੀ ਭੈਣ ਸੀ। ਇਨ੍ਹਾਂ ਦਾ ਸਬੰਧ ਕਲਕੱਤਾ ਦੇ ਇਜ਼ਰਾਈਲੀ ਖ਼ਾਨਦਾਨ ਨਾਲ ਸੀ। ਉਸ ਦੇ ਪਿਤਾ ਹਾਇਮ ਕੋਹੇਨ ਸਕੂਲ ਅਧਿਆਪਕ ਸਨ। ਉਸ ਦਾ ਬਚਪਨ ਕਲਕੱਤੇ ਬੀਤਿਆ ਤੇ ਇੱਥੋਂ ਹੀ ਮੁੱਢਲੀ ਤਾਲੀਮ ਹਾਸਲ ਕੀਤੀ। ਫਿਲਮਾਂ 'ਚ ਕਦਮ ਰੱਖਣ ਤੋਂ ਪਹਿਲਾਂ ਰੂਪਲੇਖਾ ਆਪਣੀ ਵੱਡੀ ਭੈਣ ਨਾਲ ਕਲਕੱਤੇ ਵਿਚ ਥੀਏਟਰ ਕਰਦੀ ਸੀ। ਫਿਰ ਉਸ ਨੂੰ ਫਿਲਮਾਂ ਨਾਲ ਇਸ ਕਦਰ ਦਿਲਚਸਪੀ ਹੋਈ ਕਿ ਆਪਣੀ ਵੱਡੀ ਭੈਣ ਵਾਂਗ ਅਦਾਕਾਰਾ ਬਣ ਗਈ।

ਜਦੋਂ ਸੇਠ ਦਲਸੁਖ ਐਮ. ਪੰਚੋਲੀ ਨੇ ਮਝਾਹੀਆ ਪੰਜਾਬੀ ਫਿਲਮ 'ਚੌਧਰੀ' (1941) ਸ਼ੁਰੂ ਕੀਤੀ ਤਾਂ ਹਿਦਾਇਤਕਾਰ ਨਿਰੰਜਨ ਨੇ ਮਿਸ ਹੈਲਨ ਨੂੰ ਰੂਪਲੇਖਾ ਦੇ ਨਵੇਂ ਨਾਂ ਨਾਲ ਪੇਸ਼ ਕੀਤਾ। ਫਿਲਮ 'ਚ ਉਸ ਨੇ ਐਂਗਲੋ ਇੰਡੀਅਨ ਲੇਡੀ 'ਮਿਸ ਹੈਲਨ' ਦਾ ਪਾਰਟ ਅਦਾ ਕੀਤਾ। ਫਿਲਮ ਦੇ ਮਰਕਜ਼ੀ ਕਿਰਦਾਰ 'ਚ ਲਾਹੌਰ ਦਾ ਗੱਭਰੂ ਐਸ. ਪਾਲ ਪ੍ਰੀਤਨਗਰ ਅਤੇ ਨੂਰਜਹਾਂ ਸਨ। ਰੂਪਲੇਖਾ ਅਤੇ ਗ਼ੁਲਾਮ ਮੁਹੰਮਦ 'ਤੇ ਫਿਲਮਾਇਆ ਗੀਤ 'ਹਾਏ ਮੈਂ ਮਰਗੀ ਯੂ ਆਰ ਕਿੰਡੇ ਬਿਊਟੀਫੁਲ ... ਹਲਾ ਓ ਬੇਲੀਆ ਹੌਟ ਗੁਲਾਬੀ ਪੱਤੀਆਂ ਕਲੀਆਂ ਵਰਗੇ ਦੰਦ ਬੇਲੀਆ' (ਸ਼ਮਸ਼ਾਦ ਬੇਗ਼ਮ, ਗੁਲਾਮ ਹੈਦਰ) ਅਵਾਮ ਨੇ ਬੜਾ ਪਸੰਦ ਕੀਤਾ। ਇਸ ਫਿਲਮ ਦੀ ਮੁੱਖ ਹੀਰੋਇਨ ਬੇਸ਼ੱਕ ਨੂਰਜਹਾਂ ਸੀ ਪਰ ਫਿਲਮ ਦੇ ਬੁੱਕਲੈੱਟ ਪੋਸਟਰ ਉੱਤੇ ਰੂਪਲੇਖਾ ਦੀ ਲੱਗੀ ਤਸਵੀਰ ਵਕਤ ਦੀ ਉਮਦਾ ਅਦਾਕਾਰਾ ਬਣਨ ਦਾ ਅਹਿਸਾਸ ਕਰਵਾ ਰਹੀ ਸੀ। ਇਹ ਫਿਲਮ 22 ਅਗਸਤ 1941 ਨੂੰ ਪ੍ਰਭਾਤ ਸਿਨਮਾ, ਲਾਹੌਰ ਵਿਖੇ ਨੁਮਾਇਸ਼ ਹੋਈ ਤੇ ਕਾਮਯਾਬ ਹੋਈ।

ਇਸ ਪੰਜਾਬੀ ਫਿਲਮ ਦੀ ਕਾਮਯਾਬੀ ਤੋਂ ਬਾਅਦ ਰੂਪਲੇਖਾ ਤੋਂ ਚੰਗੀਆਂ ਫਿਲਮਾਂ ਦੀ ਉਮੀਦ ਬੱਝ ਗਈ। ਫਿਲਮਸਾਜ਼ ਆਰ. ਐੱਲ. ਸ਼ੋਰੀ (ਰੌਸ਼ਨ ਲਾਲ ਸ਼ੋਰੀ) ਨੇ ਪੁੱਤਰ ਰੂਪ ਕੇ. ਸ਼ੋਰੀ ਦੀ ਹਿਦਾਇਤਕਾਰੀ (ਸਹਾਇਕ ਮਜਨੂੰ ਉਰਫ ਹੈਰੋਲਡ ਲੁਈਸ) ਵਿਚ ਹਿੰਦੀ ਫਿਲਮ 'ਨਿਸ਼ਾਨੀ' (1942) ਸ਼ੁਰੂ ਕੀਤੀ। ਫਿਲਮ 'ਚ ਰੂਪਲੇਖਾ ਨੇ ਦੂਜੀ ਅਦਾਕਾਰਾ ਵਜੋਂ ਕਿਰਦਾਰ ਨਿਭਾਇਆ। ਮਰਕਜ਼ੀ ਕਿਰਦਾਰ ਵਿਚ ਅਦਾਕਾਰਾ ਰਾਗਿਨੀ (ਇੰਦਰਾ) ਅਤੇ ਮਜਨੂੰ (ਡਬਲ ਰੋਲ) ਮੌਜੂਦ ਸਨ। ਫਿਲਮ ਦੇ ਗੀਤ ਨਸੀਮ ਅਖ਼ਤਰ, ਜ਼ੀਨਤ ਬੇਗ਼ਮ ਅਤੇ ਸ਼ਮਸ਼ਾਦ ਬੇਗਮ ਨੇ ਗਾਏ। ਫਿਲਮ ਦੇ ਬੁੱਕਲੈੱਟ ਪੋਸਟਰ ਉੱਤੇ ਸਭ ਤੋਂ ਉੱਪਰ ਰੂਪਲੇਖਾ ਦੀ ਤਸਵੀਰ ਤੇ ਉਸ ਤੋਂ ਥੱਲੇ ਰਾਗਿਨੀ ਤੇ ਮਜਨੂੰ ਦੀਆਂ ਤਸਵੀਰਾਂ ਸਨ। ਇਹ ਫਿਲਮ 7 ਨਵੰਬਰ 1943 ਨੂੰ ਕਰਾਊਨ ਟਾਕੀਜ਼, ਲਾਹੌਰ ਵਿਖੇ ਪਰਦਾਪੇਸ਼ ਹੋਈ।

ਇਸ ਤੋਂ ਬਾਅਦ ਰੂਪਲੇਖਾ ਲਾਹੌਰ ਤੋਂ ਆਪਣੀ ਭੈਣ ਰਮੋਲਾ ਦੇ ਜ਼ਰੀਏ ਵਾਪਸ ਬੰਬਈ



ਆ ਗਈ ਤੇ ਤਲਵਾਰ ਪ੍ਰੋਡਕਸ਼ਨਜ਼ ਵਿਚ ਸ਼ਾਮਲ ਹੋ ਗਈ। ਜਦੋਂ ਆਰ. ਸੀ. ਤਲਵਾਰ ਉਰਫ ਰਘਬੀਰ ਚੰਦ ਤਲਵਾਰ ਨੇ ਐਚ.ਐਸ. ਰਵੇਲ (ਹਰਨਾਮ ਸਿੰਘ ਰਵੇਲ) ਦੀ ਹਿਦਾਇਤਕਾਰੀ ਵਿਚ ਹਿੰਦੀ ਫਿਲਮ 'ਸ਼ੁਕਰੀਆ' (1944) ਸ਼ੁਰੂ ਕੀਤੀ ਤਾਂ ਰਵੇਲ ਨੇ ਰੂਪਲੇਖਾ ਨੂੰ ਸਾਥੀ ਅਦਾਕਾਰਾ ਦਾ ਪਾਰਟ ਦਿੱਤਾ। ਮੁੱਖ ਕਿਰਦਾਰ ਵਿਚ ਭੈਣ ਰਮੋਲਾ ਅਤੇ ਸੁੰਦਰ ਸਿੰਘ (ਕਾਮੇਡੀਅਨ) ਆਪਣੇ ਫਨ ਦੀ ਨੁਮਾਇਸ਼ ਕਰ ਰਹੇ ਸਨ। ਫਿਲਮ 'ਚ ਲਾਹੌਰ ਦੀ ਪੰਜਾਬਣ ਮੁਟਿਆਰ ਮਨੋਰਮਾ ਵੀ ਅਹਿਮ ਕਿਰਦਾਰ ਵਿਚ ਮੌਜੂਦ ਸੀ। ਫਿਲਮ ਦੇ ਗੀਤ ਬਰਕਤ ਅਲੀ ਖ਼ਾਨ, ਜ਼ੀਨਤ ਬੇਗ਼ਮ, ਨਸੀਮ ਅਖ਼ਤਰ, ਸ਼ਮਸ਼ਾਦ ਬੇਗ਼ਮ, ਮੁਨੱਵਰ ਸੁਲਤਾਨਾ, ਸੁੰਦਰ ਸਿੰਘ ਤੇ ਅਮਰ ਨੇ ਗਾਏ ਸਨ। ਇਹ ਫਿਲਮ 28 ਅਪਰੈਲ 1944 ਨੂੰ ਪੈਲੇਸ ਥੀਏਟਰ, ਲਾਹੌਰ ਵਿਖੇ ਰਿਲੀਜ਼ ਹੋਈ।

ਆਰ.ਸੀ. ਤਲਵਾਰ ਨੇ ਹਿੰਦੀ ਫਿਲਮ 'ਅਲਬੇਲੀ' (1945) ਬਣਾਈ ਜਿਸ ਵਿਚ ਟਾਈਟਲ ਰੋਲ ਰਮੋਲਾ ਅਤੇ ਉਸ ਮੁਕਾਬਲੇ ਸਤੀਸ਼ ਛਾਬੜਾ 'ਗੁੱਲ' ਦਾ ਸੀ। ਰੂਪਲੇਖਾ ਤੇ ਮਨੋਰਮਾ ਨੇ ਸਾਥੀ ਅਦਾਕਾਰਾ ਦਾ ਕਿਰਦਾਰ ਤੇ ਦੂਜੇ ਹੀਰੋ ਵਜੋਂ ਮਝਾਹੀਆ ਅਦਾਕਾਰ ਸੁੰਦਰ ਸਿੰਘ ਨੇ ਰੋਲ ਨਿਭਾਏ। ਫਿਲਮ 22 ਦਸੰਬਰ 1945 ਨੂੰ ਸੈਂਟਰਲ ਸਿਨਮਾ, ਬੰਬੇ ਤੇ ਇੱਕ ਅਕਤੂਬਰ 1945 ਨੂੰ 'ਚ ਲਾਹੌਰ ਰਿਲੀਜ਼ ਹੋਈ।

ਜਦੋਂ ਐਚ. ਐਸ. ਰਵੇਲ ਨੇ ਆਪਣੇ ਫਿਲਮਸਾਜ਼ ਅਦਾਰੇ ਰਵੇਲ ਪ੍ਰੋਡਕਸ਼ਨਜ਼, ਕਲਕੱਤਾ ਦੇ ਬੈਨਰ ਹੇਠ ਆਪਣੀ ਹਿਦਾਇਤਕਾਰੀ ਵਿਚ ਹਿੰਦੀ ਫਿਲਮ 'ਝੂਠੀ ਕਸਮੇਂ' (1948) ਸ਼ੁਰੂ ਕੀਤੀ ਤਾਂ ਰੂਪਲੇਖਾ ਅਤੇ ਰਮੋਲਾ ਨੂੰ ਬੰਬੇ ਤੋਂ ਕਲਕੱਤੇ ਸੱਦ ਲਿਆ। ਫਿਲਮ 'ਚ ਰਮੋਲਾ ਅਤੇ ਰਾਬਿਨ ਮਜੂਮਦਾਰ ਜੋੜੀਦਾਰ ਸਨ ਜਦੋਂਕਿ ਦੂਜੀ ਹੀਰੋਇਨ ਵਜੋਂ ਰੂਪਲੇਖਾ ਦੇ ਸਨਮੁੱਖ ਸੁੰਦਰ ਅਦਾਕਾਰੀ ਕਰ ਰਿਹਾ ਸੀ। ਬਾਕੀ ਫਨਕਾਰਾਂ ਵਿਚ ਮਨੋਰਮਾ, ਹੀਰਾ ਲਾਲ, ਰਿਤਕੂ, ਪ੍ਰੇਮ ਕੁਮਾਰੀ, ਇਫਤੇਖ਼ਾਰ ਨੁਮਾਇਆ ਸਨ। 11 ਗੀਤ ਜਮੀਲ ਮਜ਼ਹਰੀ ਤੇ ਜੀ.ਏ. ਚਿਸ਼ਤੀ ਅਤੇ ਸੰਗੀਤ ਹਿਦਾਇਤਕਾਰ ਵੀ ਜੀ.ਏ. ਚਿਸ਼ਤੀ ਸਨ। ਇਹ ਰੂਪਲੇਖਾ ਦੀ ਆਖ਼ਰੀ ਫਿਲਮ ਕਰਾਰ ਪਾਈ।

ਰੂਪਲੇਖਾ ਉਰਦੂ, ਹਿੰਦੀ ਅਤੇ ਪੰਜਾਬੀ ਜ਼ਬਾਨ ਬੋਲ ਤਾਂ ਲੈਂਦੀ ਸੀ ਪਰ ਉਸ ਦਾ ਉਚਾਰਨ ਸਾਫ ਨਹੀਂ ਸੀ। ਫਿਰ ਵੀ ਆਪਣੇ ਅੰਦਾਜ਼ ਨਾਲ ਉਹ ਦਰਸ਼ਕਾਂ ਦੀ ਪਸੰਦ ਬਣ ਚੁੱਕੀ ਸੀ। ਰੂਪਲੇਖਾ ਦਾ ਫਿਲਮ ਸਫਰ 1941 ਤੋਂ 1948 ਤੱਕ ਹੀ ਰਿਹਾ। ਜਦੋਂ ਉਹ ਆਪਣੀ ਅਦਾਕਾਰੀ ਦੇ ਉਰੂਜ਼ ਉੱਤੇ ਪਹੁੰਚ ਰਹੀ ਸੀ ਤਾਂ ਇਕਦਮ ਉਸ ਨੇ ਫਿਲਮਾਂ ਤੋਂ ਮੁਕੰਮਲ ਕਿਨਾਰਾਕਸ਼ੀ ਕਰ ਲਈ। ਇਸ ਤੋਂ ਬਾਅਦ ਉਹ ਕਿੱਥੇ ਚਲੀ ਗਈ, ਕੀਹਦੇ ਨਾਲ ਵਿਆਹੀ ਗਈ ਤੇ ਕਦੋਂ ਫੌਤ ਹੋਈ? ਕਾਫੀ ਤਹਿਕੀਕ ਕਰਨ ਦੇ ਬਾਵਜੂਦ ਕੁਝ ਪਤਾ ਨਹੀਂ ਲੱਗ ਸਕਿਆ। *-ਮਨਦੀਪ ਸਿੰਘ ਸਿੱਧੂ*


15 OCT
ਸਿੱਖ ਸੁਸਾਇਟੀ ਆਫ ਇੰਡੀਆਨਾ
ਨਗਰ ਕੀਰਤਨ
SIKH DAY PARADE
ਮਿਡਵੈਸਟ ਦੀਆਂ ਸਮੂਹ ਸੰਗਤਾਂ, ਪ੍ਰਬੰਧਕ ਕਮੇਟੀਆਂ ਅਤੇ ਸਮੂਹ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਉਤਸਵ ਨੂੰ ਸਮਰਪਿਤ (ਸਿੱਖ ਡੇ ਪਰੇਡ)
ਨਗਰ ਕੀਰਤਨ
15 ਅਕਤੂਬਰ, ਦਿਨ ਸ਼ਨਿਚਰਵਾਰ, 2022 ਸਮਾਂ ਸਵੇਰੇ 12:00 ਵਜੇ ਤੋ ਸ਼ਾਮ 5:00 ਵਜੇ
WAR MEMORIAL PARK, 55 EAST MICHINGAN ST INDIANAPOLIS, IN 46204
ਸਮੂਹ ਸਾਧ ਸੰਗਤਾਂ ਦੇ ਚਰਨਾਂ ਵਿੱਚ ਪ੍ਰੋਗਰਾਮ:
ਆਤਮ ਰਸ ਕੀਰਤਨ 10 ਅਕਤੂਬਰ ਤੋਂ 11 ਅਕਤੂਬਰ ਨੂੰ ਸ਼ਾਮ 5:00 ਵਜੇ ਤੋਂ 8:00 ਵਜੇ ਤੱਕ ਸਮੂਹ ਲੋਕਲ ਗੁਰਦੁਆਰਾ ਸਾਹਿਬ ਦੇ ਕੀਰਤਨੀਆਂ ਵੱਲੋਂ
ਕੀਰਤਨ ਅਤੇ ਢਾਡੀ ਵਾਰਾਂ 12 ਅਕਤੂਬਰ ਤੋਂ 14 ਅਕਤੂਬਰ ਨੂੰ ਸ਼ਾਮ 5:00 ਵਜੇ ਤੋ 8:30 ਵਜੇ ਤੱਕ
ਪੁੱਜ ਰਹੇ ਰਾਗੀ ਜੱਥੇ:
ਭਾਈ ਸਾਹਿਬ ਹਰਚਰਨ ਸਿੰਘ ਜੀ,ਹਜ਼ੂਰੀ ਰਾਗੀ ਜੱਥਾ ਸ੍ਰੀ ਦਰਬਾਰ ਸਾਹਿਬ, ਭਾਈ ਸਾਹਿਬ ਪਰਪਾਲ ਸਿੰਘ, ਹਜ਼ੂਰੀ ਰਾਗੀ ਜੱਥਾ ਸ੍ਰੀ ਦਰਬਾਰ ਸਾਹਿਬ,
ਢਾਡੀ ਵਾਰਾਂ ਭਾਈ ਮੋਹਨ ਸਿੰਘ ਵਡਾਣਾਂ ਸਾਹਿਬ
ਕਥਾ ਵਾਚਕ ਗਿਆਨੀ ਭਾਈ ਬਲਜੀਤ ਸਿੰਘ ਜੀ
ਉਪਰੋਕਤ ਸਾਰੇ ਕੀਰਤਨ ਦੀਵਾਨ ਸਥਾਨ 5335 W HANNA AVE INDIANAPOLIS IN 46221 ਤੇ ਸਜਾਏ ਜਾਣਗੇ ਅਤੇ ਸਹਿਜ ਪਾਠ ਦੀ ਸਮਾਪਤੀ: 15 ਅਕਤੂਬਰ ਨੂੰ 9:00 ਵਜੇ ਸਵੇਰੇ, ਉਪਰੰਤ ਕੀਰਤਨ 9:30 ਤੋ 10:30 ਵਜੇ
ਸਿੱਖ ਸੁਸਾਇਟੀ ਆਫ ਇੰਡੀਆਨਾ ਵਲੋ ਅਪੀਲ ਕੀਤੀ ਜਾਂਦੀ ਹੈ ਕਿ ਪਰਿਵਾਰਾਂ ਸਮੇਤ ਹਾਜ਼ਰੀ ਲਵਾਈਏ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।
ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤੇਗਾ
ਵਲੋ: ਸਮੂਹ ਪ੍ਰਬੰਧਕ ਕਮੇਟੀ ਸਿੱਖ ਸੁਸਾਇਟੀ ਆਫ ਇੰਡੀਆਨਾ
ਭਾਈ ਤਰਲੋਕ ਸਿੰਘ ਜੀ 317 800 9957
ਭਾਈ ਪਲਵਿੰਦਰ ਸਿੰਘ ਜੀ 317 657 1562
ਭਾਈ ਜਰਨੈਲ ਸਿੰਘ ਜੀ 317 956 0235
PLEASE GIVE ALL YOUR SUGGESTIONS: (317) 702-5541
www.sikhsocietyofindiana.org
sikhsocietyofindiana
sikhsocietyofindiana@gmail.com